**Thinking Real Estate?**
**BUYERS** we'll find the right home for you.
We have a common goal: Making you a homeowner.
**SELLERS** we know your local markets
*Pradeep Singh*
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com *Associate Broker*

Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 34, August 22, 2020 20451 N. Plum Grove Rd., Palatine, IL 60074 Ph:847-359-0746, Fax:847-705-9388

## ਪਾਣੀਆਂ ਦਾ ਮੁੱਦਾ ਇਕ ਵਾਰ ਫਿਰ ਭਖਿਆ

### ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਨੂੰ ਖਬਰਦਾਰ ਕੀਤਾ

**ਚੰਡੀਗੜ੍ਹ:** ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਦਾ ਮੁੱਦਾ ਇਕ ਵਾਰ ਮੁੜ ਭਖ ਗਿਆ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਹੋਈ ਪਹਿਲੀ ਉਚ ਪੱਧਰੀ ਬੈਠਕ ਵਿਚ ਜਿਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਸੁਚੇਤ ਕਰ ਦਿੱਤਾ ਹੈ ਕਿ ਇਹ ਮੁੱਦਾ ਦੇਸ਼ ਦੀ ਸੁਰੱਖਿਆ ਨੂੰ ਭੰਗ ਕਰਨ ਦੀ ਸਮਰੱਥਾ ਰੱਖਦਾ ਹੈ, ਉਥੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਵੀ ਨਹਿਰ ਕੱਢਣ ਬਾਰੇ ਆਪਣੇ ਇਰਾਦੇ ਸਾਫ ਕਰ ਦਿੱਤੇ ਹੈ। ਇਸ ਬੈਠਕ ਵਿਚ ਕੇਂਦਰੀ ਜਲਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੀ ਹਾਜ਼ਰ ਸਨ। ਗੱਲਬਾਤ ਦਾ ਦੂਜਾ ਦੌਰ ਇਕ ਹਫਤੇ ਬਾਅਦ ਹੋਵੇਗਾ।



ਭਾਵੇਂ ਸੁਪਰੀਮ ਕੋਰਟ ਨੇ ਇਹ ਮਸਲੇ ਆਹਮੋ-ਸਾਹਮਣੇ ਬੈਠ ਕੇ ਹੱਲ ਕਰਨ ਦੇ ਹੁਕਮ ਦਿੱਤੇ ਹਨ ਪਰ ਕੈਪਟਨ ਨੇ ਇਸ ਮੁੱਦੇ ਉਤੇ ਕੌਮੀ ਸੁਰੱਖਿਆ ਦੀ ਦੁਹਾਈ ਪਾ ਕੇ ਇਰਾਦੇ ਸਾਫ ਕਰ ਦਿੱਤੇ ਹਨ। ਕੈਪਟਨ ਨੇ ਸਾਫ ਆਖਿਆ ਹੈ ਕਿ ਜੇ ਤੁਸੀਂ ਐਸ.ਵਾਈ.ਐਲ. ਨਾਲ ਅੱਗੇ ਵਧਣ ਦਾ ਫੈਸਲਾ ਕੀਤਾ ਤਾਂ ਪੰਜਾਬ ਵਿਚ ਸਥਿਤੀ ਵਿਗੜੇਗੀ ਅਤੇ ਇਹ ਕੌਮੀ ਸਮੱਸਿਆ ਬਣ ਜਾਵੇਗੀ ਜਿਸ ਨਾਲ ਹਰਿਆਣਾ ਤੇ ਰਾਜਸਥਾਨ ਵੀ ਪ੍ਰਭਾਵਿਤ ਹੋਣਗੇ। ਉਧਰ, ਇਸ ਮੁੱਦੇ ਨੇੜਿਉਂ ਵੇਖ ਰਹੇ ਮਾਹਰਾਂ ਅਨੁਸਾਰ ਕੈਪਟਨ ਦੀ ਇਹ ਫੋਕੀ ਬੜ੍ਹਕ ਸ਼ਾਇਦ ਕਿਸੇ ਕੰਮ ਨਾ ਆਵੇ, ਕਿਉਂਕਿ ਪੰਜਾਬ ਪਾਣੀਆਂ ਦੀ ਕਾਨੂੰਨੀ ਲੜਾਈ ਕਰੀਬ ਹਾਰ ਚੁਕਾ ਹੈ। ਅਦਾਲਤ ਵਿਚ ਕਾਨੂੰਨੀ ਪੈਰਵਾਈ ਵਿਚ ਵਿਖਾਈ ਢਿੱਲ ਸੂਬੇ ਨੂੰ ਕਿਸੇ ਵੇਲੇ ਵੀ ਮਹਿੰਗੀ ਪੈ ਸਕਦੀ ਹੈ।

ਯਾਦ ਰਹੇ, ਪਿਛਲੇ ਮਹੀਨੇ ਸੁਪਰੀਮ ਕੋਰਟ ਨੇ ਸਤਲੁਜ-ਯਮਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਨ ਦੇ ਆਦੇਸ਼ ਦਿੱਤੇ ਸਨ। ਸਰਵਉਚ ਅਦਾਲਤ ਨੇ ਭਾਵੇਂ ਆਪਸੀ ਸਹਿਮਤੀ ਦੀ ਗੱਲ ਕੀਤੀ ਹੈ ਪਰ ਉਸ ਪਿੱਛੇ ਹਰ ਸੂਰਤ ਵਿਚ ਐਸ. ਵਾਈ. ਐਲ. ਦੀ ਖੁਦਾਈ ਕਰਨ ਦਾ ਹੁਕਮ ਲਾਗੂ ਕਰਨ ਦੀ ਸ਼ਰਤ ਸ਼ਾਮਲ ਹੈ। ਪੰਜਾਬ ਸਰਕਾਰ ਸ਼ੁਰੂ ਤੋਂ ਇਹ ਨੁਕਤਾ ਉਠਾ ਰਹੀ ਹੈ ਕਿ ਨਹਿਰ ਕੱਢਣ ਤੋਂ ਪਹਿਲਾਂ ਪਾਣੀਆਂ ਦੀ ਵੰਡ ਬਾਰੇ ਮੁੜ ਵਿਚਾਰ ਹੋਣਾ ਚਾਹੀਦਾ ਹੈ। ਇਸ ਦਲੀਲ ਵਿਚ ਇਹ ਤੱਥ ਅਹਿਮ ਹੈ ਕਿ ਪੰਜਾਬ ਦੇ ਦਰਿਆਵਾਂ 'ਚ ਪਾਣੀ ਦਾ ਵਹਾਅ ਬਹੁਤ ਘਟ ਚੁਕਾ ਹੈ ਤੇ ਇਸ ਵੇਲੇ ਦਰਿਆਵਾਂ 'ਚ ਵਹਿ ਰਿਹਾ ਪਾਣੀ ਪੰਜਾਬ ਲਈ ਵੀ ਕਾਫੀ ਨਹੀਂ। ਪੰਜਾਬ ਦੇ ਮਸਲਿਆਂ ਨਾਲ ਸਬੰਧਤ ਮਾਹਿਰ ਸੂਬਾ ਸਰਕਾਰ ਦੇ ਸਟੈਂਡ ਨੂੰ ਵੀ ਨਰਮ ਕਹਿ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਰਾਇਪੇਰੀਅਨ ਸਿਧਾਂਤ ਅਨੁਸਾਰ ਦਰਿਆਈ ਪਾਣੀਆਂ ਦਾ ਮੁੱਦਾ ਸੂਬਿਆਂ ਦੇ ਅਧਿਕਾਰਾਂ ਦੇ ਦਾਇਰੇ 'ਚ ਆਉਂਦਾ ਹੈ ਤੇ ਦਰਿਆਈ ਪਾਣੀਆਂ 'ਤੇ ਹੱਕ ਉਨ੍ਹਾਂ ਰਾਜਾਂ ਦਾ ਹੁੰਦਾ ਹੈ, ਜਿਨ੍ਹਾਂ ਦੇ ਖੇਤਰ 'ਚੋਂ ਉਹ ਗੁਜ਼ਰਦੇ ਹਨ।

ਪੰਜਾਬ ਦੇ ਪਾਣੀਆਂ ਬਾਰੇ ਐਮਰਜੈਂਸੀ ਦੇ ਦੌਰਾਨ 24 ਮਾਰਚ 1976 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦਿੱਤਾ ਗਿਆ ਐਵਾਰਡ ਅਸੰਵਿਧਾਨਕ ਸੀ। ਉਸੇ ਨੂੰ ਸਹੀ ਠਹਿਰਾਉਣ ਲਈ 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਤਤਕਾਲੀ ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾ ਕੇ ਇਕ ਸਮਝੌਤੇ 'ਤੇ ਦਸਤਖਤ ਕਰਵਾ ਲਏ ਗਏ ਅਤੇ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਦਾਇਰ ਕੇਸ ਵਾਪਸ ਲੈ ਲਿਆ। ਉਸੇ ਸਮਝੌਤੇ ਨੂੰ ਆਧਾਰ ਬਣਾ ਕੇ ਹੁਣ ਐਸ.ਵਾਈ.ਐਲ. ਕੱਢਣ ਦਾ ਫੈਸਲਾ ਕੀਤਾ ਗਿਆ ਸੀ। 8 ਅਪਰੈਲ 1982 ਨੂੰ ਕਪੂਰੀ ਨੇੜੇ ਐਸ.ਵਾਈ.ਐਲ. ਦੇ ਉਦਘਾਟਨ ਵਾਲੇ ਦਿਨ ਤੋਂ ਸ਼ੁਰੂ ਹੋਏ ਪਾਣੀਆਂ ਦੇ ਮੋਰਚੇ ਪਿੱਛੋਂ ਪੰਜਾਬ ਦੀ ਸਿਆਸਤ ਦਾ ਰੁਖ ਤਬਦੀਲ ਹੋ ਗਿਆ। ਇਸ ਪਿੱਛੋਂ ਪੰਜਾਬ ਦੀਆਂ ਸਿਆਸੀ ਧਿਰਾਂ ਪਾਣੀਆਂ ਉਤੇ ਸੂਬੇ ਦਾ ਹੱਕ ਹੋਣ ਦੀ ਦੁਹਾਈ ਤਾਂ ਪਾਉਂਦੀਆਂ ਰਹੀਆਂ ਪਰ ਡਟ ਕੇ ਕਾਨੂੰਨੀ ਪੈਰਵਾਈ ਕਰਨ ਤੋਂ ਹਮੇਸ਼ਾ ਪਾਸਾ ਵੱਟਿਆ ਗਿਆ।

## ਆਜ਼ਾਦੀ ਦਿਹਾੜੇ 'ਤੇ ਪੰਜਾਬ 'ਚ ਰੋਹ ਗੂੰਜਿਆ

**ਚੰਡੀਗੜ੍ਹ:** ਇਸ ਵਾਰ 74ਵੇਂ ਆਜ਼ਾਦੀ ਦਿਹਾੜੇ ਮੌਕੇ ਪੰਜਾਬ ਵਿਚ ਉਠੇ ਰੋਹ ਨੇ ਸਰਕਾਰਾਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਭਾਵੇਂ ਹਰ ਸਾਲ ਇੱਕਾ-ਦੁੱਕਾ ਸਿੱਖ ਜਥੇਬੰਦੀਆਂ ਕਾਲੇ ਝੰਡੇ ਵਿਖਾ ਕੇ ਆਜ਼ਾਦੀ ਦਿਹਾੜੇ ਦਾ ਬਾਈਕਾਟ ਕਰਦੀਆਂ ਹਨ ਪਰ ਇਸ ਵਾਰ ਸਿੱਖ ਅਤੇ ਸੰਘਰਸ਼ੀ ਜਥੇਬੰਦੀਆਂ ਵਲੋਂ ਵਿਖਾਏ ਰੋਹ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਪਹਿਲਾ ਮੌਕਾ ਹੈ ਜਦੋਂ ਕੁਝ ਸਰਕਾਰੀ ਦਫਤਰਾਂ ਉਤੋਂ ਤਿਰੰਗਾ ਉਤਾਰ ਕੇ ਖਾਲਿਸਤਾਨੀ ਝੰਡੇ ਲਹਿਰਾਏ ਗਏ।





ਉਧਰ, ਇਸ ਕਾਰਵਾਈ ਤੋਂ ਬਾਅਦ ਸਰਕਾਰ ਨੂੰ ਸਿੱਖ ਨੌਜਵਾਨਾਂ ਉਤੇ ਹੋਰ ਸਖਤੀ ਕਰਨ ਦਾ ਮੌਕਾ ਮਿਲ ਗਿਆ ਹੈ। ਮੋਗਾ ਜ਼ਿਲ੍ਹੇ ਦੇ ਸਕੱਤਰੇਤ ਦੀ ਇਮਾਰਤ ਤੋਂ ਬਾਅਦ ਜ਼ਿਲ੍ਹੇ ਦੇ ਪਿੰਡ ਮਾਣੂੰਕੇ, ਨਿਹਾਲ ਸਿੰਘ ਵਾਲਾ, ਪਿੰਡ ਢੁੱਡੀਕੇ ਅਤੇ ਗਿੱਦੜਬਾਹਾ ਦੇ ਪਿੰਡ ਹੁਸਨਰ ਅਤੇ ਬਾਬਾ ਬਕਾਲਾ 'ਚ ਕੇਸਰੀ ਝੰਡੇ ਲਹਿਰਾਉਣ ਪਿੱਛੋਂ ਸਰਕਾਰ ਨੇ ਜਿਥੇ ਕੁਝ ਪੁਲਿਸ ਅਫਸਰਾਂ ਨੂੰ ਮੁਅੱਤਲ ਕਰ ਦਿੱਤਾ ਹੈ, ਉਥੇ ਸਿੱਖ ਨੌਜਵਾਨਾਂ ਖਿਲਾਫ ਹੋਰ ਸਖਤੀ ਦੀ ਤਿਆਰੀ ਕੀਤੀ ਜਾ ਰਹੀ ਹੈ।

ਭਾਵੇਂ ਸਰਕਾਰ ਇਸ ਕਾਰਵਾਈ ਨੂੰ 'ਰੈਫਰੈਂਡਮ 2020' ਤੱਕ ਸੀਮਤ ਰੱਖ ਕੇ ਹੋਰ ਸਖਤੀ ਦੇ ਦਾਅਵੇ ਕਰ ਰਹੀ ਹੈ ਪਰ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਰੋਹ ਪੰਜਾਬ ਦੇ ਮਸਲਿਆਂ ਲਈ ਹੈ। ਜਥੇਬੰਦੀਆਂ ਨੇ ਸਰਕਾਰ ਨੂੰ ਲਲਕਾਰਦਿਆਂ ਆਖਿਆ ਹੈ ਕਿ 14 ਤੇ 15 ਅਗਸਤ ਪਾਕਿਸਤਾਨ ਤੇ ਭਾਰਤ ਦੇ ਹਾਕਮਾਂ ਲਈ ਆਜ਼ਾਦੀ ਦਿਹਾੜਾ ਹੋ ਸਕਦਾ ਹੈ ਪਰ ਦੇਸ਼

**(ਬਾਕੀ ਸਫਾ 6 ਉਤੇ)**

**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com



# ਰੂਸ ਵਲੋਂ ਵਿਕਸਿਤ ਕਰੋਨਾ ਵੈਕਸੀਨ ਦੀ ਕਾਰਗਰਤਾ ‘ਤੇ ਉਠੇ ਸਵਾਲ

**ਨਵੀਂ ਦਿੱਲੀ:** ਰੂਸ ਵੱਲੋਂ ਵਿਕਸਤ ਕੀਤੇ ਗਏ ਕੋਵਿਡ-19 ਦੇ ਟੀਕਾ ਦੇ ਅਸਰਦਾਰ ਹੋਣ ਸਬੰਧੀ ਭਾਰਤ ਸਮੇਤ ਦੁਨੀਆਂ ਦੇ ਕਈ ਵਿਗਿਆਨੀਆਂ ਨੂੰ ਸ਼ੱਕ ਹੈ। ਇਥੋਂ ਤੱਕ ਕਿ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਦਾ ਕਹਿਣਾ ਹੈ ਕਿ ਉਹ ਕੋਵਿਡ-19 ਦੇ ਇਲਾਜ ਲਈ ਦੁਨੀਆਂ ਦੀ ਪਹਿਲੀ ਵੈਕਸੀਨ ਬਣਨ ਦੇ ਮਾਮਲੇ ‘ਚ ਰੂਸ ਨਾਲ ਸੰਪਰਕ ‘ਚ ਹਨ। ਡਬਲਿਊਐਚ.ਓ. ਵੈਕਸੀਨ ਦੀ ਤਿੰਨ ਪੜਾਵੀ ਅਜ਼ਮਾਇਸ਼ ਉਤੇ ਵੀ ਸਵਾਲ ਖੜੇ ਕਰ ਰਿਹਾ ਹੈ।

ਉਧਰ, ਪੁਣੇ ‘ਚ ਭਾਰਤੀ ਵਿਗਿਆਨ ਸੰਸਥਾ, ਸਿੱਖਿਆ ਤੇ ਖੋਜ ਦੀ ਇਕ ਮਾਹਿਰ ਵਿਨੀਤਾ ਬੱਲ ਨੇ ਕਿਹਾ, ‘ਜਦੋਂ ਤੱਕ ਲੋਕਾਂ ਕੋਲ ਦੇਖਣ ਲਈ ਕਲੀਨੀਕਲ ਟੈਸਟਾਂ ਤੇ ਗਿਣਤੀ ਸਮੇਤ ਅੰਕੜੇ ਨਹੀਂ ਹਨ ਤਾਂ ਇਹ ਮੰਨਣਾ ਮੁਸ਼ਕਿਲ ਹੈ ਕਿ ਜੂਨ 2020 ਤੇ ਅਗਸਤ 2020 ਵਿਚਾਲੇ ਟੀਕੇ ਦੇ ਅਸਰਦਾਰ ਹੋਣ ਬਾਰੇ ਅਧਿਐਨ ਕੀਤਾ ਗਿਆ ਹੈ।’

ਅਮਰੀਕਾ ਦੇ ਮਾਊਂਟ ਸਿਨਾਈ ਦੇ ਇਕਾਨ ਸਕੂਲ ਆਫ ਮੈਡੀਸਨ ਦੇ ਪ੍ਰੋ. ਫਲੋਰੀਅਨ ਕ੍ਰੇਮਰ ਨੇ ਕਿਹਾ, ‘ਅਜੇ ਇਹ ਪੱਕਾ ਨਹੀਂ ਹੈ ਕਿ ਰੂਸ ਕੀ ਕਰ ਰਿਹਾ ਹੈ ਪਰ ਮੈਂ ਲਾਜ਼ਮੀ ਤੌਰ ਉਤੇ ਟੀਕਾ ਨਹੀਂ ਲਵਾਂਗਾ ਜਿਸ ਦਾ ਤੀਜੇ ਗੇੜ ਦਾ ਟੈਸਟ ਨਹੀਂ ਕੀਤਾ ਗਿਆ।’ ਨਵੀਂ ਦਿੱਲੀ ਦੀ ਨੈਸ਼ਨਲ ਇੰਸਟੀਚਿਊਟ ਆਫ ਇਮਿਊਨਾਲੋਜੀ ਦੇ ਸੱਤਿਆਜੀਤ ਰਥ ਨੇ ਕਿਹਾ ਕਿ ਰੂਸੀ ਟੀਕੇ ਦੇ ਪ੍ਰਭਾਵੀ ਹੋਣ ਦਾ ਅਜੇ ਕੋਈ ਸਬੂਤ ਨਹੀਂ ਹੈ। ਹੈਦਰਾਬਾਦ ਦੇ ਸੀ.ਸੀ.ਐਮ.ਬੀ. ਦੇ ਇਕ ਅਧਿਕਾਰੀ ਨੇ ਕਿਹਾ ਕਿ ਰੂਸ ਦੇ ਟੀਕੇ ਦੇ ਸਬੰਧੀ ਲੋੜੀਂਦੇ ਅੰਕੜੇ ਮੁਹੱਈਆ ਨਾ ਹੋਣ ਕਾਰਨ ਇਸ ਟੀਕੇ ਦੇ ਅਸਰਦਾਰ ਹੋਣ ਤੇ ਇਸ ਦੀ ਵਰਤੋਂ ਸੁਰੱਖਿਅਤ ਹੋਣ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ‘ਪੈਨ ਅਮਰੀਕੀ ਹੈਲਥ ਆਰਗੇਨਾਈਜ਼ੇਸ਼ਨ’ ਨੇ ਕਿਹਾ ਕਿ ਮਾਪ-ਦੰਡ, ਸੁਰੱਖਿਆ ਤੇ ਪ੍ਰਭਾਵ ਨੂੰ ਲੈ ਕੇ ਅਜੇ ਇਸ ਟੀਕੇ ਦੀ ਅਜ਼ਮਾਇਸ਼ ਕੀਤੀ ਜਾਣੀ ਚਾਹੀਦੀ ਹੈ।



ਇੰਜ ਕੋਵਿਡ ਦੀ ਵੈਕਸੀਨ ਬਾਰੇ ਪ੍ਰਸ਼ਾਸਨ ਦੇ ਕੌਮੀ ਮਾਹਿਰਾਂ ਨੇ ਨੀਤੀ ਆਯੋਗ ਦੇ ਮੈਂਬਰ ਡਾ. ਵੀਕੇ ਪੌਲ ਦੀ ਅਗਵਾਈ ਹੇਠ ਮੀਟਿੰਗ ਕਰਕੇ ਕਰੋਨਾ ਦੀ ਭਵਿੱਖ ’ਚ ਬਣਨ ਵਾਲੀ ਵੈਕਸੀਨ ਦੀ ਵੰਡ ਪ੍ਰਣਾਲੀ ਬਾਰੇ ਵੀ ਚਰਚਾ ਕੀਤੀ ਹੈ।

ਉਧਰ, ਰੂਸੀ ਕਰੋਨਾ ਵੈਕਸੀਨ ਸਪੂਤਨਿਕ-5 ਨੂੰ ਲੈ ਕੇ ਬਣਾਈ ਗਈ ਵੈੱਬਸਾਈਟ ਉਤੇ ਇਹ ਦਾਅਵਾ ਕੀਤਾ ਗਿਆ ਹੈ ਕਿ ਭਾਰਤ, ਯੂ.ਏ.ਈ., ਸਾਊਦੀ ਅਰਬ, ਇੰਡੋਨੇਸ਼ੀਆ, ਫਿਲੀਪੀਨਸ, ਬ੍ਰਾਜ਼ੀਲ ਤੇ ਮੈਕਸੀਕੋ ਨੇ ਰੂਸ ਦੀ ਵੈਕਸੀਨ ਨੂੰ ਖਰੀਦਣ ਦੀ ਗੱਲ ਕੀਤੀ ਹੈ। ਇਸ ਵੈਕਸੀਨ ਦੇ 20 ਕਰੋੜ ਡੋਜ਼ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ‘ਚੋਂ 3 ਕਰੋੜ ਸਿਰਫ ਰੂਸੀ ਲੋਕਾਂ ਲਈ ਹੋਵੇਗੀ। ਰੂਸੀ ਕਰੋਨਾ ਵੈਕਸੀਨ ਪ੍ਰੋਜੈਕਟ ਲਈ ਫੰਡ ਮੁਹੱਈਆ ਕਰਵਾਉਣ ਵਾਲੀ ਸੰਸਥਾ ਰਸ਼ੀਅਨ ਡਾਇਰੈਕਟ ਫੰਡ ਨੇ ਆਪਣੇ ਬਿਆਨ ‘ਚ ਕਿਹਾ ਹੈ ਕਿ ਇਸ ਵੈਕਸੀਨ ਦਾ ਉਤਪਾਦਨ ਭਾਰਤ, ਦੱਖਣੀ ਕੋਰੀਆ, ਬ੍ਰਾਜ਼ੀਲ, ਸਾਊਦੀ ਅਰਬ, ਤੁਰਕੀ ਅਤੇ ਕਿਊਬਾ ‘ਚ ਕੀਤਾ ਜਾਵੇਗਾ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵੈਕਸੀਨ ਦੇ ਤੀਜੇ ਪੜਾਅ ਦਾ ਟਰਾਇਲ ਸਾਊਦੀ ਅਰਬ, ਯੂ.ਏ.ਈ. ਬ੍ਰਾਜ਼ੀਲ, ਭਾਰਤ ਤੇ ਫਿਲਪੀਨਸ ਸਮੇਤ ਕਈ ਦੇਸ਼ਾਂ ‘ਚ ਕੀਤੇ ਜਾਣ ਦੀ ਯੋਜਨਾ ਹੈ। ਰੂਸ ਨੇ ਦੱਸਿਆ ਕਿ ਹੈ ਕਿ ਵੈਕਸੀਨ ਦਾ ਵੱਡੇ ਪੱਧਰ ‘ਤੇ ਉਤਪਾਦਨ ਸਤੰਬਰ 2020 ‘ਚ ਸ਼ੁਰੂ ਹੋਣ ਦੀ ਉਮੀਦ ਹੈ। ਭਵਿੱਖ ਦੀਆਂ ਯੋਜਨਾਵਾਂ ਵਿਚ 2020 ਦੇ ਅੰਤ ਤੱਕ ਇਸ ਵੈਕਸੀਨ ਦੇ 20 ਕਰੋੜ ਡੋਜ਼ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ।

## ਕਰੋਨਾ ਕੇਸਾਂ ਦਾ ਸਿਖਰ ਹਾਲੇ ਆਉਣਾ: ਗੁਲੇਰੀਆ

**ਨਵੀਂ ਦਿੱਲੀ:** ਏਮਸ ਦੇ ਨਿਰਦੇਸ਼ਕ ਅਤੇ ਭਾਰਤ ਦੇ ਉਘੇ ਸਿਹਤ ਮਾਹਿਰ ਡਾ. ਰਣਦੀਪ ਗੁਲੇਰੀਆ ਦਾ ਕਹਿਣਾ ਹੈ ਕਿ ਦੇਸ਼ ਵਿਚ ਅਜੇ ਤੱਕ ਕਰੋਨਾ ਵਾਇਰਸ ਕੇਸਾਂ ਦੀ ਗਿਣਤੀ ਵਿਚ ਸਿਖਰ ਜਾਂ ਸਥਿਰਤਾ ਨਹੀਂ ਆਈ ਹੈ। ਇਹ ਟਿੱਪਣੀਆਂ ਉਸ ਵੇਲੇ ਆਈਆਂ ਹਨ ਜਦੋਂ ਦੇਸ਼ ਵਿਚ ਰੋਜ਼ਾਨਾ ਲਾਗ ਦੇ 60 ਹਜ਼ਾਰ ਤੋਂ ਵੱਧ ਨਵੇਂ ਕੇਸ ਆ ਰਹੇ ਹਨ। ਮਹਾਮਾਰੀ ਸਬੰਧੀ ਕੋਰ ਨਿਗਰਾਨ ਟੀਮ ਦੇ ਮੈਂਬਰ ਗੁਲੇਰੀਆ ਨੇ ਕਿਹਾ, ‘‘ਇਹ ਪ੍ਰੀਖਿਆ ਦੀ ਘੜੀ ਹੈ। ਇਸ ਨੇ ਮੁਲਕ ਦੀ ਬਰਦਾਸ਼ਤ ਸ਼ਕਤੀ ਨੂੰ ਪਰਖਿਆ ਹੈ। ਜਿਥੋਂ ਤੱਕ ਕੇਸਾਂ ਦੀ ਗਿਣਤੀ ਦਾ ਮਾਮਲਾ ਹੈ, ਅਸੀਂ ਅਜੇ ਤੱਕ ਸਿਖਰ ਜਾਂ ਸਥਿਰਤਾ ਤੱਕ ਨਹੀਂ ਪੁੱਜੇ ਹਾਂ।’’

# ਧੋਨੀ ਵਲੋਂ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ



**ਨਵੀਂ ਦਿੱਲੀ:** ਦੋ ਵਾਰ ਦੇ ਵਿਸ਼ਵ ਕੱਪ ਜੇਤੂ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ (39) ਨੇ ਇਕ ਸਾਲ ਤੋਂ ਚੱਲ ਰਹੀਆਂ ਕਿਆਸਰਾਈਆਂ ਉਤੇ ਵਿਰਾਮ ਲਾਉਂਦਿਆਂ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ, ਜਿਸ ਨਾਲ ਭਾਰਤੀ ਕ੍ਰਿਕਟ ਦੇ ਇਤਿਹਾਸ ‘ਚ ਮਹਿੰਦਰ ਸਿੰਘ ਧੋਨੀ ਯੁੱਗ ਦਾ ਵੀ ਅੰਤ ਹੋ ਗਿਆ। ਧੋਨੀ ਦੇ ਸੰਨਿਆਸ ਤੋਂ ਕੁਝ ਸਮਾਂ ਬਾਅਦ ਹੀ ਉਨ੍ਹਾਂ ਦੇ ਸਾਥੀ ਕ੍ਰਿਕਟਰ ਸੁਰੇਸ਼ ਰੈਣਾ ਨੇ ਵੀ ਕੌਮਾਂਤਰੀ ਕ੍ਰਿਕਟ ਨੂੰ ਅਲਵਿਦਾ ਕਹਿ ਦਿੱਤਾ। ਟੀਮ ਦੀ ਅਗਵਾਈ ਕਰਨ ਤੇ ਮੈਚ ‘ਫਿਨਸ਼ਰ‘ ਵਜੋਂ ਪ੍ਰਸਿੱਧ ਮਹਿੰਦਰ ਸਿੰਘ ਧੋਨੀ ਦੀ ਗਿਣਤੀ ਦੁਨੀਆਂ ਦੇ ਮਹਾਨ ਕ੍ਰਿਕਟਰਾਂ ‘ਚ ਹੁੰਦੀ ਹੈ। ਉਨ੍ਹਾਂ ਨੇ ਆਪਣੇ ਇਕ ਦਿਨਾ ਕੌਮਾਂਤਰੀ ਕੈਰੀਅਰ ‘ਚ 350 ਮੈਚ ਖੇਡੇ ਤੇ 5ਵੇਂ ਤੋਂ 7ਵੇਂ ਸਥਾਨ ਉਤੇ ਬੱਲੇਬਾਜ਼ੀ ਕਰਦਿਆਂ 50 ਤੋਂ ਉਪਰ ਦੀ ਔਸਤ ਨਾਲ 10, 773 ਦੌੜਾਂ ਬਣਾਈਆਂ।

ਧੋਨੀ ਨੇ ਟੈਸਟ ਮੈਚਾਂ ਨੂੰ 2014 ‘ਚ ਅਲਵਿਦਾ ਕਹਿ ਦਿੱਤਾ ਸੀ। ਉਨ੍ਹਾਂ ਨੇ 90 ਮੈਚਾਂ ‘ਚ 38.09 ਦੀ ਔਸਤ ਨਾਲ 4876 ਦੌੜਾਂ ਬਣਾਈਆਂ, ਜਿਨ੍ਹਾਂ ‘ਚੋਂ 27 ਵਿਚ ਭਾਰਤ ਨੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ 98 ਟੀ.20 ਕੌਮਾਂਤਰੀ ਮੈਚ ਵੀ ਖੇਡੇ।


# ਫਰੀਦਕੋਟ: ਰਿਆਸਤੀ ਜਾਇਦਾਦ ਦੀ ਸੰਭਾਲ ਬਾਰੇ ਹੁਕਮ ਜਾਰੀ

**ਫਰੀਦਕੋਟ:** ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਵਸੀਅਤ ਮੁਤਾਬਕ ਰਿਆਸਤ ਦੀ ਜਾਇਦਾਦ ਦੀ ਸਾਂਭ ਸੰਭਾਲ ਕਰ ਰਹੀ ਮਹਾਰਾਵਲ ਖੇਵਾ ਜੀ ਟਰੱਸਟ ਨੂੰ ਦੇਸ਼ ਦੀ ਸਰਵ ਉਚ ਅਦਾਲਤ ਵੱਲੋਂ ਰਾਹਤ ਦਿੰਦਿਆਂ ਰਿਆਸਤ ਦੀ 20,000 ਕਰੋੜ ਤੋਂ ਵੀ ਉਪਰ ਦੀ ਜਾਇਦਾਦ ਦੀ ਰਾਖੀ ਜਾਰੀ ਰੱਖਣ ਲਈ ਕਿਹਾ ਗਿਆ ਹੈ।

ਮਹਾਰਾਜਾ ਫਰੀਦਕੋਟ ਦੀ ਪਹਿਲੀ ਜੂਨ 1986 ਦੀ ਲਿਖੀ ਹੋਈ ਵਸੀਅਤ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਰੱਦ ਕਰਨ ਦੇ ਫੈਸਲੇ ਵਿਰੁੱਧ ਟਰੱਸਟ ਵੱਲੋਂ ਸੁਪਰੀਮ ਕੋਰਟ ‘ਚ ਲਗਾਈ ਗਈ ਸਪੈਸ਼ਲ ਲੀਵ ਪਟੀਸ਼ਨ ‘ਤੇ ਪਹਿਲੀ ਸੁਣਵਾਈ ਕਰਦੇ ਹੋਏ ਦੇਸ਼ ਦੀ ਸਰਵ-ਉਚ ਅਦਾਲਤ ਵਲੋਂ ਪਟੀਸ਼ਨ ਦੇ ਨਿਪਟਾਰੇ ਤੱਕ ਯਥਾ ਸਥਿਤੀ ਬਹਾਲ ਰੱਖਣ ਦਾ ਹੁਕਮ ਦਿੰਦਿਆਂ ਇਸ ਮਾਮਲੇ ਦੀ ਸੁਣਵਾਈ 6 ਅਕਤੂਬਰ ਤੱਕ ਟਾਲ ਦਿੱਤੀ ਗਈ ਹੈ। ਸੁਣਵਾਈ ਤੋਂ ਦੋ ਦਿਨ ਪਹਿਲਾਂ ਹੀ ਮਹਾਰਾਜਾ ਦੇ ਦੋਹਤੇ ਤੇ ਰਾਜਕੁਮਾਰੀ ਦੀਪਇੰਦਰ ਕੌਰ ਮਹਿਤਾਬ ਦੇ ਲੜਕੇ ਰਾਜਕੁਮਾਰ ਜੈ ਚੰਦ ਮਹਿਤਾਬ ਜੋ ਕਿ ਰਾਜਕੁਮਾਰੀ ਦੀਪਇੰਦਰ ਕੌਰ ਦੇ ਸਵਰਗਵਾਸ ਪਿਛੋਂ ਟਰੱਸਟ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਸਨ, ਦੀ ਅਗਵਾਈ ਵਿਚ ਟਰੱਸਟ ਵੱਲੋਂ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਨੰ: 009151 ਅਤੇ 009153 ਦਾਇਰ ਕਰਕੇ ਦਾਅਵਾ ਕੀਤਾ ਸੀ ਕਿ ਮਹਾਰਾਜਾ ਹਰਿੰਦਰ ਸਿੰਘ ਦੀ ਵਸੀਅਤ ਪੂਰੀ ਤਰ੍ਹਾਂ ਕਾਨੂੰਨੀ ਹੈ।


Moving to Indiana?
Contact Ray Dhaliwal @ 317-993-4987

for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
Ray Dhaliwal
Real Estate Broker
CENTURY 21 SCHEETZ RAYD@C21Scheetz.com

Low Interest Rates in History
No Cost Refinancing Available!

Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173

LEAF XPRESS
INIANAPOLIS, IN

Now Hiring!
We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.
Call, ISHAN: 317-688-9222
28-

Personalized Service-Committed To Quality
Solutions Financial Mortgage Company
Purchase & Refinance Your Home Loans


Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਆਹਲੂਵਾਲੀਆ ਰਿਪੋਰਟ: ਕੈਪਟਨ ਸਰਕਾਰ ਦੀ ਨੀਅਤ 'ਤੇ ਉਠੇ ਸਵਾਲ

**ਚੰਡੀਗੜ੍ਹ:** ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਾਲੇ ਮਾਹਿਰਾਂ ਦੇ ਗਰੁੱਪ ਵੱਲੋਂ ਪੇਸ਼ ਨਵੀਂ ਆਰਥਿਕ ਰਣਨੀਤੀ ਉਤੇ ਵੱਡਾ ਵਿਵਾਦ ਉਠ ਖਲੋਤਾ ਹੈ। ਪੰਜਾਬ ਸਰਕਾਰ ਨੇ ਇਸ ਰਿਪੋਰਟ ਨੂੰ ਸਬੰਧਤ ਵਿਭਾਗਾਂ ਕੋਲ ਭੇਜ ਕੇ ਇਸ ਉਤੇ ਟਿੱਪਣੀਆਂ ਮੰਗੀਆਂ ਹਨ। ਕੋਈ ਵੱਡਾ ਅੜਿੱਕਾ ਨਾ ਪਿਆ ਤਾਂ ਇਸ ਰਿਪੋਰਟ ਨੂੰ ਘੋਖਣ ਮਗਰੋਂ ਕੈਬਨਿਟ ਵਿਚ ਰੱਖਿਆ ਜਾਵੇਗਾ।

ਸਮੁੱਚੀ ਰਿਪੋਰਟ ਤੋਂ ਕੇਂਦਰ ਸਰਕਾਰ ਦੀ ਪਾਲਿਸੀ ਦਾ ਝਲਕਾਰਾ ਪੈਂਦਾ ਹੈ। 'ਮਾਹਿਰਾਂ ਦੇ ਗਰੁੱਪ' ਵੱਲੋਂ 4 ਅਗਸਤ ਨੂੰ ਪਹਿਲੀ ਮੁਢਲੀ ਰਿਪੋਰਟ ਸੌਂਪੀ ਗਈ ਹੈ, ਜਿਸ ਵਿਚ ਨਿੱਜੀਕਰਨ ਨੂੰ ਹੁਲਾਰਾ ਦਿੱਤਾ ਗਿਆ। ਦੂਸਰੀ ਰਿਪੋਰਟ 31 ਦਸੰਬਰ ਤੱਕ ਦਿੱਤੀ ਜਾਣੀ ਹੈ। ਆਹਲੂਵਾਲੀਆ ਕਮੇਟੀ ਦੀ ਮੁਢਲੀ ਰਿਪੋਰਟ ਨੂੰ ਜਦੋਂ ਘੋਖਿਆ ਗਿਆ ਤਾਂ ਇਹ ਗੱਲ ਉਭਰੀ ਕਿ ਕਿਧਰੇ ਵੀ ਖੇਤੀ, ਸਨਅਤਾਂ ਆਦਿ ਉਤੇ ਕੋਵਿਡ ਦੇ ਪਏ ਅਸਰਾਂ ਦਾ ਮੁਲਾਂਕਣ ਨਹੀਂ ਕੀਤਾ ਗਿਆ। ਸਿੱਧੇ ਤੌਰ ਉਤੇ ਹੀ ਸਿਫਾਰਸ਼ਾਂ ਕਰ ਦਿੱਤੀਆਂ ਗਈਆਂ ਹਨ।

ਰਿਪੋਰਟ 'ਚ ਦੱਸਿਆ ਗਿਆ ਕਿ ਪੰਜਾਬ ਦੀ ਜੀ.ਡੀ.ਪੀ. ਦਾ 1.9 ਫੀਸਦੀ ਖੇਤੀ ਸਬਸਿਡੀ




ਉਤੇ ਖਰਚ ਹੋ ਰਿਹਾ ਹੈ ਜਦੋਂ ਕਿ ਸਿਹਤ 'ਤੇ ਜੀ.ਡੀ.ਪੀ. ਦਾ ਸਿਰਫ 0.7 ਫ਼ੀਸਦੀ ਖਰਚ ਕੀਤਾ ਜਾ ਰਿਹਾ ਹੈ। ਇਹ ਵੀ ਕਿਹਾ ਹੈ ਕਿ ਜੇ ਪੰਜਾਬ ਸਰਕਾਰ ਦੀ ਖੇਤੀ ਮੋਟਰਾਂ ਦੀ ਸਬਸਿਡੀ ਖਤਮ ਕਰਨ ਦੀ ਇੱਛਾ ਸ਼ਕਤੀ ਨਹੀਂ ਹੈ ਤਾਂ ਉਸ ਦੇ ਬਦਲ ਤਲਾਸ਼ ਸਕਦੀ ਹੈ। ਪਰਵਾਸੀ ਮਜ਼ਦੂਰਾਂ ਨੂੰ ਸਥਾਨਕ ਘਰ ਬਣਾ ਕੇ ਦੇਣ ਦੀ ਗੱਲ ਆਖੀ ਗਈ ਪਰ ਸਥਾਨਕ ਮਜ਼ਦੂਰ ਨਜ਼ਰਅੰਦਾਜ਼ ਕਰ ਦਿੱਤੇ ਗਏ ਹਨ।

ਵੱਡੀ ਮਾਰੂ ਸਿਫਾਰਸ਼ ਜ਼ਮੀਨਾਂ ਨੂੰ ਲੀਜ਼ ਲਈ ਖੋਲ੍ਹਣ ਵਾਲੀ ਹੈ। ਦੇਖਿਆ ਜਾਵੇ ਤਾਂ ਪੰਜਾਬ ਵਿਚ 32 ਫੀਸਦੀ ਛੋਟੀ ਤੇ ਦਰਮਿਆਨੀ ਕਿਸਾਨੀ ਕੋਲ ਤਾਂ ਪਹਿਲਾਂ ਹੀ 8 ਫੀਸਦੀ ਜ਼ਮੀਨ ਹੈ। ਸਿਫਾਰਸ਼ਾਂ ਲਾਗੂ ਕਰ ਦਿੱਤੀਆਂ ਤਾਂ ਛੋਟਾ ਕਿਸਾਨ ਤਾਂ ਖੇਤੀ 'ਚੋਂ ਆਊਟ ਹੋ ਜਾਵੇਗਾ। ਰਿਪੋਰਟ ਵਿਚ ਸਿੱਖਿਆ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਸਕਿੱਲ ਸਿੱਖਿਆ ਅਧੀਨ ਹੀ ਸਿੱਖਿਆ ਦੀ ਗੱਲ ਕੀਤੀ ਗਈ ਹੈ। ਇਸ ਨੂੰ ਵੱਖਰੇ ਤੌਰ ਉਤੇ ਨਹੀਂ ਵਿਚਾਰਿਆ ਗਿਆ।

ਮਾਹਿਰਾਂ ਦੇ ਗਰੁੱਪ ਵੱਲੋਂ ਕੇਂਦਰ ਸਰਕਾਰ ਦੇ 20 ਲੱਖ ਕਰੋੜ ਦੇ ਪੈਕੇਜ ਦੀ ਸ਼ਲਾਘਾ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਦੀ ਵਰਤੋਂ ਬਾਰੇ ਆਖਿਆ ਗਿਆ ਹੈ। ਕੇਂਦਰੀ ਪੈਕੇਜ ਉਤੇ ਕਿਧਰੇ ਵੀ ਕੋਈ ਉਂਗਲ ਨਹੀਂ ਚੁੱਕੀ ਗਈ। ਦੇਖਣਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤਾਂ ਨਿੱਜੀ ਥਰਮਲਾਂ ਖਿਲਾਫ ਆਵਾਜ਼ ਉਠਾਉਂਦੇ ਆ ਰਹੇ ਹਨ ਜਦੋਂ ਕਿ ਇਸ ਰਿਪੋਰਟ ਵਿਚ ਨਿੱਜੀ ਕੰਪਨੀਆਂ ਦਾ ਪੱਖ ਪੂਰਿਆ ਗਿਆ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਇਕ ਪਾਸੇ ਕੇਂਦਰੀ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰ ਰਹੀ ਹੈ ਤੇ ਦੂਜੇ ਪਾਸੇ ਮਾਹਿਰਾਂ ਦੇ ਗਰੁੱਪ ਵੱਲੋਂ ਖੁੱਲ੍ਹੀ ਮੰਡੀ ਦੀ ਵਕਾਲਤ ਕਰ ਦਿੱਤੀ ਗਈ ਹੈ।

## ਕਮੇਟੀ ਸਿਫਾਰਸ਼ਾਂ ਕਿਸਾਨਾਂ ਲਈ ਮੌਤ ਦਾ ਵਾਰੰਟ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਕਿਸਾਨਾਂ ਲਈ ਮੁਫਤ ਬਿਜਲੀ ਸਹੂਲਤ ਬੰਦ ਕਰਨ ਵੱਲ ਇਕ ਵੀ ਕਦਮ ਚੁੱਕਿਆ ਤਾਂ ਕਿਸਾਨੀ ਦੇ ਹਿਤਾਂ ਦੀ ਰਾਖੀ ਵਾਸਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬੇਮਿਸਾਲ ਲੋਕ ਲਹਿਰ ਖੜ੍ਹੀ ਕੀਤੀ ਜਾਵੇਗੀ। ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਹਲੂਵਾਲੀਆ ਕਮੇਟੀ ਦੀ ਰਿਪੋਰਟ ਨੂੰ ਰੱਦ ਕਰਦਾ ਹੈ ਕਿਉਂਕਿ ਇਹ ਕਿਸਾਨਾਂ ਦੇ ਹਿਤਾਂ ਲਈ ਨੁਕਸਾਨਦੇਹ ਹੈ ਅਤੇ ਇਸ ਦੀਆਂ ਸਿਫਾਰਸ਼ਾਂ ਪ੍ਰਵਾਨ ਕਰਨਾ ਕਿਸਾਨਾਂ ਲਈ ਮੌਤ ਦਾ ਵਾਰੰਟ ਹੋਣਗੀਆਂ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਮਾਮਲੇ ਦੀ ਗੰਭੀਰਤਾ ਨੂੰ ਸਮਝਣ ਅਤੇ ਕਾਂਗਰਸ ਦੇ ਪਸੰਦੀਦਾ ਅਰਥਸ਼ਾਸਤਰੀ ਮੌਨਟੇਕ ਸਿੰਘ ਆਹਲੂਵਾਲੀਆ ਦੀਆਂ ਸਿਫਾਰਸ਼ਾਂ ਅੱਜ ਹੀ ਰੱਦ ਕਰ ਦੇਣ ਕਿਉਂਕਿ ਉਨ੍ਹਾਂ ਨੇ ਕਿਸਾਨਾਂ ਲਈ ਮੁਫਤ ਬਿਜਲੀ ਦੀ ਸਹੂਲਤ ਨੂੰ ਪਿਛਲਪੈਰੀ ਕਰਾਰ ਦਿੰਦਿਆਂ ਸਰਕਾਰ ਨੂੰ ਇਸ ਨੂੰ ਬੰਦ ਕਰਨ ਵਾਸਤੇ ਕਿਹਾ ਹੈ।

ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ, ਅਹਿਮਦਾਬਾਦ ਦੇ ਸੈਂਟਰ ਫਾਰ ਮੈਨੇਜਮੈਂਟ ਇਨ ਐਗਰੀਕਲਚਰ ਦੇ ਪ੍ਰੋ. ਸੁਖਪਾਲ ਸਿੰਘ ਨੇ ਕਿਹਾ ਕਿ ਆਹਲੂਵਾਲੀਆ ਕਮੇਟੀ ਦੀ ਮੁੱਢਲੀ ਰਿਪੋਰਟ ਹੂਬਹੂ ਕੇਂਦਰੀ ਨੀਤੀਆਂ ਦੀ ਕਾਪੀ ਜਾਪਦੀ ਹੈ, ਜਿਸ ਵਿਚ ਨਿਰੋਲ ਨਿੱਜੀਕਰਨ ਦਾ ਪੱਖ ਪੂਰਿਆ ਗਿਆ ਹੈ। ਬਿਨਾਂ ਕੋਵਿਡ ਦੇ ਅਸਰਾਂ ਨੂੰ ਜਾਣੇ ਹੀ ਸਿਫਾਰਸ਼ਾਂ ਕਰ ਦਿੱਤੀਆਂ ਗਈਆਂ ਹਨ। ਕਿਸਾਨੀ ਹਿੱਤ ਨਜ਼ਰਅੰਦਾਜ਼ ਕੀਤੇ ਗਏ ਹਨ। ਮੁਸ਼ਕਲਾਂ ਦਾ ਢੁਕਵਾਂ ਹੱਲ ਨਹੀਂ ਦੱਸਿਆ ਗਿਆ ਬਲਕਿ ਉਨ੍ਹਾਂ ਨੂੰ ਮੁਲਤਵੀ ਕਰਨ ਦਾ ਰਾਹ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਸਿਫਾਰਸ਼ਾਂ ਲਾਗੂ ਹੋਈਆਂ ਤਾਂ ਕਿਸਾਨੀ ਨੂੰ ਵੱਡੀ ਸੱਟ ਵੱਜੇਗੀ।

# ਬਠਿੰਡਾ ਥਰਮਲ: ਐਨ.ਜੀ.ਟੀ. ਨੇ ਗੇਂਦ ਪੰਜਾਬ ਸਰਕਾਰ ਦੇ ਪਾਲੇ 'ਚ ਸੁੱਟੀ

**ਚੰਡੀਗੜ੍ਹ:** ਕੌਮੀ ਗਰੀਨ ਟ੍ਰਿਬਿਊਨਲ ਨੇ ਬਠਿੰਡਾ ਥਰਮਲ ਨੂੰ ਪਰਾਲੀ ਉਤੇ ਚਲਾਏ ਜਾਣ ਸਬੰਧੀ ਗੇਂਦ ਪੰਜਾਬ ਸਰਕਾਰ ਦੇ ਪਾਲੇ ਵਿਚ ਸੁੱਟ ਦਿੱਤੀ ਹੈ। ਬਠਿੰਡਾ ਦੇ ਲੋਕਾਂ ਨੂੰ ਆਖਰੀ ਉਮੀਦ ਕੌਮੀ ਗਰੀਨ ਟ੍ਰਿਬਿਊਨਲ ਤੋਂ ਬਚੀ ਸੀ, ਜਿਸ ਨੂੰ ਹੁਣ ਧੱਕਾ ਲੱਗਾ ਹੈ।

ਗਰੀਨ ਟ੍ਰਿਬਿਊਨਲ ਨੇ 10 ਅਗਸਤ ਨੂੰ ਆਪਣਾ ਫੈਸਲਾ ਸੁਣਾ ਦਿੱਤਾ ਹੈ ਕਿ ਬਠਿੰਡਾ ਥਰਮਲ ਨੂੰ ਪਰਾਲੀ ਉਤੇ ਚਲਾਉਣ ਲਈ ਪੰਜਾਬ ਸਰਕਾਰ ਕਾਨੂੰਨ ਮੁਤਾਬਕ ਨਾਰਮਜ਼ ਦੇਖ ਕੇ ਢੁਕਵਾਂ ਫੈਸਲਾ ਕਰ ਸਕਦੀ ਹੈ। ਟ੍ਰਿਬਿਊਨਲ ਨੇ ਮੁੱਖ ਸਕੱਤਰ ਪੰਜਾਬ ਨੂੰ ਹੁਕਮ ਭੇਜ ਦਿੱਤੇ ਹਨ। ਪਾਵਰਕੌਮ ਦੇ ਸੇਵਾਮੁਕਤ ਇੰਜੀਨੀਅਰ ਦਰਸ਼ਨ ਸਿੰਘ ਤਰਫੋਂ ਕੌਮੀ ਗਰੀਨ ਟ੍ਰਿਬਿਊਨਲ ਵਿਚ ਬਠਿੰਡਾ ਥਰਮਲ ਦੇ ਇਕ ਯੂਨਿਟ ਨੂੰ ਪਰਾਲੇ ਉਤੇ ਚਲਾਏ ਜਾਣ ਬਾਰੇ ਪਟੀਸ਼ਨ (ਓ.ਏ 1039 ਆਫ 2019) ਦਾਇਰ ਕੀਤੀ ਗਈ ਸੀ, ਜਿਸ ਉਤੇ ਟ੍ਰਿਬਿਊਨਲ ਨੇ 27 ਜਨਵਰੀ ਨੂੰ ਪਾਵਰਕੌਮ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਨੋਟਿਸ ਜਾਰੀ ਕੀਤਾ ਸੀ। ਟ੍ਰਿਬਿਊਨਲ ਨੇ ਇਨ੍ਹਾਂ ਧਿਰਾਂ ਨੂੰ 3 ਅਪਰੈਲ 2020 ਤੱਕ ਜੁਆਬ ਦੇਣ ਲਈ ਆਖਿਆ ਸੀ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕੌਮੀ ਟ੍ਰਿਬਿਊਨਲ ਕੋਲ ਆਪਣੀ ਰਿਪੋਰਟ ਦਿੱਤੀ ਹੈ ਜਿਸ ਅਨੁਸਾਰ ਬੋਰਡ ਨੇ ਇੰਜੀਨੀਅਰਾਂ ਦੀ ਕਮੇਟੀ ਤੋਂ ਬਠਿੰਡਾ ਥਰਮਲ ਨੂੰ ਪਰਾਲੀ ਉਤੇ ਚਲਾਏ ਜਾਣ ਬਾਰੇ ਸਟੱਡੀ ਕਰਾਈ ਹੈ ਅਤੇ ਇਸ ਕਮੇਟੀ ਨੇ ਦੱਸਿਆ ਹੈ ਕਿ ਇਸ ਨਾਲ ਇਕ ਤਾਂ ਪਰਾਲੀ ਦੀ ਢੁਕਵੀਂ ਵਰਤੋਂ ਹੋ ਜਾਵੇਗੀ ਅਤੇ ਨਾਲ ਹੀ ਇਸ ਦੀ ਬਿਜਲੀ ਸਸਤੀ ਵੀ ਪਵੇਗੀ।

ਦੱਸਣਯੋਗ ਹੈ ਕਿ ਪਾਵਰਕੌਮ ਦੇ ਬੋਰਡ ਆਫ ਡਾਇਰੈਕਟਰਜ਼ ਨੇ 13 ਫਰਵਰੀ 2020 ਨੂੰ ਬਠਿੰਡਾ ਥਰਮਲ ਦੀ ਜ਼ਮੀਨ ਪੁੱਡਾ ਨੂੰ ਸੌਂਪਣ ਦਾ ਮਤਾ ਪਾਸ ਕਰ ਦਿੱਤਾ ਸੀ। ਜਦੋਂਕਿ ਪਹਿਲਾਂ ਪਾਵਰਕੌਮ ਦੇ ਬੋਰਡ ਆਫ ਡਾਇਰੈਕਟਰਜ਼ ਨੇ ਹੀ 21 ਨਵੰਬਰ 2018 ਨੂੰ ਬਠਿੰਡਾ ਥਰਮਲ ਦੇ ਇਕ ਯੂਨਿਟ ਨੂੰ ਪਰਾਲੀ 'ਤੇ ਚਲਾਉਣ ਦਾ ਮਤਾ ਪਾਸ ਕੀਤਾ ਸੀ। ਇਹ ਮਤਾ ਹਾਲੇ ਵੀ ਸਰਕਾਰ



ਕੋਲ ਪੈਂਡਿੰਗ ਪਿਆ ਹੈ। ਪਹਿਲਾਂ ਪਾਵਰਕੌਮ ਦੀ ਇਕ ਯੂਨਿਟ ਨੂੰ 60 ਮੈਗਾਵਾਟ ਦੀ ਸਮਰੱਥਾ ਉਤੇ ਚਲਾਉਣ ਦੀ ਯੋਜਨਾ ਸੀ।

ਦੂਸਰੀ ਤਰਫ ਹੁਣ ਪਾਵਰਕੌਮ ਵੱਲੋਂ ਤਾਂ ਥਰਮਲ ਦੇ ਚਾਰੋਂ ਯੂਨਿਟ ਨੂੰ ਈ-ਨਿਲਾਮੀ ਰਾਹੀਂ 20 ਅਗਸਤ 2020 ਨੂੰ ਨਿਲਾਮ ਕਰਨ ਦੀ ਪ੍ਰਕਿਰਿਆ ਵਿੱਢ ਦਿੱਤੀ ਹੈ। ਪੰਜਾਬ ਸਰਕਾਰ ਨੇ ਪਹਿਲੀ ਜਨਵਰੀ 2018 ਨੂੰ ਬਠਿੰਡਾ ਥਰਮਲ ਬੰਦ ਕਰ ਕਰ ਦਿੱਤਾ ਸੀ ਅਤੇ ਮਗਰੋਂ ਇਸ ਥਰਮਲ ਦੀ ਜ਼ਮੀਨ ਵੀ ਪੂਡਾ ਨੂੰ ਟਰਾਂਸਫਰ ਕਰ ਦਿੱਤਾ। ਸੁਪਰੀਮ ਕੋਰਟ ਵੀ ਪਰਾਲੀ ਦੇ ਪ੍ਰਬੰਧਨ ਨੂੰ ਲੈ ਕੇ ਸੂਬਾ ਸਰਕਾਰਾਂ ਨੂੰ ਖਿੱਚ ਰਹੀ ਹੈ। ਜ਼ਿਕਰਯੋਗ ਹੈ ਕਿ ਪਾਵਰਕੌਮ ਨੇ 13 ਫਰਵਰੀ 2019 ਨੂੰ ਕੇਂਦਰ ਸਰਕਾਰ ਤੋਂ ਬਠਿੰਡਾ ਥਰਮਲ ਦੇ ਇਕ ਯੂਨਿਟ ਨੂੰ ਪਰਾਲੀ ਉਤੇ ਚਲਾਉਣ ਬਾਰੇ ਮਾਲੀ ਮਦਦ ਮੰਗੀ ਸੀ। ਕੇਂਦਰੀ ਨਵਿਆਉਣਯੋਗ ਮੰਤਰਾਲੇ ਨੇ 24 ਜੁਲਾਈ ਨੂੰ ਵੀਡੀਓ ਕਾਨਫਰੰਸ ਜ਼ਰੀਏ ਬਠਿੰਡਾ ਥਰਮਲ ਨੂੰ ਪਰਾਲੀ ਉਤੇ ਚਲਾਏ ਜਾਣ ਬਾਰੇ ਵਿਚਾਰ ਚਰਚਾ ਕੀਤੀ ਸੀ ਅਤੇ ਪਾਵਰਕੌਮ ਤੋਂ ਮੌਜੂਦਾ ਸਥਿਤੀ ਬਾਰੇ ਰਿਪੋਰਟ ਮੰਗੀ ਸੀ ਪਰ ਹੁਣ ਇਨ੍ਹਾਂ ਸਾਰੀਆਂ ਉਮੀਦਾਂ ਨੂੰ ਬਰੇਕ ਲੱਗਦੀ ਨਜ਼ਰ ਆ ਰਹੀ ਹੈ।

# ਅੰਦਰੂਨੀ ਕਲੇਸ਼: ਬਾਜਵਾ ਤੇ ਦੂਲੋ ਵੱਲੋਂ ਕੈਪਟਨ ਸਰਕਾਰ ਉਤੇ ਮੁੜ ਚੜ੍ਹਾਈ

**ਚੰਡੀਗੜ੍ਹ:** ਕਾਂਗਰਸ ਦੇ ਸੰਸਦ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਸ਼ਰਾਬ ਮਾਫੀਏ ਮਗਰੋਂ ਹੁਣ ਖਣਨ ਮਾਫੀਏ ਉਤੇ ਕੈਪਟਨ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਨ੍ਹਾਂ ਨੇ ਖਣਨ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਪਰ ਨਾਲ ਹੀ ਕਿਹਾ ਹੈ ਕਿ ਪੰਜਾਬ ਦਾ ਗ੍ਰਹਿ ਤੇ ਮਾਈਨਿੰਗ ਵਿਭਾਗ ਨਾਜਾਇਜ਼ ਖਣਨ ਰੋਕਣ ਵਿਚ ਫੇਲ੍ਹ ਸਾਬਤ ਹੋਇਆ ਹੈ।

ਉਧਰ, ਦੋਵੇਂ ਕਾਂਗਰਸੀ ਆਗੂਆਂ ਖਿਲਾਫ ਕਾਰਵਾਈ ਲਈ ਜ਼ੋਰ ਸ਼ੋਰ ਨਾਲ ਮੰਗ ਉੱਠਣ ਲੱਗੀ ਹੈ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਕਾਂਗਰਸ ਹਾਈਕਮਾਨ ਤੋਂ ਮੰਗ ਕੀਤੀ ਹੈ ਕਿ ਰਾਜਸਥਾਨ ਦੀ ਤਰਜ਼ ਉਤੇ ਪੰਜਾਬ ਦਾ ਇਹ ਵਿਵਾਦ ਸੁਲਝਾਇਆ ਜਾਵੇ। ਉਨ੍ਹਾਂ ਕਿਹਾ ਕਿ ਆਗੂਆਂ ਦੇ ਆਪਸੀ ਵਿਵਾਦ ਨੂੰ ਦੇਖਦੇ ਹੋਏ ਹਾਈਕਮਾਨ ਨੂੰ ਦਖਲ ਦੇਣਾ ਚਾਹੀਦਾ ਹੈ ਅਤੇ ਪਾਰਟੀ ਵਿਚ ਅਨੁਸ਼ਾਸਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੋ ਗਲਤ ਹੈ, ਉਸ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਹੁਣ ਅਹੁਦਿਆਂ ਦੀ ਭੁੱਖ ਪਾਰਟੀ ਤੋਂ ਵੱਡੀ ਹੋ ਗਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਬਨਾਮ ਕਾਂਗਰਸ ਦੇ ਸਾਬਕਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਵਿਚਾਲੇ ਛਿੜੇ ਵਿਵਾਦ ਤੋਂ ਕਾਂਗਰਸ ਹਾਈਕਮਾਂਡ ਵੀ ਚਿੰਤਤ ਦੱਸੀ ਜਾ ਰਹੀ ਹੈ। ਉੱਚ ਪੱਧਰੀ ਸੂਤਰਾਂ ਅਨੁਸਾਰ ਇਸ ਮਾਮਲੇ ਨੂੰ ਲੈ ਕੇ ਚਿੰਤਤ ਹੋਈ ਹਾਈਕਮਾਂਡ ਨੇ ਕਾਂਗਰਸੀ ਆਗੂਆਂ ਵਿਚਾਲੇ ਛਿੜੀ ਸ਼ਬਦੀ ਜੰਗ ਨੂੰ ਸ਼ਾਂਤ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਸੂਤਰਾਂ ਅਨੁਸਾਰ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਪੱਤਰ ਪੁੱਜਣ ਤੇ ਪੰਜਾਬ 'ਚ ਬਾਜਵਾ ਤੇ ਕੈਪਟਨ ਦੇ ਵਿਚਾਲੇ ਲਗਾਤਾਰ ਚੱਲ ਰਹੀ ਤਿੱਖੀ ਬਿਆਨਬਾਜ਼ੀ ਨੂੰ ਦੇਖਦੇ ਹੋਏ ਮਾਮਲੇ ਨੂੰ ਸ਼ਾਂਤ ਕਰਨ ਦੀ ਜ਼ਿੰਮੇਵਾਰੀ ਪੰਜਾਬ ਮਾਮਲਿਆਂ ਦੀ ਇੰਚਾਰਜ ਬੀਬੀ ਆਸ਼ਾ ਕੁਮਾਰੀ ਨੂੰ ਸੌਂਪੀ ਗਈ ਹੈ। ਇਸ ਮਾਮਲੇ 'ਚ ਹਾਈਕਮਾਂਡ ਅਤੇ ਆਸ਼ਾ ਕੁਮਾਰੀ ਨੇ ਚੁੱਪੀ ਸਾਧੀ ਹੋਈ ਸੀ ਪਰ ਹੁਣ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਕਾਂਗਰਸੀ ਆਗੂ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਆਪਣੀ ਗੱਲ ਪਾਰਟੀ ਪਲੇਟਫਾਰਮ ਉਤੇ ਹੀ ਰੱਖਣ। ਦੱਸਿਆ ਜਾ ਰਿਹਾ ਹੈ ਕਿ ਆਸ਼ਾ ਕੁਮਾਰੀ ਪੰਜਾਬ ਮਾਮਲੇ 'ਚ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖ ਰਹੇ ਹਨ।



ਜਾਖੜ ਵੱਲੋਂ ਹਾਈਕਮਾਂਡ ਨੂੰ ਲਿਖੀ ਚਿੱਠੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ (ਆਸ਼ਾ ਕੁਮਾਰੀ) ਕਿਹਾ ਕਿ ਜਾਖੜ ਨੇ ਆਪਣੀ ਗੱਲ ਹਾਈਕਮਾਂਡ ਅੱਗੇ ਰੱਖ ਦਿੱਤੀ ਹੈ, ਕੋਈ ਵੀ ਫੈਸਲਾ ਲੈਣਾ ਹਾਈਕਮਾਂਡ ਦੇ ਅਧਿਕਾਰ ਖੇਤਰ 'ਚ ਆਉਂਦਾ ਹੈ। ਜ਼ਿਕਰਯੋਗ ਹੈ ਕਿ ਰਾਜ ਸਭਾ ਮੈਂਬਰ ਤੇ ਪਾਰਟੀ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋਂ ਵੱਲੋਂ ਜ਼ਹਿਰੀਲੀ ਸ਼ਰਾਬ ਮਾਮਲੇ ਵਿਚ ਆਪਣੀ ਹੀ ਪਾਰਟੀ ਦੀ ਸਰਕਾਰ ਖਿਲਾਫ ਰਾਜਪਾਲ ਨੂੰ ਮੰਗ ਪੱਤਰ ਸੌਂਪ ਦਿੱਤਾ ਗਿਆ ਸੀ। ਇਸ ਮਗਰੋਂ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਹਾਈਕਮਾਂਡ ਨੂੰ ਪੱਤਰ ਲਿਖ ਕੇ ਬਾਜਵਾ ਅਤੇ ਦੂਲੋਂ ਨੂੰ ਹਟਾਏ ਜਾਣ ਦੀ ਮੰਗ ਕਰ ਦਿੱਤੀ।

ਜਾਖੜ ਵੱਲੋਂ ਹਾਈਕਮਾਂਡ ਨੂੰ ਲਿਖੇ ਪੱਤਰ ਮਗਰੋਂ ਬਾਜਵਾ ਤੇ ਦੂਲੋਂ ਨੇ ਜਾਖੜ ਖਿਲਾਫ ਸ਼ਬਦੀ ਹਮਲੇ ਤੇਜ਼ ਕਰ ਦਿੱਤੇ। ਇਸ ਸਿਆਸੀ ਬਿਆਨਬਾਜ਼ੀ ਦੌਰਾਨ ਸਰਕਾਰ ਨੇ ਬਾਜਵਾ ਦੀ ਪੰਜਾਬ ਸਰਕਾਰ ਵੱਲੋਂ ਦਿੱਤੀ ਸੁਰੱਖਿਆ ਵਾਪਸ ਲੈਣ ਦਾ ਹੁਕਮ ਜਾਰੀ ਕਰ ਦਿੱਤਾ, ਜਿਸ ਮਗਰੋਂ ਇਸ ਮਾਮਲੇ ਨੂੰ ਹੋਰ ਹਵਾ ਮਿਲ ਗਈ। ਇਸ ਸਾਰੇ ਮਾਮਲੇ 'ਚ ਹਾਲਾਂਕਿ ਹਾਈਕਮਾਂਡ ਵੱਲੋਂ ਹੁਣ ਤੱਕ ਕੋਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ ਪਰ ਸੂਤਰ ਦੱਸਦੇ ਹਨ ਕਿ ਇਸ ਮਾਮਲੇ ਨੂੰ ਸ਼ਾਂਤ ਕਰਨ ਲਈ ਹਾਈਕਮਾਂਡ ਨੇ ਆਸ਼ਾ ਕੁਮਾਰੀ ਦੀ ਡਿਊਟੀ ਲਗਾ ਦਿੱਤੀ ਹੈ।

## ਸਿਹਤ ਕੇਂਦਰਾਂ ਦੇ ਸੰਚਾਲਨ ਵਿਚ ਪੰਜਾਬ ਅੱਵਲ

**ਚੰਡੀਗੜ੍ਹ:** ਭਾਰਤ ਸਰਕਾਰ ਵੱਲੋਂ ਜਾਰੀ ਸੂਬਿਆਂ ਦੀ ਤਾਜ਼ਾ ਦਰਜਾਬੰਦੀ ਅਨੁਸਾਰ ਪੰਜਾਬ ਨੇ ਸਿਹਤ ਤੇ ਤੰਦਰੁਸਤੀ ਕੇਂਦਰਾਂ ਦੇ ਸੰਚਾਲਨ 'ਚ ਪਹਿਲਾ ਦਰਜਾ ਹਾਸਲ ਕੀਤਾ ਹੈ।

ਇਹ ਯੋਜਨਾ ਸੂਬੇ ਵਿਚ ਸਾਲ 2019 ਵਿਚ ਸ਼ੁਰੂ ਕੀਤੀ ਗਈ ਸੀ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਲੋਕਾਂ ਦੀਆਂ ਗਤੀਵਿਧੀਆਂ ਉਤੇ ਪਾਬੰਦੀਆਂ ਦੇ ਬਾਵਜੂਦ, ਪਿਛਲੇ ਪੰਜ ਮਹੀਨਿਆਂ ਵਿਚ ਸੂਬੇ ਭਰ ਦੇ ਸਿਹਤ ਕੇਂਦਰਾਂ ਵਿਚ 28.1 ਲੱਖ ਮਰੀਜ਼ ਪਹੁੰਚੇ। ਇਨ੍ਹਾਂ ਕੇਂਦਰਾਂ ਵਿਚ ਓ.ਪੀ.ਡੀ. ਸੇਵਾਵਾਂ, ਆਰ.ਸੀ.ਐਚ. ਸੇਵਾਵਾਂ, ਸੰਕਰਮਿਤ ਤੇ ਗੈਰ-ਸੰਕਰਮਿਤ ਰੋਗਾਂ ਦੀ ਰੋਕਥਾਮ ਤੇ ਇਲਾਜ ਸਬੰਧੀ ਕਲੀਨੀਕਲ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਜਲਦ ਹੀ ਸਿਹਤ ਖੇਤਰ 'ਚ ਮੋਹਰੀ ਸੂਬਾ ਬਣ ਜਾਵੇਗਾ। ਇਸ ਸਮੇਂ ਸੂਬੇ 'ਚ 2042 ਸਿਹਤ ਕੇਂਦਰ ਕਾਰਜਸ਼ੀਲ ਹਨ।

## ਕਹਾਣੀਕਾਰ ਭੂਰਾ ਸਿੰਘ ਕਲੇਰ ਦਾ ਦੇਹਾਂਤ

**ਬਠਿੰਡਾ:** ਪਿਛਲੇ ਲੰਮੇ ਸਮੇਂ ਤੋਂ ਬਿਮਾਰੀ ਨਾਲ ਜੂਝ ਰਹੇ ਕਹਾਣੀਕਾਰ ਭੂਰਾ ਸਿੰਘ ਕਲੇਰ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਪੰਜ ਦਹਾਕਿਆਂ ਤੋਂ ਕਹਾਣੀ ਦੀ ਸਿਰਜਣਾ-ਪ੍ਰਕਿਰਿਆ ਨਾਲ ਜੁੜੇ ਹੋਏ ਸੀ। 1978 ਵਿਚ ਉਨ੍ਹਾਂ ਦਾ ਪਹਿਲਾ ਕਹਾਣੀ ਸੰਗ੍ਰਹਿ 'ਪੰਛੀਆਂ ਦੇ ਆਲ੍ਹਣੇ' ਛਪਿਆ। ਉਨ੍ਹਾਂ ਸਾਧਾਰਨ ਮਨੁੱਖ ਨੂੰ ਆਪਣੀਆਂ ਕਹਾਣੀਆਂ ਦੇ ਪਾਤਰ ਬਣਾਇਆ। ਉਨ੍ਹਾਂ ਦੇ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ: 'ਪੰਛੀਆਂ ਦੇ ਆਲ੍ਹਣੇ', 'ਟੁੱਟੇ ਪੱਤੇ','ਬੇਗਮ ਫਾਤਿਮਾ', 'ਤਿਹਾਇਆ ਰੁੱਖ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਬਿਨਾਂ ਇਕ ਨਾਵਲ 'ਜੰਡਾ ਵੇ ਜੰਡੋਰਿਆ' ਤੇ ਸਵੈ-ਜੀਵਨੀ 'ਟੋਏ ਟਿੱਬੇ' ਵੀ ਛਪ ਚੁੱਕੇ ਹਨ। ਉਸ ਨੇ ਆਪਣੇ ਆਲੇ ਦੁਆਲੇ ਵਿਚਰਨ ਵਾਲੇ ਆਮ ਲੋਕਾਂ ਦੇ ਰੇਖਾ-ਚਿੱਤਰ ਵੀ ਲਿਖੇ। ਪੰਜਾਬੀ ਸਾਹਿਤ ਸਭਾ ਬਠਿੰਡਾ ਦੀ ਪ੍ਰਧਾਨ ਸੁਰਿੰਦਰਪ੍ਰੀਤ ਘਣੀਆਂ, ਜਨਰਲ ਸਕੱਤਰ ਭੁਪਿੰਦਰ ਸੰਧੂ, ਮੁੱਖ ਸਲਾਹਕਾਰ ਮੁੱਖ ਸਰਪ੍ਰਸਤ ਡਾ. ਅਜੀਤ ਅਜੀਤਪਾਲ ਸਿੰਘ, ਮੁੱਖ ਸਲਾਹਕਾਰ ਸਤਨਾਮ ਸਿੰਘ ਜੱਸਲ, ਸਲਾਹਕਾਰ ਪ੍ਰਿੰਸੀਪਲ ਜਗਮੇਲ ਸਿੰਘ ਜਠੌਲ, ਸਲਾਹਕਾਰ ਅਮਰਜੀਤ ਪੇਂਟਰ ਅਤੇ ਸਮੁੱਚੀ ਕਾਰਜਕਾਰਨੀ ਅਤੇ ਸਮੂਹ ਮੈਂਬਰਾਂ ਨੇ ਕਹਾਣੀਕਾਰ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਆਜ਼ਾਦੀ ਦਿਹਾੜਾ: ਕੈਪਟਨ ਵਲੋਂ ਸਾਰੇ ਉਲਾਂਭੇ ਲਾਹੁਣ ਦਾ ਵਾਅਦਾ

## ਛੇ ਲੱਖ ਨੌਕਰੀਆਂ, ਬੇਜ਼ਮੀਨੇ ਤੇ ਕਿਰਤੀਆਂ ਦੀ 520 ਕਰੋੜ ਦੀ ਕਰਜ਼ਾ ਮੁਆਫੀ ਦਾ ਐਲਾਨ

**ਮੁਹਾਲੀ:** ਪੰਜਾਬ ਦੀ ਅਰਥ-ਵਿਵਸਥਾ ਨੂੰ ਮੁੜ ਵਿਕਾਸ ਦੀ ਲੀਹ ਉਤੇ ਲਿਆਉਣ ਤੱਕ ਆਰਾਮ ਨਾ ਕਰਨ ਦਾ ਸੰਕਲਪ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਦੀ ਭਲਾਈ ਸਬੰਧੀ ਅਨੇਕਾਂ ਹੀ ਯੋਜਨਾਵਾਂ ਲਾਗੂ ਕਰਨ ਦਾ ਐਲਾਨ ਕੀਤਾ। ਮੁਹਾਲੀ ਵਿਚ ਸੂਬਾ ਪੱਧਰੀ ਸੁਤੰਤਰਤਾ ਦਿਵਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਆਉਂਦੇ ਦੋ ਸਾਲਾਂ ਵਿਚ ਛੇ ਲੱਖ ਨੌਜਵਾਨਾਂ ਨੂੰ ਪੜਾਅਵਾਰ ਨੌਕਰੀਆਂ ਦਿੱਤੀਆਂ ਜਾਣਗੀਆਂ। ਇਨ੍ਹਾਂ ਵਿਚ 1 ਲੱਖ ਨੌਕਰੀਆਂ ਸਰਕਾਰੀ ਵਿਭਾਗਾਂ ਦੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ 50 ਹਜ਼ਾਰ ਸਰਕਾਰੀ ਨੌਕਰੀਆਂ ਅਗਲੇ ਵਿੱਤੀ ਸਾਲ 2021 ਅਤੇ 50 ਹਜ਼ਾਰ ਨੌਕਰੀਆਂ ਸਾਲ 2022 ਵਿਚ ਦਿੱਤੀਆਂ ਜਾਣਗੀਆਂ।




ਮੁੱਖ ਮੰਤਰੀ ਨੇ ਪ੍ਰਾਈਵੇਟ ਖੇਤਰ ਵਿਚ 50 ਹਜ਼ਾਰ ਨੌਜਵਾਨਾਂ ਦੀ ਪਲੇਸਮੈਂਟ ਦੇ ਟੀਚੇ ਨਾਲ ਅਗਲੇ ਮਹੀਨੇ ਵਰਚੁਅਲ ਮੈਗਾ ਰੁਜ਼ਗਾਰ ਮੇਲੇ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਕੁਝ ਮਹੀਨਿਆਂ ਵਿਚ ਬੇਜ਼ਮੀਨੇ ਲੋਕਾਂ ਤੇ ਕਿਰਤੀਆਂ ਦਾ 520 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ। ਸਰਕਾਰ ਛੇਤੀ ਹੀ ਕਿਸਾਨਾਂ ਦੀ ਮਾਲਕੀ ਵਾਲੀ ਜ਼ਮੀਨ ਦੀ ਰੱਖਿਆ ਅਤੇ ਖੇਤੀਬਾੜੀ ਜ਼ਮੀਨ ਉਤੇ ਕਿਰਾਏਦਾਰਾਂ ਦੇ ਅਧਿਕਾਰਾਂ ਸਬੰਧੀ ਨਵਾਂ ਲੈਂਡ ਲੀਜ਼ਿੰਗ ਕਾਨੂੰਨ ਲੈ ਕੇ ਆ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਮਾਰਟ ਰਾਸ਼ਨ ਕਾਰਡ ਸਕੀਮ ਦੇ ਸ਼ੁਰੂ ਹੋ ਜਾਣ ਨਾਲ 1.41 ਕਰੋੜ ਲੋਕਾਂ ਨੂੰ ਫਾਇਦਾ ਮਿਲੇਗਾ। ਅਗਲੇ ਦੋ ਸਾਲਾਂ ਵਿਚ 1300 ਕਿਲੋਮੀਟਰ ਦੀਆਂ ਸੂਬਾਈ ਤੇ ਕੌਮੀ ਸੜਕਾਂ ਬਣਾਈ ਜਾਣਗੀਆਂ। 6162 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ। ਅਗਲੇ ਦੋ ਸਾਲਾਂ ਵਿਚ 750 ਪਿੰਡਾਂ ਵਿੱਚ ਖੇਡ ਸਟੇਡੀਅਮ ਤੇ ਸਾਰੀ ਪੇਂਡੂ ਵਸੋਂ ਨੂੰ ਪੀਣਯੋਗ ਪਾਣੀ ਮਿਲੇਗਾ। ਉਨ੍ਹਾਂ ਕਿਹਾ ਕਿ ਸਾਰੀ ਪੇਂਡੂ ਵਸੋਂ ਨੂੰ ਅਗਲੇ ਦੋ ਸਾਲਾਂ 'ਚ ਪੀਣਯੋਗ ਪਾਣੀ ਮਿਲੇਗਾ, ਜਿਸ ਉਤੇ 1200 ਕਰੋੜ ਰੁਪਏ ਖਰਚੇ ਜਾਣਗੇ। ਕੈਪਟਨ ਨੇ ਕਿਹਾ ਕਿ ਅਗਲੇ ਦੋ ਸਾਲਾਂ 'ਚ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ 'ਤੇ 1046 ਕਰੋੜ ਰੁਪਏ ਖਰਚੇ ਜਾਣਗੇ ਜਦਕਿ ਸੂਬੇ ਦੇ ਸਾਰੇ ਪੇਂਡੂ ਤੇ ਸ਼ਹਿਰੀ ਪਰਿਵਾਰਾਂ ਨੂੰ 5 ਲੱਖ ਰੁਪਏ ਸਿਹਤ ਬੀਮਾ ਮੁਹੱਈਆ ਕਰਵਾਉਣ ਲਈ ਸਰਬੱਤ ਸਿਹਤ ਬੀਮਾ ਯੋਜਨਾ ਦਾ ਦਾਇਰਾ ਵਧਾਇਆ ਜਾਵੇਗਾ।

ਔਰਤਾਂ ਦੇ ਸਮਾਜਿਕ ਤੇ ਆਰਥਿਕ ਸਸ਼ਕਤੀਕਰਨ ਦੇ ਟੀਚੇ ਨਾਲ ਮੁੱਖ ਮੰਤਰੀ ਨੇ ਕਿਹਾ ਕਿ ਮਾਤਾ ਤ੍ਰਿਪਤਾ ਮਹਿਲਾ ਯੋਜਨਾ ਤੇ ਮਾਤਾ ਕਸਤੂਰਬਾ ਮਹਿਲਾ ਯੋਜਨਾ ਜਲਦ ਹੀ ਸ਼ੁਰੂ ਹੋਵੇਗੀ। ਸੂਬਾ ਸਰਕਾਰ ਦਿਵਿਆਂਗ ਲੋਕਾਂ ਨੂੰ ਆਰਥਿਕ ਤੌਰ ਉਤੇ ਮਜ਼ਬੂਤ ਕਰਨ ਲਈ ਜਲਦ ਹੀ ਸਕੀਮ ਨੂੰ ਅੰਤਿਮ ਰੂਪ ਦੇ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਰੋਨਾ ਮਹਾਮਾਰੀ ਕਰਕੇ ਆਈ ਆਰਥਿਕ ਮੰਦੀ, ਜਿਸ ਦੇ ਚਲਦਿਆਂ ਮੌਜੂਦਾ ਸਾਲ ਦੀ ਪਹਿਲੀ ਤਿਮਾਹੀ 'ਚ 50 ਫੀਸਦੀ ਮਾਲੀਆ ਘਟ ਗਿਆ ਹੈ, ਦੇ ਬਾਵਜੂਦ ਸੂਬਾ ਸਰਕਾਰ ਇਸ ਸੰਕਟ ਨਾਲ ਨਜਿੱਠਣ ਲਈ ਸਫਲਤਾਪੂਰਵਕ ਪਹਿਲਕਦਮੀਆਂ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਕਣਕ ਦੀ ਸੁਚਾਰੂ ਤੇ ਨਿਰਵਿਘਨ ਖਰੀਦ ਯਕੀਨੀ ਬਣਾਉਣ ਨਾਲ ਕਿਸਾਨ ਭਾਈਚਾਰੇ ਨੂੰ 26,000 ਕਰੋੜ ਰੁਪਏ ਦੀ ਸਹਾਇਤਾ ਪ੍ਰਾਪਤ ਹੋਈ ਹੈ। ਆਨਲਾਈਨ ਸਿੱਖਿਆ ਦੀ ਮਹੱਤਤਾ ਉਤੇ ਜ਼ੋਰ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ 12ਵੀਂ ਦੇ 1.74 ਲੱਖ ਵਿਦਿਆਰਥੀਆਂ ਨੂੰ ਇਸ ਸਾਲ ਸਮਾਰਟ ਫੋਨ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਾਂ ਨੂੰ ਟੈਕਸ 'ਚ ਰਾਹਤਾਂ ਤੇ ਛੋਟਾਂ ਦੇਣ ਤੋਂ ਇਲਾਵਾ ਵਿਅਕਤੀਗਤ ਦਿੱਤੀਆਂ ਜਾਣ ਵਾਲੀਆਂ ਫੀਸਾਂ, ਟੈਕਸਾਂ ਤੇ ਕਰਜ਼ਿਆਂ ਦਾ ਕਾਫੀ ਕੁਝ ਮੁਆਫ ਕੀਤਾ ਗਿਆ ਹੈ ਤੇ ਕੁਝ ਨੂੰ ਅੱਗੇ ਪਾਉਣ ਦਾ ਐਲਾਨ ਕੀਤਾ ਗਿਆ ਹੈ।

## ਪੰਜਾਬ 'ਚ ਤਿੰਨ ਮੈਡੀਕਲ ਕਾਲਜ ਬਣਾਏ ਜਾਣਗੇ

**ਅੰਮ੍ਰਿਤਸਰ:** ਆਜ਼ਾਦੀ ਦਿਹਾੜੇ ਮੌਕੇ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਓਪੀ ਸੋਨੀ ਨੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਦੇ ਹੋਏ ਐਲਾਨ ਕੀਤਾ ਕਿ ਪੰਜਾਬ ਵਿਚ 1200 ਕਰੋੜ ਰੁਪਏ ਦੀ ਲਾਗਤ ਨਾਲ ਤਿੰਨ ਨਵੇਂ ਮੈਡੀਕਲ ਕਾਲਜ ਅਤੇ ਅੰਮ੍ਰਿਤਸਰ ਵਿਚ ਸਟੇਟ ਕੈਂਸਰ ਇੰਸਟੀਚਿਊਟ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਮੈਡੀਕਲ ਕਾਲਜ ਮੁਹਾਲੀ, ਕਪੂਰਥਲਾ ਤੇ ਹੁਸ਼ਿਆਰਪੁਰ ਵਿਚ ਖੋਲ੍ਹੇ ਜਾ ਰਹੇ ਹਨ ਤੇ ਅੰਮ੍ਰਿਤਸਰ ਵਿਚ 120 ਕਰੋੜ ਰੁਪਏ ਦੀ ਲਾਗਤ ਨਾਲ ਸਟੇਟ ਕੈਂਸਰ ਇੰਸਟੀਚਿਊਟ ਸਥਾਪਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਦੇਸ਼ ਲਈ ਜਾਨ ਕੁਰਬਾਨ ਕਰਨ ਵਾਲੇ ਬਹਾਦਰ ਜਵਾਨਾਂ ਦੇ ਪਰਿਵਾਰਾਂ ਨੂੰ ਮਿਲਣ ਵਾਲੀ ਸਹਾਇਤਾ ਰਕਮ ਨੂੰ 10 ਲੱਖ ਤੋਂ ਵਧਾ ਕੇ 50 ਲੱਖ ਕਰ ਦਿੱਤਾ ਹੈ।

## ਆਜ਼ਾਦੀ ਦਿਵਸ 'ਤੇ ਪੁਲਿਸ ਮੁਲਾਜ਼ਮਾਂ ਨੂੰ ਤੋਹਫਾ


**ਪਟਿਆਲਾ:** ਪੁਲਿਸ ਮੁਲਾਜ਼ਮਾਂ ਵੱਲੋਂ ਅਮਨ ਕਾਨੂੰਨ ਦੀ ਬਹਾਲੀ ਤੇ ਨਾਗਰਿਕ ਸੁਰੱਖਿਆ ਲਈ ਆਮ ਡਿਊਟੀ ਸਣੇ ਕਰੋਨਾ ਮਹਾਮਾਰੀ ਦੌਰਾਨ ਕਰੋਨਾ ਯੋਧਿਆਂ ਵਜੋਂ ਵੀ ਤਨਦੇਹੀ ਨਾਲ ਡਿਊਟੀ ਨਿਭਾਈ ਜਾ ਰਹੀ ਹੈ। ਇਸ ਦਾ ਸਤਿਕਾਰ ਕਰਦਿਆਂ ਪਟਿਆਲਾ ਦੇ ਨਵੇਂ ਆਏ ਐਸ.ਐਸ.ਪੀ. ਵਿਕਰਮ ਜੀਤ ਦੁੱਗਲ ਨੇ ਆਜ਼ਾਦੀ ਦਿਹਾੜੇ ਮੌਕੇ ਪੁਲਿਸ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਜਨਮ ਦਿਨ ਅਤੇ ਵਿਆਹ ਵਰ੍ਹੇਗੰਢ ਮੌਕੇ ਲਾਜ਼ਮੀ ਛੁੱਟੀ ਦਿੱਤੇ ਜਾਣ ਦਾ ਤੋਹਫਾ ਦਿੱਤਾ ਹੈ। ਐਸ.ਐਸ.ਪੀ. ਨੇ ਕਿਹਾ ਕਿ ਇਹ ਫੈਸਲਾ ਪੁਲਿਸ ਦੇ ਕੰਮ-ਕਾਜ ਵਿਚ ਹੋਰ ਬਿਹਤਰੀ ਲਿਆਉਣ ਸਣੇ ਉਨ੍ਹਾਂ ਦੇ ਮਨੋਬਲ ਨੂੰ ਵੀ ਉੱਚਾ ਕਰੇਗਾ।

## ਭਾਰਤ-ਪਾਕਿ ਵਿਚਾਲੇ ਨਾ ਹੋ ਸਕਿਆ ਮਠਿਆਈ ਦਾ ਲੈਣ-ਦੇਣ

**ਅਟਾਰੀ:** ਭਾਰਤ-ਪਾਕਿਸਤਾਨ ਵਿਚਾਲੇ ਬੀਤੇ ਸਮੇਂ ਤੋਂ ਚੱਲ ਰਹੇ ਕੁੜੱਤਣ ਭਰੇ ਸਬੰਧਾਂ ਕਾਰਨ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ 'ਤੇ ਲੰਮੇ ਸਮੇਂ ਤੋਂ ਖਾਸ ਦਿਹਾੜਿਆਂ ਉਤੇ ਕੀਤਾ ਜਾਂਦਾ ਮਠਿਆਈ ਦਾ ਆਦਾਨ-ਪ੍ਰਦਾਨ ਇਸ ਵਾਰ ਨਹੀਂ ਹੋ ਸਕਿਆ। ਲੰਮੇ ਸਮੇਂ ਤੋਂ ਦੋਵਾਂ ਦੇਸ਼ਾਂ ਵੱਲੋਂ ਨੈਤਿਕਤਾ ਅਤੇ ਭਾਈਵਾਲਤਾ ਦਾ ਮੁਜ਼ਾਹਰਾ ਕਰਦਿਆਂ ਈਦ, ਆਜ਼ਾਦੀ ਦਿਹਾੜਿਆਂ, ਦੀਵਾਲੀ ਤੇ ਹੋਰ ਕੌਮੀ ਦਿਨਾਂ 'ਤੇ ਇਕ-ਦੂਸਰੇ ਨੂੰ ਮਠਿਆਈ ਦੇ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਸਨ ਪਰ ਬੀਤੇ ਸਮੇਂ ਤੋਂ ਪੁਲਵਾਮਾ ਹਮਲਾ ਤੇ ਉਸ ਤੋਂ ਬਾਅਦ ਭਾਰਤ ਵੱਲੋਂ ਕਸ਼ਮੀਰ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਐਲਾਨਣ ਤੋਂ ਬਾਅਦ ਇਸ ਸਿਲਸਿਲੇ ਵਿਚ ਖੜੋਤ ਉਸੇ ਤਰ੍ਹਾਂ ਬਰਕਰਾਰ ਰਹੀ ਅਤੇ ਦੋਵਾਂ ਦੇਸ਼ਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਬੀ.ਐਸ.ਐਫ. ਅਤੇ ਪਾਕਿਸਤਾਨ ਰੇਂਜਰਜ ਦੇ ਅਧਿਕਾਰੀਆਂ ਵਿਚਾਲੇ ਭਾਰਤ-ਪਾਕਿਸਤਾਨ ਦੇ ਆਜ਼ਾਦੀ ਦਿਹਾੜਿਆਂ 'ਤੇ ਮਠਿਆਈ ਦਾ ਵਟਾਂਦਰਾ ਨਹੀਂ ਹੋ ਸਕਿਆ।

# ਸਰਕਾਰੀ ਬੇਰੁਖੀ ਤੋਂ ਦੁਖੀ ਆਜ਼ਾਦੀ ਘੁਲਾਟੀਏ ਦੇ ਪੋਤਰੇ ਟੈਂਕੀ 'ਤੇ ਚੜ੍ਹੇ

**ਸ਼ੇਰਪੁਰ:** ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਆਜ਼ਾਦੀ ਘੁਲਾਟੀਏ ਬਚਨ ਸਿੰਘ ਘਨੌਰ ਦੇ ਪੋਤਰੇ ਤੰਗੀਆਂ ਤੁਰਸ਼ੀਆਂ ਤੋਂ ਪਰੇਸ਼ਾਨ ਹੋ ਕੇ ਪਿੰਡ ਘਨੌਰ ਕਲਾਂ ਦੀ ਟੈਂਕੀ 'ਤੇ ਚੜ੍ਹ ਗਏ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਘਨੌਰੀ ਕਲਾਂ ਦੀ ਰੈਲੀ 'ਚ ਨੌਕਰੀ ਤੇ ਹੋਰ ਸਹੂਲਤਾਂ ਦੇਣ ਦਾ ਵਾਅਦਾ ਯਾਦ ਕਰਵਾਇਆ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜੇਲ੍ਹਾਂ ਕੱਟਣ ਤੇ ਤਸ਼ੱਦਦ ਝੱਲਣ ਵਾਲਿਆਂ 'ਚ ਸ਼ੁਮਾਰ ਆਜ਼ਾਦੀ ਘੁਲਾਟੀਏ ਪੰਡਤ ਬਚਨ ਸਿੰਘ ਘਨੌਰ ਤੇ ਉਸ ਦੇ ਪਰਿਵਾਰ ਨੂੰ ਭਾਵੇਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਹੁਕਮਰਾਨਾਂ ਵੱਲੋਂ ਪ੍ਰਸ਼ੰਸਾ ਪੱਤਰ ਤੇ ਤਾਮਰ ਪੱਤਰ ਤਾਂ ਦਿੱਤੇ ਪਰ ਸਰਕਾਰ ਵੱਲੋਂ ਅਤਿ ਗੁਰਬਤ ਭਰੀ ਜ਼ਿੰਦਗੀ ਬਤੀਤ ਕਰ ਰਹੇ ਪਰਿਵਾਰ ਨੂੰ ਸਹਿਯੋਗ ਨਹੀਂ ਦਿੱਤਾ ਗਿਆ। ਦੂਜੇ ਪਾਸੇ ਆਪ ਆਗੂਆਂ ਨੇ ਵੀ ਸੰਘਰਸ਼ ਕਰਨ ਦਾ ਅਲਟੀਮੇਟਮ ਦਿੱਤਾ।



ਪੋਤਰਿਆਂ ਪਰਮਜੀਤ ਸਿੰਘ ਤੇ ਕਰਮਜੀਤ ਸਿੰਘ ਨੇ ਦੱਸਿਆ ਕਿ ਰਿਆਸਤ ਮਾਲੇਰਕੋਟਲਾ ਨਾਲ ਸਬੰਧਤ ਉਸ ਦੇ ਦਾਦਾ ਬਚਨ ਸਿੰਘ ਘਨੌਰ ਕਲਾਂ ਅਤੇ ਉਸ ਦੇ ਸਾਥੀਆਂ ਵੱਲੋਂ ਕਿਸਾਨਾਂ ਉਤੇ ਜਬਰ ਵਿਰੁੱਧ 17 ਜੁਲਾਈ 1927 ਨੂੰ ਪਿੰਡ ਕੁਠਾਲਾ ਵਿਚ ਇਕੱਠ ਕੀਤਾ ਗਿਆ ਜਿਸ 'ਤੇ ਹੁਕਮਰਾਨਾਂ ਨੇ ਗੋਲੀਆਂ ਚਲਾਈਆਂ ਜਿਸ ਨਾਲ 11 ਵਿਅਕਤੀ ਮਾਰੇ ਗਏ ਜਦੋਂਕਿ ਇਕ ਗੋਲੀ ਪੰਡਤ ਜੀ ਦੇ ਵੱਜੀ। ਇਸ ਤੋਂ ਇਲਾਵਾ ਪੰਡਤ ਜੀ ਨੇ ਦੇਸ਼ ਦੀ ਆਜ਼ਾਦੀ ਲਈ ਜੇਲ੍ਹਾਂ ਵੀ ਕੱਟੀਆਂ।

ਉਨ੍ਹਾਂ ਦੱਸਿਆ ਕਿ ਘਰ ਦੀਆਂ ਤੰਗੀਆਂ ਤੁਰਸ਼ੀਆਂ ਕਾਰਨ ਉਨ੍ਹਾਂ ਦੇ ਪਿਤਾ, ਮਾਤਾ, ਕਰਮਜੀਤ ਦੀ ਪਤਨੀ ਇਲਾਜ ਖੁਣੋਂ ਮੌਤ ਦੇ ਮੂੰਹ ਜਾ ਪਏ। ਮਾਤਾ ਪਿਤਾ ਦੀ ਮੌਤ ਤੋਂ ਬਾਅਦ ਘਰ 'ਚੋਂ ਖੁਸ਼ੀਆਂ ਉਡ ਗਈਆਂ। ਇਸ ਵੇਲੇ ਘਰ ਦੇ ਗੇਟ ਟੁੱਟੇ ਪਏ ਹਨ, ਮੀਂਹ ਕਾਰਨ ਛੱਤਾਂ 'ਚੋਂ ਪਾਣੀ ਡਿੱਗਦਾ ਹੈ, ਘਰ ਢਹਿਣ ਕਿਨਾਰੇ ਹੈ ਪਰ ਕਾਂਗਰਸ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜ੍ਹੀ।

## ਸੀਨੀਅਰ ਅਕਾਲੀ ਆਗੂ ਬਲਜੀਤ ਸਿੰਘ ਨੀਲਾਮਹਿਲ ਦਾ ਦੇਹਾਂਤ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਨਗਰ ਸੁਧਾਰ ਟਰੱਸਟ ਜਲੰਧਰ ਦੇ ਸਾਬਕਾ ਚੇਅਰਮੈਨ ਬਲਜੀਤ ਸਿੰਘ ਨੀਲਾਮਹਿਲ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ।

ਉਨ੍ਹਾਂ ਦੀ ਉਮਰ ਕੇਵਲ 60 ਸਾਲ ਦੇ ਕਰੀਬ ਸੀ ਤੇ ਪੂਰੀ ਤਰ੍ਹਾਂ ਸਿਹਤਮੰਦ ਸਨ, ਪਰ ਛਾਤੀ 'ਚ ਦਰਦ ਦੀ ਸ਼ਿਕਾਇਤ ਉਤੇ ਉਨ੍ਹਾਂ ਨੂੰ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।ਦੱਸਣਯੋਗ ਹੈ ਕਿ ਕਰੀਬ ਡੇਢ ਸਾਲ ਪਹਿਲਾਂ ਬਲਜੀਤ ਸਿੰਘ ਨੀਲਾਮਹਿਲ ਦੇ ਭਰਾ ਕਮਲਜੀਤ ਸਿੰਘ ਗਾਂਧੀ ਸਾਬਕਾ ਕੌਂਸਲਰ ਦੀ ਵੀ ਮੌਤ ਹੋ ਗਈ ਸੀ। ਬਲਜੀਤ ਸਿੰਘ ਨੀਲਾਮਹਿਲ ਨਿਧੜਕ ਆਗੂ ਵਜੋਂ ਜਾਣੇ ਜਾਂਦੇ ਸਨ ਤੇ ਉਨ੍ਹਾਂ ਜਿਥੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੇ ਅਹੁਦੇ ਉਤੇ ਸਫਲਤਾ ਨਾਲ ਕੰਮ ਕੀਤਾ ਉਥੇ ਪਾਰਟੀ ਦੇ ਹੋਰ ਅਹੁਦਿਆਂ 'ਤੇ ਰਹਿੰਦੇ ਹੋਏ ਵੀ ਸਰਗਰਮੀ ਨਾਲ ਸੇਵਾ ਨਿਭਾਈ।

# ਅਧਿਆਪਕਾਂ ਤੇ ਕਿਸਾਨਾਂ ਨੇ ਮਨਾਈ 'ਕਾਲੀ ਆਜ਼ਾਦੀ'

**ਸੰਗਰੂਰ:** ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਵੱਲੋਂ ਆਪੋ ਆਪਣੇ ਘਰਾਂ ਉਤੇ ਕਾਲੇ ਝੰਡੇ ਲਹਿਰਾਉਂਦਿਆਂ 'ਕਾਲੀ ਆਜ਼ਾਦੀ' ਮਨਾਈ ਗਈ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਮਾਨਸਾ ਵੱਲੋਂ 15 ਅਗਸਤ ਨੂੰ ਕਾਲੀ ਆਜ਼ਾਦੀ ਉਤੇ ਦਿੱਤੇ ਪ੍ਰੋਗਰਾਮ ਤਹਿਤ ਕੇਂਦਰ ਸਰਕਾਰ ਵੱਲੋਂ ਆਰਡੀਨੈਂਸ ਖੇਤੀ ਸੁਧਾਰ ਲਾਗੂ ਕਰਨ ਦੇ ਪ੍ਰੋਗਰਾਮ ਤਹਿਤ ਇਥੇ ਕਾਲੀਆਂ ਝੰਡੀਆਂ ਨਾਲ ਰੋਸ ਪ੍ਰਦਰਸ਼ਨ ਕਰਦਿਆਂ ਮੋਦੀ ਸਰਕਾਰ ਦੀ ਅਰਥੀ ਸਾੜੀ ਗਈ।



ਜਥੇਬੰਦੀ ਦੇ ਸੂਬਾ ਪ੍ਰਧਾਨ ਬੋਘ ਸਿੰਘ ਨੇ ਕਿਹਾ ਕਿ ਜੋ ਕਾਲੇ ਕਾਨੂੰਨ ਲਿਆਂਦੇ ਜਾ ਰਹੇ ਹਨ। ਜਥੇਬੰਦੀ ਵੱਲੋਂ ਸਰਕਾਰ ਦੀਆਂ ਇਹ ਕਿਸਾਨੀ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਜਾਂਦਾ ਹੈ। ਇਸ ਮੌਕੇ ਜਿਥੇ ਕਾਲੇ ਝੰਡੇ ਲੈ ਕੇ ਰੋਸ ਪ੍ਰਦਰਸ਼ਨ ਕਰਦਿਆਂ ਖੇਤੀ ਸਬੰਧੀ ਲਿਆਂਦੇ ਗਏ ਆਰਡੀਨੈਂਸਾਂ ਦੀਆਂ ਕਾਪੀਆਂ ਸਾੜੀਆਂ ਤੇ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਉਥੇ ਹੀ ਆਸ਼ਾ ਵਰਕਰਾਂ ਤੋਂ ਇਲਾਵਾ ਨੌਕਰੀ ਤੋਂ ਹਟਾਏ ਗਏ ਪੀ.ਟੀ.ਆਈ. ਅਧਿਆਪਕਾਂ ਨੇ ਧਰਨਾ ਦੇ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਭਾਵੇਂ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਆਜ਼ਾਦੀ ਦਿਵਸ ਮੌਕੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਪਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿੱਖਿਆ ਮੰਤਰੀ ਨਾਲ ਪੈਨਲ ਮੀਟਿੰਗ ਨਿਸ਼ਚਿਤ ਕਰਾਉਣ ਦੇ ਲਿਖਤੀ ਭਰੋਸੇ ਮਗਰੋਂ ਘਿਰਾਓ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਸੀ।

ਇਹ ਜਾਣਕਾਰੀ ਦਿੰਦਿਆਂ ਬੇਰੁਜ਼ਗਾਰ ਬੀ.ਐਡ. ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਨੇ ਦੱਸਿਆ ਕਿ ਬੇਸ਼ੱਕ ਪੈਨਲ-ਮੀਟਿੰਗ ਤੈਅ ਹੋਣ ਉਪਰੰਤ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੂੰ ਕਾਲੀਆਂ ਝੰਡੀਆਂ ਨਾਲ ਘੇਰਨ ਦਾ ਪ੍ਰੋਗਰਾਮ ਰੱਦ ਕਰਨ ਸਬੰਧੀ ਸਹਿਮਤੀ ਬਣ ਗਈ ਹੈ, ਪਰ ਪੂਰੇ ਪੰਜਾਬ ਵਿਚ ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਵੱਲੋਂ ਘਰਾਂ ਉਤੇ ਕਾਲੀਆਂ ਝੰਡੀਆਂ ਨਾਲ ਕਾਲੀ-ਆਜ਼ਾਦੀ ਮਨਾਉਂਦਿਆਂ ਪੰਜਾਬ ਸਰਕਾਰ ਦਾ ਵਿਰੋਧ ਜਾਰੀ ਰੱਖਿਆ ਗਿਆ। ਢਿੱਲਵਾਂ ਨੇ ਕਿਹਾ ਕਿ ਸਾਰੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਨ ਦੇ ਬਾਵਜੂਦ ਨੌਕਰੀ ਉਡੀਕਦਿਆਂ ਹਜ਼ਾਰਾਂ ਉਮੀਦਵਾਰ ਨੌਕਰੀ ਲਈ ਨਿਰਧਾਰਤ ਉਮਰ-ਹੱਦ ਲੰਘਾ ਚੁੱਕੇ ਹਨ, ਜਿਸਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ 'ਚ ਅਸਫਲ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸਿੱਖਿਆ ਵਿਭਾਗ ਵੱਲੋਂ ਕੱਢੀਆਂ ਮਾਸਟਰ ਕਾਡਰ ਦੀਆਂ ਅਸਾਮੀਆਂ ਤਹਿਤ ਸਮਾਜਿਕ ਸਿੱਖਿਆ 54, ਪੰਜਾਬੀ 62 ਅਤੇ ਹਿੰਦੀ ਦੀਆਂ ਮਹਿਜ਼ 52 ਅਸਾਮੀਆਂ ਕੱਢੀਆਂ ਹਨ, ਇਨ੍ਹਾਂ ਅਸਾਮੀਆਂ 'ਚ ਉਮਰ-ਹੱਦ 37 ਤੋਂ 42 ਸਾਲ ਕਰਨ ਅਤੇ ਅਸਾਮੀਆਂ ਦੀ ਗਿਣਤੀ ਵਧਾਉਣ ਦੀ ਮੰਗ ਕਰਦਿਆਂ ਜਥੇਬੰਦੀਆਂ ਨੇ ਮੰਗਾਂ ਹੱਲ ਨਾ ਹੋਣ 'ਤੇ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ ਦਿੱਤੀ ਹੈ।

# ਪਰਾਲੀ: ਪੰਜਾਬ ਨੇ ਸੁਪਰੀਮ ਕੋਰਟ ਪੈਨਲ ਨੂੰ ਕਾਰਜ ਯੋਜਨਾ ਸੌਂਪੀ

**ਨਵੀਂ ਦਿੱਲੀ:** ਪੰਜਾਬ ਅਤੇ ਹਰਿਆਣਾ ਸਰਕਾਰਾਂ ਨੇ ਪਰਾਲੀ ਸਾੜਨ ਦੀ ਰੋਕਥਾਮ ਲਈ ਸੁਪਰੀਮ ਕੋਰਟ ਦੇ ਪੈਨਲ ਨੂੰ ਆਪਣੀ ਕਾਰਜ ਯੋਜਨਾ ਸੌਂਪ ਦਿੱਤੀ ਹੈ। ਦੋਹਾਂ ਰਾਜਾਂ ਵਿਚ ਪਰਾਲੀ ਨੂੰ ਸਾੜਨ ਕਾਰਨ ਦਿੱਲੀ ਸਣੇ ਇਨ੍ਹਾਂ ਦੋਵਾਂ ਰਾਜਾਂ ਵਿਚ ਧੂੰਆਂ ਛਾ ਜਾਂਦਾ ਹੈ ਤੇ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਇਸ ਵਾਰ ਸਖਤੀ ਦੇ ਰੌਂਅ ਵਿਚ ਹੈ।

ਰਾਜਾਂ ਨੇ ਉਨ੍ਹਾਂ ਕਿਸਾਨਾਂ ਨੂੰ ਕਿਰਾਏ 'ਤੇ ਖੇਤੀ ਮਸ਼ੀਨਰੀ ਦੇਣ ਲਈ ਵਧੇਰੇ ਕਸਟਮ ਹਾਇਰਿੰਗ ਸੈਂਟਰ (ਸੀ.ਐਚ.ਸੀ.) ਸਥਾਪਤ ਕਰਨ ਦੀ ਤਜਵੀਜ਼ ਰੱਖੀ ਹੈ, ਜੋ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਲਈ ਉੱਚ ਪੱਧਰੀ ਉਪਕਰਣ ਖਰੀਦਣ ਦੇ ਸਮਰੱਥ ਨਹੀਂ ਹਨ।



ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਪਰਾਲੀ ਸਾੜਨ ਨਾਲ ਪਿਛਲੇ ਸਾਲ ਦਿੱਲੀ ਵਿਚ ਹਵਾ ਪ੍ਰਦੂਸ਼ਣ ਕਾਫੀ ਵੱਧ ਗਿਆ ਸੀ।

ਪੰਜਾਬ ਸਰਕਾਰ ਨੇ ਵਾਤਾਵਰਣ ਪ੍ਰਦੂਸ਼ਣ (ਰੋਕਥਾਮ ਅਤੇ ਨਿਯੰਤਰਣ) ਅਥਾਰਟੀ (ਈ.ਪੀ.ਸੀ.ਏ.) ਨੂੰ ਦੱਸਿਆ ਹੈ ਕਿ ਉਹ ਬਾਇਓਮਾਸ ਅਧਾਰਤ ਪਾਵਰ ਪਲਾਂਟਾਂ ਰਾਹੀਂ ਫਸਲਾਂ ਦੀ ਰਹਿੰਦ-ਖੂੰਹਦ ਦੀ ਵਰਤੋਂ ਕਰ ਰਹੀ ਹੈ ਅਤੇ ਵੱਖ ਵੱਖ ਬਾਇਓ-ਸੀ.ਐਨ.ਜੀ. ਪ੍ਰੋਜੈਕਟਾਂ ਦੀ ਪ੍ਰਕਿਰਿਆ ਚੱਲ ਰਹੀ ਹੈ। ਰਾਜ ਦਾ ਹੁਣ 25 ਮੈਗਾਵਾਟ ਦਾ ਸੌਰ-ਬਾਇਓਮਾਸ ਪ੍ਰੋਜੈਕਟ ਸਥਾਪਤ ਕਰਨ ਦਾ ਪ੍ਰਸਤਾਵ ਦਿੱਤਾ ਹੈ।

ਈ.ਪੀ.ਸੀ.ਏ. ਅਨੁਸਾਰ ਕਿਸਾਨ ਨੇੜੇ ਦੀਆਂ ਫੈਕਟਰੀਆਂ, ਮੁੱਖ ਤੌਰ 'ਤੇ ਬਾਇਓਮਾਸ ਪਲਾਂਟ, ਨੂੰ ਲਗਭਗ 120 ਰੁਪਏ ਪ੍ਰਤੀ ਕੁਇੰਟਲ 'ਤੇ ਪਰਾਲੀ ਵੇਚਦੇ ਹਨ। ਰਾਜ ਨੇ ਫਸਲਾਂ ਦੀ ਰਹਿੰਦ ਖੂੰਹਦ ਦਾ ਪ੍ਰਬੰਧਨ ਕਰਨ ਲਈ ਕਿਸਾਨਾਂ ਨੂੰ ਕਿਰਾਏ ਦੀ ਮਸ਼ੀਨਰੀ ਦੀ ਸਹਾਇਤਾ ਲਈ ਮੋਬਾਈਲ ਐਪਲੀਕੇਸ਼ਨ ਵੀ ਅਰੰਭ ਕੀਤੀ ਹੈ।

# ਟਾਈਟਲਰ ਦੇ ਜਨਮ ਦਿਨ ਦੇ ਵਧਾਈ ਬੋਰਡ ਤੋਂ ਵਿਵਾਦ

**ਅੰਮ੍ਰਿਤਸਰ:** ਸਥਾਨਕ ਮਜੀਠਾ ਰੋਡ ਉਤੇ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਦੇ ਜਨਮ ਦਿਨ ਦੀਆਂ ਮੁਬਾਰਕਾਂ ਵਾਲੇ ਲਾਏ ਗਏ ਬੋਰਡ ਸਬੰਧੀ ਸਥਿਤੀ ਉਦੋਂ ਤਣਾਅ ਵਾਲੀ ਬਣ ਗਈ, ਜਦੋਂ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਇਕੱਠੇ ਹੋ ਕੇ ਇਸ ਦਾ ਵਿਰੋਧ ਕੀਤਾ। ਸਿੱਖ ਕਾਰਕੁਨਾਂ ਨੇ ਇਹ ਬੋਰਡ ਉਤਾਰ ਦਿੱਤਾ ਅਤੇ ਬੋਰਡ ਉਤੇ ਕਾਲਖ ਮਲ ਦਿੱਤੀ। ਉਨ੍ਹਾਂ ਨੇ ਬੋਰਡ ਲਾਉਣ ਵਾਲੇ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸਿੱਖ ਯੂਥ ਪਾਵਰ ਆਫ ਪੰਜਾਬ (ਐਸ.ਵਾਈ.ਪੀ.ਪੀ.) ਅਤੇ ਸਿਰਲੱਥ ਖਾਲਸਾ ਨਾਂ ਦੀਆਂ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਇਸ ਬੋਰਡ ਨੂੰ ਉਤਾਰ ਦਿੱਤਾ ਅਤੇ ਥਾਣਾ ਸਦਰ ਵਿਚ ਬੋਰਡ ਲਾਉਣ ਵਾਲੇ ਖਿਲਾਫ ਕੇਸ ਦਰਜ ਕਰਨ ਲਈ ਦਰਖਾਸਤ ਦਿੱਤੀ। ਐਸ.ਵਾਈ.ਪੀ.ਪੀ. ਦੇ ਆਗੂ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਕਰਮਜੀਤ ਸਿੰਘ ਗਿੱਲ ਨਾਂ ਦੇ ਵਿਅਕਤੀ ਨੇ ਇਹ ਬੋਰਡ ਇਥੇ ਚੌਕ ਵਿਚ ਲਾਇਆ ਸੀ ਜਿਸ ਵਿਚ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਅਤੇ ਬੋਰਡ ਲਾਉਣ ਵਾਲੇ ਦੀਆਂ ਤਸਵੀਰਾਂ ਬਣੀਆਂ ਹੋਈਆਂ ਹਨ। ਇਸ ਬੋਰਡ ਵਿਚ ਕਾਂਗਰਸੀ ਆਗੂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਹੋਈਆਂ ਸਨ।




ਉਨ੍ਹਾਂ ਦੋਸ਼ ਲਾਇਆ ਕਿ ਜਗਦੀਸ਼ ਟਾਈਟਲਰ 1984 ਸਿੱਖ ਕਤਲੇਆਮ ਮਾਮਲਿਆਂ ਵਿਚ ਕਥਿਤ ਦੋਸ਼ੀ ਹੈ। ਅਜਿਹੇ ਵਿਅਕਤੀ ਦੇ ਜਨਮ ਦਿਨ ਦਾ ਬੋਰਡ ਲਾ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਉਨ੍ਹਾਂ ਬੋਰਡ ਲਾਉਣ ਵਾਲਿਆਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ। ਇਸ ਤੋਂ ਪਹਿਲਾਂ ਸਿੱਖ ਕਾਰਕੁਨਾਂ ਨੇ ਬੋਰਡ ਨੂੰ ਉਤਾਰ ਕੇ ਟਾਈਟਲਰ ਖਿਲਾਫ ਨਾਅਰੇਬਾਜ਼ੀ ਕੀਤੀ।

## ਕੈਪਟਨ ਦੀ ਸ਼ਹਿ ਉਤੇ ਹੋਇਆ ਸਭ ਕੁਝ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਪੁੱਛਿਆ ਕਿ ਉਹ ਕਾਂਗਰਸੀਆਂ ਨੂੰ ਸਿੱਖ ਭਾਵਨਾਵਾਂ ਭੜਕਾਉਣ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਕਰ ਕੇ ਸੂਬੇ ਵਿਚ ਸ਼ਾਂਤੀ ਭੰਗ ਕਰਨ ਤੇ ਪੰਜਾਬ ਵਿਚ ਅੱਗ ਲਾਉਣ ਦਾ ਯਤਨ ਕਿਉਂ ਕਰ ਰਹੇ ਹਨ? ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸੋਨੀਆ ਗਾਂਧੀ ਦੇ ਵਫਾਦਾਰ ਕਾਂਗਰਸੀਆਂ ਨੇ 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਜਗਦੀਸ਼ ਟਾਈਟਲਰ ਦਾ ਜਨਮ ਦਿਨ ਅੰਮ੍ਰਿਤਸਰ ਵਿਚ ਮਨਾਇਆ ਤੇ ਸ਼ਹਿਰ ਵਿਚ ਉਸ ਦੇ ਪੋਸਟਰ ਵੀ ਲਗਾਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੇ ਆਸ਼ੀਰਵਾਦ ਬਿਨਾਂ ਪੰਜਾਬ ਵਿਚ ਅਜਿਹਾ ਪ੍ਰੋਗਰਾਮ ਨਹੀਂ ਹੋ ਸਕਦਾ ਸੀ।

## ਸਿੱਖਾਂ ਦੇ ਕਾਤਲਾਂ ਦੇ ਜਨਮ ਦਿਨ ਮਨਾਉਣੇ ਮੰਦਭਾਗਾ: ਜਥੇਦਾਰ

**ਅੰਮ੍ਰਿਤਸਰ:** ਜਗਦੀਸ਼ ਟਾਈਟਲਰ ਦੇ ਜਨਮ ਦਿਨ ਦੀਆਂ ਮੁਬਾਰਕਾਂ ਵਾਲੇ ਬੋਰਡਾਂ ਦਾ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਨੇ ਸਖਤ ਨੋਟਿਸ ਲਿਆ ਹੈ। ਜਥੇਦਾਰ ਨੇ ਆਖਿਆ ਹੈ ਕਿ ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਸਿੱਖਾਂ ਦੇ ਕਾਤਲਾਂ ਦੇ ਜਨਮ ਦਿਨ ਮਨਾਉਣੇ ਮੰਦਭਾਗਾ ਕੰਮ ਹੈ। ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਥੇਦਾਰ ਨੇ ਆਖਿਆ ਹੈ ਕਿ ਇਹ ਪੰਜਾਬ ਦਾ ਮਾਹੌਲ ਖਰਾਬ ਕਰਨ ਵਾਲੀ ਕਾਰਵਾਈ ਹੈ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਹੈ ਕਿ ਇਸ ਕਾਰੇ ਵਿਚ ਸ਼ਾਮਲ ਸਾਰੇ ਵਿਅਕਤੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਹੈ।

## ਕਾਂਗਰਸ ਦੇ ਨੁਮਾਇੰਦਿਆਂ ਨੂੰ ਸ਼ੀਸ਼ਿਆਂ 'ਚ ਜੜਾ ਕੇ ਸੌਂਪਿਆ ਚੋਣ ਮਨੋਰਥ ਪੱਤਰ

**ਸੰਗਰੂਰ:** ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਮੁਲਾਜ਼ਮਾਂ ਨੇ ਪੂਰੇ ਪੰਜਾਬ 'ਚ ਤਿੰਨ ਸਾਲ ਦੀ ਨੌਕਰੀ ਪੂਰੀ ਕਰਨ ਵਾਲੇ ਮੁਲਾਜ਼ਮਾਂ ਨੂੰ ਪੱਕੇ ਨਾ ਕੀਤੇ ਜਾਣ ਖਿਲਾਫ ਰੋਸ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਕਾਂਗਰਸ ਵੱਲੋਂ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਜਾਰੀ ਕੀਤੇ ਚੋਣ ਮਨੋਰਥ ਪੱਤਰ ਦੀਆਂ ਕਾਪੀਆਂ ਨੂੰ ਕਾਂਗਰਸ ਦੇ ਵਿਧਾਇਕਾਂ ਅਤੇ ਨੁਮਾਇੰਦਿਆਂ ਨੂੰ ਸੌਂਪ ਕੇ ਠਿੱਠ ਕੀਤਾ।

ਸਰਵ ਸਿੱਖਿਆ ਅਭਿਆਨ/ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਜਤਿਨ ਕੁਮਾਰ ਨੇ ਦੱਸਿਆ ਕਿ ਸਰਕਾਰ ਨੇ ਪਹਿਲੀ ਅਪਰੈਲ 2018 ਨੂੰ ਸਿੱਖਿਆ ਅਭਿਆਨ 'ਚ ਕੰਮ ਕਰਦੇ ਅਧਿਆਪਕਾਂ ਨੂੰ ਤਾਂ ਪੱਕਾ ਕਰ ਦਿੱਤਾ ਪਰ ਉਹ ਅਧਿਆਪਕਾਂ ਤੋਂ ਪਹਿਲਾਂ ਦੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਪੂਰੇ ਪੰਜਾਬ 'ਚ ਰੋਸ ਦਾ ਪ੍ਰਗਟਾਵਾ ਕਰਨ ਲਈ 2017 ਵਿਚ ਜਾਰੀ ਕੀਤੇ ਚੋਣ ਮਨੋਰਥ ਪੱਤਰ ਨੂੰ ਸ਼ੀਸ਼ਿਆਂ ਵਿਚ ਜੜਾ ਕੇ ਕਾਂਗਰਸੀ ਵਿਧਾਇਕਾਂ ਅਤੇ ਨੁਮਾਇੰਦਿਆਂ ਨੂੰ ਵਾਪਸ ਕੀਤਾ ਗਿਆ।

# ਕੈਪਟਨ ਨੇ ਦਿੱਤੀ ਪੰਨੂ ਨੂੰ ਪੰਜਾਬ ਆਉਣ ਦੀ ਚੁਣੌਤੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਿਸ ਨੂੰ ਮੋਗਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ 'ਖਾਲਿਸਤਾਨ' ਦਾ ਝੰਡਾ ਲਹਿਰਾਉਣ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਸਖਤ ਕਾਰਵਾਈ ਦੇ ਹੁਕਮ ਦਿੱਤੇ ਅਤੇ ਇਸ ਦੇ ਨਾਲ ਹੀ ਨੌਜਵਾਨਾਂ ਨੂੰ ਵੀ ਗੁਰਪਤਵੰਤ ਸਿੰਘ ਪੰਨੂ ਅਤੇ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਬਹਿਕਾਵੇ 'ਚ ਨਾ ਆਉਣ ਦੀ ਅਪੀਲ ਕੀਤੀ ਹੈ।

ਮੁੱਖ ਮੰਤਰੀ ਨੇ ਪੰਨੂ ਨੂੰ ਵੰਗਾਰਦਿਆਂ ਕਿਹਾ, 'ਤੂੰ ਪੰਜਾਬ ਤਾਂ ਆ ਕੇ ਵੇਖ, ਮੈਂ ਤੈਨੂੰ ਸਬਕ ਸਿਖਾਵਾਂਗਾ।' ਉਨ੍ਹਾਂ ਕਿਹਾ ਕਿ ਸੂਬੇ ਦੀ ਅਮਨ-ਸ਼ਾਂਤੀ ਭੰਗ ਕਰਨ ਦੀ ਕਿਸੇ ਵੀ ਕੋਸ਼ਿਸ਼ ਨਾਲ ਕਰੜੇ ਹੱਥੀਂ ਨਜਿੱਠਿਆ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਹੁਕਮ ਦਿੱਤੇ ਕਿ ਮੋਗਾ 'ਚ ਵਾਪਰੀ ਘਟਨਾ ਵਿਚ ਪਛਾਣੇ ਗਏ ਦੋ ਸ਼ਰਾਰਤੀ ਅਨਸਰਾਂ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ। ਪੁਲੀਸ ਨੇ ਦੋਵਾਂ ਦੇ ਸਿਰ 'ਤੇ 50 ਹਜ਼ਾਰ ਰੁਪਏ ਦੇ ਇਨਾਮ ਵੀ ਐਲਾਨਿਆ ਹੈ, ਜਿਨ੍ਹਾਂ ਦੀ ਸੀ.ਸੀ.ਟੀ.ਵੀ. ਫੁਟੇਜ ਵੀ ਜਾਰੀ ਕੀਤੀ ਗਈ ਹੈ।


ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3,000 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878
33-34

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.






For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY Business Broker
We Build Your Dreams

MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.

We help you to
▸ Home Selling ▸ New Construction
▸ Home Buying ▸ Foreclosed / Short Sale
▸ Rental / Lease ▸ REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM
AJEET SINGH : 847-529-9778
NICK VERMA : 630-664-1435

ਕੁਕ ਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ 'ਚ ਨਾਰਥ ਇੰਡੀਅਨ ਕੁਕ, ਸ਼ੈਫ, ਵੇਟਰ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ
ਫੋਨ: 414-581-3784
bsingh1350@me.com
28-34

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਤਿਕਾਰ ਕਮੇਟੀਆਂ ਤੇ ਜਥੇਦਾਰ 'ਚ ਟਕਰਾਅ ਵਧਣ ਦੇ ਆਸਾਰ

**ਅੰਮ੍ਰਿਤਸਰ:** ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਸਬੰਧੀ ਮਾਮਲਿਆਂ ਨੂੰ ਲੈ ਕੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀਆਂ ਵਿਚਾਲੇ ਤਕਰਾਰ ਵਧਣ ਦੀ ਸੰਭਾਵਨਾ ਹੈ। ਵੱਖ-ਵੱਖ ਸਤਿਕਾਰ ਕਮੇਟੀਆਂ ਦੇ ਆਗੂਆਂ ਨੇ ਐਲਾਨ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਸੰਭਾਲ ਦੀ ਸੇਵਾ ਪਹਿਲਾਂ ਵਾਂਗ ਜਾਰੀ ਰੱਖਣਗੇ ਅਤੇ ਇਸ ਸਬੰਧੀ ਉਨ੍ਹਾਂ ਨੂੰ ਕਿਸੇ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ।

ਦੱਸਣਯੋਗ ਹੈ ਕਿ 13 ਅਗਸਤ ਨੂੰ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਜਲਾਲ ਦੇ ਅੰਮ੍ਰਿਤਧਾਰੀ ਸੇਵਾਮੁਕਤ ਪ੍ਰਿੰਸੀਪਲ ਜਸਵੰਤ ਸਿੰਘ ਦੇ ਘਰੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਜਬਰੀ ਚੁੱਕ ਕੇ ਲਿਜਾਣ ਦਾ ਗੰਭੀਰ ਨੋਟਿਸ ਲਿਆ ਸੀ। ਉਨ੍ਹਾਂ ਆਖਿਆ ਸੀ ਕਿ ਕੁਝ ਵਿਅਕਤੀਆਂ ਵੱਲੋਂ ਗੁਰੂ ਸਾਹਿਬ ਦੇ ਸਤਿਕਾਰ ਦੇ ਨਾਂ 'ਤੇ ਨਿੱਜੀ ਜਥੇਬੰਦੀਆਂ ਬਣਾ ਕੇ ਸੰਗਤ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਜੋ ਕਿ ਉਚਿਤ ਨਹੀਂ ਹੈ। ਉਨ੍ਹਾਂ ਆਦੇਸ਼ ਦਿੱਤਾ ਸੀ ਕਿ ਕਿਸੇ ਵੀ ਜਥੇਬੰਦੀ ਨੂੰ ਅਕਾਲ ਤਖਤ ਦੀ ਪ੍ਰਵਾਨਗੀ ਤੋਂ ਬਿਨਾਂ ਜ਼ਬਰਦਸਤੀ ਸਰੂਪ ਲਿਆਉਣ ਦੀ ਆਗਿਆ ਨਹੀਂ ਹੈ। ਇਨ੍ਹਾਂ ਆਦੇਸ਼ਾਂ ਤੋਂ ਬਾਅਦ ਵੱਖ-ਵੱਖ ਸਤਿਕਾਰ ਕਮੇਟੀਆਂ ਦੇ ਨੁਮਾਇੰਦਿਆਂ ਨੇ ਮੀਟਿੰਗ ਕੀਤੀ ਹੈ। ਮੀਟਿੰਗ ਮਗਰੋਂ ਇਹ ਸਿੱਖ ਕਾਰਕੁਨ ਮਾਰਚ ਕਰਦੇ ਹੋਏ ਅਕਾਲ ਤਖਤ ਪੁੱਜੇ।

ਸਤਿਕਾਰ ਕਮੇਟੀ ਦੇ ਮੁਖੀ ਬਲਬੀਰ ਸਿੰਘ ਮੁੱਛਲ ਨੇ ਦੱਸਿਆ ਕਿ ਮੀਟਿੰਗ ਵਿਚ ਸਮੂਹ ਸਤਿਕਾਰ ਕਮੇਟੀਆਂ ਦੇ ਨੁਮਾਇੰਦਿਆਂ ਨੇ ਫੈਸਲਾ ਕੀਤਾ ਹੈ ਕਿ ਸਤਿਕਾਰ ਕਮੇਟੀਆਂ ਪਾਵਨ ਸਰੂਪਾਂ ਦੀ ਸੰਭਾਲ ਅਤੇ ਸਤਿਕਾਰ ਸਬੰਧੀ ਸ਼ੁਰੂ ਕੀਤੀ ਸੇਵਾ ਨੂੰ ਨਿਰੰਤਰ ਜਾਰੀ ਰੱਖਣਗੀਆਂ। ਉਨ੍ਹਾਂ ਨੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਸਤਿਕਾਰ ਕਮੇਟੀਆਂ ਨੂੰ ਨਿੱਜੀ ਜਥੇਬੰਦੀਆਂ ਆਖਣ ਦਾ ਵਿਰੋਧ ਕੀਤਾ।

# ਮਾਨਸਾ 'ਚ ਕਿਸਾਨ ਵੱਲੋਂ ਡੀ. ਸੀ. ਦਫਤਰ ਅੱਗੇ ਜ਼ਹਿਰ ਖਾ ਕੇ ਖੁਦਕੁਸ਼ੀ

**ਮਾਨਸਾ:** ਸਥਾਨਕ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਦੁਪਹਿਰ ਵੇਲੇ ਇਕ ਕਿਸਾਨ ਵੱਲੋਂ ਖੁਦਕੁਸ਼ੀ ਕਰ ਲਈ ਗਈ। ਜਾਣਕਾਰੀ ਅਨੁਸਾਰ ਭਾਰਤੀ ਕਿਸਾਨ ਯੂਨੀਅਨ (ਮਾਨਸਾ) ਦੀ ਕੋਟੜਾ ਕਲਾਂ ਇਕਾਈ ਦੇ ਪ੍ਰਧਾਨ ਬਲਬੀਰ ਸਿੰਘ ਬਿੱਲੂ ਵੱਲੋਂ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ। ਬਲਬੀਰ ਸਿੰਘ ਨੂੰ ਤੁਰਤ ਸਿਵਲ ਹਸਪਤਾਲ ਮਾਨਸਾ ਦਾਖਲ ਕਰਵਾਇਆ ਗਿਆ, ਜਿਥੋਂ ਹਾਲਤ ਵਿਗੜਦੀ ਵੇਖ ਉਸ ਨੂੰ ਫਰੀਦਕੋਟ ਲਈ ਰੈਫਰ ਕਰ ਦਿੱਤਾ ਗਿਆ, ਜਿਥੇ ਉਸ ਦੀ ਮੌਤ ਹੋ ਗਈ।

ਕਿਸਾਨ ਵੱਲੋਂ ਲਿਖੇ ਖੁਦਕੁਸ਼ੀ ਨੋਟ 'ਚ ਕਿਹਾ ਗਿਆ ਕਿ ਉਹ ਸਰਕਾਰ ਦੀਆਂ ਡਰਾਮੇਬਾਜ਼ੀਆਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਿਹਾ ਹੈ। ਉਸ ਨੇ ਪੱਤਰ 'ਚ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੂੰ ਵੀ ਬੁਰਾ ਭਲਾ ਕਿਹਾ ਤੇ ਪੁੱਛਿਆ ਕਿ ਜਦੋਂ ਉਹ ਕਰੋਨਾ ਵਾਇਰਸ ਤੋਂ ਪੀੜਤ ਸਨ ਤਾਂ ਆਜ਼ਾਦੀ ਦਿਹਾੜੇ ਮੌਕੇ ਮਾਨਸਾ ਤੇ ਪਿੰਡ ਕੋਟੜਾ ਕਲਾਂ ਵਿਖੇ ਸਮਾਰਟ ਸਕੂਲ ਦਾ ਉਦਘਾਟਨ ਕਰਨ ਕਿਉਂ ਆਏ? ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਦੀ ਕਰੋਨਾ ਰਿਪੋਰਟ ਪਾਜ਼ੀਟਿਵ ਆਉਣ ਕਾਰਨ ਪਿੰਡ 'ਚ ਸਹਿਮ ਫੈਲਿਆ ਹੋਇਆ ਹੈ।

# ਕਰੋਨਾ: ਪੰਜਾਬ ਵਿਚ ਹੋਰ ਸਖਤ ਪਾਬੰਦੀਆਂ ਲਾਗੂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸੂਬੇ ਵਿਚ ਕਰੋਨਾ ਦੇ ਫੈਲਾਅ ਨੂੰ ਰੋਕਣ ਲਈ ਸਖਤ ਪਾਬੰਦੀਆਂ ਦੇ ਸੰਕੇਤ ਤੋਂ ਬਾਅਦ ਸਰਕਾਰ ਵੱਲੋਂ ਵੱਡੇ ਸ਼ਹਿਰਾਂ ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਚ ਅਗਲੇ ਆਦੇਸ਼ਾਂ ਤੱਕ ਵਾਧੂ ਪਾਬੰਦੀਆਂ ਲਗਾਈਆਂ ਗਈਆਂ ਹਨ।

ਸੂਬੇ ਦੇ ਸ਼ਹਿਰੀ ਖੇਤਰਾਂ ਵਿਚ ਵੀ ਸਾਰੀਆਂ ਗੈਰਜ਼ਰੂਰੀ ਗਤੀਵਿਧੀਆਂ ਲਈ ਵਿਅਕਤੀਆਂ ਦੀ ਆਵਾਜਾਈ ਉਤੇ ਪੰਜਾਬ ਦੇ ਸਾਰੇ ਸ਼ਹਿਰਾਂ ਦੀ ਮਿਉਂਸਪਲ ਹਦੂਦ ਦੇ ਅੰਦਰ ਰਾਤ 9 ਤੋਂ ਸਵੇਰੇ 5 ਵਜੇ ਤੱਕ ਪਾਬੰਦੀਆਂ ਦੇ ਆਦੇਸ਼ ਦਿੱਤੇ ਗਏ ਹਨ। ਸਰਕਾਰੀ ਬੁਲਾਰੇ ਮੁਤਾਬਕ ਮਲਟੀਪਲ ਸ਼ਿਫਟਾਂ ਦੇ ਸੰਚਾਲਨ, ਰਾਸ਼ਟਰੀ ਅਤੇ ਰਾਜ ਮਾਰਗਾਂ ਉਤੇ ਵਿਅਕਤੀਆਂ ਅਤੇ ਜ਼ਰੂਰੀ ਚੀਜ਼ਾਂ ਦੀ ਆਵਾਜਾਈ ਅਤੇ ਸਾਮਾਨ ਨੂੰ ਉਤਾਰਨ ਤੇ ਬੱਸਾਂ, ਰੇਲਗੱਡੀਆਂ ਅਤੇ ਹਵਾਈ ਜਹਾਜ਼ਾਂ ਤੋਂ ਬਾਅਦ ਵਿਅਕਤੀਆਂ ਨੂੰ ਉਨ੍ਹਾਂ ਦੇ ਸਥਾਨਾਂ ਉਤੇ ਜਾਣ ਸਮੇਤ ਲਿਆਉਣ-ਲਿਜਾਣ ਦੀ ਆਗਿਆ ਹੋਵੇਗੀ। ਇਸੇ ਤਰ੍ਹਾਂ 2-3 ਸ਼ਿਫਟਾਂ ਵਿਚ ਚੱਲ ਰਹੇ ਉਦਯੋਗ ਵੀ ਖੁੱਲ੍ਹੇ ਰਹਿਣਗੇ।

ਰੈਸਟੋਰੈਂਟ, ਹੋਟਲ ਅਤੇ ਹੋਰ ਪਰਾਹੁਣਚਾਰੀ ਦੀਆਂ ਇਕਾਈਆਂ ਰਾਤ 8.30 ਵਜੇ ਤੱਕ ਖੁੱਲ੍ਹੀਆਂ ਰਹਿਣਗੀਆਂ। ਇਸ ਤੋਂ ਇਲਾਵਾ ਦੁਕਾਨਾਂ ਅਤੇ ਸ਼ਾਪਿੰਗ ਮਾਲ ਸ਼ਾਮ 8 ਵਜੇ ਤੱਕ ਖੁੱਲ੍ਹੇ ਰਹਿਣਗੇ। ਸ਼ਾਪਿੰਗ ਮਾਲਾਂ ਵਿਚ ਸਥਿਤ ਰੈਸਟੋਰੈਂਟ/ਹੋਟਲ ਤੇ ਅਤੇ ਸ਼ਰਾਬ ਦੇ ਠੇਕੇ ਰਾਤ 8.30 ਵਜੇ ਤੱਕ ਖੁੱਲੇ ਰਹਿਣਗੇ। ਰਾਜ ਭਰ ਵਿਚ ਜ਼ਰੂਰੀ ਚੀਜ਼ਾਂ ਅਤੇ ਸ਼ਾਪਿੰਗ ਮਾਲਾਂ ਵਿਚ ਵਪਾਰ ਕਰਨ ਵਾਲਿਆਂ ਤੋਂ ਇਲਾਵਾ 31 ਜੁਲਾਈ ਦੀਆਂ ਹਦਾਇਤਾਂ ਅਨੁਸਾਰ ਦੁਕਾਨਾਂ ਐਤਵਾਰ ਨੂੰ ਬੰਦ ਰਹਿਣਗੀਆਂ। ਇਸ ਤੋਂ ਬਿਨਾਂ ਲੁਧਿਆਣਾ, ਪਟਿਆਲਾ ਅਤੇ ਜਲੰਧਰ ਸ਼ਹਿਰਾਂ ਵਿਚ ਦੁਕਾਨਾਂ (ਜ਼ਰੂਰੀ ਚੀਜ਼ਾਂ ਦਾ ਕਾਰੋਬਾਰ ਕਰਨ ਵਾਲਿਆਂ ਤੋਂ ਇਲਾਵਾ) ਤੇ ਸ਼ਾਪਿੰਗ ਮਾਲ ਵੀ ਅਗਲੇ ਹੁਕਮਾਂ ਤੱਕ ਸਨਿਚਰਵਾਰ ਨੂੰ ਬੰਦ ਰਹਿਣਗੇ।

# ਫੇਸਬੁੱਕ ਦੀ ਉਚ ਅਧਿਕਾਰੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ

**ਨਵੀਂ ਦਿੱਲੀ:** ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ਦੀ ਉਚ ਅਧਿਕਾਰੀ ਵੱਲੋਂ ਦਿੱਲੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ ਕਿ ਉਸ ਨੂੰ ਪੰਜ ਜਣਿਆਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। 49 ਸਾਲਾ ਅਣਖੀ ਦਾਸ ਨੇ ਦੱਸਿਆ ਕਿ ਉਸ ਨੂੰ ਆਨਲਾਈਨ ਧਮਕੀਆਂ ਮਿਲੀਆਂ ਹਨ ਜੋ ਕਿ ਵਿਦੇਸ਼ੀ 'ਵਾਲ ਸਟ੍ਰੀਟ' ਜਰਨਲ ਵਿਚ ਛਪੀ ਇਕ ਰਿਪੋਰਟ ਕਾਰਨ ਮਿਲੀਆਂ ਹਨ। ਅਣਖੀ ਦਾਸ ਜੋ ਭਾਰਤ ਵਿਚ ਫੇਸਬੁੱਕ ਦੀ ਜਨਤਕ ਨੀਤੀ ਕਾਰਜਕਰਤਾ ਹੈ, ਨੇ ਆਪਣੇ ਲਈ ਪੁਲਿਸ ਸੁਰੱਖਿਆ ਦੀ ਮੰਗ ਕੀਤੀ ਹੈ ਤੇ ਨਾਲ ਹੀ ਧਮਕੀਆਂ ਦੇਣ ਵਾਲਿਆਂ ਨੂੰ ਤੁਰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਉਪਰੋਕਤ ਰਿਪੋਰਟ ਭਾਰਤ ਦੇ ਆਗੂਆਂ ਵੱਲੋਂ ਫੇਸਬੁੱਕ 'ਤੇ ਪਾਏ ਜਾਂਦੇ ਫਿਰਕੂ ਭਾਸ਼ਣਾਂ ਤੇ ਪੋਸਟਾਂ ਬਾਰੇ ਹੈ।

# ਸਿੱਟ ਦੀ ਜਾਂਚ 'ਚ ਸਿੱਖ ਪ੍ਰਚਾਰਕ ਤੇ ਸਿੱਖ ਜਥੇਬੰਦੀਆਂ ਦੇ ਆਗੂ ਬੇਕਸੂਰ

**ਫਰੀਦਕੋਟ:** ਪੰਜਾਬ ਸਰਕਾਰ ਵੱਲੋਂ ਬੇਅਦਬੀ ਕਾਂਡ ਅਤੇ ਉਸ ਤੋਂ ਬਾਅਦ ਕੋਟਕਪੂਰਾ ਵਿਖੇ ਵਾਪਰੇ ਗੋਲੀਕਾਂਡ ਦੀ ਜਾਂਚ ਸਬੰਧੀ ਬਣਾਈ ਐਸ.ਆਈ.ਟੀ. (ਸਿੱਟ) ਵੱਲੋਂ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ, ਭਾਈ ਅਮਰੀਕ ਸਿੰਘ ਅਜਨਾਲਾ, ਗਿਆਨੀ ਕੇਵਲ ਸਿੰਘ, ਭਾਈ ਪ੍ਰੰਥਪ੍ਰੀਤ ਸਿੰਘ ਸਮੇਤ 18 ਹੋਰ ਵਿਅਕਤੀਆਂ ਖਿਲਾਫ ਦਰਜ ਐਫ.ਆਈ.ਆਰ. 'ਚੋਂ ਇਨ੍ਹਾਂ ਸਭ ਦਾ ਨਾਂ ਕੱਢ ਦਿੱਤਾ ਗਿਆ ਹੈ।

ਸਿੱਟ ਦੀ ਇਹ ਕਾਰਵਾਈ ਉਸ ਵਕਤ ਸਾਹਮਣੇ ਆਈ ਜਦੋਂ ਉਸ ਨੇ ਸਾਬਕਾ ਡੀ. ਐਸ. ਪੀ. ਬਲਜੀਤ ਸਿੰਘ ਸਿੱਧੂ ਅਤੇ ਸਾਬਕਾ ਐਸ.ਐਚ.ਓ. ਇੰਸ. ਗੁਰਦੀਪ ਸਿੰਘ ਪੰਧੇਰ ਖਿਲਾਫ ਫਰੀਦਕੋਟ ਦੀ ਅਦਾਲਤ ਵਿਚ ਦੋਸ਼ ਪੱਤਰ ਦਰਜ ਕੀਤਾ। ਐਸ.ਆਈ.ਟੀ. ਵੱਲੋਂ ਪੂਰੇ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਉਕਤ ਦੋਵੇਂ ਪੁਲਿਸ ਅਫਸਰਾਂ ਖਿਲਾਫ ਜੋ ਦੋਸ਼ ਪੱਤਰ ਅਦਾਲਤ ਵਿਚ ਦਾਇਰ ਕੀਤਾ ਗਿਆ ਹੈ, ਉਸ ਮੁਤਾਬਿਕ ਇਨ੍ਹਾਂ ਦੋਨਾਂ ਅਫਸਰਾਂ ਨੇ ਗੋਲੀਕਾਂਡ ਮਾਮਲੇ 'ਚ ਕਈ ਬੇਕਸੂਰ ਲੋਕਾਂ ਖਿਲਾਫ ਝੂਠੀ ਐਫ.ਆਈ.ਆਰ. ਦਰਜ ਕੀਤੀ ਹੈ। ਸਿੱਟ ਦਾ ਮੰਨਣਾ ਹੈ ਕਿ ਇਹ ਪ੍ਰਚਾਰਕ ਅਤੇ ਵਿਅਕਤੀ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਸਨ ਪਰ ਇਨ੍ਹਾਂ ਅਫਸਰਾਂ ਵੱਲੋਂ ਕਈ ਸਾਰੇ ਸਬੂਤਾਂ ਨੂੰ ਖਤਮ ਕਰਨ ਜਾਂ ਬਦਲਣ ਦੀ ਕੋਸ਼ਿਸ਼ ਕੀਤੀ ਗਈ।

# ਆਜ਼ਾਦੀ ਦਿਹਾੜੇ 'ਤੇ ਪੰਜਾਬ 'ਚ ਰੋਹ ਗੂੰਜਿਆ

*(ਸਫਾ ਇਕ ਦੀ ਬਾਕੀ)*

ਵੰਡ ਸਮੇਂ ਸ਼ਹੀਦ ਹੋਏ 10 ਲੱਖਾਂ ਲੋਕਾਂ ਕਾਰਨ ਇਹ ਉਨ੍ਹਾਂ ਲਈ ਸੰਤਾਪ ਵਾਲਾ ਦਿਹਾੜਾ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ, ਯੂਨਾਈਟਿਡ ਅਕਾਲੀ ਦਲ ਤੇ ਇਨ੍ਹਾਂ ਦੀਆਂ ਹੋਰ ਸਹਿਯੋਗੀ ਜਥੇਬੰਦੀਆਂ ਵੱਲੋਂ ਆਜ਼ਾਦੀ ਦਿਵਸ ਸਮਾਗਮਾਂ ਦਾ ਬਾਈਕਾਟ ਕਰਦਿਆਂ ਕਾਲੇ ਦਿਨ ਵਜੋਂ ਮਨਾਇਆ ਤੇ ਕੇਸਰੀ ਤੇ ਕਾਲੇ ਝੰਡੇ ਲੈ ਕੇ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ) ਕਾਨੂੰਨ, ਖੇਤੀ ਬਿੱਲਾਂ ਅਤੇ ਸਵੈ-ਨਿਰਣੈ ਦੇ ਹੱਕ ਨੂੰ ਲੈ ਕੇ ਰੋਸ ਦਿਖਾਵੇ ਕੀਤੇ।

ਜਥੇਬੰਦੀਆਂ ਵਿਚ ਰੋਹ ਸੀ ਕਿ ਦੇਸ਼ ਦੀ ਆਜ਼ਾਦੀ ਵੇਲੇ ਸਿੱਖਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਗਏ। ਯੂ.ਏ.ਪੀ.ਏ. ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਖੇਤੀ ਬਿੱਲਾਂ ਦਾ ਵਿਰੋਧ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਨਾਲ ਪੰਜਾਬ ਦੀ ਕਿਸਾਨੀ ਤਬਾਹ ਹੋ ਜਾਵੇਗੀ। ਸਿੱਖ ਆਗੂਆਂ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀਆਂ ਰਿਹਾਈ ਦੀ ਮੰਗ, ਯੂ.ਏ.ਪੀ.ਏ. ਰੱਦ ਕਰਨ ਅਤੇ ਖੇਤੀ ਬਿੱਲ ਰੱਦ ਕਰਨ ਦੀ ਮੰਗ ਕੀਤੀ।

ਦੱਸ ਦਈਏ ਕਿ ਭਾਰਤੀ ਹਾਕਮਾਂ ਵਲੋਂ ਪਿਛਲੇ ਕੁਝ ਮਹੀਨਿਆਂ ਤੋਂ 'ਰੈਫਰੈਂਡਮ 2020' ਬਹਾਨੇ ਸਿੱਖ ਨੌਜਵਾਨਾਂ ਉਤੇ ਸਖਤੀ ਦਾ ਮਾਮਲਾ ਭਖਿਆ ਹੋਇਆ ਹੈ। ਵੱਡੀ ਗਿਣਤੀ ਨੌਜਵਾਨਾਂ ਦੀਆਂ ਯੂ.ਏ.ਪੀ.ਏ. ਵਰਗੇ ਸਖਤ ਕਾਨੂੰਨ ਤਹਿਤ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਸਰਕਾਰ ਦਾਅਵਾ ਕਰ ਰਹੀ ਹੈ ਕਿ 'ਰੈਫਰੈਂਡਮ 2020' ਦੇ ਨਾਮ ਉਤੇ ਪੰਜਾਬ ਦੇ ਨੌਜਵਾਨਾਂ ਨੂੰ ਭੜਕਾਇਆ ਜਾ ਰਿਹਾ ਹੈ। ਭਾਰਤ ਸਰਕਾਰ ਨੇ ਪਿਛਲੇ ਦਿਨੀਂ ਵਿਦੇਸ਼ਾਂ ਵਿਚ ਬੈਠ ਕੇ ਪੰਜਾਬ ਵਿਚ ਮੁੜ ਤੋਂ ਅਤਿਵਾਦ ਨੂੰ ਸੁਰਜੀਤ ਕਰਨ ਦੇ ਯਤਨ ਵਜੋਂ 9 ਲੋਕਾਂ ਨੂੰ ਅਤਿਵਾਦੀ ਕਰਾਰ ਦੇ ਦਿੱਤਾ ਸੀ। ਇਨ੍ਹਾਂ ਵਿਚ ਸਿਖਸ ਫਾਰ ਜਸਟਿਸ ਦਾ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਵੀ ਸ਼ਾਮਲ ਹੈ। ਇਹ ਸਾਰੇ ਵਿਅਕਤੀ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਪੀ.ਏ.) ਦੀਆਂ ਧਾਰਾਵਾਂ ਤਹਿਤ ਦਹਿਸ਼ਤਗਰਦ ਐਲਾਨੇ ਗਏ ਹਨ।

ਪਿਛਲੇ ਦਿਨੀਂ ਕੌਮੀ ਜਾਂਚ ਏਜੰਸੀ ਨੇ ਤਕਰੀਬਨ ਡੇਢ ਦਰਜਨ ਤੋਂ ਵੱਧ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਸੰਗਰੂਰ ਜ਼ਿਲ੍ਹੇ ਦੇ ਪਿੰਡ ਰੱਤਾ ਖੇੜਾ ਦਾ ਨੌਜਵਾਨ ਲਵਪ੍ਰੀਤ ਸਿੰਘ ਮੁਹਾਲੀ ਵਿਚ ਐਨ.ਆਈ.ਏ. ਦੇ ਅਧਿਕਾਰੀਆਂ ਨੇ ਪੁੱਛਗਿੱਛ ਲਈ ਬੁਲਾਇਆ ਸੀ ਪਰ ਉਹ ਵਾਪਸ ਘਰ ਨਹੀਂ ਪੁੱਜਿਆ। ਮਨੋਵਿਗਿਆਨਕ ਦਬਾਅ ਦਾ ਸ਼ਿਕਾਰ ਇਸ ਨੌਜਵਾਨ ਨੇ ਖੁਦਕੁਸ਼ੀ ਕਰ ਲਈ। ਆਪਣਾ ਪੰਜਾਬ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਸਾਥੀਆਂ ਸਮੇਤ ਇਨ੍ਹਾਂ ਸਾਰੇ ਨੌਜਵਾਨਾਂ ਦੇ ਘਰਾਂ ਤੱਕ ਪਹੁੰਚ ਕੇ ਇਸ ਮੁੱਦੇ ਨੂੰ ਮੀਡੀਆ ਰਾਹੀਂ ਉਠਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਪਿੱਛੋਂ ਪੰਜਾਬ ਵਿਚ ਇਸ ਧੱਕੇਸ਼ਾਹੀ ਖਿਲਾਫ ਜ਼ੋਰਦਾਰ ਆਵਾਜ਼ ਉਠੀ। ਸਿੱਖ ਜਥੇਬੰਦੀਆਂ ਵਿਚ ਸਰਕਾਰ ਖਿਲਾਫ ਰੋਹ ਵਧਿਆ ਹੈ। ਸਿੱਖ ਜਥੇਬੰਦੀਆਂ ਨੇ ਇਸ ਘਟਨਾ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਵੱਲ ਮਾਰਚ ਕਰ ਕੇ ਮੰਗ ਪੱਤਰ ਵੀ ਦਿੱਤਾ ਸੀ, ਪਰ ਕੈਪਟਨ ਸਰਕਾਰ ਸੂਬੇ ਵਿਚ ਮਾਹੌਲ ਖਰਾਬ ਕਰਨ ਦਾ ਬਹਾਨਾ ਬਣਾ ਕੇ ਹੋਰ ਸਖਤੀ ਦੀ ਹੁਕਮ ਦਿੰਦੀ ਰਹੀ। ਇਥੋਂ ਤੱਕ ਕਿ ਭਾਵੁਕ ਹੋ ਕੇ ਫੇਸਬੁੱਕ ਜਾਂ ਸੋਸ਼ਲ ਮੀਡੀਆ ਦੇ ਹੋਰ ਸਾਈਟਾਂ 'ਤੇ ਕੀਤੀਆਂ ਕੁਝ ਟਿੱਪਣੀਆਂ ਦੇ ਆਧਾਰ ਉਤੇ ਨੌਜਵਾਨਾਂ ਉਤੇ ਕਾਰਵਾਈ ਕੀਤੀ ਜਾ ਰਹੀ ਹੈ। ਹੁਣ ਆਜ਼ਾਦੀ ਦਿਹਾੜੇ ਉਤੇ ਸਿੱਖਾਂ ਵਿਚ ਰੋਹ ਸਰਕਾਰ ਦੇ ਇਸੇ ਧੱਕੇਸ਼ਾਹੀ ਨੂੰ ਮੰਨਿਆ ਜਾ ਰਿਹਾ ਹੈ।

ਅਸਲ ਵਿਚ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਵਿਚ 2019 ਵਿਚ ਕੀਤੀ ਗਈ ਸੋਧ ਨਾਲ ਅਜਿਹੇ ਮਾਮਲਿਆਂ ਵਿਚ ਕੇਂਦਰ ਦਾ ਦਖਲ ਵਧ ਗਿਆ ਹੈ। ਰਾਸ਼ਟਰੀ ਸੁਰੱਖਿਆ ਦੇ ਨਾਮ 'ਤੇ ਐਨ.ਆਈ.ਏ. ਬਣਨਾ ਅਤੇ ਯੂ.ਏ.ਪੀ.ਏ. 'ਚ ਸੋਧ, ਦੋਵੇਂ ਕਾਨੂੰਨ ਕੇਂਦਰਵਾਦੀ ਰੁਝਾਨ ਵਾਲੀਆਂ ਪਹਿਲਕਦਮੀਆਂ ਹਨ ਅਤੇ ਇਨ੍ਹਾਂ ਕਾਰਨ ਪੁਲਿਸ, ਖਾਸ ਤੌਰ 'ਤੇ ਐਨ.ਆਈ.ਏ. ਨੂੰ ਅਥਾਹ ਤਾਕਤ ਦੇ ਦਿੱਤੀ ਗਈ ਹੈ। ਇਸ ਦੇ ਬਾਵਜੂਦ ਪੰਜਾਬ ਦੀਆਂ ਜ਼ਿਆਦਾਤਰ ਸਿਆਸੀ ਧਿਰਾਂ ਖਾਮੋਸ਼ ਹਨ। ਉਨ੍ਹਾਂ ਨੂੰ 2022 ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਿਨਾਂ ਕੁਝ ਨਜ਼ਰ ਨਹੀਂ ਆਉਂਦਾ।

# ਕੋਵਿਡ-19 ਦੀ ਛੇਤੀ ਪਛਾਣ ਲਈ ਸਾਧਾਰਨ ਸਲਾਈਵਾ ਟੈਸਟ ਨੂੰ ਪ੍ਰਵਾਨਗੀ

**ਹਿਊਸਟਨ:** ਅਮਰੀਕਾ ਦੀ ਸਿਹਤ ਨਿਗਰਾਨ ਯੂ. ਐਸ. ਐਫ. ਡੀ. ਏ. ਨੇ ਕੋਵਿਡ-19 ਦੀ ਛੇਤੀ ਤੋਂ ਛੇਤੀ ਪਛਾਣ ਕਰਨ ਲਈ ਸਲਾਈਵਾ (ਮੂੰਹ ਦੀ ਲਾਰ) ਆਧਾਰਿਤ ਲੈਬਾਰਟਰੀ ਡਾਇਗਨੋਸਟਿਕ ਟੈਸਟ ਦੀ ਹੰਗਾਮੀ ਹਾਲਾਤ ਵਿਚ ਵਰਤੋਂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਟੈਸਟ ਮਹਿੰਗਾ ਜ਼ਰੂਰ ਹੈ, ਪਰ ਇਹ ਲਾਗ ਨੂੰ ਡਾਇਗਨੋਜ਼ ਕਰਨ ਵਿਚ ਗੇਮਚੇਂਜਰ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਨਾਲ ਵੱਧ ਤੋਂ ਵੱਧ ਲੋਕਾਂ ਦੀ ਘੱਟ ਸਮੇਂ 'ਚ ਟੈਸਟਿੰਗ ਕੀਤੀ ਜਾ ਸਕਦੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕਰੋਨਾ ਦੌਰਾਨ ਸੰਤੁਲਿਤ ਖਾਣਾ ਖਾਣ ਦੀ ਸਲਾਹ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਿੱਖ ਸੀਨੀਅਰ ਸਿਟੀਜ਼ਨਜ਼ ਨੇ ਬੀਤੇ ਬੁੱਧਵਾਰ ਮਹੀਨਾਵਾਰ ਜ਼ੂਮ (Zoom) ਮੀਟਿੰਗ ਕੀਤੀ, ਜਿਸ ਵਿਚ ਹੈਲਥ ਐਜੂਕੇਟਰ ਤੇ ਨਿਊਟ੍ਰੀਸ਼ਨ ਕੋਚ ਦੀਪਾਲੀ ਔਲ ਨੇ ਮੰਚ ਸੰਭਾਲਿਆ। ਦੀਪਾਲੀ ਦੀ ਮਾਂ ਅੰਮ੍ਰਿਤਸਰ ਤੋਂ ਹੈ ਅਤੇ ਪਿਓ ਦੱਖਣੀ ਭਾਰਤ ਤੋਂ। ਦੀਪਾਲੀ ਨੇ ਨਿਊਟ੍ਰੀਸ਼ਨ ਦੀ ਪੜ੍ਹਾਈ ਭਾਵੇਂ ਅਮਰੀਕਾ ਤੋਂ ਕੀਤੀ, ਪਰ ਜੜ੍ਹਾਂ ਮਜ਼ਬੂਤੀ ਨਾਲ ਭਾਰਤੀ ਹਨ। ਦੀਪਾਲੀ ਪਹਿਲਾਂ ਵੀ ਬੜੀ ਵਾਰ ਸੀਨੀਅਰ ਸਿਟੀਜ਼ਨਜ਼ ਨਾਲ ਵਾਰਤਾਲਾਪ ਕਰ ਚੁਕੀ ਹੈ। ਉਸ ਦਾ ਸਰਲ ਅੰਦਾਜ਼ ਅਤੇ ਸੁਣਨ ਦੀ ਸਮੱਰਥਾ ਬਹੁਤ ਲੋਕਪ੍ਰਿਆ ਹੈ। ਇਸ ਕਰ ਕੇ ਉਸ ਨੂੰ ਵਾਰ-ਵਾਰ ਬੁਲਾਉਣ ਦੀ ਮੰਗ ਬਣੀ ਰਹਿੰਦੀ ਹੈ।

ਐਤਕੀਂ ਦੀਪਾਲੀ ਨੇ ਕਰੋਨਾ ਦੀ ਬੰਦਿਸ਼ ਦੇ ਮੱਦੇਨਜ਼ਰ ਆ ਰਹੀਆਂ ਪ੍ਰੇਸ਼ਾਨੀਆਂ ਮੁਤਾਬਿਕ ਗੱਲਬਾਤ ਕੀਤੀ। ਯਾਦ ਰਹੇ, ਕਰੋਨਾ ਕਰ ਕੇ ਲੋਕ ਘਰਾਂ 'ਚ ਜਕੜੇ ਹੋਏ ਹਨ ਅਤੇ ਪ੍ਰੇਸ਼ਾਨ ਵੀ ਹਨ। ਇਸ ਕਰ ਕੇ ਖਾਣ-ਪੀਣ 'ਤੇ ਵੀ ਅਸਰ ਪੈਂਦਾ ਹੈ; ਜਾਂ ਤਾਂ ਲੋਕ ਲੋੜ ਤੋਂ ਵਧ ਖਾਂਦੇ ਹਨ ਜਾਂ ਸਹੀ ਖੁਰਾਕ ਨਹੀਂ ਖਾ ਰਹੇ। ਇਸ ਸਮੱਸਿਆ ਨੂੰ ਅਸਾਨ ਕਰਨ ਲਈ ਦੀਪਾਲੀ ਨੇ ਕਿਹਾ ਕਿ ਸੰਤੁਲਿਤ ਖਾਣੇ ਲਈ ZODIAC ਚਿੰਨ੍ਹ ਚੇਤੇ ਰੱਖੋ, ਜਿਥੇ ਹਰ ਅੱਖਰ ਧਾਤ ਜਾਂ ਵਿਟਾਮਿਨ ਨਾਲ ਜੁੜਿਆ ਹੈ। ਇਸ ਤੋਂ ਬਿਨਾ ਵਿਟਾਮਿਨ ਬੀ, ਈ ਅਤੇ ਖਣਿਜਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਕਿਸੇ ਵੀ ਲਾਗ (ਇਨਫੈਕਸ਼ਨ) ਨਾਲ ਲੜਨ ਲਈ ਮਿਹਦੇ ਦਾ ਤਾਕਤਵਰ ਹੋਣਾ ਲਾਜ਼ਮੀ ਹੈ ਤੇ ਇਹ ਕੰਮ ਧਾਤਾਂ ਅਤੇ ਵਿਟਾਮਿਨ ਕਰਨਗੇ। ਕਈ ਲੋਕ ਬਿਨਾ ਵਜ੍ਹਾ ਹੀ ਵਿਟਾਮਿਨ ਖਾਈ ਜਾਂਦੇ ਹਨ। ਇਨ੍ਹਾਂ ਦਾ ਉਲਟਾ ਅਸਰ ਵੀ ਹੋ ਸਕਦਾ ਹੈ। ਸੋ ਲਾਜ਼ਮੀ ਹੈ ਕਿ ਮਾਹਰ ਡਾਕਟਰ ਦੀ ਸਲਾਹ ਲਈ ਜਾਵੇ ਅਤੇ ਸਮੇਂ ਸਿਰ ਟੈਸਟ ਕਰਵਾ ਕੇ ਪਤਾ ਕਰਨਾ ਚਾਹੀਦਾ ਹੈ ਕਿ ਇਹ ਸਹੀ ਮਾਤਰਾ ਵਿਚ ਹਨ ਜਾਂ ਨਹੀਂ। ਲੋੜ ਮੁਤਾਬਿਕ ਮਾਤਰਾ ਕਰ ਲੈਣੀ ਚਾਹੀਦੀ ਹੈ।

ZODIAC ਵਿਚ ਪਹਿਲਾ ਅੱਖਰ ਜ਼ੈਡ (Z) Zink ਲਈ ਹੈ। ਜ਼ਿੰਕ ਨਜ਼ਲੇ ਜ਼ੁਕਾਮ ਤੋਂ ਬਚਾਅ ਕਰਦੀ ਹੈ। ਇਹ ਮਰਜ਼ ਖਾਸ ਤੌਰ 'ਤੇ ਕੱਦ, hemp seeds, ਕਾਬੁਲੀ ਛੋਲੇ, ਦਹੀਂ ਅਤੇ ਮੁਰਗੇ ਵਿਚ ਮਿਲਦਾ ਹੈ। ਨਾਸ਼ਤਾ ਹਲਕਾ ਰੱਖੋ, ਕਿਉਂਕਿ ਬਹੁਤਾ ਅੰਦਰ ਬਾਹਰ ਜਾਣਾ ਤਾਂ ਹੈ ਨਹੀਂ। ਸਾਰੇ ਦਿਨ ਵਿਚ ਇਕ ਸੇਬ ਜਾਂ ਕੇਲਾ ਕਾਫੀ ਹੈ। ਫਲਾਂ ਦੀ ਮਾਤਰਾ ਵੀ ਬਹੁਤੀ ਜ਼ਰੂਰੀ ਨਹੀਂ। ਸਲਾਦ ਦੀ ਵਰਤੋਂ ਕਰ ਸਕਦੇ ਹੋ। ਦੂਜਾ ਅੱਖਰ ਓ (O) Omega-3 ਲਈ ਹੈ, ਜੋ ਮੱਛੀ, Chia seeds, Hemp seeds, ਅਲਸੀ ਤੇ ਅਖਰੋਟ ਵਿਚ ਮਿਲਦਾ ਹੈ। Avocado ਵਿਚ ਵੀ ਕਾਫੀ ਹੈ, ਜੇ ਮਾਫਕ ਆਵੇ ਤਾਂ। ਹਰ ਇਨਸਾਨ ਨੂੰ ਹਰ ਚੀਜ਼ ਮੁਆਫਕ ਵੀ ਨਹੀਂ ਆਉਂਦੀ। ਆਂਡਿਆਂ ਵਿਚ ਘੱਟ ਹੁੰਦਾ ਹੈ। ਇਹ ਵੀ ਸਹੀ ਨਹੀਂ ਕਿ ਮੱਛੀ ਨਾਲ ਦੁੱਧ ਨਹੀਂ ਪੀਣਾ। ਬਹੁਤ ਵਾਰ ਮੱਛੀ ਦਹੀਂ ਵਿਚ ਲਾ ਕੇ ਤਿਆਰ ਕੀਤੀ ਜਾਂਦੀ ਹੈ। ਅਲਸੀ ਨੂੰ ਆਟੇ 'ਚ ਮਿਲਾ ਕੇ ਵੀ ਖਾ ਸਕਦੇ ਹੋ। ਅਲਸੀ ਖੁੱਲ੍ਹੀ ਹਵਾ ਦੀ ਥਾਂ ਫਰਿਜ ਵਿਚ ਰੋਸ਼ਨੀ ਤੋਂ ਦੂਰ ਰੱਖੋ, ਨਹੀਂ ਤਾਂ ਇਹ ਆਕਸੀਡਾਈਜ਼ ਹੋ ਜਾਂਦੀ ਹੈ। ਸਾਕਾਹਾਰੀ ਲੋਕ ਕੈਪਸੂਲ ਵੀ ਲੈ ਸਕਦੇ ਹਨ। ਅੱਜ ਕੱਲ੍ਹ ਲੋਕਾਂ ਕੋਲ ਧੁੱਪੇ ਬੈਠਣ ਦਾ ਵਕਤ ਨਹੀਂ, ਨਾ ਹੀ ਰਿਵਾਜ ਰਿਹਾ, ਸੋ ਤਕਰੀਬਨ ਹਰ ਇਕ ਨੂੰ ਵਿਟਾਮਿਨ ਡੀ ਦੀ ਘਾਟ ਪੈ ਰਹੀ ਹੈ, ਜਿਸ ਦੀ ਕਮੀ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ। ਇਹ ZODIAC ਦਾ ਅਗਲਾ ਅੱਖਰ ਡੀ (D) ਹੈ। ਇਸ ਦੀ ਕਮੀ ਹੋਣ ਕਰ ਕੇ ਤਣਾਅ ਵਧਦਾ ਹੈ, ਪਰ ਪਹਿਲਾਂ ਟੈਸਟ ਕਰਾ ਲੈਣਾ ਚਾਹੀਦਾ ਹੈ ਕਿ ਕਿੰਨੀ ਮਿਕਦਾਰ ਦੀ ਲੋੜ ਹੈ।

ਦੀਪਾਲੀ ਔਲ ਨੇ ਕਿਹਾ ਕਿ ਅੱਜ ਕੱਲ੍ਹ ਕੁਝ ਕੰਪਨੀਆਂ ਜਿਵੇਂ Quest Labcorp ਬਿਨਾ ਡਾਕਟਰ ਦੀ ਪਰਚੀ ਦੇ 40 ਕੁ ਡਾਲਰ ਵਿਚ ਟੈਸਟ ਕਰ ਦਿੰਦੀਆਂ ਹਨ। ਵਿਟਾਮਿਨ ਸੂਰਜ ਦੀਆਂ ਕਿਰਨਾਂ ਤੋਂ ਚਮੜੀ ਰਾਹੀਂ ਹਜ਼ਮ ਹੁੰਦੀ ਹੈ, ਪਰ ਕਈ ਵਾਰ ਬਹੁਤੀ ਧੁੱਪ ਕਿੰਨੇ-ਕਿੰਨੇ ਦਿਨ ਨਹੀਂ ਨਿਕਲਦੀ ਤੇ ਵਿਟਾਮਿਨ ਡੀ ਦੀ ਲੋੜ ਹਰ ਵੇਲੇ ਹੈ। ਜੇ ਸਹੀ ਧੁੱਪ ਨਿਕਲਦੀ ਹੈ ਤਾਂ ਧੁੱਪੇ ਬਿਨਾ ਕੱਪੜਾ ਬੈਠਣ ਨਾਲ 15-20 ਮਿੰਟਾਂ ਵਿਚ ਹੀ ਲੋੜ ਜਿੰਨੀ ਵਿਟਾਮਨ ਡੀ ਮਿਲ ਜਾਂਦੀ ਹੈ। ਜੋ ਲੋਕ ਸ਼ੂਗਰ ਤੋਂ ਪੀੜਤ ਹਨ ਤੇ Metformin ਗੋਲੀਆਂ ਲੈਂਦੇ ਹਨ, ਉਨ੍ਹਾਂ ਦੀ ਵਿਟਾਮਨ ਡੀ ਤੇ ਬੀ12 ਘਟ ਜਾਂਦੀ ਹੈ। ਸਾਲ ਵਿਚ ਇਕ ਦੋ ਵਾਰੀ ਜ਼ਰੂਰ ਟੈਸਟ ਕਰਾਓ, ਨਹੀਂ ਤਾਂ ਥਕੇਵਾਂ, ਸਰੀਰ ਦਾ ਟੁੱਟਣਾ ਤੇ ਮਿਜ਼ਾਜ ਖਰਾਬ ਰਹਿੰਦਾ ਹੈ।



*ਦੀਪਾਲੀ ਔਲ*

ZODIAC ਵਿਚ ਅਗਲਾ ਅੱਖਰ ਆਈ (I) Iron ਲਈ ਹੈ, ਜੋ ਖੂਨ ਬਣਾਉਣ ਵਿਚ ਕੰਮ ਆਉਂਦਾ ਹੈ। ਕੁਝ ਦਵਾਈਆਂ ਜਿਵੇਂ ਸ਼ੁਗਰ, ਬਲੱਡ ਪ੍ਰੈਸ਼ਰ ਵਾਲੀਆਂ ਸਰੀਰ ਵਿਚ ਆਇਰਨ ਘਟਾ ਦਿੰਦੀਆਂ ਹਨ, ਜਿਸ ਕਰ ਕੇ ਨਹੁੰ ਅਤੇ ਅੱਖਾਂ ਪੀਲੀਆਂ ਹੋ ਜਾਂਦੀਆਂ ਹਨ, ਸਾਹ ਫੁੱਲਣ ਲਗਦਾ ਹੈ। ਇਸ ਦੀ ਘੱਟ ਤੋਂ ਘੱਟ ਮਾਤਰਾ 10 ਠੀਕ ਹੈ। ਇਹ ਮੱਛੀ, ਪਾਲਕ, ਗੋਭੀ, ਕਾਲੇ ਛੋਲੇ, ਹਰੀ ਸਬਜ਼ੀਆਂ, ਚੁਕੰਦਰ ਖਾਣ ਨਾਲ ਮਿਲਦਾ ਹੈ। ਖਾਲੀ ਪੇਟ ਦਾਲਚੀਨੀ ਖਾਣ ਨਾਲ ਮਿਹਦਾ ਠੀਕ ਰਹਿੰਦਾ ਹੈ ਤੇ ਸ਼ੂਗਰ ਦੀ ਮਾਤਰਾ AIC ਘਟਦਾ ਹੈ। ਅਗਲਾ ਅੱਖਰ A ਵਿਟਾਮਿਨ ਏ ਹੈ, ਜੋ ਅੱਖਾਂ ਦੀ ਰੋਸ਼ਨੀ, ਚਮੜੀ, ਹਾਜ਼ਮਾ ਠੀਕ ਰੱਖਣ ਲਈ ਜ਼ਰੂਰੀ ਹੈ। ਬੱਚਿਆਂ ਵਿਚ ਵਿਟਾਮਿਨ ਏ ਦੀ ਘਾਟ ਅੰਨ੍ਹਾ ਕਰ ਦਿੰਦੀ ਹੈ। ਇਹ ਗਾਜਰਾਂ, ਸ਼ਿਮਲਾ ਮਿਰਚ, ਆਲੂ, ਸ਼ਕਰਕੰਦੀ, ਲਾਲ ਮਿਰਚਾਂ ਵਿਚ ਮਿਲਦਾ ਹੈ।

ਦੀਪਾਲੀ ਦੇ ਦੱਸਿਆ ਕਿ ਅਗਲਾ C ਅੱਖਰ ਵਿਟਾਮਿਨ ਸੀ ਹੈ, ਜੋ ਲਾਗ (ਇਨਫੈਕਸ਼ਨ) ਕਾਬੂ ਕਰਨ ਵਿਚ ਮਦਦ ਕਰਦਾ ਹੈ। ਜ਼ਿੰਕ ਨਾਲ ਮਿਲ ਕੇ ਇਹ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ (ਇਮਿਊਨਿਟੀ) ਵਧਾਉਂਦਾ ਹੈ, ਜੋ ਕਰੋਨਾ ਵਿਚ ਖਾਸ ਖਤਰਾ ਹੈ। ਇਹ ਪੇਟ ਦੀਆਂ ਬਿਮਾਰੀਆਂ, ਸ਼ੂਗਰ ਕੰਟਰੋਲ ਕਰਨ ਵਿਚ ਵੀ ਮਦਦ ਕਰਦਾ ਹੈ। ਵਿਟਾਮਨ ਸੀ ਸਭ ਤੋਂ ਵਧ ਅਮਰੂਦ ਵਿਚ ਮਿਲਦਾ ਹੈ। ਤਾਜ਼ਾ ਅਉਲਾ, ਲਾਲ ਮਿਰਚ, ਸ਼ਿਮਲਾ ਮਿਰਚ, ਹਰੀ ਮਿਰਚ ਅਤੇ ਤਾਜ਼ਾ ਨਿੰਬੂ ਤੇ ਸੰਤਰੇ ਦੇ ਰਸ ਵਿਚ ਮਿਲਦਾ ਹੈ। ਅੱਜ ਕੱਲ੍ਹ ਕਰੋਨਾ ਦੇ ਟਾਕਰੇ ਲਈ ਸੀ.ਡੀ.ਏ. ਏਜੰਸੀ ਵੀ ਵਿਟਾਮਨ ਸੀ 'ਤੇ ਜ਼ੋਰ ਦੇ ਰਹੀ ਹੈ।

ਵਿਟਾਮਿਨ ਬੀ ਵੀ ਸਿਹਤ ਲਈ ਜ਼ਰੂਰੀ ਹੈ। ਇਸ ਦੀਆਂ ਵੱਖ-ਵੱਖ ਸ਼ਾਖਾਵਾਂ ਹਨ। ਸ਼ੂਗਰ ਵਾਲਿਆਂ 'ਚ ਮੈਟਫੋਰਮਿਨ ਦਵਾਈ ਖਾਣ ਨਾਲ ਬੀ12 ਦੀ ਘਾਟ ਹੋ ਜਾਂਦੀ ਹੈ। ਕੜਵੱਲ ਪੈਣ ਲਗਦੇ ਹਨ। ਸਾਲ ਵਿਚ ਦੋ ਕੁ ਵਾਰ ਜ਼ਰੂਰ ਚੈਕ ਕਰਾਓ। ਇਹ ਦਾਲਾਂ, ਪਾਲਕ, Avocado, ਸੂਰਜਮੁਖੀ ਦੇ ਬੀਜ ਤੋਂ ਮਿਲਦਾ ਹੈ। ਖਣਿਜਾਂ ਲਈ ਲਸਣ, ਬਰੌਕਲੀ ਅਤੇ ਜੌਆਂ ਵਿਚ ਹੁੰਦੇ ਹਨ, ਪਰ ਜੇ ਖਾਣਾ ਲੋੜ ਤੋਂ ਵਧ ਪਕਾਉਗੇ ਤਾਂ ਕਈ ਲੋੜੀਂਦੇ ਖਣਿਜ ਅਤੇ ਵਿਟਾਮਿਨ ਘਟ ਜਾਂਦੇ ਹਨ। ਤਲਣ ਨਾਲ ਖਾਣੇ ਸੁਆਦ ਜ਼ਰੂਰ ਬਣਦੇ ਹਨ, ਪਰ ਪੌਸ਼ਟਿਕ ਨਹੀਂ ਰਹਿੰਦੇ।

ਦੀਪਾਲ ਨੇ ਸਲਾਹ ਦਿੱਤੀ ਕਿ ਆਟੇ 'ਚ ਪਾਲਕ, ਮੇਥੀ, ਅਲਸੀ, ਦਹੀਂ ਗੁੰਨ੍ਹ ਕੇ ਰੋਟੀ ਬਣਾ ਸਕਦੇ ਹੋ, ਕਿਵੀ ਵਿਚ ਵੀ ਵਿਟਾਮਿਨ ਸੀ ਅਤੇ ਹੋਰ ਅੱਛੇ ਤੱਤ ਹੁੰਦੇ ਹਨ। ਕੇਲਾ, ਬੇਰੀਜ਼, ਸਵੇਰੇ ਖਾਣਾ ਠੀਕ ਹੈ ਪਰ ਸੀਮਤ ਮਾਤਰਾ ਵਿਚ, ਨਹੀਂ ਤਾਂ ਸ਼ੂਗਰ ਵਧ ਜਾਵੇਗੀ। ਸ਼ੂਗਰ ਵਾਲਿਆਂ ਲਈ ਸ਼ਾਮੀਂ 4 ਵਜੇ ਤੋਂ ਬਾਅਦ ਫਲ ਨਹੀਂ ਖਾਣਾ ਚਾਹੀਦਾ। ਬਾਸਮਤੀ ਚੌਲ ਦੂਜੇ ਚੌਲਾਂ ਨਾਲੋਂ ਸਹੀ ਮਾਤਰਾ ਵਿਚ ਖਾਣਾ ਠੀਕ ਹੈ। ਸ਼ੂਗਰ ਵਾਲਿਆਂ ਨੂੰ ਰਾਤੀਂ ਗਲੂਟਨ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਇਸ ਤੋਂ ਬਿਨਾ ਮਸਾਲੇ ਜਿਵੇਂ ਅਜਵਾਇਣ, ਸੌਂਫ, Bay Leaves ਜਵੰਤਰੀ ਆਦਿ ਵੀ ਸਹੀ ਮਾਤਰਾ ਵਿਚ ਵਰਤਣੇ ਠੀਕ ਹਨ। ਜਿਹੜੇ ਵਿਟਾਮਿਨ ਸਟੋਰਾਂ ਤੋਂ ਮਿਲਦੇ ਹਨ, ਉਨ੍ਹਾਂ ਦੀ ਥਾਂ ਘਰੇ ਦਾਲਾਂ, ਸਬਜ਼ੀਆਂ ਜ਼ਿਆਦਾ ਫਾਇਦੇਮੰਦ ਹਨ। ਜਿਹੜੇ ਖਿਡਾਰੀ ਵਾਧੂ ਪ੍ਰੋਟੀਨ ਪਾਊਡਰ ਵਰਤਦੇ ਹਨ, ਉਹ ਖਤਰਨਾਕ ਹਨ। ਪੁੰਗਰੇ ਹੋਏ ਅਨਾਜ ਦੇ ਦਾਣੇ ਖਾਣੇ ਠੀਕ ਹਨ। ਕਣਕ (Wheat Grass) ਦਾ ਜੂਸ ਠੀਕ ਮਾਤਰਾ ਵਿਚ ਲੈਣਾ ਚਾਹੀਦਾ ਹੈ। ਸਿਰਫ ਤਾਜ਼ਾ ਹੀ ਵਰਤੋ, ਵਰਨਾ ਅਸਰ ਘਟ ਜਾਵੇਗਾ।

ਸਿੱਖ ਸੀਨੀਅਰ ਸਿਟੀਜ਼ਨਜ਼ ਨਾਲ ਸੰਪਰਕ ਕਰਨ ਲਈ ਸ. ਇਕਬਾਲ ਸਿੰਘ ਚੋਪੜਾ ਨਾਲ ਫੋਨ: 224-358-7769, ਸ. ਸੁਰਿੰਦਰਪਾਲ ਸਿੰਘ ਕਾਲਰਾ ਨਾਲ ਫੋਨ: 847-305-9119 ਜਾਂ bsatit@aol.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਾਜਸਥਾਨ 'ਚ ਦਾਅ ਲਾਉਣ ਤੋਂ ਖੁੰਝੀ ਭਾਜਪਾ

**ਜੈਪੁਰ:** ਰਾਜਸਥਾਨ ਵਿਚ ਕਾਂਗਰਸ ਸਰਕਾਰ ਦਾ ਸਿਆਸੀ ਸੰਕਟ ਫਿਲਹਾਲ ਟਲ ਗਿਆ ਹੈ। ਵਿਧਾਨ ਸਭਾ 'ਚ ਅਸ਼ੋਕ ਗਹਿਲੋਤ ਸਰਕਾਰ ਵੱਲੋਂ ਭਰੋਸੇ ਦਾ ਵੋਟ ਹਾਸਲ ਕਰਨ ਨਾਲ ਹੀ ਕਾਂਗਰਸ ਪਾਰਟੀ 'ਚ ਪੈਦਾ ਹੋਈ ਬਗਾਵਤ ਦਾ ਦੌਰ ਖਤਮ ਹੋ ਗਿਆ ਹੈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਸ਼ਾਂਤੀ ਧਾਰੀਵਾਲ ਵੱਲੋਂ ਪੇਸ਼ ਕੀਤੇ ਗਏ ਮਤੇ ਨੂੰ ਜ਼ਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ। ਸਚਿਨ ਪਾਇਲਟ ਧੜੇ ਦੇ 19 ਵਿਧਾਇਕਾਂ ਦੇ ਕਾਂਗਰਸ 'ਚ ਪਰਤਣ ਨਾਲ ਸਰਕਾਰ ਨੂੰ ਬਹੁਮਤ ਮਿਲਣਾ ਸੁਭਾਵਿਕ ਸੀ। ਮਤੇ 'ਤੇ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਭਾਜਪਾ 'ਤੇ ਮੁੜ ਦੋਸ਼ ਲਾਇਆ ਕਿ ਉਸ ਨੇ ਉਨ੍ਹਾਂ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਸੀ। ਕਾਂਗਰਸ ਸਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਭਾਜਪਾ 'ਤੇ ਦੋਸ਼ ਲਾਉਂਦਿਆਂ ਗਹਿਲੋਤ ਨੇ ਕਿਹਾ ਕਿ ਅਰੁਣਾਚਲ ਪ੍ਰਦੇਸ਼, ਕਰਨਾਟਕ, ਗੋਆ ਅਤੇ ਮੱਧ ਪ੍ਰਦੇਸ਼ 'ਚ ਕੀ ਹੋਇਆ? ਚੁਣੀਆਂ ਹੋਈਆਂ ਸਰਕਾਰ ਨੂੰ ਡੇਗ ਦਿੱਤਾ ਗਿਆ ਅਤੇ ਲੋਕਤੰਤਰ ਖਤਰੇ 'ਚ ਹੈ।" ਉਨ੍ਹਾਂ ਗਜੇਂਦਰ ਸਿੰਘ ਸ਼ੇਖਾਵਤ ਦਾ ਨਾਮ ਲਏ ਬਿਨਾਂ ਕਿਹਾ ਕਿ ਕੇਂਦਰੀ ਮੰਤਰੀ ਨੇ ਕਾਂਗਰਸ ਸਰਕਾਰ ਨੂੰ ਡੇਗਣ ਦੀ ਸਾਜ਼ਿਸ਼ ਘੜੀ ਸੀ।

ਦੱਸ ਦਈਏ ਕਿ ਕਾਂਗਰਸ ਸੱਤਾ ਵਾਲੇ ਸੂਬਿਆਂ ਵਿਚ ਭਾਜਪਾ ਦੀ ਘੁਸਪੈਠ ਲਗਾਤਾਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਦੇਸ਼ ਭਰ ਵਿਚ ਮੱਧ ਪ੍ਰਦੇਸ਼, ਰਾਜਸਥਾਨ, ਪੰਜਾਬ ਅਤੇ ਛੱਤੀਸਗੜ੍ਹ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਪੁਡੂਚੇਰੀ ਤੱਕ ਕਾਂਗਰਸ ਦੀਆਂ ਹਕੂਮਤਾਂ ਸੁੰਗੜ ਕੇ ਰਹਿ ਗਈਆਂ ਸਨ ਪਰ ਮੱਧ ਪ੍ਰਦੇਸ਼ ਵਿਚ ਕਮਲਨਾਥ ਦੇ ਮੁੱਖ ਮੰਤਰੀ ਹੁੰਦਿਆਂ ਜਿਓਤੀਰਾਦਿਤਿਆ ਸਿੰਧੀਆ ਦੀ ਅਗਵਾਈ ਵਿਚ ਜਿਸ ਤਰ੍ਹਾਂ ਕਾਂਗਰਸ ਸਰਕਾਰ ਵਿਰੁੱਧ ਬਗਾਵਤ ਹੋਈ, ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਨੇ ਮੌਕੇ ਦਾ ਫਾਇਦਾ ਚੁੱਕਦਿਆਂ ਮੁੱਖ ਮੰਤਰੀ ਕਮਲਨਾਥ ਨੂੰ ਪਟਕਾ ਮਾਰ ਕੇ ਆਪਣੀ ਸਰਕਾਰ ਬਣਾ ਲਈ, ਉਸ ਨਾਲ ਭਾਜਪਾ ਦੇ ਜਮਹੂਰੀਅਤ ਵਿਰੋਧੀ ਹੋਣ ਦੀ ਆਲੋਚਨਾ ਤਾਂ ਜ਼ਰੂਰ ਹੋਈ ਸੀ ਪਰ ਇਸ ਨੇ ਕਾਂਗਰਸ ਅੰਦਰ ਪੈਦਾ ਹੋ ਚੁੱਕੀ ਕਮਜ਼ੋਰੀ ਨੂੰ ਵੀ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਸੀ।

ਮੱਧ ਪ੍ਰਦੇਸ਼ ਨੂੰ ਲੈ ਕੇ ਪਾਰਟੀ ਅੰਦਰ ਨਿਰਾਸ਼ਾ ਦਾ ਦੌਰ ਅਜੇ ਜਾਰੀ ਹੀ ਸੀ ਕਿ ਰਾਜਸਥਾਨ ਵਿਚ ਸਰਕਾਰ ਅੰਦਰ ਹੋਈ ਉਥਲ-ਪੁਥਲ ਨੇ ਕਾਂਗਰਸ ਨੂੰ ਜੜ੍ਹਾਂ ਤੱਕ ਹਿਲਾ ਕੇ ਰੱਖ ਦਿੱਤਾ। ਮਹੀਨੇ ਭਰ ਤੋਂ ਮੁੱਖ ਮੰਤਰੀ ਅਸ਼ੋਕ ਗਹਿਲੋਤ ਵਿਰੁੱਧ ਸਚਿਨ ਪਾਇਲਟ ਅਤੇ 18 ਹੋਰ ਵਿਧਾਇਕਾਂ ਵੱਲੋਂ ਬਗਾਵਤ ਦਾ ਝੰਡਾ ਚੁੱਕ ਲੈਣ ਕਾਰਨ ਗਿਣਤੀਆਂ-ਮਿਣਤੀਆਂ ਦੇ ਪੱਖ ਤੋਂ ਵੀ ਸੂਬਾ ਸਰਕਾਰ ਪੂਰੀ ਤਰ੍ਹਾਂ ਡੋਲਦੀ ਨਜ਼ਰ ਆਉਂਦੀ ਰਹੀ ਹੈ। ਪਾਇਲਟ ਨੂੰ ਉਪ ਮੁੱਖ ਮੰਤਰੀ ਅਤੇ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਕਰਕੇ ਵੀ ਇਕ ਤਰ੍ਹਾਂ ਨਾਲ ਸਿਆਸਤ ਵਿਚ ਘਮਸਾਨ ਪੈਦਾ ਹੋ ਗਿਆ ਸੀ। ਇਸ ਸਾਰੇ ਸਮੇਂ ਵਿਚ ਭਾਰਤੀ ਜਨਤਾ ਪਾਰਟੀ 'ਤੇ ਕਾਂਗਰਸ ਵਲੋਂ ਇਹ ਦੋਸ਼ ਲਗਾਏ ਜਾਂਦੇ ਰਹੇ ਕਿ ਉਹ ਸੂਬਾ ਸਰਕਾਰ ਨੂੰ ਡੇਗਣ ਦੀਆਂ ਯੋਜਨਾਵਾਂ ਬਣਾ ਰਹੀ ਹੈ। ਭਾਜਪਾ ਪਾਇਲਟ ਤੇ ਉਸ ਦੇ ਸਾਥੀਆਂ ਨੂੰ ਲੈ ਕੇ ਵਿਧਾਨ ਸਭਾ ਵਿਚ ਆਪਣੀ ਗਿਣਤੀ ਵਧਾਉਣ ਦੇ ਆਹਰ ਵਿਚ ਸੀ, ਤਾਂ ਜੋ ਗਹਿਲੋਤ ਸਰਕਾਰ ਨੂੰ ਪਟਕਣੀ ਦਿੱਤੀ ਜਾ ਸਕੇ ਪਰ ਰਾਜਸਥਾਨ ਭਾਜਪਾ ਅੰਦਰ ਵੀ ਵਸੁੰਧਰਾ ਰਾਜੇ ਸਿੰਧੀਆ ਧੜੇ ਵੱਲੋਂ ਪਾਇਲਟ ਨੂੰ ਆਪਣੇ ਨਾਲ ਲੈ ਕੇ ਚੱਲਣ ਪ੍ਰਤੀ ਨਾਂਹ-ਪੱਖੀ ਰੁਖ ਹੀ ਅਪਣਾਇਆ ਗਿਆ।

## Matrimonials

### ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

### ਲੜਕੇ ਦੀ ਲੋੜ ਹੈ

Looking for a well-settled and educated boy in America for a beautiful US born Hindu Nai girl of 31 yrs, 5'-2", Masters in English and a JD (law) degree, Divorced with 1 child. Whole family is well-settled in New York. Please contact, Ph: 347-252-6400 34-37

# ਅਸ਼ੋਕ ਲਵਾਸਾ ਵੱਲੋਂ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫਾ

**ਨਵੀਂ ਦਿੱਲੀ:** ਸ੍ਰੀ ਅਸ਼ੋਕ ਲਵਾਸਾ ਨੇ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਜਲਦੀ ਹੀ ਏਸ਼ੀਅਨ ਵਿਕਾਸ ਬੈਂਕ ਵਿਚ ਉਪ ਪ੍ਰਧਾਨ ਵਜੋਂ ਅਹੁਦਾ ਸੰਭਾਲਣਗੇ। ਸ੍ਰੀ ਲਵਾਸਾ ਚੋਣ ਕਮਿਸ਼ਨ ਦੇ ਮੁਖੀ ਬਣਨ ਦੀ ਦੌੜ ਵਿਚ ਸਭ ਤੋਂ ਅੱਗੇ ਸਨ। ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣਾ ਅਸਤੀਫਾ ਰਾਸ਼ਟਰਪਤੀ ਭਵਨ ਭੇਜ ਦਿੱਤਾ ਹੈ ਅਤੇ 31 ਅਗਸਤ ਤੋਂ ਉਨ੍ਹਾਂ ਨੂੰ ਫਾਰਗ ਕਰਨ ਦੀ ਬੇਨਤੀ ਕੀਤੀ ਹੈ। ਉਹ ਸਤੰਬਰ ਵਿਚ ਫਿਲਪੀਨਜ਼ ਸਥਿਤ ਏ.ਡੀ.ਬੀ. ਵਿਚ ਨਵੀਂ ਜ਼ਿੰਮੇਵਾਰੀ ਸੰਭਾਲਣਗੇ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਵਿੱਤੀ ਤੰਗੀ: ਹੁਣ ਕਰਜ਼ੇ ਆਸਰੇ ਦਿਨ ਪੂਰੇ ਕਰੇਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਨੇ ਪੰਜਾਬ ਸਰਕਾਰ ਦੀ ਆਰਥਿਕਤਾ ਨੂੰ ਝੰਬ ਕੇ ਰੱਖ ਦਿੱਤਾ ਹੈ। ਪਹਿਲਾਂ ਹੀ ਵਿੱਤੀ ਤੰਗੀ ਦਾ ਸ਼ਿਕਾਰ ਸੂਬਾ ਸਰਕਾਰ ਹੁਣ ਕਰਜ਼ਿਆਂ ਦੇ ਆਸਰੇ ਆਪਣਾ ਬਚਿਆ ਸਮਾਂ ਪੂਰਾ ਕਰੇਗੀ। ਹੁਣ ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਨੇ ਚਾਰ ਸਾਲਾਂ ਦੇ ਸਮੇਂ ਦੌਰਾਨ ਸੂਬੇ ਸਿਰ 78 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚਾੜ੍ਹ ਦਿੱਤਾ ਹੈ। ਸਰਕਾਰ ਦੀ ਹਾਲਤ ਇਥੋਂ ਤੱਕ ਨਿੱਘਰ ਗਈ ਹੈ ਕਿ ਪੂੰਜੀਗਤ ਖਰਚਿਆਂ ਲਈ ਸਰਕਾਰ ਕੋਲ ਸਾਲਾਨਾ ਬਹੁਤ ਘੱਟ ਪੈਸਾ ਬਚਦਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਨ ਲੱਗਿਆਂ 31 ਮਾਰਚ 2021 ਤੱਕ 2 ਲੱਖ 48 ਹਜ਼ਾਰ ਕਰੋੜ ਰੁਪਏ ਤੱਕ ਕਰਜ਼ਾ ਵਧਣ ਦਾ ਐਲਾਨ ਕੀਤਾ ਗਿਆ ਸੀ।

ਕੇਂਦਰ ਸਰਕਾਰ ਵੱਲੋਂ ਕਰਜ਼ਾ ਚੁੱਕਣ ਦੀ ਦਰ ਵਧਾਉਣ ਨਾਲ ਕਰਜ਼ੇ ਦੀ ਪੰਡ 2 ਲੱਖ 60 ਹਜ਼ਾਰ ਕਰੋੜ ਰੁਪਏ ਤੱਕ ਭਾਰੀ ਹੋਣ ਦਾ ਅਨੁਮਾਨ ਹੈ। ਲੰਘੇ ਮਾਲੀ ਸਾਲ ਦੌਰਾਨ ਮਹਿਜ਼ 3 ਹਜ਼ਾਰ ਕਰੋੜ ਰੁਪਏ ਦਾ ਪੂੰਜੀਗਤ ਖਰਚ ਹੋਇਆ ਸੀ। ਸਰਕਾਰ ਵੱਲੋਂ ਹੁਣ ਤਾਂ ਬੁਢਾਪਾ ਪੈਨਸ਼ਨਾਂ ਜਾਂ ਹੋਰ ਛੋਟੇ ਕੰਮਾਂ ਲਈ ਪੈਸਾ ਜਾਰੀ ਕਰਨ ਦਾ ਐਲਾਨ ਵੀ ਹੁੱਬ ਕੇ ਕਰਨਾ ਪੈ ਰਿਹਾ ਹੈ।

ਵਿੱਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਰਜ਼ਾ ਲੈਣ ਦੀ ਦਰ 3 ਤੋਂ ਵਧਾ ਕੇ 5 ਫੀਸਦੀ ਕਰਨ ਦੀ ਪ੍ਰਵਾਨਗੀ ਤਾਂ ਦੇ ਦਿੱਤੀ ਹੈ ਪਰ ਸ਼ਰਤਾਂ ਅਜਿਹੀਆਂ ਲਾ ਦਿੱਤੀਆਂ ਹਨ ਕਿ ਰਾਜ ਸਰਕਾਰਾਂ ਨੂੰ ਸਿਆਸੀ ਅਤੇ ਲੋਕਾਂ ਨੂੰ ਵਿੱਤੀ ਪੱਖ ਤੋਂ ਮਹਿੰਗੀ ਕੀਮਤ ਅਦਾ ਕਰਨੀ ਪਵੇਗੀ।

ਪੰਜਾਬ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) 6 ਲੱਖ ਕਰੋੜ ਰੁਪਏ ਦੇ ਕਰੀਬ ਹੈ। ਇਸ ਤਰ੍ਹਾਂ ਨਾਲ ਰਾਜ ਸਰਕਾਰ 3 ਫੀਸਦੀ ਦੇ ਹਿਸਾਬ ਮੁਤਾਬਕ ਇਸ ਸਾਲ 18 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਰਹੀ ਹੈ ਤੇ ਜੀ.ਡੀ.ਪੀ. ਦਾ 5 ਫੀਸਦੀ ਕਰਨ ਨਾਲ ਸਰਕਾਰ 30 ਹਜ਼ਾਰ ਕਰੋੜ ਰੁਪਏ ਤੱਕ ਦਾ ਕਰਜ਼ਾ ਸਾਲਾਨਾ ਲੈ ਸਕੇਗੀ। ਸੂਬੇ ਲਈ ਸਭ ਤੋਂ ਵੱਡੀ ਸਮੱਸਿਆ ਬੱਝਵੇਂ ਖਰਚੇ ਹਨ ਜੋ ਸਰਕਾਰ 'ਤੇ ਭਾਰੂ ਹਨ। ਇਹ ਵੀ ਅਹਿਮ ਤੱਥ ਹੈ ਕਿ ਸਰਕਾਰ ਵੱਲੋਂ ਆਪਣੇ ਖਰਚੇ ਘਟਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਕਰੋਨਾ ਦੀ ਮਾਰ ਕਾਰਨ ਜੇਕਰ ਖਰਚੇ ਘਟਾਏ ਵੀ ਹਨ ਤਾਂ ਮਹਿਜ਼ ਖਾਨਾਪੂਰਤੀ ਹੀ ਦਿਖਾਈ ਦੇ ਰਹੀ ਹੈ।

## ਬੱਝਵੇਂ ਖਰਚਿਆਂ ਅੱਗੇ ਬੇਵਸੀ

**ਚੰਡੀਗੜ੍ਹ:** ਬੱਝਵੇਂ ਖਰਚਿਆਂ ਵਿਚ ਜੇਕਰ ਚਲੰਤ ਮਾਲੀ ਸਾਲ ਦਾ ਹਿਸਾਬ ਦੇਖ ਲਿਆ ਜਾਵੇ ਤਾਂ ਤਨਖਾਹਾਂ ਦਾ ਸਾਲਾਨਾ ਬੋਝ 27639 ਕਰੋੜ ਰੁਪਏ, ਪੈਨਸ਼ਨਾਂ ਦਾ ਸਾਲਾਨਾ ਬੋਝ 12267 ਕਰੋੜ ਰੁਪਏ, ਬਿਜਲੀ ਸਬਸਿਡੀ ਦਾ ਬੋਝ 12246 ਕਰੋੜ ਰੁਪਏ ਅਤੇ ਵਿਆਜ ਦੀ ਅਦਾਇਗੀ 19075 ਕਰੋੜ ਰੁਪਏ ਬਣਦਾ ਹੈ। ਚਲੰਤ ਮਾਲੀ ਸਾਲ ਦੌਰਾਨ ਕਰੋਨਾ ਕਰ ਕੇ ਮਾਲੀ ਘਾਟਾ 22 ਤੋਂ ਲੈ ਕੇ 25 ਹਜ਼ਾਰ ਕਰੋੜ ਰੁਪਏ ਤੱਕ ਪੈਣ ਦੀ ਸੰਭਾਵਨਾ ਹੈ। ਇਹ ਘਾਟਾ ਪੂਰਾ ਕਰਨ ਲਈ ਪੰਜਾਬ ਸਰਕਾਰ ਨੇ ਡੀਜ਼ਲ ਅਤੇ ਪੈਟਰੋਲ 'ਤੇ ਟੈਕਸ ਵੀ ਵਧਾ ਦਿੱਤਾ ਹੈ ਅਤੇ ਮੁੱਖ ਮੰਤਰੀ ਨੇ ਇਨ੍ਹਾਂ ਉਤੇ ਕਰ ਘੱਟ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ।

## ਮਾਫੀਆ ਰਾਜ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਆਮਦਨ ਦੇ ਦੋ ਵੱਡੇ ਸਰੋਤ ਸ਼ਰਾਬ ਅਤੇ ਮਾਈਨਿੰਗ ਹੋ ਸਕਦੇ ਹਨ ਪਰ ਸਰਕਾਰ ਵੱਲੋਂ ਇਨ੍ਹਾਂ ਦੋਹਾਂ ਖੇਤਰਾਂ ਵਿਚ ਹੀ ਕੋਈ ਖਾਸ ਪ੍ਰਗਤੀ ਨਹੀਂ ਦਿਖਾਈ ਗਈ ਹੈ। ਸ਼ਰਾਬ ਤੋਂ ਆਉਂਦੇ ਮਾਲੀਏ ਵਿਚ ਖੜੋਤ ਹੀ ਨਹੀਂ ਆਈ ਸਗੋਂ ਇਹ ਘਟਿਆ ਵੀ ਹੈ। ਸ਼ਰਾਬ ਮਾਫੀਆ ਦਾ ਬੋਲਬਾਲਾ ਵਧਣ ਕਾਰਨ ਸ਼ਰਾਬ ਦੀਆਂ ਨਕਲੀ ਫੈਕਟਰੀਆਂ ਵੀ ਫੜੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਮਾਈਨਿੰਗ ਤੋਂ ਆਉਣ ਵਾਲਾ ਮਾਲੀਆ ਵੀ ਸਰਕਾਰੀ ਖਜ਼ਾਨੇ ਵਿਚ ਆਉਣ ਦੀ ਥਾਂ ਮਹਿਜ਼ ਫਾਈਲਾਂ ਦਾ ਸ਼ਿੰਗਾਰ ਬਣ ਕੇ ਹੀ ਰਹਿ ਗਿਆ ਹੈ।

## ਆਮਦਨ ਘਟੀ ਪਰ ਵਿਕਾਸ ਕੰਮ ਨਹੀਂ ਰੁਕਣਗੇ: ਸਿੱਧੂ

**ਮੁਹਾਲੀ:** ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਕੋਵਿਡ-19 ਤੋਂ ਬਚਾਅ ਲਈ ਪੰਜਾਬ ਸਰਕਾਰ ਵੱਲੋਂ ਮਜਬੂਰੀਵੱਸ 22 ਮਾਰਚ ਤੋਂ ਕਰਫਿਊ ਲਗਾਉਣਾ ਪਿਆ ਸੀ, ਜਿਸ ਕਾਰਨ ਆਮ ਲੋਕਾਂ ਦੇ ਕਾਰੋਬਾਰ ਪ੍ਰਭਾਵਿਤ ਹੋਣ ਦੇ ਨਾਲ-ਨਾਲ ਸਰਕਾਰ ਦੀ ਆਮਦਨ ਵੀ ਘਟੀ ਹੈ। ਹਾਲੇ ਵੀ ਕਾਰੋਬਾਰ ਲੀਹ 'ਤੇ ਨਹੀਂ ਆਏ ਪਰ ਕਰੋਨਾ ਅਤੇ ਆਰਥਿਕ ਸੰਕਟ ਦੇ ਬਾਵਜੂਦ ਰਾਜ ਵਿਚ ਵਿਕਾਸ ਕਾਰਜਾਂ ਵਿਚ ਖੜੋਤ ਨਹੀਂ ਆਉਣ ਦਿੱਤੀ ਜਾਵੇਗੀ। ਸਿਹਤ ਮੰਤਰੀ ਨੇ ਦੱਸਿਆ ਕਿ ਪਿੰਡ ਮੌਲੀ ਬੈਦਵਾਨ ਨੂੰ ਸ਼ਹਿਰੀ ਦਿੱਖ ਪ੍ਰਦਾਨ ਕਰਨ ਲਈ ਪੁਰਾਣੇ ਟੋਭੇ ਨੂੰ ਪੂਰ ਕੇ ਪਾਰਕ ਬਣਾਈ ਜਾ ਰਹੀ ਹੈ।

## ਕੋਟਕਪੂਰਾ ਗੋਲੀ ਕਾਂਡ: ਐਸ.ਪੀ. ਬਲਜੀਤ ਸਿੰਘ ਨੂੰ ਪੱਕੀ ਜ਼ਮਾਨਤ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਮੁਲਜ਼ਮ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਐਸ.ਪੀ. ਬਲਜੀਤ ਸਿੰਘ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਉਸ ਦੀ ਗ੍ਰਿਫਤਾਰੀ ਉਪਰ ਰੋਕ ਲਾ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ ਇਸੇ ਸਾਲ 11 ਜੁਲਾਈ ਨੂੰ ਐਸ.ਪੀ. ਬਲਜੀਤ ਸਿੰਘ ਨੂੰ ਸਿੱਖ ਸੰਗਤ ਖਿਲਾਫ ਕਥਿਤ ਤੌਰ 'ਤੇ ਫਰਜ਼ੀ ਮੁਕੱਦਮਾ ਬਣਾਉਣ ਲਈ ਝੂਠੀ ਗਵਾਹੀ ਤਿਆਰ ਕਰਨ ਅਤੇ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ ਮੁਲਜ਼ਮ ਨਾਮਜ਼ਦ ਕੀਤਾ ਸੀ।

ਇਸ ਤੋਂ ਬਾਅਦ ਐਸ.ਪੀ. ਨੇ ਗ੍ਰਿਫਤਾਰੀ ਤੋਂ ਬਚਣ ਲਈ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਮੰਗੀ ਸੀ। ਬਲਜੀਤ ਸਿੰਘ ਨੇ ਦਾਅਵਾ ਕੀਤਾ ਕਿ ਜਾਂਚ ਟੀਮ ਜਾਣਬੁੱਝ ਕੇ ਉਸ ਨੂੰ ਨਿਸ਼ਾਨਾ ਬਣਾ ਰਹੀ ਹੈ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਐਸ.ਪੀ. ਬਲਜੀਤ ਸਿੰਘ ਜਾਂਚ ਵਿਚ ਸਹਿਯੋਗ ਨਹੀਂ ਕਰ ਰਿਹਾ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਨਿਲ ਖੇਤਰਪਾਲ ਨੇ ਬਲਜੀਤ ਸਿੰਘ ਨੂੰ ਅਗਾਊਂ ਜ਼ਮਾਨਤ ਦਿੰਦਿਆਂ ਆਦੇਸ਼ ਦਿੱਤੇ ਕਿ ਉਹ ਲੋੜ ਪੈਣ ਉਤੇ ਜਾਂਚ ਟੀਮ ਸਾਹਮਣੇ ਹਾਜ਼ਰ ਹੋਵੇ ਅਤੇ ਜਾਂਚ ਵਿਚ ਟੀਮ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਵੇ।

# ਨੌਂ ਖੇਤੀ ਰਸਾਇਣਾਂ ਦੀ ਵਿਕਰੀ 'ਤੇ ਪਾਬੰਦੀ ਲਾਈ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ 'ਚ 9 ਖੇਤੀ-ਰਸਾਇਣਾਂ ਦੀ ਵਿਕਰੀ ਅਤੇ ਵਰਤੋਂ ਉਤੇ ਰੋਕ ਲਾਉਣ ਦੇ ਹੁਕਮ ਦਿੱਤੇ ਹਨ। ਖੇਤੀਬਾੜੀ ਵਿਭਾਗ ਦੇ ਧਿਆਨ 'ਚ ਆਇਆ ਕਿ ਝੋਨੇ ਦੀ ਗੁਣਵੱਤਾ ਲਈ ਨੁਕਸਾਨਦੇਹ ਹੋਣ ਦੇ ਬਾਵਜੂਦ ਕਿਸਾਨਾਂ ਵੱਲੋਂ ਅਜੇ ਵੀ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਮੁੱਖ ਮੰਤਰੀ ਨੇ ਇਹ ਹੁਕਮ ਜਾਰੀ ਕੀਤੇ। ਇਸ ਪਾਬੰਦੀ ਦਾ ਉਦੇਸ਼ ਝੋਨੇ ਦੀ ਗੁਣਵੱਤਾ ਨੂੰ ਬਚਾਉਣਾ ਹੈ ਜੋ ਕੌਮਾਂਤਰੀ ਮਾਰਕੀਟ 'ਚ ਝੋਨੇ ਦੀ ਬਰਾਮਦ ਅਤੇ ਲਾਹੇਵੰਦ ਕੀਮਤ ਲਈ ਬਹੁਤ ਅਹਿਮੀਅਤ ਰੱਖਦਾ ਹੈ। ਮੁੱਖ ਮੰਤਰੀ, ਜਿਨ੍ਹਾਂ ਕੋਲ ਖੇਤੀਬਾੜੀ ਮਹਿਕਮਾ ਵੀ ਹੈ, ਨੇ ਕੀਟਨਾਸ਼ਕ ਐਕਟ, 1968 ਦੀ ਧਾਰਾ 27 ਤਹਿਤ ਤੁਰਤ ਪ੍ਰਭਾਵ ਨਾਲ 9 ਖੇਤੀ-ਰਸਾਇਣਾਂ ਉਤੇ ਪਾਬੰਦੀ ਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ ਜਿਨ੍ਹਾਂ 'ਚ ਐਸੀਫੇਟ, ਟਰਾਈਜ਼ੋਫੋਸ, ਥਾਇਆਮੈਥੋਕਸਮ, ਕਾਰਬੈਂਡਾਜ਼ਿਮ, ਟਰਾਈਸਾਈਕਲਾਜ਼ੋਲ, ਬੁਪਰੋਫੀਜ਼ਨ, ਕਾਰਬੋਫਿਊਰਾਨ, ਪਰੋਪੀਕੋਨਾਜ਼ੋਲ ਅਤੇ



ਥਾਇਓਫਿਨੇਟ ਮਥਾਇਲ ਸ਼ਾਮਲ ਹਨ। ਹੁਕਮਾਂ ਮੁਤਾਬਕ ਇਨ੍ਹਾਂ 9 ਕੀਟਨਾਸ਼ਕਾਂ ਦੀ ਵਿਕਰੀ, ਮਾਲ ਭੰਡਾਰ ਕਰਨ, ਵੰਡ ਅਤੇ ਝੋਨੇ ਦੀ ਫਸਲ ਉਤੇ ਵਰਤੋਂ ਉਪਰ ਪਾਬੰਦੀ ਲੱਗ ਚੁੱਕੀ ਹੈ।

# ਸਤਲੁਜ ਦਰਿਆ 'ਚ ਡੁੱਬਣ ਕਾਰਨ ਚਾਰ ਬੱਚੀਆਂ ਦੀ ਮੌਤ

**ਜਗਰਾਉਂ:** ਸਤਲੁਜ ਦਰਿਆ ਕਿਨਾਰੇ ਖੇਡਦੇ ਸਮੇਂ ਚਾਰ ਲੜਕੀਆਂ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਚੰਡੀਗੜ੍ਹ ਦੀਆਂ ਛੰਨਾਂ ਨੇੜੇ ਚਾਰ ਬੱਚੀਆਂ ਕੁਲਵਿੰਦਰ ਕੌਰ ਪੁੱਤਰੀ ਮੁਖਤਿਆਰ ਸਿੰਘ (13), ਮਨਜਿੰਦਰ ਕੌਰ ਪੁੱਤਰੀ ਪਰਮਜੀਤ ਸਿੰਘ (13), ਸੁਮਨ ਪੁੱਤਰੀ ਸੁਰਜੀਤ ਸਿੰਘ (13) ਗਗਨਦੀਪ ਕੌਰ ਪੁੱਤਰੀ ਮਲਕੀਤ ਸਿੰਘ (12) ਸਾਰੀਆਂ ਵਾਸੀ ਪਿੰਡ ਗੋਰਸੀਆਂ ਕਾਦਰ ਬਖਸ਼ ਦੇਰ ਸ਼ਾਮ ਸਤਲੁਜ ਦਰਿਆ ਕਿਨਾਰੇ ਖੇਡ ਰਹੀਆਂ ਸਨ। ਖੇਡਦੇ-ਖੇਡਦੇ ਬੱਚੀਆਂ ਦਰਿਆ ਕਿਨਾਰੇ ਰੇਤ ਦੀਆਂ ਡੂੰਘੀਆਂ ਖੱਡਾਂ ਜਿਨ੍ਹਾਂ 'ਚ ਪਾਣੀ ਭਰਿਆ ਹੋਇਆ ਸੀ, ਵਿਚ ਚਲੇ ਜਾਣ ਕਾਰਨ ਡੁੱਬ ਗਈਆਂ।

ਘਟਨਾ ਦਾ ਪਤਾ ਲੱਗਦਿਆਂ ਹੀ ਪਿੰਡ ਦੇ ਲੋਕਾਂ ਨੇ ਲੰਬੀ ਜੱਦੋਜਹਿਦ ਮਗਰੋਂ ਲੜਕੀਆਂ ਨੂੰ ਬਾਹਰ ਕੱਢ ਲਿਆ। ਪਿੰਡ ਦੇ ਲੋਕ ਲੜਕੀਆਂ ਨੂੰ ਬਾਹਰ ਕੱਢ ਕੇ ਸਿਵਲ ਹਸਪਤਾਲ ਸਿੱਧਵਾਂ ਬੇਟ ਲੈ ਕੇ ਗਏ ਜਿਥੇ ਜਾਂਚ ਉਪਰੰਤ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਲੜਕੀਆਂ ਕੁਲਵਿੰਦਰ ਕੌਰ ਅਤੇ ਮਨਜਿੰਦਰ ਕੌਰ ਆਪਸ 'ਚ ਚਾਚੇ-ਤਾਏ ਦੇ ਪਰਿਵਾਰ ਵਿਚੋਂ ਭੈਣਾਂ ਸਨ।

# ਸ਼ਰਾਬ ਮਾਫੀਆ: ਪੁਲਿਸ ਅਫਸਰਾਂ ਦੇ ਬਚਾਅ 'ਤੇ ਆਏ ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਰਾਬ ਕਾਂਡ ਵਿਚ ਵਿਰੋਧੀ ਧਿਰਾਂ ਦਾ ਨਿਸ਼ਾਨਾ ਬਣ ਰਹੇ ਅਫਸਰਾਂ ਦੇ ਹੱਕ ਵਿਚ ਨਿੱਤਰ ਆਏ ਹਨ। ਕੈਪਟਨ ਨੇ ਕਿਹਾ ਹੈ ਕਿ ਨਿਰਾਸ਼ਾ ਵਿਚ ਡੁੱਬਿਆ ਸ਼੍ਰੋਮਣੀ ਅਕਾਲੀ ਦਲ ਆਪਣੀ ਸਾਖ ਬਹਾਲੀ ਲਈ ਨੀਵੇਂ ਪੱਧਰ ਉਤੇ ਜਾ ਡਿੱਗਿਆ ਹੈ। ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਜ਼ਹਿਰੀਲੀ ਸ਼ਰਾਬ ਦੇ ਦੁਖਾਂਤ 'ਚੋਂ ਸਿਆਸੀ ਲਾਹਾ ਖੱਟਣ ਦੀ ਕੋਸ਼ਿਸ਼ ਕਰ ਰਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਨੂੰ ਪੰਜਾਬ ਪੁਲਿਸ ਦੇ ਸੀਨੀਅਰ ਤੇ ਉਚ ਪੇਸ਼ੇਵਾਰਾਨਾ ਪਹੁੰਚ ਰੱਖਣ ਵਾਲੇ ਅਫਸਰ ਉਤੇ ਮਿਥ ਕੇ ਹਮਲਾ ਕਰਨ ਦੇ ਬਿਆਨ ਨੂੰ ਵੀ ਕਰੜੇ ਹੱਥੀਂ ਲਿਆ।

ਮੁੱਖ ਮੰਤਰੀ ਅਕਾਲੀ ਆਗੂ ਬਿਕਰਮ ਮਜੀਠੀਆ ਵੱਲੋਂ ਡੀ.ਜੀ.ਪੀ. ਦਿਨਕਰ ਗੁਪਤਾ ਉਤੇ ਐਸ.ਐਸ.ਪੀ. ਅੰਮ੍ਰਿਤਸਰ (ਦਿਹਾਤੀ) ਨੂੰ ਬਚਾਉਣ ਦੇ ਦੋਸ਼ ਲਗਾਉਣ ਸਬੰਧੀ ਦਿੱਤੇ ਬਿਆਨ ਉਤੇ ਪ੍ਰਤੀਕਿਰਿਆ ਦੇ ਰਹੇ ਸਨ ਜਿਸ ਵਿਚ ਅਕਾਲੀ ਆਗੂ ਨੇ ਐਸ.ਐਸ.ਪੀ. ਉਤੇ ਦੋਸ਼ ਲਾਉਂਦਿਆਂ ਕਿਹਾ ਸੀ ਕਿ ਸ਼ਰਾਬ ਮਾਫੀਆ ਖਿਲਾਫ ਕੀਤੀ ਸ਼ਿਕਾਇਤ ਉਤੇ ਕਾਰਵਾਈ ਕਰਨ 'ਚ ਨਾਕਾਮ ਰਹਿਣ ਕਾਰਨ ਹੀ ਇਹ ਦੁਖਾਂਤ ਵਾਪਰਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਅਫਸਰ ਦੇ 'ਬਚਾਅ' ਵਿਚ ਆਉਣ ਦੀ ਲੋੜ ਹੀ ਨਹੀਂ ਹੁੰਦੀ ਜਿਸ ਦਾ ਨਸ਼ਿਆਂ, ਨਾਜਾਇਜ਼ ਸ਼ਰਾਬ ਤਸਕਰਾਂ/ਕਾਰੋਬਾਰੀਆਂ ਖਿਲਾਫ ਕਾਰਵਾਈ ਸਣੇ ਆਪਣਾ ਟਰੈਕ ਰਿਕਾਰਡ ਬੇਦਾਗ ਹੋਵੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਾਰੇ ਐਸ.ਐਸ.ਪੀ. ਤੇ ਡੀ.ਸੀ. ਉਨ੍ਹਾਂ ਵੱਲੋਂ ਸਿੱਧੇ ਤੌਰ 'ਤੇ ਨਿਯੁਕਤ ਕੀਤੇ ਜਾਂਦੇ ਹਨ ਜਿਸ ਲਈ ਕਿਸੇ ਵੀ ਮਾਮਲੇ ਵਿਚ ਉਨ੍ਹਾਂ ਖਿਲਾਫ ਕਾਰਵਾਈ ਲਈ ਡੀ.ਜੀ.ਪੀ. ਜਾਂ ਮੁੱਖ ਸਕੱਤਰ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਮਜੀਠੀਆ ਦੇ ਨਕਲੀ ਸ਼ਰਾਬ ਦੀਆਂ ਸ਼ਿਕਾਇਤਾਂ ਦੇ ਦਾਅਵੇ ਝੂਠੇ ਹਨ। ਕੈਪਟਨ ਨੇ ਕਿਹਾ ਜੇ ਐਸ.ਐਸ.ਪੀ. ਵੱਲੋਂ ਸ਼ਰਾਬ ਤਸਕਰਾਂ ਨੂੰ ਬਚਾਉਣ ਦਾ ਕੋਈ ਸ਼ੱਕ ਵੀ ਹੁੰਦਾ ਤਾਂ ਉਹ ਸਭ ਤੋਂ ਪਹਿਲਾਂ ਉਸ ਅਫਸਰ ਖਿਲਾਫ ਕਾਰਵਾਈ ਕਰਦੇ। ਮੁੱਖ ਮੰਤਰੀ ਨੇ ਕਿਹਾ ਕਿ ਐਸ.ਐਸ.ਪੀ. ਦੀ ਨਿਗਰਾਨੀ ਹੇਠ ਅੰਮ੍ਰਿਤਸਰ ਪੁਲਿਸ ਨੇ ਨਕਲੀ ਸ਼ਰਾਬ ਦੀ ਸਪਲਾਈ ਚੇਨ ਦਾ ਪਰਦਾਫਾਸ਼ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਡੀ.ਜੀ.ਪੀ. ਦਿਨਕਰ ਗੁਪਤਾ ਦੀ ਅਗਵਾਈ ਵਿਚ ਪੰਜਾਬ ਪੁਲਿਸ ਨੇ ਪਿਛਲੇ ਕੁਝ ਮਹੀਨਿਆਂ ਤੋਂ ਵੱਖ-ਵੱਖ ਥਾਈਂ ਕਾਰਵਾਈ ਕਰਦਿਆਂ ਕਈ ਗਰੋਹਾਂ ਦਾ ਪਰਦਾਫਾਸ਼ ਕੀਤਾ।

## ਰੇਤ ਮਾਫੀਆ ਵਿਰੁੱਧ ਜਾਂਚ ਸਮਾਂਬੱਧ ਹੋਵੇ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਰੇਤ ਮਾਫੀਆ ਵੱਲੋਂ ਗੁੰਡਾ ਟੈਕਸ ਵਸੂਲਣ ਲਈ ਸ਼ਰੇਆਮ ਲਾਏ ਜਾਂਦੇ ਨਾਕਿਆਂ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੀ.ਬੀ.ਆਈ. ਨੂੰ ਮੁਢਲੀ ਜਾਂਚ ਸੌਂਪੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਜਾਂਚ ਘੱਟੋ-ਘੱਟ ਸਾਲ 2007 ਤੋਂ ਸ਼ੁਰੂ ਕੀਤੀ ਜਾਵੇ ਅਤੇ ਪੂਰੇ ਪੰਜਾਬ ਵਿਚ ਧੜੱਲੇ ਨਾਲ ਚੱਲਦੇ ਆ ਰਹੇ ਰੇਤ ਮਾਫੀਆ ਨੂੰ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਵੇ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੀ ਬਾਦਲ ਸਰਕਾਰ ਵਾਂਗ ਮੌਜੂਦਾ ਅਮਰਿੰਦਰ ਸਿੰਘ ਸਰਕਾਰ ਨੇ ਰੇਤ ਮਾਫੀਆ ਸਮੇਤ ਸਾਰੇ ਮਾਫੀਆ ਦੀ ਕਮਾਨ ਪੂਰੀ ਤਰ੍ਹਾਂ ਆਪਣੇ ਹੱਥਾਂ 'ਚ ਲਈ ਹੋਈ ਹੈ।

## ਸ਼ਰਾਬ ਮਾਫੀਆ ਪਿੱਛੇ ਕਾਂਗਰਸੀ ਵਿਧਾਇਕਾਂ ਦਾ ਹੱਥ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਾਹੋਮਾਜਰਾ 'ਚ ਗੈਰਕਾਨੂੰਨੀ ਸ਼ਰਾਬ ਦੇ ਧੰਦੇ ਖਿਲਾਫ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਕਾਂਗਰਸੀ ਵਿਧਾਇਕ ਪੰਜਾਬ 'ਚ ਸ਼ਰਾਬ ਮਾਫੀਆ ਚਲਾ ਰਹੇ ਹਨ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਇਸ ਰੈਕੇਟ ਵਿਚ ਭਾਗੀਦਾਰ ਹਨ। ਇਸੇ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮਾਫੀਆ ਖਿਲਾਫ ਕੋਈ ਕਾਰਵਾਈ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਲੋਕਾਂ ਦੀਆਂ ਮੁਸ਼ਕਲਾਂ ਪ੍ਰਤੀ ਬੇਰੁਖੇ ਹਨ ਤੇ ਆਪਣੇ ਚੰਡੀਗੜ੍ਹ ਫਾਰਮ ਹਾਊਸ ਵਿਚ ਬੰਦ ਹਨ। ਦੂਜੇ ਪਾਸੇ ਕਾਂਗਰਸ ਦੇ ਵਿਧਾਇਕ ਸ਼ਰਾਬ ਤੇ ਰੇਤ ਮਾਫੀਆ ਬਣਾ ਕੇ ਲੋਕਾਂ ਤੇ ਰਾਜ ਦੇ ਖਜ਼ਾਨੇ ਨੂੰ ਲੁੱਟ ਰਹੇ ਹਨ।

# ਸਮਾਰਟ ਫੋਨਾਂ ਲਈ ਫੰਡਾਂ ਦਾ ਜੁਗਾੜ ਬਣਿਆ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਸਮਾਰਟ ਫੋਨਾਂ ਵਾਸਤੇ ਫੰਡਾਂ ਦਾ ਜੁਗਾੜ ਚੁਣੌਤੀ ਬਣ ਗਿਆ ਹੈ। ਇਸ ਲਈ ਸਰਕਾਰ ਨੇ ਸਮਾਰਟ ਫੋਨਾਂ ਲਈ ਆਫਤਾਂ ਵਾਲੇ ਰਾਹਤ ਫੰਡਾਂ ਉਤੇ ਅੱਖ ਰੱਖ ਲਈ ਹੈ। ਮੰਤਰੀ ਮੰਡਲ ਨੇ ਚੁੱਪ ਚੁਪੀਤੇ 5 ਅਗਸਤ ਨੂੰ 'ਸਟੇਟ ਆਫਤ ਪ੍ਰਬੰਧਨ ਫੰਡ' ਵਿਚੋਂ ਸਮਾਰਟ ਫੋਨਾਂ ਦੀ ਖਰੀਦ ਵਾਸਤੇ ਫੰਡ ਲੈਣ ਲਈ ਹਰੀ ਝੰਡੀ ਦੇ ਦਿੱਤੀ। ਕੇਂਦਰੀ ਫੰਡਾਂ ਕਰ ਕੇ ਵੱਡਾ ਅੜਿੱਕਾ ਖੜ੍ਹਾ ਹੋ ਗਿਆ ਜਿਸ ਕਾਰਨ ਰਾਜ ਸਰਕਾਰ ਇਧਰ-ਉਧਰ ਹੱਥ ਮਾਰਨ ਲੱਗੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੌਮਾਂਤਰੀ ਯੁਵਾ ਦਿਵਸ ਮੌਕੇ ਸਮਾਰਟ ਫੋਨਾਂ ਦੀ ਵੰਡ ਦਾ ਆਗਾਜ਼ ਕਰ ਚੁੱਕੇ ਹਨ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਮੁਢਲੇ ਪੜਾਅ ਉਤੇ ਬਾਰ੍ਹਵੀਂ ਕਲਾਸ 'ਚ ਪੜ੍ਹਦੇ 1.74 ਲੱਖ ਬੱਚਿਆਂ ਨੂੰ ਸਮਾਰਟ ਫੋਨ ਦਿੱਤੇ ਜਾਣੇ ਹਨ। ਇਨ੍ਹਾਂ ਮੋਬਾਈਲ ਫੋਨਾਂ ਦੀ ਖਰੀਦ ਲਈ 93 ਕਰੋੜ ਰੁਪਏ ਲੋੜੀਂਦੇ ਹਨ। ਉਦਯੋਗ ਵਿਭਾਗ ਨੂੰ ਇਨ੍ਹਾਂ ਦੀ ਖਰੀਦ ਦਾ ਜ਼ਿੰਮਾ ਦਿੱਤਾ ਗਿਆ ਹੈ ਜਿਨ੍ਹਾਂ ਦੇ ਅਦਾਰੇ ਇਨਫੋਟੈੱਕ ਵੱਲੋਂ ਖਰੀਦ ਪ੍ਰਬੰਧ ਦੇਖੇ ਜਾ ਰਹੇ ਹਨ ਜਿਸ ਲਈ 'ਸਟੇਟ ਕਾਰਜਕਾਰੀ ਕਮੇਟੀ' ਬਣਾਈ ਗਈ ਹੈ।

ਉਧਰ, ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਮੰਤਰੀ ਮੰਡਲ ਦੀ ਮੀਟਿੰਗ ਵਿਚ ਸਮਾਰਟ ਫੋਨਾਂ ਦੀ ਖਰੀਦ ਲਈ ਫੰਡਾਂ ਦਾ ਪ੍ਰਬੰਧ 'ਰਾਜ ਆਫਤ ਪ੍ਰਬੰਧਨ ਫੰਡ' ਵਿਚੋਂ ਕਰਨ ਦਾ ਮਾਮਲਾ ਵਿਚਾਰਿਆ ਗਿਆ ਸੀ ਪਰ ਨਿਯਮਾਂ ਅਨੁਸਾਰ ਇਹ ਫੰਡ ਦਿੱਤੇ ਨਹੀਂ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੁਣ ਵਿੱਤ ਵਿਭਾਗ ਨੂੰ ਫੰਡਾਂ ਬਾਰੇ ਮੁੜ ਲਿਖਿਆ ਗਿਆ ਹੈ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬਾ ਪੱਧਰ 'ਤੇ 92 ਕਰੋੜ ਦੀ ਲਾਗਤ ਵਾਲੀ 'ਪੰਜਾਬ ਸਮਾਰਟ ਕੁਨੈਕਟ ਸਕੀਮ' ਦਾ ਆਗਾਜ਼ ਕੀਤਾ। ਮੁੱਖ ਮੰਤਰੀ ਨੇ ਸੰਕੇਤਕ ਰੂਪ ਵਿਚ ਬਾਰ੍ਹਵੀਂ ਜਮਾਤ ਦੇ ਛੇ ਵਿਦਿਆਰਥੀਆਂ ਨੂੰ ਨਿੱਜੀ ਤੌਰ ਉਤੇ ਸਮਾਰਟ ਫੋਨ ਸੌਂਪੇ। ਪੰਜਾਬ ਭਰ ਵਿਚ 26 ਵੱਖ-ਵੱਖ ਥਾਵਾਂ 'ਤੇ ਮੰਤਰੀਆਂ, ਵਿਧਾਇਕਾਂ ਅਤੇ ਹੋਰਾਂ ਨੇ ਸਕੀਮ ਦੀ ਸ਼ੁਰੂਆਤ ਕਰਦਿਆਂ ਵਿਦਿਆਰਥੀਆਂ ਨੂੰ ਸਮਾਰਟ ਫੋਨ ਵੰਡੇ। ਇਸ ਸਕੀਮ ਤਹਿਤ ਸਾਲ 2017-18 ਦੇ ਸੂਬਾਈ ਬਜਟ ਵਿਚ 100 ਕਰੋੜ ਰੁਪਏ ਰੱਖੇ ਗਏ ਸਨ ਅਤੇ ਇਸ ਦੇ ਪਹਿਲੇ ਪੜਾਅ, ਜੋ ਨਵੰਬਰ 2020 ਤੱਕ ਮੁਕੰਮਲ ਹੋਵੇਗਾ, ਵਿਚ ਸਰਕਾਰੀ ਸਕੂਲਾਂ ਦੇ ਬਾਰ੍ਹਵੀਂ ਜਮਾਤ ਦੇ 1,74,015 ਵਿਦਿਆਰਥੀਆਂ ਨੂੰ ਵੱਡੀ ਸਹੂਲਤ ਹਾਸਲ ਹੋਵੇਗੀ।

ਇਨ੍ਹਾਂ ਵਿਦਿਆਰਥੀਆਂ ਵਿਚ 87,395 ਲੜਕੇ ਅਤੇ 86,620 ਲੜਕੀਆਂ ਹਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਹੋਰ ਪਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਅਤੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਹਨ। ਸਕੀਮ ਦੇ ਘੇਰੇ ਹੇਠ ਆਉਣ ਵਾਲੇ ਵਿਦਿਆਰਥੀਆਂ ਵਿਚ 36,555 ਲਾਭਪਾਤਰੀ ਓ.ਬੀ.ਸੀ., 94,832 ਐਸ.ਸੀ. ਅਤੇ 13 ਵਿਦਿਆਰਥੀ ਐਸ.ਟੀ. ਨਾਲ ਸਬੰਧਤ ਹਨ। ਵੱਡੀ ਗਿਣਤੀ ਵਿਚ ਵਿਦਿਆਰਥੀ ਪੇਂਡੂ ਇਲਾਕਿਆਂ ਤੋਂ ਹਨ, ਜਿਨ੍ਹਾਂ ਦੀ ਗਿਣਤੀ 1,11,857 ਹੈ ਅਤੇ ਬਾਕੀ ਸ਼ਹਿਰਾਂ ਦੇ ਸਰਕਾਰੀ ਸਕੂਲ ਨਾਲ ਸਬੰਧਤ ਹਨ।

# ਲਾਹੌਰ ਹਾਈਕੋਰਟ ਦੇ ਫੈਸਲੇ ਖਿਲਾਫ ਸਿੱਖ ਭਾਈਚਾਰੇ 'ਚ ਰੋਸ

**ਇਸਲਾਮਾਬਾਦ:** ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਸ੍ਰੀ ਤੰਬੂ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਭਗਵਾਨ ਸਿੰਘ ਦੀ ਧੀ ਜਗਜੀਤ ਕੌਰ ਨੂੰ ਲਾਹੌਰ ਹਾਈਕੋਰਟ ਵੱਲੋਂ ਆਪਣੇ ਮੁਸਲਿਮ ਪਤੀ ਨਾਲ ਰਹਿਣ ਦੀ ਮਨਜ਼ੂਰੀ ਦੇਣ 'ਤੇ ਪਾਕਿ ਸਿੱਖ ਭਾਈਚਾਰੇ ਨੇ ਅਦਾਲਤ ਦੇ ਫੈਸਲੇ 'ਤੇ ਭਾਰੀ ਰੋਸ ਜਤਾਇਆ ਹੈ।



ਪਾਕਿ ਸਿੱਖਾਂ ਨੇ ਆਪਣੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਉਹ ਅਦਾਲਤ ਦਾ ਸਨਮਾਨ ਕਰਦੇ ਹੋਏ ਭਾਵੇਂ ਕਿ ਜੱਜ ਚੌਧਰੀ ਸ਼ਹਰਾਮ ਸਰਵਰ ਦੇ ਫੈਸਲੇ ਨੂੰ ਜਨਤਕ ਤੌਰ ਉਤੇ ਗਲਤ ਨਹੀਂ ਦੱਸ ਸਕਦੇ ਪਰ ਇਸ ਫੈਸਲੇ ਨੂੰ ਅਸਿੱਧੇ ਤੌਰ 'ਤੇ ਘੱਟ-ਗਿਣਤੀ ਸਿੱਖ ਭਾਈਚਾਰੇ ਉਤੇ ਹਮਲਾ ਜ਼ਰੂਰ ਕਿਹਾ ਜਾ ਸਕਦਾ ਹੈ, ਜਿਸ ਨਾਲ ਭਵਿੱਖ 'ਚ ਪਾਕਿ ਵਿਚ ਸਿੱਖ ਪਰਿਵਾਰਾਂ ਦੀਆਂ ਨਾਬਾਲਗ ਲੜਕੀਆਂ ਨੂੰ ਅਗਵਾ ਕਰਵਾ ਕੇ ਧਰਮ ਪਰਿਵਰਤਨ ਦੇ ਮਾਮਲਿਆਂ 'ਚ ਤੇਜ਼ੀ ਆ ਸਕਦੀ ਹੈ।

ਪਾਕਿ ਸਿੱਖਾਂ ਅਨੁਸਾਰ ਮੁਹੰਮਦ ਅਹਿਸਾਨ ਪੁੱਤਰ ਜ਼ੁਲਫਿਕਾਰ ਅਲੀ ਖਾਨ ਨਿਵਾਸੀ ਸ੍ਰੀ ਨਨਕਾਣਾ ਸਾਹਿਬ ਨੇ ਪਿਛਲੇ ਵਰ੍ਹੇ 28 ਅਗਸਤ ਨੂੰ ਕਥਿਤ ਤੌਰ 'ਤੇ ਜਗਜੀਤ ਕੌਰ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਾਏ ਜਾਣ ਉਪਰੰਤ ਉਸ ਨਾਲ ਨਿਕਾਹ ਕਰਵਾਇਆ ਸੀ। ਜਗਜੀਤ ਕੌਰ ਦੇ ਭਰਾ ਮਨਮੋਹਨ ਸਿੰਘ ਨੇ ਦੋਸ਼ ਲਗਾਇਆ ਹੈ ਕਿ ਉਸ ਵੱਲੋਂ ਅਦਾਲਤ 'ਚ ਜਗਜੀਤ ਕੌਰ ਦਾ ਜੋ ਪ੍ਰਮਾਣਿਤ ਜਨਮ ਪ੍ਰਮਾਣ ਪੱਤਰ ਪੇਸ਼ ਕੀਤਾ ਗਿਆ ਸੀ, ਉਸ ਅਨੁਸਾਰ ਨਿਕਾਹ ਸਮੇਂ ਉਸ ਦੀ ਭੈਣ ਨਾਬਾਲਗ ਸੀ, ਜਿਸ ਕਾਰਨ ਉਸ ਦੇ ਨਿਕਾਹ ਨੂੰ ਪਾਕਿਸਤਾਨੀ ਕਾਨੂੰਨ ਮੁਤਾਬਕ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਪਾਕਿ ਸਿੱਖ ਭਾਈਚਾਰੇ ਅਨੁਸਾਰ ਜਗਜੀਤ ਕੌਰ ਦੇ ਮਾਮਲੇ ਤੋਂ ਬਾਅਦ ਇਕ ਨਾਬਾਲਿਗ ਸਿੱਖ ਲੜਕੀ ਸਲਮੀਤ ਕੌਰ ਸੂਬਾ ਬਲੋਚਿਸਤਾਨ ਦੇ ਗੁਰਦੁਆਰਾ ਬਾਬਾ ਸ੍ਰੀ ਚੰਦ''ਚੋਂ ਅਤੇ ਇਕ ਸੂਬਾ ਸਿੰਧ 'ਚੋਂ ਵੀ ਅਗਵਾ ਕੀਤੀ ਗਈ, ਜਿਨ੍ਹਾਂ ਨੂੰ ਅਜੇ ਤੱਕ ਉਨ੍ਹਾਂ ਦੇ ਵਾਰਸਾਂ ਦੇ ਹਵਾਲੇ ਨਹੀਂ ਕੀਤਾ ਗਿਆ ਹੈ।

## ਔਜਲਾ ਨੇ ਇਮਰਾਨ ਖਾਨ ਨੂੰ ਪੱਤਰ ਲਿਖਿਆ

**ਅੰਮ੍ਰਿਤਸਰ:** ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਇਕ ਪੱਤਰ ਲਿਖ ਕੇ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਦੀ ਧੀ ਜਗਜੀਤ ਕੌਰ (ਆਇਸ਼ਾ) ਨੂੰ ਇਨਸਾਫ ਦੇਣ ਦੀ ਮੰਗ ਕੀਤੀ ਹੈ। ਪੱਤਰ ਵਿਚ ਸ੍ਰੀ ਔਜਲਾ ਨੇ ਇਮਰਾਨ ਖਾਨ ਨੂੰ ਜਗਜੀਤ ਕੌਰ ਨਾਲ ਹੋਈ ਬੇਇਨਸਾਫੀ ਅਤੇ ਤਸ਼ੱਦਦ ਦੀ ਕਹਾਣੀ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਸਿੱਖ ਵਰਗ ਦੇ ਨੇੜੇ ਸਮਝਿਆ ਜਾਂਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਪਾਕਿਸਤਾਨ ਵਿਚ ਸਿੱਖ ਲੜਕੀ ਜਗਜੀਤ ਕੌਰ ਨੂੰ ਘੱਟ ਗਿਣਤੀ ਹੋਣ ਕਾਰਨ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਗਜੀਤ ਕੌਰ ਨੂੰ ਸਿੱਖ ਕੁੜੀ ਨੂੰ ਅਗਵਾ ਕਰਕੇ ਉਸ ਦਾ ਧਰਮ ਪਰਿਵਰਤਨ ਕਰਨ ਤੋਂ ਬਾਅਦ ਉਸ ਨੂੰ ਅਦਾਲਤ ਵੱਲੋਂ ਉਸ ਦੇ ਕਥਿਤ ਪਤੀ ਨਾਲ ਰਹਿਣ ਦਾ ਹੁਕਮ ਜਾਰੀ ਕੀਤਾ ਗਿਆ ਹੈ।

# 'ਗੋਬਿੰਦ ਰਾਮਾਇਣ' ਬਾਰੇ ਮੋਦੀ ਨੂੰ ਘੇਰਾ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਦਰਬਾਰ ਸਾਹਿਬ ਸਮੂਹ 'ਚੋਂ ਗੁਰਮਤਾ ਜਾਰੀ ਕਰਦਿਆਂ ਵਿਵਾਦਤ ਬਿਆਨਾਂ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਾਂ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇ ਮੋਦੀ ਨੇ ਮੁਆਫੀ ਨਾ ਮੰਗੀ ਤਾਂ ਉਹ ਕੇਸ ਦਰਜ ਕਰਵਾਉਣਗੇ। ਇਸ ਤੋਂ ਇਲਾਵਾ ਉਨ੍ਹਾਂ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਕੋਲੋਂ ਵੀ ਸਪੱਸ਼ਟੀਕਰਨ ਮੰਗਿਆ ਹੈ।

ਰਾਮ ਮੰਦਰ ਦੀ ਉਸਾਰੀ ਲਈ ਭੂਮੀ ਪੂਜਨ ਸਮਾਗਮ ਮੌਕੇ ਪ੍ਰਧਾਨ ਮੰਤਰੀ ਨੇ ਆਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਗੋਬਿੰਦ ਰਾਮਾਇਣ ਲਿਖੀ ਸੀ। ਇਸੇ ਸਮਾਗਮ ਸਮੇਂ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨੂੰ ਲਵ-ਕੁਸ਼ ਦੇ ਵੰਸ਼ਜ ਕਰਾਰ ਦਿੱਤਾ ਸੀ। ਇਨ੍ਹਾਂ ਵਿਵਾਦਤ ਬਿਆਨਾਂ ਦੇ ਮਾਮਲੇ ਵਿਚ ਫਿਲਹਾਲ ਪ੍ਰਮੁੱਖ ਸਿੱਖ ਸੰਸਥਾਵਾਂ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਆਦਿ ਨੇ ਚੁੱਪ ਵੱਟੀ ਹੋਈ ਹੈ।

ਦਰਬਾਰ ਸਾਹਿਬ ਅਤੇ ਅਕਾਲ ਤਖਤ ਵਿਖੇ ਮੱਥਾ ਟੇਕਣ ਮਗਰੋਂ ਜਥੇਦਾਰ ਮੰਡ ਨੇ ਆਪਣੇ ਚਾਰ ਹੋਰ ਸਾਥੀਆਂ ਭਾਈ ਹਰਬੰਸ ਸਿੰਘ ਜੈਨਪੁਰ, ਭਾਈ ਰਾਜਾ ਰਾਜ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਨਛੱਤਰ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਵਜੋਂ ਇਕ ਗੁਰਮਤਾ ਪਾਸ ਕੀਤਾ। ਇਸ ਗੁਰਮਤੇ ਰਾਹੀਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਅਤੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਦਿੱਤੇ ਗਏ ਵਿਵਾਦਤ ਬਿਆਨਾਂ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਲਵ-ਕੁਸ਼ ਦੇ ਵੰਸ਼ਜ਼ ਦੱਸੇ ਜਾਣ ਉਤੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਆਦੇਸ਼ ਦਿੱਤਾ ਕਿ ਉਹ ਅਕਾਲ ਤਖ਼ਤ 'ਚ ਪੇਸ਼ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ। ਉਨ੍ਹਾਂ ਕਿਹਾ ਕਿ ਰਾਮ ਮੰਦਰ ਦੇ ਨੀਂਹ ਪੱਥਰ ਸਮਾਗਮ ਸਮੇਂ ਉਨ੍ਹਾਂ ਨੇ ਸਿੱਖ ਗੁਰੂਆਂ ਨੂੰ ਲਵ-ਕੁਸ਼ ਦੇ ਵੰਸ਼ਜ ਦਸ ਕੇ ਗੁਰੂ ਸਾਹਿਬਾਨ ਅਤੇ ਸਿੱਖ ਕੌਮ ਦਾ ਨਿਰਾਦਰ ਕੀਤਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੋਬਿੰਦ ਰਾਮਾਇਣ ਬਾਰੇ ਦਿੱਤੇ ਬਿਆਨ ਸਬੰਧੀ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ 15 ਦਿਨਾਂ ਦੇ ਅੰਦਰ ਆਪਣਾ ਬਿਆਨ ਵਾਪਸ ਲੈਣ ਅਤੇ ਸਿੱਖ ਕੌਮ ਕੋਲੋਂ ਮੁਆਫੀ ਮੰਗਣ। ਜੇਕਰ ਅਜਿਹਾ ਨਾ ਕੀਤਾ ਤਾਂ ਉਹ ਮੁੜ ਗੁਰਮਤਾ ਜਾਰੀ ਕਰਕੇ ਸਿੱਖ ਸੰਗਤ ਨੂੰ ਅਪੀਲ ਕਰਨਗੇ ਕਿ ਭਾਰਤੀ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਨਰਿੰਦਰ ਮੋਦੀ ਖਿਲਾਫ ਆਈ.ਪੀ.ਸੀ. ਦੀ ਧਾਰਾ 295-ਏ ਤਹਿਤ ਕੇਸ ਦਰਜ ਕਰਵਾਇਆ ਜਾਵੇ।

# ਬਲਜੀਤ ਸਿੰਘ ਦਾਦੂਵਾਲ ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ

**ਗੂਹਲਾ ਚੀਕਾ:** ਜਥੇਦਾਰ ਬਲਜੀਤ ਸਿੰਘ ਦਾਦੂਵਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣ ਗਏ ਹਨ ਜਦਕਿ ਜਸਬੀਰ ਸਿੰਘ ਖਾਲਸਾ ਦੋਸੜਕਾਂ 17 ਵੋਟਾਂ ਲੈ ਕੇ ਹਾਰ ਗਏ। ਚੋਣ ਭਾਵੇਂ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਕੀਤੇ ਗਏ ਪੁਖਤਾ ਬੰਦੋਬਸਤ 'ਚ ਕੁਝ ਸਮੇਂ ਲਈ ਰੁਕ ਗਈ ਸੀ ਕਿਉਂਕਿ ਜਥੇਦਾਰ ਦਾਦੂਵਾਲ ਨੇ ਚੋਣ ਅਧਿਕਾਰੀ 'ਤੇ ਫਰਜ਼ੀ ਵੋਟਾਂ ਪਾਉਣ ਦੇ ਦੋਸ਼ ਲਗਾ ਦਿੱਤੇ ਸੀ, ਇਸ ਉਪਰੰਤ ਗੂਹਲਾ ਪ੍ਰਸ਼ਾਸਨ ਨੇ ਵੱਡੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਚੋਣ ਫਿਰ ਤੋਂ ਸ਼ੁਰੂ ਕਰਵਾ ਦਿੱਤੀ ਸੀ। ਵੋਟਾਂ ਪੈਣ ਤੋਂ ਬਾਅਦ ਜਿਵੇਂ ਹੀ ਚੋਣ ਅਧਿਕਾਰੀ ਨੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਦਾ ਨਾਂ ਐਲਾਨਿਆ ਤਾਂ ਦਾਦੂਵਾਲ ਦੇ ਸਮਰਥਕਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾਉਣੇ ਸ਼ੁਰੂ ਕਰ ਦਿੱਤੇ। ਜਿੱਤ ਤੋਂ ਬਾਅਦ ਦਾਦੂਵਾਲ ਨੇ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ 'ਤੇ ਦਾਦੂਵਾਲ ਨੇ ਜਿਥੇ ਸੰਗਤ, ਵੋਟਰਾਂ, ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਤੇ ਪ੍ਰੈੱਸ ਦਾ ਧੰਨਵਾਦ ਕੀਤਾ, ਉਥੇ ਇਹ ਵੀ ਕਿਹਾ ਕਿ ਉਹ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਪੂਰੀ ਮਿਹਨਤ ਕਰਨਗੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵਿਖੇ ਚੱਲ ਰਹੇ ਕੇਸ ਦੀ ਵੀ ਪੂਰੀ ਪੈਰਵਾਈ ਕੀਤੀ ਜਾਵੇਗੀ।



ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੈਟਿਕ ਦੇ ਸੀਨੀਅਰ ਆਗੂ ਤੇ ਸਰਬੱਤ ਖਾਲਸਾ ਦੇ ਮੁੱਖ ਪ੍ਰਬੰਧਕ ਰਹੇ ਭਾਈ ਮੋਹਕਮ ਸਿੰਘ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਬਾਬਾ ਬਲਜੀਤ ਸਿੰਘ ਦਾਦੂਵਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਰਿਆਣਾ ਕਮੇਟੀ ਦੀਆਂ ਚੋਣਾਂ ਜਿੱਤ ਕੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦਾ ਸੈਮੀਫਾਈਨਲ ਜਿੱਤ ਲਿਆ ਹੈ ਤੇ ਸ਼੍ਰੋਮਣੀ ਕਮੇਟੀ ਦਾ ਫਾਈਨਲ ਵੀ ਉਹ ਬੜੀ ਸ਼ਾਨ ਨਾਲ ਜਿੱਤਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਬਾਦਲ ਦਲ ਹਾਰਿਆ ਹੈ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਈਆਂ ਚੋਣਾਂ ਵਿਚ ਬਾਬਾ ਬਲਜੀਤ ਸਿੰਘ ਦਾਦੂਵਾਲ ਦਾ ਮੁਕਾਬਲਾ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਧੜੇ ਦੇ ਉਮੀਦਵਾਰ ਜਸਬੀਰ ਸਿੰਘ ਖਾਲਸਾ ਨਾਲ ਸੀ ਤੇ ਬਾਬਾ ਦਾਦੂਵਾਲ 19 ਵੋਟਾਂ ਲੈ ਕੇ ਜੇਤੂ ਰਹੇ ਜਦ ਕਿ ਖਾਲਸਾ ਨੂੰ 17 ਵੋਟਾਂ ਮਿਲੀਆਂ।




The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!

ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!

Did you enter the U.S. without a visa?

ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?

Do you have family members outside the U.S.?

ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?

Does your application keep getting denied?

ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

We are experienced in.

- Deportation Defense
- VAWA
- Asylum
- Work Permit
- Family and Marriage Based
- Investor Visa (H1B, E-2, EB-5)
- SIJS (Special Immigration Juvenile Status)

Come talk to an experienced immigration attorany. Call to schedule an appointment today

ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken

•English •Hindi •Punjabi •Urdu •Spanish •French •Arabic •Chinese

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.

Ph: 317-252-0013

info@vitalvisa.com

*This is an attorney advertisement*



SERVING

Wisconsin & Illinois State

Residential or Commercial

Buying, Selling, Renting or Investing

Buy thru us Get Best Service + Thousands of Dollars cash back.

Buying: Have access to more than 60 websites to find your dream home or future investment!

New constructions homes-Get 60% cash back.

Affordable Listing Commission.

Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!



For the best deal call:

Jesse Singh (e-PRO, SFR , CIAS)

Broker/Realtor

Cell: 847-606-3664

Email: jsingh@remax.net

Web Site: jsingh.illinoisproperty.com

12 years experience (Full time service)

Sold: #780 Homes and #82 Commercials.

RE/MAX COMMERCIAL · RE/MAX PLATINUM CLUB · e-PRO REALTOR · SFR SHORT SALES & FORECLOSURE RESOURCE · CIAS Certified Investor Agent Specialist

# ਭੁੱਖੇ ਢਿੱਡਾਂ ਨੂੰ ਜਸ਼ਨਾਂ ਦੇ ਢੋਲ-ਢਮੱਕੇ ਨਹੀਂ, ਰੋਟੀ ਦੀ ਉਡੀਕ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਆਪਣੀ ਆਜ਼ਾਦੀ ਦੇ 73 ਸਾਲ ਗੁਜ਼ਾਰ ਚੁਕਾ ਹੈ। ਇਹ ਆਬਾਦੀ ਪੱਖੋਂ ਤਾਂ ਸਭ ਤੋਂ ਵੱਡਾ ਲੋਕਤੰਤਰ ਹੈ, ਅਮਲਾਂ ਦੇ ਪੱਖ ਤੋਂ ਸਭ ਤੋਂ ਵੱਡਾ ਬਣਨ ਵਿਚ ਅਜੇ ਵੀ ਸਫਲ ਨਹੀਂ ਹੋ ਸਕਿਆ।

ਅਸੀਂ ਇਹ ਗੱਲ ਨਹੀਂ ਕਹਿੰਦੇ ਕਿ ਇਸ ਨੇ ਆਜ਼ਾਦੀ ਮਿਲਣ ਦੀ ਘੜੀ ਤੋਂ ਕੁਝ ਕੀਤਾ ਹੀ ਨਹੀਂ, ਸਗੋਂ ਸਪੱਸ਼ਟ ਕਹਿਣਾ ਚਾਹੀਦਾ ਹੈ ਅਤੇ ਕਹਿਣਾ ਵੀ ਪੈਂਦਾ ਹੈ ਕਿ ਬਹੁਤ ਕੁਝ ਕੀਤਾ ਹੈ, ਪਰ ਜਿੰਨਾ ਕੁਝ ਕੀਤਾ ਜਾਣਾ ਚਾਹੀਦਾ ਸੀ ਜਾਂ ਕੀਤਾ ਜਾ ਸਕਦਾ ਸੀ, ਉਹ ਅਜੇ ਤੱਕ ਨਹੀਂ ਕੀਤਾ ਗਿਆ। ਆਜ਼ਾਦੀ ਮਿਲਣ ਵੇਲੇ ਭਾਰਤ ਦੀ ਆਬਾਦੀ 34 ਕਰੋੜ ਦੇ ਨੇੜੇ ਸੀ, ਚਾਰ ਸਾਲਾਂ ਪਿਛੋਂ ਪਹਿਲੀ ਮਰਦਮ ਸ਼ੁਮਾਰੀ ਵੇਲੇ 36 ਕਰੋੜ ਤੋਂ ਟੱਪ ਗਈ। ਵੀਹ ਸਾਲਾਂ ਪਿਛੋਂ 54 ਕਰੋੜ ਹੋ ਕੇ ਚਾਲੀ ਸਾਲਾਂ ਤੱਕ ਇਹ ਚੁਰਾਸੀ ਕਰੋੜ ਤੇ ਸੱਠ ਸਾਲਾਂ ਤੱਕ ਇੱਕ ਸੌ ਇੱਕੀ ਕਰੋੜ ਹੋ ਗਈ ਸੀ।

ਦੇਸ਼ ਦੀ ਸਰਕਾਰ ਇਸ ਦੀ ਆਬਾਦੀ ਅੱਜ ਕੱਲ੍ਹ ਕਦੀ ਇੱਕ ਸੌ ਪੈਂਤੀ ਕਰੋੜ ਤੇ ਕਦੀ ਉਸ ਨਾਲੋਂ ਵੱਧ ਦੱਸਦੀ ਹੈ। ਪ੍ਰਧਾਨ ਮੰਤਰੀ ਇਸ ਦੇਸ਼ ਦੀ ਆਬਾਦੀ ਇੱਕ ਸੌ ਤੀਹ ਕਰੋੜ ਦੱਸੀ ਜਾਂਦਾ ਹੈ। ਪੈਂਤੀ-ਛੱਤੀ ਕਰੋੜ ਦੀ ਆਬਾਦੀ ਵੇਲੇ ਇਸ ਦੇਸ਼ ਵਿਚ ਅਨਾਜ ਘੱਟ ਹੁੰਦਾ ਸੀ ਤੇ ਸਰਕਾਰ ਖੇਤੀ ਪੈਦਾਵਾਰ ਵਧਾਉਣ ਲਈ ਕਿਸਾਨਾਂ ਨੂੰ ਹੱਲਾਸ਼ੇਰੀ ਦਿੰਦੀ ਸੀ, ਅੱਜ ਅਨਾਜ ਗੋਦਾਮਾਂ ਅਤੇ ਹੋਰ ਥਾਂਵਾਂ ਉਤੇ ਨੰਗਾ ਪਿਆ ਖਰਾਬ ਹੁੰਦਾ ਹੈ, ਕੋਈ ਸੰਭਾਲਣ ਵਾਲਾ ਨਹੀਂ, ਪਰ ਲੋਕ ਅਜੇ ਤੱਕ ਕਈ ਰਾਜਾਂ ਵਿਚ ਅਨਾਜ ਦੇ ਦਾਣੇ-ਦਾਣੇ ਨੂੰ ਤਰਸਦੇ ਹਨ। ਕਾਣੀ ਵੰਡ ਨਹੀਂ ਰੋਕੀ ਗਈ, ਉਲਟਾ ਵਧਦੀ ਗਈ ਤੇ ਸਟੋਰਾਂ ਵਿਚ ਅਨਾਜ ਪਿਆ ਰੱਖ ਕੇ ਬਾਜ਼ਾਰ ਵਿਚ ਨਕਲੀ ਥੁੜ੍ਹ ਪੈਦਾ ਕਰਨ ਪਿੱਛੋਂ ਮਹਿੰਗੇ ਭਾਅ ਵੇਚਣ ਦੀ ਬਿਮਾਰੀ ਇਸ ਦੇਸ਼ ਦੇ ਲੋਕਾਂ ਲਈ ਮੌਤ ਦਾ ਫੰਦਾ ਅਜੇ ਵੀ ਬਣੀ ਪਈ ਹੈ। ਕਿਸਾਨ ਅਨਾਜ ਪੈਦਾ ਕਰਦਾ ਹੈ, ਪਰ ਉਸ ਦੀ ਫਸਲ ਦਾ ਪੂਰਾ ਭਾਅ ਦੇਣ ਲਈ ਕਿਸੇ ਰੰਗ ਦੀ ਸਰਕਾਰ ਵੀ ਤਿਆਰ ਨਹੀਂ, ਇਸ ਦੀ ਥਾਂ ਅੰਕੜਿਆਂ ਦੀ ਜਾਦੂਗਰੀ ਕਰ ਕੇ ਉਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਤੇਰੀ ਫਸਲ ਦੀ ਤਾਂ ਲੋੜ ਹੀ ਨਹੀਂ, ਸਰਕਾਰ ਐਵੇਂ ਲਿਹਾਜ ਕਰ ਕੇ ਤੈਨੂੰ ਥੋੜ੍ਹਾ-ਬਹੁਤ ਭਾਅ ਦੇ ਰਹੀ ਹੈ।





ਸਨਅਤੀ ਪਹੀਆ ਗੇੜਨ ਵਾਲਾ ਮਜ਼ਦੂਰ ਮੱਧ ਯੁੱਗ ਦੀ ਗੁਲਾਮੀ ਵਾਲੀ ਹਾਲਤ ਵਿਚ ਕੰਮ ਕਰਦਾ ਹੈ ਤੇ ਉਸ ਦੀ ਇਹ ਤਸਵੀਰ ਕਰੋਨਾ ਦੇ ਪਹਿਲੇ ਹੱਲੇ ਵਿਚ ਹੀ ਸਾਹਮਣੇ ਆ ਗਈ ਸੀ, ਜਦੋਂ ਨਾ ਸਨਅਤਕਾਰਾਂ ਨੇ ਫਰਜ਼ ਸਮਝਦਿਆਂ ਉਨ੍ਹਾਂ ਨੂੰ ਜ਼ਿੰਦਾ ਰਹਿਣ ਲਈ ਲੋੜ ਜੋਗਾ ਕੁਝ ਦਿੱਤਾ ਅਤੇ ਨਾ ਸਰਕਾਰਾਂ ਨੇ ਬਾਂਹ ਫੜੀ ਸੀ। ਇਸੇ ਲਈ ਮਜ਼ਦੂਰ ਪਰਿਵਾਰਾਂ ਸਮੇਤ ਪੰਜਾਬ ਤੋਂ ਵੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਖੁਸ਼ਹਾਲ ਕਹੇ ਜਾਂਦੇ ਗੁਜਰਾਤ ਤੋਂ ਇੱਕ-ਇੱਕ ਹਜ਼ਾਰ ਕਿਲੋਮੀਟਰ ਪੈਦਲ ਤੁਰ ਕੇ ਰਾਹ ਵਿਚ ਸੌ ਮੁਸੀਬਤਾਂ ਭੋਗਦੇ ਹੋਏ ਮੱਧ ਭਾਰਤ ਦੇ ਰਾਜਾਂ ਵਿਚ ਆਪਣੇ ਘਰੀਂ ਪਹੁੰਚੇ ਸਨ। ਜਦੋਂ ਮਜ਼ਦੂਰ ਪੈਦਲ ਜਾ ਰਹੇ ਸਨ ਤਾਂ ਕਿਸੇ ਨੇ ਬਾਂਹ ਨਹੀਂ ਸੀ ਫੜੀ ਤੇ ਜਦੋਂ ਸਰਕਾਰ ਨੇ ਕਾਰਖਾਨੇ ਚਲਾਉਣ ਦੀ ਖੁੱਲ੍ਹ ਦੇ ਦਿੱਤੀ ਸੀ ਤਾਂ ਸਨਅਤਾਂ ਚਲਾ ਕੇ ਇਨ੍ਹਾਂ ਤੋਂ ਪੈਸਾ ਕਮਾਉਣ ਦੇ ਚਾਹਵਾਨਾਂ ਨੇ ਉਨ੍ਹਾਂ ਹੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਹਵਾਈ ਜਹਾਜਾਂ ਉ ਤੇ ਵਾਪਸ ਲਿਆਂਦਾ ਹੈ। ਦੁਨੀਆਂ ਭਰ ਵਿਚ ਕਰੋਨਾ ਦੀ ਮੁਸੀਬਤ ਆਈ ਹੈ, ਪਰ ਜਿਹੜੇ ਹਾਲ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾਉਣ ਵਾਲੇ ਭਾਰਤ ਦੇ ਲੋਕਾਂ ਨੇ ਵੇਖਿਆ ਹੈ, ਇਹ ਹਾਲਾਤ ਸੰਸਾਰ ਦੇ ਕਿਸੇ ਵੀ ਦੇਸ਼ ਦੇ ਲੋਕਾਂ ਨੂੰ ਹੰਢਾਉਣੇ ਨਹੀਂ ਪਏ ਹੋਣਗੇ। ਦੱਸਿਆ ਜਾ ਰਿਹਾ ਹੈ ਕਿ ਕਰੋਨਾ ਦੇ ਕਹਿਰ ਦੌਰਾਨ ਵੀ ਭਾਰਤ ਵਿਚ ਵਿਦੇਸ਼ੀ ਪੂੰਜੀ ਆਉਂਦੀ ਰਹੀ ਹੈ, ਸਰਕਾਰ ਨੇ ਆਰਥਕਤਾ ਸੰਭਾਲੀ ਰੱਖੀ ਹੈ, ਪਰ ਜਦੋਂ ਦੇਸ਼ ਦੀ ਜੜ੍ਹ ਕਹੇ ਜਾਂਦੇ ਲੋਕਾਂ ਨੂੰ ਕੁਝ ਨਹੀਂ ਮਿਲਿਆ ਤਾਂ 'ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ' ਵਾਲੀ ਗੱਲ ਕਹੀ ਜਾਣੀ ਹੈ।

ਆਜ਼ਾਦੀ ਮਿਲਣ ਵੇਲੇ ਦੇਸ਼ ਦੇ ਬਹੁਤੇ ਲੋਕ ਕੱਚੇ ਘਰਾਂ ਵਿਚ ਰਹਿੰਦੇ ਸਨ, ਅਸੀਂ ਵੀ ਕੱਚੇ ਘਰਾਂ ਵਿਚ ਪੈਦਾ ਹੋਈ ਪੀੜ੍ਹੀ ਵਿਚੋਂ ਹਾਂ, ਅੱਜ ਕਿਸੇ ਵਿਰਲੇ ਦਾ ਘਰ ਕੱਚਾ ਹੋਵੇਗਾ, ਪਰ ਦੂਜੇ ਪਾਸੇ ਹਰ ਛੋਟੇ-ਵੱਡੇ ਸ਼ਹਿਰ ਦੇ ਅੰਦਰ-ਬਾਹਰ ਬਣੀਆਂ ਝੁੱਗੀਆਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਉਨ੍ਹਾਂ ਕੋਲ ਜਦੋਂ ਘਰ ਹੀ ਨਹੀਂ ਤਾਂ ਬਾਥਰੂਮ ਤੇ ਹੋਰ ਸਹੂਲਤਾਂ ਵੀ ਕਿੱਥੋਂ ਹੋਣੀਆਂ ਹਨ, ਪਰ ਸਵੱਛ ਭਾਰਤ ਦੇ ਪ੍ਰਚਾਰ ਵਿਚ ਲੱਗੀ ਹੋਈ ਦੇਸ਼ ਦੀ ਸਰਕਾਰ ਉਨ੍ਹਾਂ ਵੱਲ ਝਾਕੇ ਬਿਨਾ ਸਾਰੀ ਦੂਨੀਆਂ ਨੂੰ ਇਹ ਦੱਸਣ ਲੱਗੀ ਹੋਈ ਹੈ ਕਿ ਅਸੀਂ ਸਭ ਤੋਂ ਹੇਠਲੇ ਪੱਧਰ ਤੱਕ ਦੇ ਲੋਕਾਂ ਦਾ ਏਨਾ ਵਿਕਾਸ ਕਰ ਚੁਕੇ ਹਾਂ ਕਿ ਲੋਕ ਸੰਤੁਸ਼ਟ ਹਨ। ਦੂਜੇ ਦੇਸ਼ਾਂ ਦੇ ਜਿਨ੍ਹਾਂ ਲੋਕਾਂ ਨੂੰ ਚਾਰ-ਚਾਰ ਮਹੀਨੇ ਤੋਂ ਕੰਮ ਨਹੀਂ ਮਿਲਿਆ, ਉਨ੍ਹਾਂ ਦੇਸ਼ਾਂ ਦੇ ਰਾਜ ਕਰਤੇ ਜਿਸ ਤਰ੍ਹਾਂ ਭੱਤੇ ਵੰਡ ਰਹੇ ਹਨ, ਭਾਰਤ ਵਿਚ ਓਦਾਂ ਨਹੀਂ ਵੰਡੇ ਗਏ, ਸਿਰਫ ਊਠ ਦੇ ਮੂੰਹ ਵਿਚ ਜ਼ੀਰਾ ਦੇਣ ਜੋਗੀ ਮਦਦ ਕੀਤੀ ਗਈ ਹੈ ਤੇ ਬਾਕੀ ਕੰਮ ਸਮਾਜ ਸੇਵੀ ਸੰਸਥਾਵਾਂ ਦੇ ਜ਼ਿੰਮੇ ਛੱਡ ਦਿੱਤਾ ਗਿਆ। ਸਮਾਜ ਸੇਵੀਆਂ ਦੇ ਵੀ ਸਾਰੇ ਗਰੁੱਪ ਨਿਰ-ਸੁਆਰਥ ਸੇਵਾ ਕਰਨ ਵਾਲੇ ਨਹੀਂ, ਕਈਆਂ ਨੇ ਇਸ ਦੌਰਾਨ ਸੇਵਾ ਕੀਤੀ ਅਤੇ ਕਈ ਹੋਰ ਇਸ ਦੌਰ ਵਿਚੋਂ ਵੀ ਕਮਾਈਆਂ ਕਰਦੇ ਰਹੇ ਹਨ। ਇਹ ਸਭ ਸਰਕਾਰੀ ਮਸ਼ੀਨਰੀ ਦੀ ਮਿਲੀਭੁਗਤ ਨਾਲ ਹੁੰਦਾ ਹੈ ਤੇ ਜਿਨ੍ਹਾਂ ਦੀ ਜ਼ਿੰਮੇਵਾਰੀ ਇਹ ਭ੍ਰਿਸ਼ਟਾਚਾਰ ਰੋਕਣ ਦੀ ਹੈ, ਉਹ ਇਸ ਦੌਰ ਵਿਚ ਵੀ ਸਿਰੇ ਦੀਆਂ ਬਦਨਾਮ ਸੰਸਥਾਵਾਂ ਦੇ ਰਾਹਤ ਵੰਡਣ ਦੇ ਖੇਖਣ ਕਰਦੇ ਸਮਾਗਮਾਂ ਵਿਚ ਜਾਂਦੇ ਅਤੇ ਫੋਟੋ ਖਿਚਵਾਉਂਦੇ ਰਹੇ ਹਨ। ਇਨ੍ਹਾਂ ਵਿਚ ਕਿਸੇ ਇੱਕ ਪਾਰਟੀ ਜਾਂ ਰਾਜਨੀਤੀ ਦੇ ਆਗੂ ਨਹੀਂ, ਲਗਭਗ ਹਰ ਉਸ ਪਾਰਟੀ ਦੇ ਲੀਡਰ ਇਹੋ ਕਰਦੇ ਰਹੇ ਹਨ, ਜੋ ਰਾਜ ਕਰਦੀ ਹੈ, ਕਰ ਚੁਕੀ ਹੈ ਜਾਂ ਉਸ ਦੀ ਅੱਖ ਕਿਸੇ ਰਾਜ ਵਿਚ ਅਗਲੀ ਵਾਰ ਦੀਆਂ ਚੋਣਾਂ ਉੱਤੇ ਹੈ। ਲੋਕ ਸਭ ਜਾਣਦਿਆਂ ਵੀ ਚੁੱਪ ਰਹਿੰਦੇ ਹਨ।

ਅੱਜ ਜਦੋਂ ਇਹ ਦੇਸ਼ ਆਜ਼ਾਦ ਹੋਂਦ ਦੇ 73 ਸਾਲ ਗੁਜ਼ਾਰ ਚੁਕਾ ਹੈ, ਸਿਰਫ ਭਾਸ਼ਣਾਂ ਵਿਚ ਉਨ੍ਹਾਂ ਸੰਗਰਾਮੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਫਾਂਸੀ ਦੇ ਰੱਸੇ ਚੁੰਮੇ ਅਤੇ ਜੇਲ੍ਹਾਂ ਵਿਚ ਜ਼ਿੰਦਗੀਆਂ ਗਾਲੀਆਂ ਸਨ, ਇਸ ਤੋਂ ਬਿਨਾ ਉਨ੍ਹਾਂ ਦਾ ਚੇਤਾ ਨਹੀਂ ਕੀਤਾ ਜਾਂਦਾ। ਦੇਸ਼ ਦੇ ਲੋਕਾਂ ਦਾ ਧਿਆਨ ਇਨ੍ਹਾਂ ਹਕੀਕਤਾਂ ਵੱਲ ਜਾਣੋਂ ਰੋਕਣ ਲਈ ਕਿਧਰੇ ਮੰਦਿਰ-ਮਸਜਿਦ ਦਾ ਰੌਲਾ ਪਵਾ ਦਿੱਤਾ ਜਾਂਦਾ ਤੇ ਕਦੇ ਕਿਤੇ ਹਿੰਦੂ-ਸਿੱਖ ਦਾ ਮੁੱਦਾ ਬਣਾਇਆ ਜਾਂਦਾ ਹੈ। ਜਿਸ ਦੇਸ਼ ਵਿਚ ਲੋਕ ਏਦਾਂ ਦੇ ਮੁੱਦੇ ਉੱਤੇ ਰੁੱਝੇ ਰੱਖੇ ਜਾ ਸਕਦੇ ਹਨ, ਉਸ ਦੇਸ਼ ਵਿਚ ਕੁਝ ਕਰਨ ਦੀ ਲੋੜ ਸਰਕਾਰਾਂ ਨੂੰ ਨਹੀਂ। ਇਹੋ ਕਾਰਨ ਹੈ ਕਿ ਲੋਕਾਂ ਦੀ ਸੂਝ ਦਾ ਪੱਧਰ ਉੱਚਾ ਨਹੀਂ ਚੁੱਕਿਆ ਜਾਂਦਾ। ਉਨ੍ਹਾਂ ਨੂੰ ਕੰਪਿਊਟਰ ਅਤੇ ਹਰ ਕਿਸਮ ਦੀ ਉਹ ਹੀ ਤਕਨੀਕ ਸਿਖਾਈ ਜਾਂਦੀ ਹੈ, ਜੋ ਇਸ ਵੇਲੇ ਦੁਨੀਆਂ ਭਰ ਵਿਚ ਛਾ ਚੁਕੀ ਹੈ ਤੇ ਜਿਸ ਤਕਨੀਕ ਦੇ ਨਾਲ ਜੁੜਿਆ ਮਾਲ ਵੇਚਣ ਲਈ ਲੋਕਾਂ ਕੋਲ ਓਨਾ ਕੁ ਗਿਆਨ ਹੋਣਾ ਜ਼ਰੂਰੀ ਹੈ, ਪਰ ਜੋ ਸੂਝ ਨਿੱਤ ਦਿਨ ਹੁੰਦੇ ਧੋਖੇ ਸਮਝਣ ਜੋਗੇ ਕਰ ਸਕਦੀ ਹੋਵੇ, ਉਹ ਨਹੀਂ ਦਿੱਤੀ ਜਾਂਦੀ। ਜਦੋਂ ਤੱਕ ਭਾਰਤ ਦੇ ਲੋਕਾਂ ਨੂੰ ਓਦਾਂ ਦੀ ਸਮਾਜੀ ਸੂਝ ਨਹੀਂ ਮਿਲ ਜਾਂਦੀ, ਭਾਰਤ ਦੇ ਲੋਕ ਓਦੋਂ ਤੀਕ ਨਿਗੁਣੀਆਂ ਗੱਲਾਂ ਉੱਤੇ ਭੜਕਦੇ ਤੇ ਇੱਕ ਦੂਜੇ ਨੂੰ ਮਾਰਦੇ-ਮਰਦੇ ਰਹਿਣਗੇ, ਪਰ ਪੇਟ ਦੀ ਅੱਗ ਬੁਝਾਉਣ ਦੇ ਉਸ ਵੱਡੇ ਮੁੱਦੇ ਬਾਰੇ ਕਦੀ ਨਹੀਂ ਸੋਚਣਗੇ, ਜਿਸ ਬਾਰੇ ਬਾਬਿਆਂ ਨੇ ਕਿਹਾ ਸੀ, 'ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ।' ਭੁੱਖੇ ਢਿੱਡਾਂ ਨੂੰ ਜਸ਼ਨਾਂ ਦੇ ਢੋਲ-ਢਮੱਕੇ ਨਹੀਂ, ਰੋਟੀ ਦੀ ਉਡੀਕ ਹੁੰਦੀ ਹੈ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ



Gurdeep (Garry) Chhokar
Realtor/Broker
Cell: 317-500-1247

Star Alliance BROKERAGE



*We do all type of Home and Commercial Loan. Same day loan approval...*

# ਐ ਮੌਤ ਤੂਨੇ ਮੁਝ ਕੋ ਜ਼ਿਮੀਂਦਾਰ ਕਰ ਦੀਆ...

ਸ਼ਰਧਾਂਜਲੀ

ਭਾਰਤ ਦੇ ਪ੍ਰਸਿੱਧ ਉਰਦੂ ਸ਼ਾਇਰ ਅਤੇ ਹਿੰਦੀ ਫਿਲਮਾਂ ਦੇ ਗੀਤਕਾਰ ਅਰਥਾਤ ਬੇਬਾਕ ਅਤੇ ਦਬੰਗ ਕਵੀ "ਐ ਮੌਤ ਤੂਨੇ ਮੁਝ ਕੋ ਜ਼ਿਮੀਂਦਾਰ ਕਰ ਦੀਆ" ਜਿਹੀ ਸ਼ਾਇਰੀ ਦੇ ਰਚੈਤਾ ਰਾਹਤ ਇੰਦੌਰੀ ਪਿਛਲੇ ਕਰੀਬ ਚਾਰ ਦਹਾਕਿਆਂ ਤੋਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਸ਼ਾਇਰ ਦਾ ਇਸ ਤਰ੍ਹਾਂ ਅਚਾਨਕ ਚਲੇ ਜਾਣਾ ਯਕੀਨਨ ਇਕ ਅਕਹਿ ਅਤੇ ਕਦੀ ਨਾ ਪੂਰੇ ਜਾਣ ਵਾਲੇ ਘਾਟੇ ਸਮਾਨ ਹੈ। ਜੇ ਇਹ ਕਿਹਾ ਜਾਵੇ ਕਿ ਰਾਹਤ ਇੰਦੌਰੀ ਦੀ ਮੌਤ ਨਾਲ ਮੰਚੀਆ ਸ਼ਾਇਰੀ ਦੇ ਇੱਕ ਯੁੱਗ ਦੀ ਸਮਾਪਤੀ ਹੋ ਗਈ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਰਾਹਤ ਦਾ ਜਨਮ ਪਹਿਲੀ ਜਨਵਰੀ 1950 ਨੂੰ ਇੰਦੌਰ ਵਿਖੇ ਇਕ ਆਮ ਪਰਿਵਾਰ 'ਚ ਮਾਤਾ

**ਅੱਬਾਸ ਧਾਲੀਵਾਲ, ਮਲੇਰਕੋਟਲਾ**
**ਫੋਨ: 91-98552-59650**

ਮਕਬੂਲ-ਉਲ-ਨਿਸਾ ਬੇਗਮ ਦੀ ਕੁੱਖੋਂ ਹੋਇਆ। ਉਹ ਆਪਣੇ ਮਾਤਾ-ਪਿਤਾ ਦੀ ਚੌਥੀ ਔਲਾਦ ਸਨ। ਉਨ੍ਹਾਂ ਦੇ ਪਿਤਾ ਰਿਫਤ-ਉੱਲਾਹ ਕੁਰੈਸ਼ੀ ਇਕ ਟੈਕਸਟਾਇਲ ਮਿੱਲ 'ਚ ਮੁਲਾਜ਼ਮ ਸਨ। ਰਾਹਤ ਨੇ ਆਪਣੀ ਸ਼ੁਰੂਆਤੀ ਤਾਲੀਮ ਨੂਤਨ ਸਕੂਲ ਇੰਦੌਰ ਤੋਂ ਹਾਸਲ ਕੀਤੀ ਅਤੇ 1973 ਵਿਚ ਆਪਣੀ ਬੈਚੁਲਰ ਦੀ ਪੜ੍ਹਾਈ ਇਸਲਾਮੀਆ ਕਰੀਮੀਆ ਕਾਲਜ, ਇੰਦੌਰ ਤੋਂ ਪ੍ਰਾਪਤ ਕੀਤੀ। ਇਸ ਪਿਛੋਂ ਉਨ੍ਹਾਂ ਉਰਦੂ ਸਾਹਿਤ ਵਿਚ ਬਰਕਤ-ਉੱਲਾਹ ਯੂਨੀਵਰਸਿਟੀ ਤੋਂ ਐਮ. ਏ. ਕੀਤੀ ਅਤੇ 1985 ਵਿਚ ਮੱਧ ਪ੍ਰਦੇਸ਼ ਦੀ ਭੋਜ ਓਪਨ ਯੂਨੀਵਰਸਿਟੀ ਤੋਂ ਉਰਦੂ ਅਦਬ 'ਚ ਹੀ ਡਾਕਟਰੇਟ ਕੀਤੀ।

ਰਾਹਤ ਇੰਦੌਰੀ ਦੀ ਮੌਤ 'ਤੇ ਮਸ਼ਹੂਰ ਨੌਜਵਾਨ ਸ਼ਾਇਰ ਇਮਰਾਨ ਪ੍ਰਤਾਪਗੜੀ ਨੇ ਕਿਹਾ ਕਿ ਉਨ੍ਹਾਂ ਆਪਣੀ ਜ਼ਿੰਦਗੀ ਦਾ ਪਹਿਲਾ ਮੁਸ਼ਾਇਰਾ ਰਾਹਤ ਇੰਦੌਰੀ ਦੀ ਸਦਾਰਤ ਵਿਚ ਪੜ੍ਹਿਆ ਸੀ। ਰਾਹਤ ਇੰਦੌਰੀ ਨੇ 35 ਸਾਲਾਂ ਤੱਕ ਕਵੀ ਦਰਬਾਰਾਂ 'ਤੇ ਆਪਣੀ ਬਾਦਸ਼ਾਹਤ ਕਾਇਮ ਰੱਖੀ। ਉਨ੍ਹਾਂ ਕਿਹਾ ਕਿ ਸਾਊਦੀ ਅਰਬ ਦੇ ਇੱਕ ਮੁਸ਼ਾਇਰੇ ਵਿਚ ਉਹ ਰਾਹਤ ਦੇ ਨਾਲ ਸਨ ਅਤੇ ਮੁਸ਼ਾਇਰਾ ਖਤਮ ਹੋਣ ਪਿਛੋਂ ਉਨ੍ਹਾਂ ਦੋਹਾਂ ਨੇ ਇਕੱਠਿਆਂ ਉਮਰਾ (ਛੋਟਾ ਹੱਜ) ਕੀਤਾ। ਉਨ੍ਹਾਂ ਕਿਹਾ, ਜਿੱਥੇ ਜਨਾਬ ਰਾਹਤ ਇਕ ਬਿਹਤਰੀਨ ਸ਼ਾਇਰ ਸਨ, ਇਕ ਬਿਹਤਰੀਨ ਇਨਸਾਨ ਵੀ ਸਨ।

ਸ਼ਾਇਰਾ ਡਾ. ਮੀਨਾ ਨੇ ਕਿਹਾ ਕਿ ਰਾਹਤ ਇੰਦੌਰੀ ਸਭ ਦੇ ਹਰਮਨ ਪਿਆਰੇ ਸ਼ਾਇਰ ਸਨ, ਉਹ ਲੋਕਾਂ ਦੇ ਕਵੀ ਸਨ ਅਤੇ ਮਾਨਵਤਾ ਨੂੰ ਸਮਝਣ ਵਾਲੇ ਸਨ। ਉਨ੍ਹਾਂ ਦੀ ਅਵਾਜ਼ ਵਿਚ ਜੋ ਲਲਕਾਰ ਸੀ, ਉਹ ਕਿਸੇ ਦੂਜੇ ਸ਼ਾਇਰ ਵਿਚ ਵੇਖਣ ਨੂੰ ਨਹੀਂ ਮਿਲਦੀ।

ਦਰਅਸਲ ਰਾਹਤ ਇੰਦੌਰੀ ਸਮਕਾਲੀ ਸਮਾਜਕ ਜੀਵਨ ਦੇ ਸ਼ਾਇਰ ਸਨ। ਜਿਨ੍ਹਾਂ ਦੀਆਂ ਰਚਨਾਵਾਂ ਵਿਚ ਕੌੜੀ ਗੱਲ ਵੀ ਮਿੱਠੇ ਢੰਗ ਨਾਲ ਕਹੀ ਜਾਂਦੀ ਹੈ, ਅਰਥਾਤ ਕੌੜੇ-ਕੁਸੈਲੇ ਵਿਚਾਰਾਂ ਨੂੰ ਮਿਠਾਸ ਦੀ ਚਾਸ਼ਣੀ ਵਿਚ ਲਪੇਟ ਕੇ ਪੇਸ਼ ਕਰਨ ਦੀ ਜੋ ਵਿਲੱਖਣ ਕਲਾ ਉਨ੍ਹਾਂ ਵਿਚ ਸੀ, ਉਸ ਦਾ ਕੋਈ ਸਾਨੀ ਨਹੀਂ। ਰਾਹਤ ਦੀ ਸ਼ਾਇਰੀ ਵਿਚ ਸੱਚਾਈ ਬੋਲਦੀ ਹੈ। ਉਨ੍ਹਾਂ ਦੇ ਜਜ਼ਬਾਤ ਦਿਲੋਂ ਨਿਕਲੇ ਹੋਣ ਕਾਰਨ ਸਿੱਧੇ ਦਿਲਾਂ 'ਤੇ ਅਸਰ ਕਰਦੇ ਹਨ।

ਜ਼ਿਕਰਯੋਗ ਹੈ ਕਿ ਜਦੋਂ ਸੀ. ਏ. ਏ ਅਤੇ ਐਨ. ਆਰ. ਸੀ. ਦੇ ਵਿਰੁੱਧ ਪ੍ਰਦਰਸ਼ਨ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਸਿਖਰ 'ਤੇ ਸੀ, ਉਸ ਦੌਰਾਨ ਰਾਹਤ ਦਾ ਇਕ ਸ਼ੇਅਰ ਲੱਗਭਗ ਹਰ ਮੁਜਾਹਰਾਕਾਰੀ ਦੇ ਮੂੰਹ ਚੜ੍ਹਿਆ ਹੋਇਆ ਸੀ ਤੇ ਹੱਥਾਂ ਵਿਚ ਫੜੀਆਂ ਤਖਤੀਆਂ 'ਤੇ ਵੀ ਲਿਖਿਆ ਮਿਲਦਾ ਸੀ,

ਸਭੀ ਕਾ ਖੂਨ ਹੈ ਸ਼ਾਮਲ
ਯਹਾਂ ਕੀ ਮਿੱਟੀ ਮੇਂ,
ਕਿਸੀ ਕੇ ਬਾਪ ਕਾ ਹਿੰਦੋਸਤਾਨ ਥੋੜ੍ਹੀ ਹੈ।

ਦਰਅਸਲ ਇਹ ਸ਼ੇਅਰ ਰਾਹਤ ਦੀ ਇਕ ਮਸ਼ਹੂਰ ਗਜ਼ਲ ਦਾ ਹਿੱਸਾ ਹੈ। ਇਸ ਗਜ਼ਲ ਦੇ ਦੂਜੇ ਸ਼ੇਅਰ ਵੀ ਆਵਾਮ ਨੂੰ ਜਾਗਰੂਕ ਕਰਨ ਵਿਚ ਆਪਣੀ ਖਾਸ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ,

ਲਗੇਗੀ ਆਗ ਤੋ ਆਏਂਗੇ
ਕਈ ਘਰ ਜ਼ਦ ਮੇਂ
ਯਹਾਂ ਪੇ ਅਕੇਲੇ ਹਮਾਰਾ ਮਕਾਨ ਥੋੜ੍ਹੀ ਹੈ।

ਇਸੇ ਤਰ੍ਹਾਂ ਸੱਤਾ ਦੀ ਕੁਰਸੀ 'ਤੇ ਬੈਠੇ ਹਾਕਮਾਂ ਨੂੰ ਨਸੀਹਤ ਦਿੱਤੀ ਹੈ ਕਿ ਕੋਈ ਹਾਕਮ ਸਦੀਵੀ ਨਹੀਂ ਹੈ,

ਜੋ ਆਜ ਸਾਹਿਬ ਏ ਮਸਨਦ ਹੈਂ
ਕਲ ਨਹੀਂ ਹੋਂਗੇ,
ਕਿਰਾਏਦਾਰ ਹੈਂ ਜ਼ਾਤੀ ਮਕਾਨ ਥੋੜ੍ਹੀ ਹੈ।

ਇਕ ਹੋਰ ਸ਼ੇਅਰ ਜੋ ਅੱਜ ਦੇ ਬਿਕਾਊ ਅਤੇ ਚਾਟੁਕਾਰ ਮੀਡੀਆ ਦੇ ਮੂੰਹ ਤੇ ਮੈਂ ਸਮਝਦਾ ਹਾਂ ਕਿ ਕਰਾਰੀ ਚਪੇੜ ਮਾਰਦਾ ਮਹਿਸੂਸ ਹੁੰਦਾ ਹੈ



ਸ਼ਾਇਰੀ ਪੇਸ਼ ਕਰਦੇ ਹੋਏ ਰਾਹਤ ਇੰਦੌਰੀ

ਉਹ ਇਹ ਕਿ,

ਹਮਾਰੇ ਮੂੰਹ ਸੇ ਜੋ ਨਿਕਲੇ
ਵਹੀ ਸਦਾਕਤ ਹੈ,
ਹਮਾਰੇ ਮੂੰਹ ਮੇਂ ਤੁਮਹਾਰੀ
ਜ਼ਬਾਨ ਥੋੜ੍ਹੀ ਹੈ।

ਇਕ ਸ਼ੇਅਰ ਵਿਚ ਜਾਂਬਾਜ਼ ਦੀ ਦਲੇਰੀ ਨੂੰ ਬਿਆਨ ਕਰਦਿਆਂ ਆਖਦੇ ਹਨ,

ਮੈਂ ਜਾਣਤਾ ਹੂੰ ਕਿ ਦੁਸ਼ਮਣ ਭੀ
ਕੰਮ ਨਹੀਂ ਲੇਕਿਨ,
ਹਮਾਰੀ ਤਰ੍ਹਾਂ ਹਥੇਲੀ ਪੇ ਜਾਨ ਥੋੜ੍ਹੀ ਹੈ।

ਰਾਹਤ ਦੀ ਕਲਮ ਵਿਚ ਜਾਦੂਈ ਅਸਰ ਸੀ, ਉਹ ਸਿੱਧੇ ਸਾਦੇ ਸ਼ਬਦਾਂ ਵਿਚ ਹੀ ਵੱਡੇ-ਵੱਡੇ ਵਿਅੰਗ ਕਰ ਜਾਇਆ ਕਰਦੇ ਸਨ। ਉਨ੍ਹਾਂ ਵਿਚ ਸੱਤਾ ਵਿਵਸਥਾ ਵਿਚ ਪਾਈਆਂ ਜਾਣ ਵਾਲੀਆਂ ਊਣਤਾਈਆਂ ਨੂੰ ਉਜਾਗਰ ਕਰਨ ਦੀ ਜੋ ਵਿਲੱਖਣ ਕਲਾ ਸੀ, ਉਸ ਦੀ ਮਿਸਾਲ ਨਹੀਂ ਮਿਲਦੀ। ਦਰਅਸਲ ਉਨ੍ਹਾਂ ਦੀ ਸ਼ਾਇਰੀ ਸਿਸਟਮ ਵਲੋਂ ਹੋਈ ਬੇਇਨਸਾਫੀ ਦੀ ਸਜ਼ਾ ਭੁਗਤ ਰਹੇ ਮਜ਼ਲੂਮਾਂ ਅਤੇ ਦੱਬੇ ਕੁਚਲੇ ਲੋਕਾਂ ਦੀ ਪੀੜ ਦੀ ਨੁਮਾਇੰਦਗੀ ਕਰਦੀ ਹੈ। ਜਦੋਂ ਉਸ ਨੂੰ ਇਕ ਆਮ ਆਦਮੀ, ਜੋ ਸਿਸਟਮ ਦਾ ਸਤਾਇਆ ਹੋਇਆ ਹੈ, ਸੁਣਦਾ ਜਾਂ ਪੜ੍ਹਦਾ ਹੈ ਤਾਂ ਉਹ ਨੂੰ ਉਸ 'ਚੋਂ ਆਪਣੇ ਖੁਦ 'ਤੇ ਬੀਤ ਰਹੇ ਹਾਲਾਤ ਦਾ ਆਭਾਸ ਹੁੰਦਾ ਹੈ।

ਇਹੋ ਵਜ੍ਹਾ ਹੈ ਕਿ ਰਾਹਤ ਨੂੰ ਪੜ੍ਹਦਿਆਂ ਜਾਂ ਸੁਣਦਿਆਂ ਕਈ ਵਾਰ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪਾਕਿਸਤਾਨੀ ਸ਼ਾਇਰ ਹਬੀਬ ਜਾਲਿਬ ਅਤੇ ਭਾਰਤ ਦੇ ਦੁਸ਼ਯੰਤ ਕੁਮਾਰ ਦੇ ਕਲਾਮ ਦੀ ਝਲਕ ਪੈਂਦੀ ਮਹਿਸੂਸ ਹੁੰਦੀ ਹੈ।

ਇਕ ਥਾਂ ਰਾਹਤ ਸੱਤਾ ਦੀ ਵਾਗਡੋਰ ਸੰਭਾਲਣ ਵਾਲੇ ਅਖੌਤੀ ਕਿਸਮ ਦੇ ਝੂਠੇ ਆਗੂਆਂ ਦੇ ਕਿਰਦਾਰ ਤੋਂ ਪਰਦਾ ਚੁੱਕਦਿਆਂ ਆਖਦੇ ਹਨ,

ਝੂਠੋਂ ਨੇ ਝੂਠੋਂ ਸੇ ਕਹਾ ਹੈ ਸਚ ਬੋਲੋ,
ਸਰਕਾਰੀ ਐਲਾਨ ਹੁਆ ਹੈ ਸਚ ਬੋਲੋ।

ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਚੋਣਾਂ ਦੇ ਮੌਸਮ ਵਿਚ ਅਕਸਰ ਭਾਰਤ-ਪਾਕਿਸਤਾਨ ਸਰਹੱਦ 'ਤੇ ਤਣਾਅ ਵੇਖਣ ਨੂੰ ਮਿਲਦਾ ਹੈ, ਉਸ ਸੰਦਰਭ ਵਿਚ ਚੁਟਕੀ ਲੈਂਦਿਆਂ ਰਾਹਤ ਆਖਦੇ ਹਨ,

ਸਰਹਦੋਂ ਪਰ ਬਹੁਤ ਤਨਾਓ ਹੈ ਕਿਆ,
ਕੁਛ ਪਤਾ ਤੋ ਕਰੋ ਚੁਣਾਓ ਹੈ ਕਿਆ।

ਅਜੋਕੇ ਸਮਾਜ ਵਿਚ ਜ਼ਮੀਨ-ਜਾਇਦਾਦ ਨੂੰ ਹਥਿਆਉਣ ਲਈ ਜਿਸ ਤਰ੍ਹਾਂ ਭਾਈਆਂ ਭਾਈਆਂ ਦੇ ਰਿਸ਼ਤੇ ਵਿਚ ਕਈ ਵਾਰ ਤਲਖੀਆਂ ਵੇਖਣ ਨੂੰ ਮਿਲਦੀਆਂ ਹਨ, ਉਨ੍ਹਾਂ ਦਾ ਨਕਸ਼ਾ ਰਾਹਤ ਆਪਣੇ ਸ਼ਬਦਾਂ ਵਿਚ ਚਿਤਵਦਿਆਂ ਅਜਿਹੇ ਹਾਲਾਤ ਵਿਚ ਸਬਰ ਤੇ ਸਹਿਨਸ਼ੀਲਤਾ ਦੀ ਤਲਕੀਨ ਕਰਦੇ ਹਨ,

ਮੇਰੀ ਖਵਾਹਿਸ਼ ਹੈ ਕਿ
ਆਂਗਣ ਮੇਂ ਨਾ ਦੀਵਾਰ ਉਠੇ,
ਮੇਰੇ ਭਾਈ ਮੇਰੇ ਹਿੱਸੇ ਕੀ
ਜ਼ਮੀਂ ਤੂ ਰੱਖ ਲੇ।

ਰਾਹਤ ਦੀ ਇੱਕ ਛੋਟੀ ਬਹਿਰ ਦੀ ਗਜ਼ਲ ਦਾ ਅੰਦਾਜ਼ ਯਕੀਨਨ ਪੜ੍ਹਨਯੋਗ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਹਿੰਦੀ ਸ਼ਬਦਾਂ ਨੂੰ ਗਹਿਣਿਆਂ ਵਿਚ ਜੜੇ ਮੋਤੀਆਂ ਵਾਂਗ ਜੜਿਆ ਹੈ,

ਤੂ ਸ਼ਬਦੋਂ ਕਾ ਦਾਸ ਰੇ ਜੋਗੀ
ਤੇਰਾ ਕਹਾਂ ਵਿਸ਼ਵਾਸ ਰੇ ਜੋਗੀ।

ਏਕ ਦਿਨ ਵਿਸ਼ ਪਿਆਲਾ ਪੀ ਜਾ
ਫਿਰ ਨਾ ਲੱਗੇਗੀ ਪਿਆਸ ਰੇ ਜੋਗੀ।

> **ਦਰਅਸਲ ਰਾਹਤ ਇੰਦੌਰੀ ਸਮਕਾਲੀ ਸਮਾਜਕ ਜੀਵਨ ਦੇ ਸ਼ਾਇਰ ਸਨ। ਜਿਨ੍ਹਾਂ ਦੀਆਂ ਰਚਨਾਵਾਂ ਵਿਚ ਕੌੜੀ ਗੱਲ ਵੀ ਮਿੱਠੇ ਢੰਗ ਨਾਲ ਕਹੀ ਜਾਂਦੀ ਹੈ, ਅਰਥਾਤ ਕੌੜੇ-ਕੁਸੈਲੇ ਵਿਚਾਰਾਂ ਨੂੰ ਮਿਠਾਸ ਦੀ ਚਾਸ਼ਣੀ ਵਿਚ ਲਪੇਟ ਕੇ ਪੇਸ਼ ਕਰਨ ਦੀ ਜੋ ਵਿਲੱਖਣ ਕਲਾ ਉਨ੍ਹਾਂ ਵਿਚ ਸੀ, ਉਸ ਦਾ ਕੋਈ ਸਾਨੀ ਨਹੀਂ। ਰਾਹਤ ਦੀ ਸ਼ਾਇਰੀ ਵਿਚ ਸੱਚਾਈ ਬੋਲਦੀ ਹੈ। ਉਨ੍ਹਾਂ ਦੇ ਜਜ਼ਬਾਤ ਦਿਲੋਂ ਨਿਕਲੇ ਹੋਣ ਕਾਰਨ ਸਿੱਧੇ ਦਿਲਾਂ 'ਤੇ ਅਸਰ ਕਰਦੇ ਹਨ।**



ਰਾਹਤ ਇੰਦੌਰੀ ਦਾ ਇਕ ਦਿਲਕਸ਼ ਅੰਦਾਜ਼

ਯੇਹ ਸਾਂਸੋਂ ਕਾ ਬੰਦੀ ਜੀਵਨ
ਕਿਸ ਕੋ ਆਇਆ ਰਾਸ ਰੇ ਜੋਗੀ।

ਵਿਧਵਾ ਹੋ ਗਈ ਸਾਰੀ ਨਗਰੀ
ਕੌਨ ਚਲਾ ਬਨਵਾਸ ਰੇ ਜੋਗੀ।

ਪੁਰ ਆਈ ਥੀ ਮਨ ਕੀ ਨਦੀਆ
ਬਹਿ ਗਏ ਸਬ ਅਹਿਸਾਸ ਰੇ ਜੋਗੀ।

ਇਕ ਪਲ ਕੇ ਸੁੱਖ ਕੀ ਕਿਆ ਕੀਮਤ
ਦੁੱਖ ਹੈ ਬਾਰਹ ਮਾਸ ਰੇ ਜੋਗੀ।

ਬਸਤੀ ਪੀਛਾ ਕਬ ਛੋੜੇਗੀ
ਲਾਖ ਧਰੇ ਸਨਿਆਸ ਰੇ ਜੋਗੀ।

ਰਾਹਤ ਇੰਦੌਰੀ ਦੀ ਵਧੇਰੇ ਸ਼ਾਇਰੀ ਭਾਵੇਂ ਇਨਕਲਾਬੀ ਤੇਵਰਾਂ ਦੀ ਨੁਮਾਇੰਦਗੀ ਕਰਦੀ ਹੈ, ਪਰ ਕਿਤੇ ਕਿਤੇ ਉਨ੍ਹਾਂ ਦੇ ਕਲਾਮ ਵਿਚ ਰੂਹਾਨੀਅਤ ਦੀ ਝਲਕ ਵੀ ਵੇਖਣ ਨੂੰ ਮਿਲਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇੱਕ ਬਾਗੀ ਸ਼ਾਇਰ ਦੇ ਦਿਲ ਦੇ ਕਿਸੇ ਕੋਨੇ ਵਿਚ ਮੁਹੱਬਤ ਭਰੇ ਜਜ਼ਬਾਤ ਆਪਣਾ ਇਕ ਖੂਬਸੂਰਤ ਆਸ਼ਿਆਨਾ ਬਣਾਈ ਬੈਠੇ ਸਨ। ਤੁਸੀਂ ਵੀ ਵੇਖੋ ਰਾਹਤ ਦੇ ਇਸ ਅੰਦਾਜ਼ ਨੂੰ,

ਕਿਸ ਨੇ ਦਸਤਕ ਦੀ ਹੈ ਦਿਲ ਪਰ ਕੌਨ ਹੈ
ਆਪ ਤੋ ਅੰਦਰ ਹੈਂ ਬਾਹਰ ਕੌਣ ਹੈ।

ਉਸ ਕੀ ਯਾਦ ਆਈ ਹੈ
ਸਾਂਸੋ ਜਰਾ ਧੀਰੇ ਚਲੋ
ਧੜਕਣੋਂ ਸੇ ਭੀ ਇਬਾਦਤ ਮੇਂ
ਖਲਲ ਪੜਤਾ ਹੈ।

ਨਾ ਤਾਅਰੁਫ ਨਾ ਤਾਅਲੁਕ ਹੈ
ਮਗਰ ਦਿਲ ਅਕਸਰ
ਨਾਮ ਸੁਨਤਾ ਹੈ ਤੁਮਹਾਰਾ ਤੋ
ਉਛਲ ਪੜਤਾ ਹੈ।

ਇਕ ਹੋਰ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਉਨ੍ਹਾਂ ਦਾ ਸ਼ੇਅਰ ਵੇਖੋ,

ਮੈਂ ਪਰਬਤੋਂ ਸੇ ਲੜਤਾ ਰਹਾ
ਔਰ ਚੰਦ ਲੋਗ
ਗੀਲੀ ਜ਼ਮੀਨ ਖੋਦ ਕਰ ਫਰਹਾਦ ਬਣ ਗਏ।

ਇੱਕ ਥਾਂ ਕਿਸੇ ਗਰੀਬ ਦੀ ਗਰੀਬੀ ਅਤੇ ਖੁੱਦਾਰੀ ਦਾ ਜ਼ਿਕਰ ਕਰਦਿਆਂ ਆਖਦੇ ਹਨ,

ਵੋਹ ਚਾਹਤਾ ਥਾ ਕਿ ਕਾਸਾ ਖਰੀਦ ਲੇ ਮੇਰਾ
ਮੈਂ ਉਸ ਕੇ ਤਾਜ ਕੀ ਕੀਮਤ
ਲਗਾ ਕੇ ਲੌਟਾ ਆਇਆ।

ਇੱਕ ਹੋਰ ਖੂਬਸੂਰਤ ਸ਼ੇਅਰ 'ਚ ਕਹਿੰਦੇ ਹਨ,

ਹਮ ਸੇ ਪਹਿਲੇ ਭੀ ਮੁਸਾਫਿਰ
ਕਈ ਗੁਜਰੇ ਹੋਂਗੇ
ਕਮ ਸੇ ਕਮ ਰਾਹ ਕੇ
ਪੱਥਰ ਤੋ ਹਟਾਤੇ ਜਾਤੇ।

ਇਕ ਹੋਰ ਸ਼ੇਅਰ ਵਿਚ ਉਨ੍ਹਾਂ ਮੁਗਲਾਂ ਦੇ ਇਤਿਹਾਸ ਨੂੰ ਦੋ ਸਤਰਾਂ ਵਿਚ ਸਮੇਟਣ ਦੀ ਇਕ ਕਾਮਯਾਬ ਕੋਸ਼ਿਸ਼ ਕੀਤੀ ਹੈ,

ਫੈਸਲੇ ਲਮਹਾਤ ਕੇ ਨਸਲੋਂ ਪੇ
ਭਾਰੀ ਹੋ ਗਏ,
ਬਾਪ ਹਾਕਮ ਥਾ ਮਗਰ
ਬੇਟੇ ਭਿਖਾਰੀ ਹੋ ਗਏ।

ਅਕਸਰ ਮੁਸ਼ਾਇਰਿਆਂ ਨੂੰ ਆਪਣੇ ਸ਼ਬਦਾਂ ਦੀ ਅਦਾਇਗੀ ਦੇ ਵਿਲੱਖਣ ਅੰਦਾਜ਼ ਨਾਲ ਲੁੱਟਣ ਵਾਲੇ ਰਾਹਤ ਇੰਦੌਰੀ ਨੇ ਆਪਣੇ ਲਿਖੇ ਗੀਤਾਂ ਰਾਹੀਂ ਹਿੰਦੀ ਫਿਲਮਾਂ ਵਿਚ ਵੀ ਇਕ ਅਲੱਗ ਪਛਾਣ ਬਣਾਈ। ਉਨ੍ਹਾਂ ਦੇ ਇਕ ਗੀਤ ਦੇ ਬੋਲ ਹਨ, "ਨੀਂਦ ਚੁਰਾਈ ਮੇਰੀ, ਕਿਸ ਨੇ ਓ ਸਨਮ, ਤੂਨੇ।" ਇਸੇ ਤਰ੍ਹਾਂ ਫਿਲਮ 'ਮੁੰਨਾ ਭਾਈ ਐਮ. ਬੀ. ਬੀ. ਐਸ.' ਦੇ ਲਿਖੇ ਉਨ੍ਹਾਂ ਦੇ ਅਲੱਗ ਅਲੱਗ ਗੀਤਾਂ ਦਾ ਜਾਦੂ ਵੀ ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਿਆ। "ਐਮ ਬੋਲੇ ਤੋ ਮੁੰਨਾ" ਅਤੇ "ਚੰਦਾ ਮਾਮੂੰ ਸੋ ਗਏ, ਸੂਰਜ ਚਾਚੂ ਜਾਗੇ" ਆਦਿ ਅੱਜ ਵੀ ਰਾਹਤ ਦੀਆਂ ਯਾਦਾਂ ਤਾਜ਼ਾ ਕਰ ਜਾਂਦੇ ਹਨ।

ਫਿਰਕਾਪ੍ਰਸਤੀ ਦੇ ਖਿਲਾਫ ਲਿਖਣ ਵਾਲੇ ਰਾਹਤ ਨੂੰ ਸੋਸ਼ਲ ਮੀਡੀਆ ਤੇ ਕੱਟੜਪੰਥੀਆਂ ਦੇ ਕਾਫੀ ਭੱਦੇ ਕੁਮੈਂਟਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਬਿਨਾ ਕਿਸੇ ਦੀ ਪ੍ਰਵਾਹ ਕੀਤਿਆਂ ਬੇਬਾਕ ਅਤੇ ਦਬੰਗ ਅੰਦਾਜ਼ ਵਿਚ ਆਪਣੀ ਗੱਲ ਪੂਰੀ ਨਿਡਰਤਾ ਨਾਲ ਕਹਿੰਦੇ ਰਹੇ। ਇੱਕ ਥਾਂ ਉਨ੍ਹਾਂ ਕਿਹਾ,

ਮੈਂ ਮਰ ਜਾਊਂ ਤੋ ਮੇਰੀ ਇੱਕ
ਅਲੱਗ ਪਹਿਚਾਨ ਲਿਖ ਦੇਨਾ,
ਲਹੂ ਸੇ ਮੇਰੀ ਪੇਸ਼ਾਨੀ ਪੇ
ਹਿੰਦੋਸਤਾਨ ਲਿਖ ਦੇਨਾ!

ਇੱਕ ਹੋਰ ਥਾਂ ਰਾਹਤ ਆਖਦੇ ਹਨ,

ਜਨਾਜ਼ੇ ਪਰ ਮੇਰੇ ਲਿਖ ਦੇਨਾ ਯਾਰੋ
ਮੁਹੱਬਤ ਕਰਨੇ ਵਾਲਾ ਜਾ ਰਹਾ ਹੈ।

ਮੈਨੂੰ ਯਾਦ ਹੈ, ਮੈਂ ਰਾਹਤ ਸਾਹਿਬ ਨੂੰ ਦੋ ਮੁਸ਼ਾਇਰਿਆਂ ਵਿਚ ਮਿਲਿਆ ਸਾਂ। ਦੋਵੇਂ ਵਾਰ ਬਹੁਤ ਗਰਮਜੋਸ਼ੀ ਨਾਲ ਮਿਲੇ ਸਨ ਉਹ। ਪਟਿਆਲਾ ਦੇ ਇਕ ਮੁਸ਼ਾਇਰੇ ਵਿਚ ਜਦੋਂ ਰਾਹਤ ਇੰਦੌਰੀ ਆਪਣਾ ਕਲਾਮ ਸੁਣਾਉਣ ਲਈ ਖੜ੍ਹੇ ਹੋਏ ਤਾਂ ਇਕ ਵੀਡੀਓਗ੍ਰਾਫਰ ਜਦੋਂ ਉਨ੍ਹਾਂ ਦੀ ਮੂਵੀ ਬਣਾਉਣ ਲੱਗਾ ਤਾਂ ਉਨ੍ਹਾਂ ਮੰਚ ਤੋਂ ਹੀ ਉਸ ਨੂੰ ਮੁਖਾਤਿਬ ਹੁੰਦਿਆਂ ਆਖਿਆ, "ਆਪ ਖਾਹਮਖਾਹ ਮੁਝੇ ਇਸ ਕੈਮਰੇ ਮੇਂ ਕੈਦ ਕਰਨੇ ਕੀ ਕੋਸ਼ਿਸ਼ ਕਰ ਰਹੇ ਹੈਂ, ਹਾਲਾਂਕਿ ਇਸ ਮੈਂ ਕੈਦ ਹੋਣੇ ਵਾਲਾ ਨਹੀਂ ਹੂੰ। (ਦਰਅਸਲ ਉਨ੍ਹਾਂ ਦਾ ਇਸ਼ਾਰਾ ਆਪਣੇ ਕਾਲੇ ਰੰਗ ਵੱਲ ਸੀ) ਇਸੇ ਤਰ੍ਹਾਂ ਰਾਹਤ ਦੇ ਮੁਸ਼ਾਇਰਿਆਂ ਦੌਰਾਨ ਅਕਸਰ ਜਦੋਂ ਉਹ ਕਲਾਮ ਸੁਣਾਉਂਦੇ ਸੁਣਾਉਂਦੇ ਦਰਸ਼ਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਤਾਂ ਉਨ੍ਹਾਂ ਦੀ ਜ਼ਿੰਦਾਦਿਲੀ ਤੋਂ ਲੋਕੀਂ ਕਾਇਲ ਹੋ ਜਾਂਦੇ।

ਜਦੋਂ ਮੈਂ ਬੀ. ਏ. ਵਿਚ ਪੜ੍ਹਦਾ ਸਾਂ ਤਾਂ ਇਕ ਮੁਸ਼ਾਇਰੇ ਦੀ ਸਮਾਪਤੀ 'ਤੇ ਮੈਂ ਆਪਣੀ ਇਕ ਡਾਇਰੀ ਰਾਹਤ ਸਾਹਿਬ ਮੂਹਰੇ ਕਰਦਿਆਂ ਆਟੋਗ੍ਰਾਫ ਦੇਣ ਦੀ ਗੁਜਾਰਿਸ਼ ਕੀਤੀ ਤਾਂ ਉਨ੍ਹਾਂ ਉਸ ਡਾਇਰੀ 'ਤੇ ਜੋ ਸ਼ੇਅਰ ਲਿਖਿਆ, ਉਹ ਸੀ,

ਬਨ ਕੇ ਏਕ ਹਾਦਸਾ
ਅਖਬਾਰ ਮੇਂ ਆ ਜਾਏਗਾ
ਜੋ ਨਹੀਂ ਹੋਗਾ ਵੋਹ
ਅਖਬਾਰ ਮੇਂ ਆ ਜਾਏਗਾ।

ਇਸੇ ਗਜ਼ਲ ਦਾ ਇਕ ਹੋਰ ਸ਼ੇਅਰ ਬਹੁਤ ਮਸ਼ਹੂਰ ਹੋਇਆ ਸੀ, ਜਿਸ 'ਚ ਉਨ੍ਹਾਂ ਅਜੋਕੀ ਰਾਜਨੀਤੀ ਦੀ ਵਿਡੰਬਨਾ ਕਰਦਿਆਂ ਕਿਹਾ ਸੀ,

ਚੋਰ ਉੱਚਕੋਂ ਕੀ ਕਰੋ ਕਦਰ
ਕਿ ਮਾਲੂਮ ਨਹੀਂ
ਕੌਨ ਕਬ ਕੌਨਸੀ ਸਰਕਾਰ ਮੇਂ ਆ ਜਾਏਗਾ।

ਆਪਣੇ ਮਰਨ ਤੋਂ ਕੁਝ ਘੰਟੇ ਪਹਿਲਾਂ ਉਨ੍ਹਾਂ ਸੋਸ਼ਲ ਮੀਡੀਆ 'ਤੇ ਆਪਣੇ ਚਾਹੁਣ ਵਾਲਿਆਂ ਨੂੰ ਕਿਹਾ ਕਿ "ਕੋਵਿਡ ਦੇ ਸ਼ੁਰੂਆਤੀ ਲੱਛਣ ਵਿਖਾਈ ਦੇਣ ਉਪਰੰਤ ਕੱਲ ਮੇਰਾ ਕਰੋਨਾ ਟੈਸਟ ਕੀਤਾ ਗਿਆ, ਜਿਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ, ਜਿਸ ਦੇ ਚਲਦਿਆਂ ਅਰਬਿੰਦੋ ਹਸਪਤਾਲ ਵਿਚ ਭਰਤੀ ਹਾਂ, ਦੁਆ ਕਰਨਾ ਕਿ ਜਲਦੀ ਤੋਂ ਜਲਦੀ ਬੀਮਾਰੀ ਨੂੰ ਮਾਤ ਦੇ ਦੇਵਾਂ। ਨਾਲ ਹੀ ਉਨ੍ਹਾਂ ਇੱਕ ਹੋਰ ਬੇਨਤੀ ਕੀਤੀ ਕਿ ਮੈਨੂੰ ਜਾਂ ਘਰ ਦੇ ਲੋਕਾਂ ਨੂੰ ਫੋਨ ਨਹੀਂ ਕਰਨਾ। ਮੇਰੀ ਖੈਰੀਅਤ (ਸਿਹਤ ਸਬੰਧੀ ਜਾਣਕਾਰੀ) ਟਵਿੱਟਰ ਅਤੇ ਫੇਸਬੁੱਕ 'ਤੇ ਆਪ ਨੂੰ ਮਿਲਦੀ ਰਹੇਗੀ।

ਕੁਦਰਤ ਨੂੰ ਤਾਂ ਪਰ ਕੁਝ ਹੋਰ ਹੀ ਮਨਜ਼ੂਰ ਸੀ, ਉਸੇ ਸ਼ਾਮ ਕਰੀਬ ਪੰਜ ਵਜੇ ਡਾਕਟਰ ਅਨੁਸਾਰ ਉਨ੍ਹਾਂ ਨੂੰ ਦਿਲ ਦੇ ਦੋ ਦੌਰੇ ਪਏ ਅਤੇ ਉਨ੍ਹਾਂ ਦੀ ਮੌਤ ਹੋ ਗਈ। ਲੰਘੀ 11 ਅਗਸਤ ਦੀ ਰਾਤ ਨੂੰ ਹੀ ਕਰੀਬ ਸਾਢੇ ਨੌਂ ਵਜੇ ਰਾਹਤ ਇੰਦੌਰੀ ਦੇ ਜਿਸਮ ਨੂੰ ਛੋਟੀ ਖਜਰਾਨੀ (ਇੰਦੌਰ) ਦੇ ਇੱਕ ਕਬਰਿਸਤਾਨ 'ਚ ਸਪੁਰਦ-ਏ-ਖਾਕ ਕਰ ਦਿੱਤਾ ਗਿਆ। ਉਨ੍ਹਾਂ ਦੇ ਦਫਨਾਉਣ ਦੀ ਖਬਰ ਪੜ੍ਹਦਿਆਂ ਇਕ ਸ਼ੇਅਰ ਸਹਿਜੇ ਹੀ ਦਿਮਾਗ ਵਿਚ ਘੁੰਮ ਗਿਆ,

ਦੋ ਗਜ਼ ਸਹੀ ਮਗਰ
ਯੇਹ ਮੇਰੀ ਮਲਕੀਅਤ ਤੋ ਹੈ,
ਐ ਮੌਤ ਤੂਨੇ ਮੁਝ ਕੋ
ਜ਼ਿਮੀਂਦਾਰ ਕਰ ਦੀਆ।

ਪੰਜਾਬ ਟਾਈਮਜ਼

ਸਨਿਚਰਵਾਰ, 22 ਅਗਸਤ 2020

# ਪਾਣੀ ਅਤੇ ਪੰਜਾਬ ਦੀ ਸਿਆਸਤ

ਪਾਣੀਆਂ ਉਤੇ ਪੰਜਾਬ ਦੀ ਸਿਆਸਤ ਇਕ ਵਾਰ ਫਿਰ ਭਖਣ ਲੱਗੀ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਸਲੇ ਉਤੇ ਹਰਿਆਣਾ ਅਤੇ ਕੇਂਦਰ ਸਰਕਾਰ ਨਾਲ ਚੱਲ ਰਹੀ ਵਰਚੂਅਲ ਮੀਟਿੰਗ ਦੌਰਾਨ ਕਿਹਾ ਹੈ ਕਿ ਇਹ ਬੜਾ ਅਹਿਮ ਅਤੇ ਨਾਜ਼ੁਕ ਮਸਲਾ ਹੈ। ਇਸ ਨਾਲ ਮੁਲਕ ਦੀ ਸੁਰੱਖਿਆ ਵਿਚ ਭੰਗ ਪੈਣ ਦਾ ਖਦਸ਼ਾ ਹੈ। ਉਨ੍ਹਾਂ ਮੀਟਿੰਗ ਦੌਰਾਨ ਸਪਸ਼ਟ ਕਿਹਾ ਕਿ ਜੇ ਇਸ ਮਸਲੇ ਬਾਰੇ ਕੋਈ ਕਾਹਲੀ ਕੀਤੀ ਗਈ ਤਾਂ ਸੂਬੇ ਵਿਚ ਹਾਲਾਤ ਵਿਗੜਨਗੇ ਅਤੇ ਇਹ ਮਸਲਾ ਫਿਰ ਕੌਮੀ ਮਸਲਾ ਬਣ ਜਾਵੇਗਾ, ਫਿਰ ਇਸ ਮਸਲੇ ਨਾਲ ਹਰਿਆਣਾ ਅਤੇ ਰਾਜਸਥਾਨ ਵੀ ਪ੍ਰਭਾਵਿਤ ਹੋਣਗੇ। ਪਾਣੀ ਦੀ ਵੰਡ ਦੇ ਨੁਕਤੇ ਤੋਂ ਵੀ ਉਨ੍ਹਾਂ ਸਾਫ ਕੀਤਾ ਕਿ ਇਸ ਬਾਰੇ ਫੈਸਲਾ ਨਵਾਂ ਟ੍ਰਿਬਿਊਨਲ ਕਾਇਮ ਕਰ ਕੇ ਹੋਣਾ ਚਾਹੀਦਾ ਹੈ, ਕਿਉਂਕਿ ਪੁਰਾਣੇ ਟ੍ਰਿਬਿਊਨਲਾਂ ਦੇ ਫੈਸਲੇ ਬਹੁਤ ਪੁਰਾਣੇ ਹਨ ਅਤੇ ਜ਼ਮੀਨੀ ਹਾਲਾਤ ਵਿਚ ਬਹੁਤ ਕੁਝ ਬਦਲ ਚੁਕਾ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ ਹੈ ਕਿ ਪੰਜਾਬ ਨੂੰ ਯਮੁਨਾ ਨਦੀ ਸਮੇਤ ਹੋਰ ਸਾਰੇ ਜਲ ਸਰੋਤਾਂ ਵਿਚੋਂ ਪੂਰਾ ਪਾਣੀ ਮਿਲਣਾ ਚਾਹੀਦਾ ਹੈ। ਉਨ੍ਹਾਂ ਇਹ ਤੱਥ ਵੀ ਪੇਸ਼ ਕੀਤਾ ਕਿ ਇਰਾਡੀ ਕਮਿਸ਼ਨ ਵਲੋਂ ਤਜਵੀਜ਼ਸ਼ੁਦਾ ਪਾਣੀ ਦੀ ਵੰਡ 40 ਸਾਲ ਪੁਰਾਣੀ ਹੈ, ਜਦੋਂ ਕਿ ਕੌਮਾਂਤਰੀ ਨਿਯਮਾਂ ਅਨੁਸਾਰ ਹਰ 25 ਸਾਲ ਬਾਅਦ ਅਜਿਹੇ ਫੈਸਲਿਆਂ ਉਤੇ ਮੁੜ ਗੌਰ ਕਰਨਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਕੁੱਲ ਮਿਲਾ ਕੇ ਉਨ੍ਹਾਂ ਦਾ ਤਰਕ ਇਹੀ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਪਾਣੀਆਂ ਦੇ ਮਾਮਲਿਆਂ ਵਿਚ ਹਾਲਾਤ ਬਦਲ ਗਏ ਹਨ, ਇਸ ਲਈ ਇਸ ਮਸਲੇ ਉਤੇ ਮੁੜ ਵਿਚਾਰ ਦੀ ਲੋੜ ਹੈ। ਯਾਦ ਰਹੇ, ਪੰਜਾਬ ਅਤੇ ਹਰਿਆਣਾ ਵਿਚਾਲੇ ਚੱਲ ਰਹੇ ਪਾਣੀ ਦੇ ਰੇੜਕੇ ਦਾ ਮੁੱਦਾ ਸੁਪਰੀਮ ਕੋਰਟ ਕੋਲ ਪੁੱਜਿਆ ਹੋਇਆ ਹੈ। ਸੁਪਰੀਮ ਕੋਰਟ ਨੇ ਇਸ ਸਬੰਧੀ ਸਮੁੱਚੀ ਕਾਰਵਾਈ ਕਰੀਬ ਮੁਕੰਮਲ ਕਰ ਲਈ ਹੋਈ ਹੈ, ਪਰ ਇਸ ਨੇ ਪੰਜਾਬ ਅਤੇ ਹਰਿਆਣਾ-ਦੋਹਾਂ ਨੂੰ ਕਿਹਾ ਹੈ ਕਿ ਇਹ ਮਿਲ-ਬੈਠ ਕੇ ਇਸ ਮਸਲੇ ਦਾ ਕੋਈ ਹੱਲ ਕੱਢ ਲੈਣ। ਸੁਪਰੀਮ ਕੋਰਟ ਦੀਆਂ ਇਨ੍ਹਾਂ ਹਦਾਇਤਾਂ ਦੇ ਆਧਾਰ 'ਤੇ ਹੀ ਹੁਣ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਵਿਚਾਲੇ ਗੱਲਬਾਤ ਚੱਲ ਰਹੀ ਹੈ। ਇਸ ਸਬੰਧੀ ਹੋਈ ਜ਼ੂਮ ਮੀਟਿੰਗ ਵਿਚ ਹੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਵਿਚਾਰ ਪ੍ਰਗਟਾਏ ਹਨ।

ਤੱਥ ਵੀ ਜਾਹਰ ਕਰਦੇ ਹਨ ਕਿ ਪਾਣੀਆਂ ਦਾ ਮਸਲਾ ਸੱਚਮੁੱਚ ਮੁੜ ਵਿਚਾਰਨ ਵਾਲਾ ਹੈ। ਚੀਨ ਆਪਣੇ ਖੇਤਰ ਵਿਚ ਕਈ ਥਾਂਈਂ ਡੈਮ ਬਣਾ ਰਿਹਾ ਹੈ, ਜਿਸ ਕਾਰਨ ਸਤਲੁਜ ਦੇ ਪਾਣੀਆਂ ਉਤੇ ਸਿੱਧਾ ਅਸਰ ਪੈਣਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅੰਕੜੇ ਵੀ ਇਹੀ ਸੂਹ ਦਿੰਦੇ ਹਨ ਕਿ ਪਾਣੀ 1981 ਦੇ ਮੁਕਾਬਲੇ ਬਹੁਤ ਘਟ ਗਿਆ ਹੈ। 1981 ਵਿਚ ਪਾਣੀ ਦੀ ਮਾਤਰਾ 17.17 ਐਮ. ਏ. ਐਫ. ਸੀ, ਜੋ ਹੁਣ ਘਟ ਕੇ 13.38 ਐਮ. ਏ. ਐਫ. ਰਹਿ ਗਈ ਹੈ। ਉਂਜ ਵੀ ਪੰਜਾਬ ਵਿਚ ਵਾਹੀਯੋਗ ਜ਼ਮੀਨ 105 ਲੱਖ ਹੈਕਟੇਅਰ ਹੈ ਅਤੇ ਹਰਿਆਣਾ ਕੋਲ ਸਿਰਫ 88 ਲੱਖ ਹੈਕਟੇਅਰ ਹੈ। ਇਸ ਵਕਤ ਪੰਜਾਬ ਕੋਲ ਦਰਿਆਈ ਪਾਣੀ 12.42 ਐਮ. ਏ. ਐਫ. ਹੈ, ਜਦੋਂ ਕਿ ਹਰਿਆਣਾ ਕੋਲ ਇਹ 12.48 ਐਮ. ਏ. ਐਫ. ਹੈ। ਇਹੀ ਨਹੀਂ, ਪੰਜਾਬ ਦੇ ਕੁੱਲ 128 ਬਲਾਕਾਂ ਵਿਚੋਂ 109 ਬਲਾਕਾਂ ਨੂੰ 'ਡਾਰਕ ਜ਼ੋਨ' ਐਲਾਨਿਆ ਗਿਆ ਹੈ, ਭਾਵ ਇਨ੍ਹਾਂ ਬਲਾਕਾਂ ਵਿਚ ਪਾਣੀ ਖਤਰਨਾਕ ਹੱਦ ਤੱਕ ਹੇਠਾਂ ਚਲਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਹ ਸਭ ਅੰਕੜੇ ਵੀ ਮੀਟਿੰਗ ਦੌਰਾਨ ਪੇਸ਼ ਕੀਤੇ ਅਤੇ ਮੰਗ ਕੀਤੀ ਕਿ ਇਸ ਮਸਲੇ 'ਤੇ ਨਜ਼ਰਸਾਨੀ ਬਹੁਤ ਜ਼ਰੂਰੀ ਹੈ। ਚੇਤੇ ਰਹੇ, ਜਦੋਂ ਉਹ ਪਿਛਲੀ ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ 2004 ਵਿਚ ਪੰਜਾਬ ਵਿਧਾਨ ਸਭਾ ਵਿਚ ਉਦੋਂ ਤੱਕ ਪਾਣੀਆਂ ਬਾਰੇ ਹੋਏ ਪਿਛਲੇ ਸਾਰੇ ਸਮਝੌਤੇ ਰੱਦ ਕਰਵਾ ਲਏ ਸਨ, ਪਰ ਹਰਿਆਣਾ ਨੇ ਪੰਜਾਬ ਵਲੋਂ ਬਣਾਏ ਇਸ ਕਾਨੂੰਨ (ਐਕਟ) ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਅਤੇ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਵਲੋਂ ਬਣਾਏ ਕਾਨੂੰਨ ਗੈਰ ਕਾਨੂੰਨੀ ਐਲਾਨ ਕੇ ਇਸ ਨੂੰ ਰੱਦ ਕਰ ਦਿੱਤਾ। ਬਾਅਦ ਵਿਚ ਸੁਣਵਾਈ ਉਪਰੰਤ ਦੋਹਾਂ ਸੂਬਿਆਂ ਨੂੰ ਇਹ ਮੌਕਾ ਦਿੱਤਾ ਕਿ ਆਪਸ ਵਿਚ ਮਿਲ-ਬੈਠ ਕੇ ਇਸ ਮਸਲੇ ਬਾਰੇ ਫੈਸਲਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

ਅਸਲ ਵਿਚ ਜਦੋਂ ਹਰਿਆਣਾ ਇਸ ਮਸਲੇ 'ਤੇ ਸੁਪਰੀਮ ਕੋਰਟ ਵਿਚ ਗਿਆ ਤਾਂ ਉਥੇ ਪੰਜਾਬ ਦਾ ਕੇਸ ਸਹੀ ਤਰੀਕੇ ਨਾਲ ਪੇਸ਼ ਨਹੀਂ ਹੋ ਸਕਿਆ। ਉਸ ਵਕਤ ਸੂਬੇ ਅੰਦਰ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਸੀ। ਇਸ ਪਿਛੋਂ ਹਰ ਸੁਣਵਾਈ ਦੌਰਾਨ ਸਾਫ ਹੁੰਦਾ ਗਿਆ ਕਿ ਇਸ ਮਾਮਲੇ 'ਤੇ ਹਰਿਆਣਾ ਦਾ ਪਲੜਾ ਭਾਰੀ ਪੈ ਰਿਹਾ ਹੈ, ਪਰ ਉਸ ਵਕਤ ਵੀ ਬਾਦਲ ਸਰਕਾਰ ਨੇ ਕੋਈ ਖਾਸ ਹੰਭਲਾ ਨਹੀਂ ਮਾਰਿਆ। ਫਿਰ ਜਦੋਂ ਸੁਪਰੀਮ ਕੋਰਟ ਨੇ ਇਸ ਮਸਲੇ ਬਾਰੇ ਆਪਣਾ ਕੋਈ ਫੈਸਲਾ ਸੁਣਾਉਣ ਤੋਂ ਪਹਿਲਾਂ ਇਕ ਵਾਰ ਦੋਹਾਂ ਨੂੰ ਆਪਸੀ ਗੱਲਬਾਤ ਲਈ ਕਿਹਾ ਤਾਂ ਮੁੱਦਾ ਇਕ ਵਾਰ ਭਖ ਪਿਆ। ਜ਼ਿਕਰਯੋਗ ਹੈ ਕਿ ਇਸ ਮੁੱਦੇ 'ਤੇ ਪੰਜਾਬ ਅੰਦਰ ਵਾਹਵਾ ਸਿਆਸਤ ਹੁੰਦੀ ਰਹੀ ਹੈ, ਖਾਸ ਕਰ ਕੇ ਚੋਣਾਂ ਦੇ ਦਿਨਾਂ ਦੌਰਾਨ ਇਹ ਮਸਲਾ ਅਕਸਰ ਭਖਾਇਆ ਜਾਂਦਾ ਰਿਹਾ ਹੈ, ਪਰ ਚੋਣਾਂ ਜਿੱਤਣ ਤੋਂ ਬਾਅਦ ਕਿਸੇ ਵੀ ਧਿਰ, ਖਾਸ ਕਰ ਕੇ ਅਕਾਲੀ ਦਲ ਨੇ ਇਸ ਬਾਰੇ ਕਦੀ ਕੁਝ ਨਹੀਂ ਕੀਤਾ। ਹੁਣ ਵੀ ਇਸ ਮਸਲੇ 'ਤੇ ਅਕਾਲੀ ਦਲ ਖਾਮੋਸ਼ ਹੈ ਅਤੇ ਇਸ ਸਵਾਲ ਦਾ ਜਵਾਬ ਇਸ ਕੋਲ ਅਜੇ ਵੀ ਨਹੀਂ ਹੈ ਕਿ ਇਸ ਨੇ ਸੁਪਰੀਮ ਕੋਰਟ ਵਿਚ ਇਸ ਕੇਸ ਦੀ ਪੈਰਵੀ ਠੀਕ ਢੰਗ ਨਾਲ ਕਿਉਂ ਨਹੀਂ ਕੀਤੀ? ਇਹ ਤੱਥ ਰਿਕਾਰਡ ਉਤੇ ਹਨ ਕਿ ਅਦਾਲਤ ਵਿਚ ਸੀਨੀਅਰ ਵਕੀਲਾਂ ਦੀ ਥਾਂ ਜੂਨੀਅਰ ਵਕੀਲਾਂ ਨੂੰ ਹੀ ਭੇਜ ਦਿੱਤਾ ਜਾਂਦਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿਚ ਇਹ ਮਸਲਾ ਹੋਰ ਭਖਣ ਦੇ ਆਸਾਰ ਬਣ ਗਏ ਹਨ। ਦੂਜੇ ਬੰਨੇ ਐਤਕੀਂ ਆਜ਼ਾਦੀ ਦਿਵਸ ਮੌਕੇ ਪੰਜਾਬ ਵਿਚ ਖਾਲਿਸਤਾਨੀ ਝੰਡੇ ਲਹਿਰਾਉਣ ਦੀਆਂ ਖਬਰਾਂ ਵੀ ਆਈਆਂ ਹਨ। ਇਸ ਨਾਜ਼ੁਕ ਮੋੜ 'ਤੇ ਸਭ ਧਿਰਾਂ ਨੂੰ ਸੰਜੀਦਗੀ ਨਾਲ ਸੋਚਣਾ-ਵਿਚਾਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਿਆਰ ਦੀ ਭਾਲ!

ਟੱਬਰ ਖਿਲਰ ਗਏ ਪਾਰ ਸਮੁੰਦਰਾਂ ਤੋਂ, ਸਭ ਦੇ ਦੁੱਖੜੇ ਆਪਣੇ ਆਪ ਦੇ ਨੇ।
ਜਿਹੜਾ ਰਹਿ ਗਿਆ ਦੇਸ ਦੇ ਵਿਚ ਪਿੱਛੇ, ਉਸ ਨੂੰ ਬਾਹਰਲੇ 'ਸੁਰਗ' ਵਿਚ ਜਾਪਦੇ ਨੇ।
ਮੁਖੀਆ ਰਿਹਾ ਪਰਿਵਾਰ ਦਾ ਇਕ ਕੋਈ ਨਾ, ਵੱਖੋ ਵੱਖਰੀਆਂ 'ਸੁਰਾਂ' ਅਲਾਪਦੇ ਨੇ।
ਨਿੱਘ ਮੁੱਕਿਆ ਨੇੜਲੇ ਰਿਸ਼ਤਿਆਂ ਦਾ, ਗਰਜਾਂ ਨਾਲ ਇਕ-ਦੂਜੇ ਨੂੰ 'ਮਾਪਦੇ' ਨੇ।
ਹੱਸਣ ਖੇਡਣ ਲਈ ਮਾਰਦੇ ਰਹਿਣ ਠੂੰਗੇ, ਕਾਰਟੂਨ ਜਿਹੀ ਬਣੀ 'ਸਮਾਈਲ' ਵਿਚੋਂ।
ਸਕੇ-ਸੋਧਰੇ ਤਿਆਗ ਕੇ ਭਾਲ ਰਹੇ ਨੇ, ਲੋਕੀਂ ਅੱਜ ਦੇ ਪਿਆਰ ਮੋਬਾਈਲ ਵਿਚੋਂ!

# ਰੱਜਿਆਂ ਨੂੰ ਰਜਾਉਣ ਦੇ ਰਾਹ ਤੁਰੀ ਮੋਦੀ ਸਰਕਾਰ

***ਭਾਰਤ ਦੀ ਮੋਦੀ ਸਰਕਾਰ ਕਰੋਨਾ ਵਾਇਰਸ ਸੰਕਟ ਨਾਲ ਪੈਦਾ ਹੋਏ ਡਰ ਅਤੇ ਸਹਿਮ ਵਾਲੇ ਮਾਹੌਲ ਦਾ ਪੂਰਾ ਲਾਹਾ ਲੈ ਰਹੀ ਹੈ ਅਤੇ ਆਮ ਲੋਕਾਂ ਉਤੇ ਲਗਾਤਾਰ ਸ਼ਿਕੰਜਾ ਕੱਸ ਰਹੀ ਹੈ। ਦੂਜੇ ਬੰਨੇ ਕਾਰਪੋਰੇਟ ਸੈਕਟਰ ਨੂੰ ਲਗਾਤਾਰ ਮੋਟੀਆਂ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਮੁੱਚੇ ਹਾਲਾਤ ਬਾਰੇ ਟਿੱਪਣੀ ਉਘੇ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***




ਭਾਰਤੀ ਰਿਜ਼ਰਵ ਬੈਂਕ ਨੇ 5 ਅਗਸਤ 2020 ਨੂੰ ਮੁਦਰਾ ਨੀਤੀ ਦਾ ਐਲਾਨ ਕਰਦੇ ਸਮੇਂ ਇਕ ਅਹਿਮ ਫੈਸਲਾ ਕੀਤਾ ਹੈ। ਇਹ ਫੈਸਲਾ ਕੋਵਿਡ-19 ਦੀ ਆੜ ਵਿਚ ਕੀਤਾ ਗਿਆ ਹੈ। ਇਸ ਮਹਾਮਾਰੀ ਕਾਰਨ ਕਈ ਵਪਾਰਕ ਇਕਾਈਆਂ ਸੰਕਟ ਵਿਚ ਆ ਗਈਆਂ ਹਨ ਜਿਨ੍ਹਾਂ ਨੂੰ ਸੰਕਟ ਵਿਚੋਂ ਕਢਣਾ ਜ਼ਰੂਰੀ ਹੈ ਪਰ ਰਿਜ਼ਰਵ ਬੈਂਕ ਨੇ ਵੱਡੇ ਆਕਾਰ ਦੀਆਂ ਕਾਰਪੋਰੇਟ ਇਕਾਈਆਂ ਨੂੰ ਹੀ ਸੰਕਟ ਵਿਚੋਂ ਕੱਢਣ ਬਾਰੇ ਐਲਾਨ ਕੀਤਾ ਹੈ। ਇਸ ਅਨੁਸਾਰ ਜਿਨ੍ਹਾਂ ਕੰਪਨੀਆਂ ਦੇ ਖਾਤੇ ਵਿਚ 1500 ਕਰੋੜ ਜਾਂ ਇਸ ਤੋਂ ਵੱਧ ਕਰਜ਼ੇ ਹਨ ਅਤੇ ਉਹ ਕਰਜ਼ੇ ਨਾਂ ਮੋੜਨ ਕਾਰਨ ਸੰਕਟ ਵਿਚ ਹਨ, ਉਨ੍ਹਾਂ ਲਈ ਇਕ-ਵਕਤੀ (ਵੰਨ-ਟਾਇਮ) ਪੁਨਰਪ੍ਰਬੰਧ ਦੀ ਸਹੂਲਤ ਦਾ ਐਲਾਨ ਕੀਤਾ ਗਿਆ ਹੈ। ਇਸ ਵਾਸਤੇ ਕੇ.ਵੀ. ਕਾਮਥ ਦੀ ਅਗਵਾਈ ਹੇਠ ਕਮੇਟੀ ਬਣਾਈ



ਡਾ. ਸੁੱਚਾ ਸਿੰਘ ਗਿੱਲ
ਫੋਨ: +91-98550-82857

ਗਈ ਹੈ। ਉਹ ਨਿਊ ਡਿਵੈਲਪਮੈਂਟ ਬੈਂਕ ਸ਼ੰਘਾਈ ਅਤੇ ਆਈ.ਸੀ.ਆਈ.ਸੀ.ਆਈ. ਬੈਂਕ ਦੇ ਸਾਬਕਾ ਮੁਖੀ ਰਹਿ ਚੁਕੇ ਹਨ।

ਮੌਜੂਦਾ ਹਾਲਾਤ ਅਨੁਸਾਰ ਜਿਹੜੀਆਂ ਕੰਪਨੀਆਂ ਬੈਂਕਾਂ ਦੇ ਕਰਜ਼ੇ ਸਮੇਂ ਸਿਰ ਨਹੀਂ ਮੋੜਦੀਆਂ, ਉਨ੍ਹਾਂ ਖਿਲਾਫ ਇਨਸਾਲਵੈਂਸੀ ਅਤੇ ਬੈਂਕਰਪਸੀ ਕੋਡ 2016 ਅਨੁਸਾਰ ਕਾਰਵਾਈ ਹੋ ਸਕਦੀ ਹੈ। ਇਸ ਕੋਡ ਮੁਤਾਬਿਕ ਇਨ੍ਹਾਂ ਕੰਪਨੀਆਂ ਤੋਂ ਕਰਜ਼ੇ ਉਗਰਾਉਣ ਲਈ ਬੈਂਕ ਕਰਜ਼ਾ ਉਗਰਾਹੀ ਟ੍ਰਿਬਿਊਨਲ ਕੋਲ ਸ਼ਿਕਾਇਤ ਕਰ ਸਕਦੇ ਹਨ। ਕਰਜ਼ੇ ਦੀ ਉਗਰਾਹੀ ਦੀ ਕਾਰਵਾਈ ਦੇ ਆਰੰਭ ਹੋਣ ਤੋਂ ਕੰਪਨੀ ਨੂੰ ਚਲਾਉਣ ਅਤੇ ਫੈਸਲੇ ਕਰਨ ਦੇ ਅਧਿਕਾਰ ਕੰਪਨੀ ਮਾਲਕਾਂ/ਸੰਚਾਲਕਾਂ ਤੋਂ ਕਰਜ਼ਾ ਦੇਣ ਵਾਲੀਆਂ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਜਿਵੇਂ ਭਾਰਤੀ ਜੀਵਨ ਬੀਮਾ ਕੰਪਨੀ ਆਦਿ ਕੋਲ ਆ ਜਾਂਦੇ ਹਨ। ਇਸ ਕਾਰਨ ਇਸ ਕੋਡ ਦੇ ਡਰ ਕਰ ਕੇ ਕਰਜ਼ਈ ਕੰਪਨੀਆਂ ਵਕਤ ਸਿਰ ਕਰਜ਼ੇ ਮੋੜਨ ਲੱਗ ਪੈਂਦੀਆਂ ਹਨ।

ਰਿਜ਼ਰਵ ਬੈਂਕ ਦੇ ਸਾਬਕਾ ਡਿਪਟੀ ਗਵਰਨਰ ਅਤੇ ਅੱਜਕੱਲ੍ਹ ਨਿਊ ਯਾਰਕ ਯੂਨੀਵਰਸਿਟੀ ਵਿਚ ਅਰਥ ਵਿਗਿਆਨ ਦੇ ਪ੍ਰੋਫੈਸਰ ਵਿਰਲ ਅਚਾਰਿਆ ਅਨੁਸਾਰ, ਕੋਡ 2016 ਪਾਸ ਹੋਣ ਤੋਂ ਬਾਅਦ ਕਾਫੀ ਗਿਣਤੀ ਵਿਚ ਕੰਪਨੀਆਂ ਨੇ ਕਰਜ਼ੇ ਸਮੇਂ ਸਿਰ ਵਾਪਸ ਕਰਨੇ ਸ਼ੁਰੂ ਕਰ ਦਿਤੇ ਸਨ; ਖਾਸ ਕਰ ਕੇ ਉਹ ਕੰਪਨੀਆਂ ਜਿਹੜੀਆਂ ਜਾਣਬੁੱਝ ਕੇ ਕਰਜ਼ੇ ਨਹੀਂ ਮੋੜਦੀਆਂ ਸਨ, ਉਨ੍ਹਾਂ ਦੇ ਵਿਹਾਰ ਵਿਚ ਕਰਜ਼ੇ ਮੋੜਨ ਸਬੰਧੀ ਤਬਦੀਲੀ ਆਉਣ ਲੱਗ ਪਈ ਸੀ। ਇਸ ਤਰ੍ਹਾਂ ਬੈਂਕਾਂ ਦੇ ਕਰਜ਼ਿਆਂ ਦੀ ਬਿਹਤਰ ਉਗਰਾਹੀ ਕਾਰਨ ਮਾੜੇ (ਡੁੱਬੇ) ਕਰਜ਼ਿਆਂ ਜਾਂ ਕਰਜ਼ਦਾਰਾਂ ਵੱਲ ਖੜ੍ਹੇ ਅਸਾਸੇ (ਐਨ.ਪੀ.ਏ.) ਵਿਚ ਗਿਰਾਵਟ ਆਉਣ ਲੱਗ ਪਈ ਸੀ।

ਇਸ ਵਜਾਹ ਕਰ ਕੇ ਇਨਸਾਲਵੈਂਸੀ ਅਤੇ ਬੈਂਕਰਪਸੀ ਕੋਡ ਸਰਕਾਰੀ ਬੈਂਕਾਂ ਦੇ ਐਨ.ਪੀ.ਏ. ਰੋਕਣ ਦਾ ਕਾਰਗਰ ਹਥਿਆਰ ਬਣ ਗਿਆ ਸੀ। ਇਸ ਹਥਿਆਰ ਦਾ ਜਾਰੀ ਰਹਿਣਾ ਵੱਡੇ ਕਾਰਪੋਰੇਟਾਂ ਵਲੋਂ ਜਾਣਬੁੱਝ ਕੇ ਕਰਜ਼ੇ ਨਾਂ ਵਾਪਸ ਕਰਨ ਦੇ ਰੁਝਾਨ ਨੂੰ ਰੋਕਣ ਵਾਸਤੇ ਜ਼ਰੂਰੀ ਹੈ। ਜਦੋਂ ਕਾਰਪੋਰੇਟ ਘਰਾਣੇ ਕਰਜ਼ੇ ਨਹੀਂ ਮੋੜਦੇ ਤਾਂ ਕੇਂਦਰ ਸਰਕਾਰ ਸਰਕਾਰੀ ਬੈਂਕਾਂ ਦੀ ਵਿੱਤੀ ਸਿਹਤ ਠੀਕ ਰੱਖਣ ਵਾਸਤੇ ਆਪਣੇ ਬਜਟ ਵਿਚੋਂ ਬੈਂਕਾਂ ਨੂੰ ਪੈਸਾ ਦੇ ਕੇ ਉਨ੍ਹਾਂ ਦੀ ਸਰਮਾਇਆਕਾਰੀ ਕਰਦੀ ਹੈ। ਇਸ ਨਾਲ ਇਕ ਪਾਸੇ ਆਮ ਲੋਕਾਂ ਤੇ ਟੈਕਸਾਂ ਦਾ ਬੋਝ ਵਧ ਜਾਂਦਾ ਹੈ, ਦੂਜੇ ਪਾਸੇ ਸਰਕਾਰ ਪਾਸ ਸਾਧਨਾਂ ਦੀ ਘਾਟ ਕਾਰਨ ਲੋਕ ਭਲਾਈ ਦੀਆਂ ਸਕੀਮਾਂ ਉਪਰ ਕੱਟ ਲੱਗ ਜਾਂਦਾ ਹੈ। ਇਸ ਦਾ ਮਾੜਾ ਅਸਰ ਆਮ ਲੋਕਾਂ ਉਪਰ ਹੀ ਪੈਂਦਾ ਹੈ। ਸਰਕਾਰੀ ਬੈਂਕਾਂ ਦਾ ਕਰਜ਼ਾ ਕਾਰਪੋਰੇਟ ਘਰਾਣਿਆਂ ਵਲੋਂ ਨਾ ਮੋੜਨ ਤੋਂ ਬਾਅਦ ਬੈਂਕਾਂ ਦੇ ਐਨ.ਪੀ.ਏ. ਵਿਚ ਵਾਧੇ ਕਾਰਣ ਹੋਏ ਨੁਕਸਾਨ ਕਾਰਨ ਇਹ ਘਰਾਣੇ ਬੈਂਕਾਂ ਦੀ ਨੁਕਤਾਚੀਨੀ ਕਰਦੇ ਹਨ ਅਤੇ ਇਨ੍ਹਾਂ ਬੈਂਕਾਂ ਦੇ ਨਿਜੀਕਰਨ ਦੀ ਮੰਗ ਕਰਦੇ ਹਨ। ਇਹ ਘਰਾਣੇ ਬੈਂਕਾਂ ਦੇ ਪੈਸੇ ਮਾਰ ਕੇ ਆਪਣੀਆਂ ਦੂਜੀਆਂ ਕੰਪਨੀਆਂ ਵਿਚ ਲਗਾ ਦਿੰਦੇ ਹਨ ਅਤੇ ਉਨ੍ਹਾਂ ਕੰਪਨੀਆਂ ਰਾਹੀਂ ਸਰਕਾਰੀ ਬੈਂਕ ਖਰੀਦਣ ਨੂੰ ਫਿਰਦੇ ਹਨ। ਸਿਆਸੀ ਪਾਰਟੀਆਂ ਇਨ੍ਹਾਂ ਘਰਾਣਿਆਂ ਤੋਂ ਚੰਦਾ ਲੈ ਕੇ ਚੋਣਾਂ ਲੜਦੀਆਂ ਅਤੇ ਜਿੱਤਣ ਤੋਂ ਬਾਅਦ ਕਾਰਪੋਰੇਟ ਘਰਾਣਿਆਂ ਦੀ ਮਦਦ ਕਰਦੀਆਂ ਰਹਿੰਦੀਆਂ ਹਨ। ਅਗਸਤ 2019 ਵਿਚ ਕੇਂਦਰ ਸਰਕਾਰ ਵਲੋਂ ਰਿਜ਼ਰਵ ਬੈਂਕ ਤੋਂ 1.76 ਲੱਖ ਕਰੋੜ ਰੁਪਏ ਉਸ ਦੇ ਐਮਰਜੈਂਸੀ ਫੰਡ ਤੋਂ ਉਗਰਾਹੇ ਗਏ ਸਨ। ਇਹ ਇਸ ਕਰ ਕੇ ਕੀਤਾ ਗਿਆ ਸੀ ਕਿ ਕਾਰਪੋਰੇਟ ਆਮਦਨ ਟੈਕਸ ਦੀ ਦਰ ਸਰਕਾਰ ਵਲੋਂ 38 ਫੀਸਦ ਤੋਂ ਘਟਾ ਕੇ 25 ਫੀਸਦ ਕਰਨ ਨਾਲ ਸਰਕਾਰ ਦੀ ਆਮਦਨ ਵਿਚ ਗਿਰਾਵਟ ਆ ਗਈ। ਇਸ ਦੀ ਭਰਪਾਈ ਰਿਜ਼ਰਵ ਬੈਂਕ ਤੋਂ ਸਰਕਾਰ ਨੇ ਕਰ ਲਈ ਪਰ ਇਸ ਨਾਲ ਰਿਜ਼ਰਵ ਬੈਂਕ ਦੀ ਵਿੱਤੀ ਐਮਰਜੈਂਸੀ ਨੂੰ ਨਜਿਠਣ ਦੀ ਸਮਰੱਥਾ ਨੂੰ ਘਟਾ ਦਿਤਾ ਗਿਆ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮੱਧ ਵਰਗ ਦੇ ਆਮਦਨ ਟੈਕਸ ਭਰਨ ਵਾਲਿਆਂ ਲਈ ਟੈਕਸ ਉਗਰਾਹੀ ਦੀ ਸਭ ਤੋਂ ਵੱਧ ਦਰ 33 ਫੀਸਦ ਹੈ ਅਤੇ ਬਹੁਤ ਅਮੀਰ ਕਾਰਪੋਰੇਟਾਂ ਵਾਸਤੇ ਇਹ ਦਰ ਘਟਾ ਕੇ 25 ਫੀਸਦ ਕਰ ਦਿਤੀ ਹੈ। ਇਹ ਅਮੀਰਾਂ ਨੂੰ ਗੱਫੇ ਅਤੇ ਆਮ ਲੋਕਾਂ ਦੀ ਲੁੱਟ ਦਾ ਕਲਾਸੀਕਲ ਕੇਸ ਹੈ। ਇਹ ਸਰਾਸਰ ਟੈਕਸ ਦੇ ਸਿਧਾਂਤਾਂ ਦੇ ਖਿਲਾਫ ਹੈ। ਇਨ੍ਹਾਂ ਸਿਧਾਂਤਾਂ ਮੁਤਾਬਕ ਜਿਨ੍ਹਾਂ ਵਿਅਕਤੀਆਂ ਕੋਲ ਜ਼ਿਆਦਾ ਟੈਕਸ ਅਦਾ ਕਰਨ ਦੀ ਸਮਰੱਥਾ ਹੈ, ਉਨ੍ਹਾਂ ਉਪਰ ਟੈਕਸਾਂ ਦਾ ਬੋਝ ਜ਼ਿਆਦਾ ਪੈਣਾ ਚਾਹੀਦਾ ਹੈ ਅਤੇ ਜਿਨ੍ਹਾਂ ਕੋਲ ਟੈਕਸ ਅਦਾ ਕਰਨ ਦੀ ਘੱਟ ਸਮਰੱਥਾ ਹੈ, ਉਨ੍ਹਾਂ ਉਪਰ ਟੈਕਸਾਂ ਦਾ ਬੋਝ ਘੱਟ ਪੈਣਾ ਚਾਹੀਦਾ ਹੈ ਪਰ ਅਫਸੋਸ ਦੀ ਗੱਲ ਇਹ ਕਿ ਅੱਜ ਦੇਸ਼ ਵਿਚ ਵੱਡੇ ਅਮੀਰਾਂ ਉਪਰ ਮੱਧ ਵਰਗ ਦੇ ਮੁਕਾਬਲੇ ਟੈਕਸ ਦੀ ਦਰ/ਰੇਟ ਘਟਾ ਦਿਤੇ ਹਨ।

ਇਸ ਨਾਲ ਦੇਸ਼ ਵਿਚ ਆਮਦਨ ਦੀ ਵੰਡ ਵਿਚ ਅਸਮਾਨਤਾ ਕਾਫੀ ਵੱਧ ਹੋ ਗਈ ਹੈ। ਇਸ ਸਮੇਂ ਦੇਸ਼ ਦੇ 831 ਸੁਪਰ ਅਮੀਰਾਂ ਕੋਲ ਦੇਸ਼ ਦੀ ਕੁੱਲ ਆਮਦਨ ਦਾ 25 ਫੀਸਦ ਹੈ ਅਤੇ ਹੇਠਲੇ 40 ਫੀਸਦ ਲੋਕਾਂ ਕੋਲ ਕੁੱਲ ਆਮਦਨ ਦਾ 10 ਫੀਸਦ ਤੋਂ ਵੀ ਘੱਟ ਹਿਸਾ ਹੈ।

ਕੇ.ਵੀ. ਕਾਮਥ ਦੀ ਅਗਵਾਈ ਵਾਲੀ ਕਮੇਟੀ ਬਣਨ ਮਗਰੋਂ ਇਹ ਐਲਾਨ ਕੀਤਾ ਗਿਆ ਕਿ ਇਨਸਾਲਵੈਂਸੀ ਅਤੇ ਬੈਂਕਰਪਸੀ ਕੋਡ ਨੂੰ ਛੇ ਮਹੀਨਿਆਂ ਵਾਸਤੇ ਮਨਸੂਖ ਕਰ ਦਿਤਾ ਗਿਆ ਹੈ। ਇਸ ਕੋਡ ਅਧੀਨ 1500 ਕਰੋੜ ਜਾਂ ਇਸ ਤੋਂ ਵੱਧ ਕਰਜ਼ੇ ਵਾਲੀਆਂ ਕੰਪਨੀਆਂ ਉਪਰ ਕਰਜ਼ੇ ਦੀ ਉਗਰਾਹੀ ਲਈ ਕਰਜ਼ਾ ਉਗਰਾਹੀ ਟ੍ਰਿਬਿਊਨਲਾਂ ਕੋਲ ਬੈਂਕ ਅਤੇ ਹੋਰ ਵਿੱਤੀ ਸੰਸਥਾਵਾਂ ਸ਼ਿਕਾਇਤ ਨਹੀਂ ਕਰ ਸਕਣਗੇ। ਇਸ ਤੋਂ ਇਲਾਵਾ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਡਿਫਾਲਟਰ ਕੰਪਨੀਆਂ ਦੀ ਸੰਪਤੀ ਨੂੰ ਘਟਾ ਕਿ ਅੰਕਿਆ ਨਹੀਂ ਜਾਵੇਗਾ। ਕਾਮਥ ਕਮੇਟੀ ਕੋਵਿਡ-19 ਕਾਰਨ ਸੰਕਟ ਵਿਚ ਆਈਆਂ ਕੰਪਨੀਆਂ ਦੇ ਪੁਨਰਪ੍ਰਬੰਧ ਲਈ ਪ੍ਰੋਗਰਾਮ ਉਲੀਕੇਗੀ ਅਤੇ ਰਿਜ਼ਰਵ ਬੈਂਕ ਨੂੰ ਆਪਣੀ ਰਿਪੋਰਟ ਪੇਸ਼ ਕਰੇਗੀ ਅਤੇ ਇਸ ਦੇ ਲਾਗੂ ਕਰਨ ਦੀ ਨਿਗਰਾਨੀ ਵੀ ਕਰੇਗੀ।

ਇਸ ਕਮੇਟੀ ਦੀ ਬਣਤਰ ਅਤੇ ਅਧਿਕਾਰ ਖੇਤਰ ਤੋਂ ਪਤਾ ਲੱਗਦਾ ਹੈ ਕਿ ਇਸ ਕਮੇਟੀ ਦੀ ਕਾਇਮੀ ਹੀ ਵੱਡੇ ਕਾਰਪੋਰੇਟ ਖੇਤਰ ਨੂੰ ਹੋਰ ਫਾਇਦੇ ਦੇਣ ਵਾਸਤੇ ਕੀਤੀ ਗਈ ਹੈ। ਇਸ ਕਮੇਟੀ ਵਿਚ ਕਾਰਪੋਰੇਟ ਸੈਕਟਰ ਨਾਲ ਸਬੰਧਤ ਮਾਹਿਰ ਸ਼ਾਮਲ ਕੀਤੇ ਗਏ ਹਨ। ਇਸ ਕਮੇਟੀ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਤਣਾਅ ਹੇਠ ਆਈਆਂ ਕੰਪਨੀਆਂ ਦੀ ਨਿਸ਼ਾਨਦੇਹੀ ਕਰ ਕੇ ਐਲਾਨ ਕਰੇ ਅਤੇ ਉਨ੍ਹਾਂ ਦੇ ਪੁਨਰਪ੍ਰਬੰਧ ਦਾ ਰਸਤਾ ਤੈਅ ਕਰੇ। ਇਸ ਵਿਚ ਕਮੇਟੀ ਵਲੋਂ ਮਨਮਰਜ਼ੀ ਦੀਆਂ ਕੰਪਨੀਆਂ ਨੂੰ ਸੰਕਟ ਵਿਚ ਐਲਾਨਣ ਦੀ ਕਾਫੀ ਗੁੰਜਾਇਸ਼ ਹੈ।

ਸ਼ੁਰੂ ਵਿਚ ਬਿਜਲੀ ਖੇਤਰ ਦੀਆਂ ਪ੍ਰਾਈਵੇਟ ਕੰਪਨੀਆਂ ਨੂੰ ਵਿਚਾਰਿਆ ਜਾਵੇਗਾ ਅਤੇ ਬਾਅਦ ਵਿਚ ਦੂਜੇ ਸੈਕਟਰਾਂ ਦੀਆਂ ਕੰਪਨੀਆਂ ਦੇ ਕੇਸ ਵਿਚਾਰੇ ਜਾਣਗੇ ਤੇ ਇਨ੍ਹਾਂ ਨੂੰ ਰਿਆਇਤਾਂ ਦੇ ਗੱਫੇ ਵੰਡੇ ਜਾਣਗੇ। ਸਾਬਕਾ ਕੇਂਦਰੀ ਵਿੱਤ ਸਕੱਤਰ ਐਸ.ਸੀ. ਗਰਗ ਅਨੁਸਾਰ ਕਾਮਥ ਕਮੇਟੀ ਬਣਾਉਣ ਨਾਲ ਇਨਸਾਲਵੈਂਸੀ ਅਤੇ ਬੈਂਕਰਪਸੀ ਕੋਡ 2016 ਦੇ ਭੋਗ ਪੈਣ ਦੀ ਘੰਟੀ ਵੱਜ ਗਈ ਹੈ। ਇਸ ਨਾਲ ਬੈਂਕਾਂ ਵਿਚ ਮਾੜੇ (ਡੁੱਬੇ) ਕਰਜ਼ਿਆਂ ਵਿਚ ਵਾਧਾ ਹੋਵੇਗਾ। ਵੱਡੇ ਕਾਰਪੋਰੇਟ ਘਰਾਣੇ ਬੈਂਕਾਂ ਦੇ ਕਰਜ਼ੇ ਮਾਰ ਕੇ ਸਰਕਾਰ ਵਲੋਂ ਨਿਜੀਕਰਨ ਲਈ ਐਲਾਨ ਕੀਤੇ 5 ਸਰਕਾਰੀ ਬੈਂਕ ਖਰੀਦ ਲੈਣਗੇ। ਇਕ-ਵਕਤ ਬੰਦੋਬਸਤ ਤਹਿਤ ਇਹ ਕੰਪਨੀਆਂ ਵੱਡੀਆਂ ਰਿਆਇਤਾਂ ਲੈ ਕੇ ਆਪਣੀਆਂ ਸਹਾਇਕ ਕੰਪਨੀਆਂ ਰਾਹੀਂ ਬੈਂਕ ਖਰੀਦ ਲੈਣਗੀਆਂ। ਬੈਂਕਾਂ ਦੇ ਘਾਟੇ ਦੀ ਭਰਪਾਈ ਬੈਂਕ ਖਾਤਾਧਾਰਕਾਂ ਉਪਰ ਨਵੇਂ ਚਾਰਜ ਲਾ ਕੇ ਜਾਂ ਸਰਕਾਰੀ ਬਜਟ ਤੋਂ ਆਮ ਲੋਕਾਂ ਉਪਰ ਟੈਕਸ ਲਗਾ ਕੇ ਉਗਰਾਹੇ ਧਨ ਨਾਲ ਕੀਤੀ ਜਾਵੇਗੀ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਦੇਸ਼ ਦਾ 86 ਫੀਸਦ ਕਿਸਾਨ ਛੋਟਾ, ਸਮਾਂਤ ਅਤੇ ਗਰੀਬ ਹੈ। ਇਹ ਸਾਰੇ ਕਰਜ਼ਈ ਹਨ ਅਤੇ ਇਨ੍ਹਾਂ ਵਿਚੋਂ ਹੀ ਹਰ ਰੋਜ਼ ਆਤਮ-ਹਤਿਆਵਾਂ ਹੋ ਰਹੀਆਂ ਹਨ ਪਰ ਕੇਂਦਰ ਸਰਕਾਰ ਇਨ੍ਹਾਂ ਦੇ ਕਰਜ਼ੇ ਖਤਮ ਜਾਂ ਪੁਨਰਪ੍ਰਬੰਧ ਕਰਨ ਵਾਸਤੇ ਕੋਈ ਕੋਸ਼ਿਸ਼ ਨਹੀਂ ਕਰ ਰਹੀ। ਮਹਾਮਾਰੀ ਦੌਰਾਨ ਕਰੋੜਾਂ ਮਜ਼ਦੂਰਾਂ ਦਾ ਰੁਜ਼ਗਾਰ ਖਤਮ ਹੋ ਗਿਆ ਹੈ, ਉਸ ਵਾਸਤੇ ਵੀ ਕੋਈ ਗੱਲ ਨਹੀਂ ਕੀਤੀ ਜਾ ਰਹੀ। ਉਲਟਾ ਸਰਕਾਰੀ ਨੌਕਰੀਆਂ ਦਾ ਖਾਤਮਾ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਮੰਡੀਆਂ ਖਤਮ ਕਰ ਕੇ ਕਿਸਾਨਾਂ ਨੂੰ ਮਿਲ ਰਹੇ ਘੱਟੋ-ਘੱਟ ਸਮਰਥਨ ਮੁੱਲ ਦੀ ਵਿਵਸਥਾ ਖਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਆਨਾਜ ਦੀ ਖਰੀਦ ਵਿਚ ਕਾਰਪੋਰੇਟ ਘਰਾਣਿਆਂ ਨੂੰ ਬਿਨਾਂ ਰੋਕ-ਟੋਕ ਵਾੜਿਆ ਜਾ ਰਿਹਾ ਹੈ। ਇਹ ਸਾਰਾ ਵਿਤਕਰੇ ਵਾਲਾ ਰਵੱਈਆ ਅਮੀਰਾਂ ਅਤੇ ਕਾਰਪੋਰੇਟ ਘਰਾਣਿਆਂ ਦੀ ਦੌਲਤ ਵਿਚ ਵਾਧਾ ਕਰੇਗਾ ਅਤੇ ਲੋਕਾਂ ਦੇ ਆਰਥਿਕ ਮੁਫਾਦਾਂ ਉਪਰ ਸੱਟ ਲੱਗੇਗੀ। ਸਰਕਾਰੀ ਬੈਂਕਾਂ ਦੀ ਮਾਲੀ ਹਾਲਤ ਹੋਰ ਮਾੜੀ ਹੋ ਜਾਵੇਗੀ। ਜਨਤਕ ਜਥੇਬੰਦੀਆਂ ਅਤੇ ਲੋਕ-ਪੱਖੀ ਪਾਰਟੀਆਂ ਨੂੰ ਇਸ ਵਰਤਾਰੇ ਦਾ ਵਿਰੋਧ ਕਰਨਾ ਬਣਦਾ ਹੈ। ਚੇਤਨ ਵਰਗ ਨੂੰ ਲੋਕਾਂ ਨਾਲ ਖੜ੍ਹਨਾ ਪੈਣਾ ਹੈ ਤਾਂ ਕਿ ਜਮਹੂਰੀ ਅਤੇ ਲੋਕ-ਪੱਖੀ ਲਹਿਰ ਮਜ਼ਬੂਤ ਹੋਵੇ।

# ਹਜੂਮੀ ਹਿੰਸਾ ਨਾਲ ਜੂਝ ਰਹੀ ਪੱਤਰਕਾਰੀ

***ਮੋਦੀ ਸਰਕਾਰ ਨੇ ਭਾਰਤ ਅੰਦਰ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਇਸ ਦੇ ਖਿਲਾਫ ਬੋਲਣ ਵਾਲੇ ਹਰ ਸ਼ਖਸ ਅਤੇ ਸੰਸਥਾ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹਾਲ ਹੀ 'ਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਕਾਰਕੁਨਾਂ ਦੀ ਭੀੜ ਨੇ ਦਿੱਲੀ ਵਿਚ ਉਨ੍ਹਾਂ ਤਿੰਨ ਪੱਤਰਕਾਰਾਂ ਉਤੇ ਹਮਲਾ ਬੋਲ ਦਿੱਤਾ, ਜਿਨ੍ਹਾਂ ਨੇ ਦਿੱਲੀ ਵਿਚ ਹੋਏ ਦੰਗਿਆਂ ਦੇ ਅਸਲ ਤੱਥ ਲੋਕਾਂ ਸਾਹਮਣੇ ਲਿਆਂਦੇ ਹਨ। ਕਾਲਮਨਵੀਸ ਬੂਟਾ ਸਿੰਘ ਨੇ ਇਸ ਸਮੁੱਚੇ ਹਾਲਾਤ ਬਾਰੇ ਚਰਚਾ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

11 ਅਗਸਤ ਨੂੰ ਉਤਰ-ਪੂਰਬੀ ਦਿੱਲੀ ਦੇ ਸੁਭਾਸ਼ ਨਗਰ ਵਿਚ ਕਾਰਵਾਂ ਮੈਗਜ਼ੀਨ ਦੇ ਤਿੰਨ ਪੱਤਰਕਾਰਾਂ ਉਪਰ ਹਿੰਸਕ ਹਜੂਮ ਦਾ ਹਮਲਾ ਆਪਮੁਹਾਰੀ ਮਾਮੂਲੀ ਭੜਕਾਹਟ ਨਹੀਂ ਸੀ। ਇਹ ਆਰ.ਐਸ.ਐਸ-ਭਾਜਪਾ ਵਲੋਂ ਮੀਡੀਆ ਨੂੰ ਦਹਿਸ਼ਤ ਅਤੇ ਸੱਤਾ ਦੀ ਧੌਂਸ ਨਾਲ ਕੰਟਰੋਲ ਕਰਨ ਦੀ ਨੀਤੀ ਦਾ ਹਿੱਸਾ ਹੈ। ਇਹ ਜੱਗ ਜ਼ਾਹਿਰ ਹਕੀਕਤ ਹੈ ਕਿ ਜ਼ਿਆਦਾਤਰ ਮੀਡੀਆ ਆਰ.ਐਸ.ਐਸ.-ਭਾਜਪਾ ਦਾ ਪ੍ਰਚਾਰ ਵਿਭਾਗ ਬਣ ਚੁੱਕਾ ਹੈ ਅਤੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਪ੍ਰਚਾਰ ਰਿਹਾ ਹੈ। ਪੱਤਰਕਾਰੀ ਦੇ ਅਸੂਲਾਂ ਨੂੰ ਪ੍ਰਨਾਏ ਗਿਣਤੀ ਦੇ ਪ੍ਰਕਾਸ਼ਨ ਸਮੂਹ ਹੀ ਬਚੇ ਹਨ ਜਿਨ੍ਹਾਂ ਨੇ ਆਪਣੀ ਜ਼ਮੀਰ ਨਹੀਂ ਵੇਚੀ। ਉਹ ਤੱਥ ਪੂਰਨ ਰਿਪੋਰਟਿੰਗ ਕਰਦਿਆਂ ਦਹਿਸ਼ਤ ਅਤੇ ਧਮਕੀਆਂ ਦਾ ਸਾਹਮਣਾ

**ਬੂਟਾ ਸਿੰਘ**
**ਫੋਨ: +91-94634-74342**

ਵੀ ਕਰ ਰਹੇ ਹਨ ਅਤੇ ਸੰਕਟ ਦੇ ਵਕਤ ਆਪਣੇ ਪੱਤਰਕਾਰਾਂ ਨਾਲ ਡਟ ਕੇ ਖੜ੍ਹਦੇ ਵੀ ਹਨ। ਇਸੇ ਹਿੱਸੇ ਨੂੰ ਦਬਾਉਣ ਲਈ ਹਜੂਮੀ ਹਿੰਸਾ ਦਾ ਸਹਾਰਾ ਲਿਆ ਜਾ ਰਿਹਾ ਹੈ।

ਸੀ.ਏ.ਏ.-ਐਨ.ਆਰ.ਸੀ. ਖਿਲਾਫ ਉਠੀ ਵਿਆਪਕ ਲੋਕ ਆਵਾਜ਼ ਨੂੰ ਦਬਾਉਣ ਲਈ ਫਰਵਰੀ 2020 ਵਿਚ ਆਰ.ਐਸ.ਐਸ.-ਭਾਜਪਾ ਵਲੋਂ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦਾ ਨਾਅਰਾ ਦੇ ਕੇ ਉਤਰ-ਪੂਰਬੀ ਦਿੱਲੀ ਵਿਚ ਪੁਲਿਸ ਦੀ ਮਿਲੀਭੁਗਤ ਨਾਲ ਜੋ ਕਤਲੇਆਮ ਅਤੇ ਲੁੱਟਮਾਰ ਕਰਵਾਈ ਸੀ, ਉਸ ਵਿਚ 53 ਲੋਕ ਮਾਰੇ ਗਏ ਸਨ। ਗੁਜਰਾਤ ਕਤਲੇਆਮ (2002) ਵਿਚ ਹਮਲਾਵਰ ਹਜੂਮ ਦਾ ਨਾਅਰਾ ਸੀ - 'ਯੇ ਅੰਦਰ ਕੀ ਬਾਤ ਹੈ, ਪੁਲਿਸ ਹਮਾਰੇ ਸਾਥ ਹੈ', ਦਿੱਲੀ ਵਿਚ ਹਮਲਾਵਰ 'ਦਿੱਲੀ ਪੁਲਿਸ ਜ਼ਿੰਦਾਬਾਦ!' ਦੇ ਨਾਅਰੇ ਲਗਾ ਰਹੇ ਸਨ। ਪੁਲਿਸ ਦੀ ਐਨੀ ਉਘੜਵੀਂ ਮਿਲੀਭੁਗਤ ਦੇ ਬਾਵਜੂਦ ਮੀਡੀਆ ਦੇ ਜ਼ਿਆਦਾਤਰ ਹਿੱਸੇ ਵਲੋਂ ਇਸ ਨੂੰ ਦੰਗੇ ਬਣਾ ਕੇ ਪੇਸ਼ ਕੀਤਾ ਗਿਆ ਜਦਕਿ ਇਹ ਘੱਟਗਿਣਤੀ ਦੀ ਹੱਕ-ਜਤਾਈ ਨੂੰ ਕੁਚਲਣ ਲਈ ਪੂਰੀ ਤਰ੍ਹਾਂ ਯੋਜਨਾਬੱਧ ਕਤਲੇਆਮ ਸੀ। ਪਹਿਲਾਂ ਹੀ ਹਾਸ਼ੀਏ ਉਪਰ ਰਹਿ ਰਹੀ ਮੁਸਲਿਮ ਘੱਟਗਿਣਤੀ ਉਪਰ ਢਾਹੇ ਗਏ ਇਸ ਕਹਿਰ ਦੇ ਤੱਥ ਅਜੇ ਪੂਰੀ ਤਰ੍ਹਾਂ ਨਸ਼ਰ ਵੀ ਨਹੀਂ ਸੀ ਹੋਏ ਕਿ ਘਿਨਾਉਣੀ ਹਿੰਸਾ ਦੀ ਹਕੀਕਤ ਕਰੋਨਾ ਅਤੇ ਕਰਫਿਊ ਦੀਆਂ ਖਬਰਾਂ ਹੇਠ ਦਫਨ ਹੋ ਗਈ।

ਇਹਨਾਂ ਹਾਲਾਤ ਵਿਚ ਕਾਰਵਾਂ ਨੇ ਫਰਵਰੀ ਕਤਲੇਆਮ ਤੋਂ ਬਾਅਦ ਦੀ ਜ਼ਮੀਨੀ ਹਕੀਕਤ ਨੂੰ ਸਾਹਮਣੇ ਲਿਆਉਣ ਲਈ ਇਨਸਾਫ ਲਈ ਸੰਘਰਸ਼ ਪ੍ਰਤੀ ਦਿੱਲੀ ਪੁਲਿਸ ਦੇ ਰਵੱਈਏ ਬਾਰੇ ਵਿਸਤਾਰਤ ਰਿਪੋਰਟਿੰਗ ਸ਼ੁਰੂ ਕੀਤੀ। ਇਸ ਰਿਪੋਰਟ ਨੇ ਉਹਨਾਂ ਮਜ਼ਲੂਮਾਂ ਦੀ ਦਾਸਤਾਨ ਨੂੰ ਜ਼ੁਬਾਨ ਦਿੱਤੀ ਜੋ ਨਾ ਸਿਰਫ ਭਗਵੇਂ ਲਸ਼ਕਰਾਂ ਅਤੇ ਪੁਲਿਸ ਦੀ ਮਿਲੀਭੁਗਤ ਦੇ ਚਸ਼ਮਦੀਦ ਗਵਾਹ ਸਨ ਅਤੇ ਉਹਨਾਂ ਵਿਚੋਂ ਕਈਆਂ ਨੇ ਇਸ ਮਿਲੀਭੁਗਤ ਦਾ ਕਹਿਰ ਆਪਣੇ ਪਿੰਡਿਆਂ ਉਪਰ ਝੱਲਿਆ ਹੈ ਸਗੋਂ ਉਹ ਅੱਜ ਵੀ ਇਸ ਨਾਪਾਕ ਗੱਠਜੋੜ ਦੀਆਂ ਧਮਕੀਆਂ ਤੋਂ ਬੇਪ੍ਰਵਾਹ ਹੋ ਕੇ ਇਨਸਾਫ ਲਈ ਲੜ ਰਹੇ ਹਨ।

ਕਾਨੂੰਨ ਦਾ ਡਰ ਨਾ ਹੋਣ ਕਾਰਨ ਆਰ.ਐਸ.ਐਸ-ਭਾਜਪਾ ਵਲੋਂ ਲਾਮਬੰਦ ਕੀਤੇ ਫਿਰਕੂ ਲਸ਼ਕਰਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਇਸ ਦਾ ਅਸਰ ਰਾਮ ਮੰਦਰ ਦੇ 'ਭੂਮੀ-ਪੂਜਨ' ਦੀ ਰਸਮ ਨੂੰ ਮਿਲੇ ਪੁਰਜੋਸ਼ ਹੁੰਗਾਰੇ ਦੇ ਰੂਪ ਵਿਚ ਦੇਖਿਆ ਗਿਆ। ਜਦ 5 ਅਗਸਤ ਨੂੰ ਆਰ.ਐਸ.ਐਸ ਮੁਖੀ ਮੋਹਨ ਭਾਗਵਤ ਨੇ ਨਰਿੰਦਰ ਮੋਦੀ ਨਾਲ ਮਿਲ ਕੇ ਅਯੁੱਧਿਆ ਵਿਚ ਰਾਮ ਮੰਦਰ ਦਾ ਨੀਂਹ-ਪੱਥਰ ਰੱਖਿਆ ਤਾਂ ਇਸ ਹੈਂਕੜਬਾਜ਼ ਕਾਰਵਾਈ ਦੇ ਜਸ਼ਨ ਸੰਘ ਪਰਿਵਾਰ ਵਲੋਂ ਪੂਰੇ ਮੁਲਕ ਵਿਚ ਮਨਾਏ ਗਏ। ਉਤਰ-ਪੂਰਬੀ ਦਿੱਲੀ ਦੇ ਸੁਭਾਸ਼ ਨਗਰ ਦੇ ਭਗਵੇਂ ਹਮਾਇਤੀਆਂ ਨੇ ਤਾਂ ਹੋਰ ਵੀ ਜ਼ਿਆਦਾ ਜੋਸ਼ ਦਿਖਾਇਆ। ਉਹਨਾਂ ਨੇ ਨਾ ਸਿਰਫ ਆਪਣੇ ਘਰਾਂ ਉਪਰ ਆਰ.ਐਸ.ਐਸ. ਦੇ ਭਗਵੇਂ ਝੰਡੇ ਲਗਾਏ ਸਗੋਂ ਮੁਸਲਿਮ ਗਲੀਆਂ ਦੇ ਗੇਟਾਂ ਉਪਰ ਵੀ ਧੱਕੇ ਨਾਲ ਝੰਡੇ ਬੰਨ੍ਹ ਦਿੱਤੇ ਗਏ। 'ਜੈ ਸ਼੍ਰੀ ਰਾਮ' ਅਤੇ ਮੁਸਲਿਮ ਵਿਰੋਧੀ ਭੜਕਾਊ ਨਾਅਰੇ ਵੀ ਲਗਾਏ ਗਏ। ਇਹ ਉਹੀ ਇਲਾਕਾ ਹੈ ਜਿੱਥੇ ਫਰਵਰੀ ਵਿਚ ਭਗਵੇਂ ਲਸ਼ਕਰਾਂ ਨੇ ਵਿਆਪਕ ਫਿਰਕੂ ਹਿੰਸਾ ਨੂੰ ਅੰਜਾਮ ਦਿੱਤਾ ਸੀ, ਮਾਰੂਫ ਅਲੀ ਨੂੰ ਸ਼ਰੇਆਮ ਗੋਲੀ ਮਾਰ ਕੇ ਮਾਰ ਦਿੱਤਾ ਸੀ ਅਤੇ ਦੋ ਹੋਰ ਨੌਜਵਾਨਾਂ ਸ਼ਮਸ਼ਾਦ ਅਤੇ ਰੇਹਾਨ ਨੂੰ ਵੀ ਗੋਲੀ ਮਾਰ ਕੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਗਿਆ ਸੀ।

ਝੰਡੇ ਲਹਿਰਾਉਣ ਅਤੇ ਹਿੰਦੂਤਵੀ ਨਾਅਰੇ ਲਗਾਉਣ ਦੀ ਭੜਕਾਊ ਹਰਕਤ ਤੋਂ ਮੁਸਲਿਮ ਫਿਰਕੇ ਦਾ ਦਹਿਸ਼ਤਜ਼ਦਾ ਹੋਣਾ ਸੁਭਾਵਿਕ ਸੀ।



ਪ੍ਰਭਜੀਤ ਸਿੰਘ

***ਕਾਰਵਾਂ ਦੇ ਤਿੰਨ ਪੱਤਰਕਾਰ ਭਗਵੇਂ ਝੰਡੇ ਲਗਾਉਣ ਦੇ ਇਸੇ ਘਟਨਾਕ੍ਰਮ ਦੀ ਰਿਪੋਰਟ ਤਿਆਰ ਕਰਨ ਲਈ ਸੁਭਾਸ਼ ਨਗਰ ਵਿਚ ਗਏ ਸਨ। ਜਦ ਉਹ ਭਗਵੇਂ ਝੰਡੇ ਦੀ ਤਸਵੀਰ ਖਿੱਚ ਰਹੇ ਸਨ ਤਾਂ ਹਿੰਦੂਤਵ ਹਮਾਇਤੀਆਂ ਨੇ ਉਹਨਾਂ ਉਪਰ ਹਮਲਾ ਕਰ ਦਿੱਤਾ। ਪੌਣੇ ਘੰਟੇ ਬਾਅਦ ਉਥੇ ਪਹੁੰਚੇ ਪੁਲਿਸ ਅਧਿਕਾਰੀਆਂ ਦੀ ਹਮਲਾਵਰਾਂ ਨੂੰ ਰੋਕਣ ਵਿਚ ਬੇਦਿਲੀ ਸਾਫ ਦੇਖੀ ਗਈ, ਜਦਕਿ ਸੌ ਦੇ ਕਰੀਬ ਹਜੂਮ ਨੇ ਪੱਤਰਕਾਰਾਂ ਨੂੰ ਘੇਰਾ ਪਾਇਆ ਹੋਇਆ ਸੀ ਅਤੇ ਔਰਤ ਪੱਤਰਕਾਰ ਉਪਰ ਜਿਨਸੀ ਹਮਲਾ ਕੀਤਾ ਜਾ ਰਿਹਾ ਸੀ।***



ਸ਼ਾਹਿਦ ਤਾਂਤਰੇ

ਕੁਝ ਮੁਸਲਿਮ ਔਰਤਾਂ ਨੇ ਇਸ ਬਾਬਤ 6 ਅਗਸਤ ਨੂੰ ਭਜਨਪੁਰਾ ਥਾਣੇ ਵਿਚ ਰਿਪੋਰਟ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਲੇਕਿਨ ਪੁਲਿਸ ਨੇ ਰਿਪੋਰਟ ਦਰਜ ਨਹੀਂ ਕੀਤੀ। ਪੀੜਤ ਪਰਿਵਾਰਾਂ ਦੇ ਵਕੀਲ ਵਲੋਂ ਵਾਰ-ਵਾਰ ਥਾਣੇ ਫੋਨ ਕਰ ਕੇ ਪੁਲਿਸ ਨੂੰ ਸਵਾਲ ਕੀਤੇ ਜਾਣ 'ਤੇ 8 ਅਗਸਤ ਦੀ ਰਾਤ ਨੂੰ ਪੁਲਿਸ ਨੇ ਔਰਤਾਂ ਨੂੰ ਥਾਣੇ ਸੱਦਿਆ। 10 ਮੁਸਲਿਮ ਔਰਤਾਂ ਇਸੇ ਸੰਬੰਧੀ ਥਾਣੇ ਗਈਆਂ। ਜਦ ਔਰਤਾਂ ਨੇ ਐਫ.ਆਈ.ਆਰ. ਦੀ ਨਕਲ ਮੰਗੀ ਤਾਂ ਥਾਣੇ ਦੇ ਅੰਦਰ 17 ਸਾਲ ਦੀ ਇਕ ਲੜਕੀ, ਉਸ ਦੀ ਮਾਂ ਅਤੇ ਇਕ ਹੋਰ ਔਰਤ ਨੂੰ ਪੁਲਿਸ ਅਧਿਕਾਰੀਆਂ ਵਲੋਂ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ। ਉਹਨਾਂ ਦੇ ਵਾਰ-ਵਾਰ ਬੇਰਹਿਮੀ ਨਾਲ ਥੱਪੜ ਮਾਰੇ ਗਏ, ਉਹਨਾਂ ਉਪਰ ਜਿਨਸੀ ਹਮਲਾ ਕਰ ਕੇ ਇਕ ਔਰਤ ਸ਼ੰਨੋ ਦੇ ਕੱਪੜੇ ਪਾੜ ਦਿੱਤੇ। ਪੁਲਿਸ ਦੇ ਇਸ ਹਿੰਸਕ ਪ੍ਰਤੀਕਰਮ ਦੀ ਅਸਲ ਵਜ੍ਹਾ ਇਹਨਾਂ ਔਰਤਾਂ ਦਾ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਾਉਣ ਲਈ ਦ੍ਰਿੜਤਾ ਨਾਲ ਡਟੇ ਰਹਿਣਾ ਹੈ। ਸ਼ੰਨੋ ਨੇ 18 ਅਪਰੈਲ ਨੂੰ ਵੀ ਇਸੇ ਥਾਣੇ ਵਿਚ ਵੀਡੀਓ ਸਬੂਤਾਂ ਸਮੇਤ ਉਹਨਾਂ ਹਿੰਦੂ ਹਮਲਾਵਰਾਂ ਦੀ ਸ਼ਨਾਖਤ ਦੱਸ ਕੇ ਸ਼ਿਕਾਇਤ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਜੋ ਮੁਸਲਮਾਨਾਂ ਉਪਰ ਹਮਲਿਆਂ ਲਈ ਜ਼ਿੰਮੇਵਾਰ ਸਨ ਅਤੇ ਜਿਹਨਾਂ ਨੇ ਉਹਨਾਂ ਦੀਆਂ ਦੁਕਾਨਾਂ ਲੁੱਟੀਆਂ ਅਤੇ ਜਲਾ ਦਿੱਤੀਆਂ ਸਨ। ਇਸ ਤੋਂ ਭੜਕ ਕੇ ਜੂਨ ਮਹੀਨੇ ਸ਼ੰਨੋ ਅਤੇ ਉਸ ਦੇ ਬੱਚਿਆਂ ਨੂੰ ਐਕਸੀਡੈਂਟ ਰਾਹੀਂ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪਹਿਲਾਂ ਉਹ ਇਸ ਨੂੰ ਐਕਸੀਡੈਂਟ ਹੀ ਸਮਝਦੇ ਰਹੇ ਜਦ ਦੋਸ਼ੀਆਂ ਨੇ ਉਹਨਾਂ ਨੂੰ ਸਿੱਧਾ ਧਮਕਾਇਆ ਕਿ ਜੇ ਸ਼ਿਕਾਇਤ ਵਾਪਸ ਨਾ ਲਈ ਤਾਂ ਅਗਲੇ ਐਕਸੀਡੈਂਟ ਵਿਚ ਉਹ ਨਹੀਂ ਬਚਣਗੇ, ਫਿਰ ਉਹਨਾਂ ਨੂੰ ਮਹਿਸੂਸ ਹੋਇਆ ਕਿ ਇਹ ਤਾਂ ਉਹਨਾਂ ਨੂੰ ਮਾਰਨ ਦੀ ਸਾਜ਼ਿਸ਼ ਸੀ।

ਹਿੰਦੂ ਰਾਸ਼ਟਰਵਾਦ ਦੇ ਪ੍ਰਭਾਵ ਹੇਠ ਸਮਾਜ ਅਤੇ ਰਾਜ-ਮਸ਼ੀਨਰੀ ਦਾ ਭਗਵਾਂਕਰਨ ਹੁਣ ਸਾਫ ਨਜ਼ਰ ਆ ਰਿਹਾ ਹੈ। ਦਿੱਲੀ ਪੁਲਿਸ ਇਸ ਕਤਲੇਆਮ ਦੇ ਤੱਥਾਂ ਦੀ ਛਾਣਬੀਣ ਦੀ ਹਰ ਗੰਭੀਰ ਕੋਸ਼ਿਸ਼ ਨੂੰ ਨਾਕਾਮ ਬਣਾਉਣ ਲਈ ਹਰ ਹਰਬਾ ਵਰਤ ਰਹੀ ਹੈ। ਸ਼ਿਕਾਇਤ-ਕਰਤਾਵਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਵਿਚ ਸਾੜਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਦਿੱਲੀ ਘੱਟਗਿਣਤੀ ਕਮਿਸ਼ਨ ਨੇ ਵੀ ਆਪਣੀ ਰਿਪੋਰਟ ਵਿਚ ਪੁਲਿਸ ਦੀ ਮਿਲੀਭੁਗਤ ਦੀ ਪੁਸ਼ਟੀ ਕੀਤੀ ਹੈ। ਕਮਿਸ਼ਨ ਨੇ ਸਾਫ ਲਿਖਿਆ ਹੈ ਕਿ ਦਿੱਲੀ ਪੁਲਿਸ ਵਲੋਂ ਉਹਨਾਂ ਨੂੰ ਜਾਂਚ ਵਿਚ ਕੋਈ ਸਹਿਯੋਗ ਨਹੀਂ ਦਿੱਤਾ ਗਿਆ। ਪੁਲਿਸ ਦਾ ਵਤੀਰਾ ਗੈਰਸਹਿਯੋਗੀ ਹੀ ਨਹੀਂ ਸਗੋਂ ਉਘੜਵੇਂ ਰੂਪ ਵਿਚ ਮਜ਼ਲੂਮਾਂ ਵਿਰੋਧੀ ਅਤੇ ਬਦਲਾਲਊ ਹੈ। ਹਾਲੀਆ ਮਾਮਲੇ ਵਿਚ ਥਾਣਾ ਮੁਖੀ ਸਮੇਤ ਪੁਲਿਸ ਅਧਿਕਾਰੀ ਸ਼ਿਕਾਇਤ-ਕਰਤਾਵਾਂ ਨੂੰ ਕਹਿ ਰਹੇ ਸਨ ਕਿ ਜਦ ਪੂਰੇ ਮੁਲਕ ਵਿਚ ਦੀਵੇ ਜਗਾ ਕੇ ਅਤੇ ਭਗਵੇਂ ਝੰਡੇ ਲਹਿਰਾ ਕੇ ਜਸ਼ਨ ਮਨਾਏ ਜਾ ਰਹੇ ਹਨ ਤਾਂ ਉਹਨਾਂ ਦੇ ਮੁਹੱਲੇ ਵਿਚ ਧੱਕੇ ਨਾਲ ਭਗਵੇਂ ਝੰਡੇ ਲਗਾਉਣਾ ਗ਼ਲਤ ਨਹੀਂ ਹੈ, ਉਹਨਾਂ ਨੂੰ ਇਤਰਾਜ਼ ਕਿਉਂ ਹੈ।

ਕਾਰਵਾਂ ਦੇ ਤਿੰਨ ਪੱਤਰਕਾਰ ਭਗਵੇਂ ਝੰਡੇ ਲਗਾਉਣ ਦੇ ਇਸੇ ਘਟਨਾਕ੍ਰਮ ਦੀ ਰਿਪੋਰਟ ਤਿਆਰ ਕਰਨ ਲਈ ਸੁਭਾਸ਼ ਨਗਰ ਵਿਚ ਗਏ ਸਨ। ਜਦ ਉਹ ਭਗਵੇਂ ਝੰਡੇ ਦੀ ਤਸਵੀਰ ਖਿੱਚ ਰਹੇ ਸਨ ਤਾਂ ਹਿੰਦੂਤਵ ਹਮਾਇਤੀਆਂ ਨੇ ਉਹਨਾਂ ਉਪਰ ਹਮਲਾ ਕਰ ਦਿੱਤਾ। ਪੌਣੇ ਘੰਟੇ ਬਾਅਦ ਉਥੇ ਪਹੁੰਚੇ ਪੁਲਿਸ ਅਧਿਕਾਰੀਆਂ ਦੀ ਹਮਲਾਵਰਾਂ ਨੂੰ ਰੋਕਣ ਵਿਚ ਬੇਦਿਲੀ ਸਾਫ ਦੇਖੀ ਗਈ, ਜਦਕਿ ਸੌ ਦੇ ਕਰੀਬ ਹਜੂਮ ਨੇ ਪੱਤਰਕਾਰਾਂ ਨੂੰ ਘੇਰਾ ਪਾਇਆ ਹੋਇਆ ਸੀ ਅਤੇ ਔਰਤ ਪੱਤਰਕਾਰ ਉਪਰ ਜਿਨਸੀ ਹਮਲਾ ਕੀਤਾ ਜਾ ਰਿਹਾ ਸੀ। ਜਦ ਪੱਤਰਕਾਰਾਂ ਨੇ ਥਾਣੇ ਜਾ ਕੇ ਐਫ.ਆਈ.ਆਰ. ਦਰਜ ਕਰਾਉਣੀ ਚਾਹੀ ਤਾਂ ਪੁਲਿਸ ਅਧਿਕਾਰੀਆਂ ਵਲੋਂ ਇਹ ਦਲੀਲ ਦੇ ਕੇ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ ਕਿ ਪਹਿਲਾਂ ਦੋਨਾਂ ਧਿਰਾਂ ਦਾ ਪੱਖ ਸੁਣ ਕੇ ਜਾਂਚ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਹੀ ਐਫ.ਆਈ.ਆਰ. ਬਾਰੇ ਤੈਅ ਕੀਤਾ ਜਾਵੇਗਾ। ਪੁਲਿਸ ਅਧਿਕਾਰੀਆਂ ਨੂੰ ਸਾਫ ਪਤਾ ਹੈ ਕਿ ਇਹ ਮਹਿਜ਼ ਪੱਤਰਕਾਰਾਂ ਉਪਰ ਹਮਲਾ ਨਹੀਂ ਹੈ। ਧਾਰਮਿਕ ਪਛਾਣ ਦੇ ਆਧਾਰ 'ਤੇ ਮੁਸਲਿਮ ਪੱਤਰਕਾਰ ਨੂੰ ਮਾਰਨ ਦੀ ਕੋਸ਼ਿਸ਼ ਅਤੇ ਔਰਤ ਪੱਤਰਕਾਰ ਉਪਰ ਜਿਨਸੀ ਹਮਲੇ ਕਾਰਨ ਇਹ ਮਾਮਲਾ ਬੇਹੱਦ ਗੰਭੀਰ ਸੀ ਅਤੇ ਤੁਰੰਤ ਕਾਰਵਾਈ ਦੀ ਮੰਗ ਕਰਦਾ ਸੀ। ਕਾਨੂੰਨੀ ਤੌਰ 'ਤੇ ਪੁਲਿਸ ਐਫ.ਆਈ.ਆਰ. ਲਿਖਣ ਦੀ ਪਾਬੰਦ ਸੀ ਅਤੇ ਅਧਿਕਾਰੀਆਂ ਵਲੋਂ ਐਫ.ਆਈ.ਆਰ. ਨਾ ਲਿਖਣ ਲਈ ਬਹਾਨੇ ਬਣਾਉਣ ਦਾ ਅਸਲ ਮਨੋਰਥ ਖੋਜੀ ਪੱਤਰਕਾਰਾਂ ਦੀ ਰਿਪੋਰਟਿੰਗ ਨੂੰ ਬੰਦ ਕਰਾਉਣਾ ਹੈ। ਇਹ ਪੁਲਿਸ ਅਧਿਕਾਰੀਆਂ ਦੀ ਹਮਲੇ ਦੇ ਦੋਸ਼ੀਆਂ ਨੂੰ ਬਚਾਉਣ ਅਤੇ ਸ਼ਹਿ ਦੇਣ ਅਤੇ ਦੂਜੇ ਪਾਸੇ ਖੋਜੀ ਪੱਤਰਕਾਰਾਂ ਨੂੰ ਡਰਾ ਕੇ ਚੁੱਪ ਕਰਾਉਣ ਦੀ ਘਿਨਾਉਣੀ ਚਾਲ ਹੈ। ਆਮ ਹੀ ਇਹ ਵਾਪਰਦਾ ਹੈ ਕਿ ਸਵਾਲਾਂ ਦਾ ਸਾਹਮਣਾ ਹੋਣ 'ਤੇ ਪੁਲਿਸ ਅਧਿਕਾਰੀ ਹਰ ਗੱਲ ਤੋਂ ਸਾਫ ਮੁੱਕਰ ਜਾਂਦੇ ਹਨ। ਕਾਰਵਾਂ ਦੀ ਰਿਪੋਰਟ ਅਤੇ ਪੱਤਰਕਾਰਾਂ ਉਪਰ ਹਮਲਾ ਇਸ ਦਾ ਸਬੂਤ ਹੈ ਕਿ ਫਰਵਰੀ ਵਾਲੀ ਹਿੰਸਾ ਖਤਮ ਨਹੀਂ ਹੋਈ, ਉਹ ਹੁਣ ਤੱਕ ਅਗਸਤ ਵਿਚ ਵੀ ਜਾਰੀ ਹੈ। ਇਸ ਸਾਜ਼ਿਸ਼ ਅਤੇ ਮਿਲੀਭੁਗਤ ਨੂੰ ਬੇਪਰਦ ਕਰਦੇ ਰਹਿਣਾ ਮੀਡੀਆ ਲਈ ਸਭ ਤੋਂ ਵੱਡੀ ਚੁਣੌਤੀ ਹੈ।

ਇਸ ਤਮਾਮ ਮਾਹੌਲ ਦੇ ਬਾਵਜੂਦ ਤਸੱਲੀ ਇਸ ਗੱਲ ਦੀ ਹੈ ਕਿ ਕਾਰਵਾਂ ਅਦਾਰਾ ਉਸ ਦੇ ਪੱਤਰਕਾਰ ਬੇਖੌਫ ਡਟੇ ਹੋਏ ਹਨ। ਹਮਲੇ ਦਾ ਸ਼ਿਕਾਰ ਹੋਏ ਦੋਨਾਂ ਪੱਤਰਕਾਰਾਂ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਨੇ ਪ੍ਰੈੱਸ ਕਲੱਬ ਵਿਚ ਆਪਣੀ ਹੱਡਬੀਤੀ ਬਿਆਨ ਕੀਤੀ। ਔਰਤ ਪੱਤਰਕਾਰ, ਜਿਸ ਨੇ ਉਥੋਂ ਭੱਜ ਕੇ ਮਸਾਂ ਜਾਨ ਬਚਾਈ ਸੀ, ਦਾ ਭੇਜਿਆ ਲਿਖਤੀ ਬਿਆਨ ਪੜ੍ਹਿਆ ਗਿਆ। ਜਮਹੂਰੀ ਤੇ ਮਨੁੱਖੀ ਹੱਕਾਂ ਬਾਰੇ ਜਾਗਰੂਕ ਹਿੱਸਿਆਂ ਨੇ ਪੱਤਰਕਾਰਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਲੇਕਿਨ ਇਹ ਬੇਹੱਦ ਚਿੰਤਾਜਨਕ ਹੈ ਕਿ ਕੁਝ ਪੱਤਰਕਾਰ ਸੰਸਥਾਵਾਂ ਨੂੰ ਛੱਡ ਕੇ ਜ਼ਿਆਦਾਤਰ ਨੇ ਇਸ ਹਮਲੇ ਉਪਰ ਚੁੱਪ ਧਾਰੀ ਹੋਈ ਹੈ।

ਹਮਲੇ ਤੋਂ ਬਾਅਦ ਪ੍ਰੈੱਸ ਕਲੱਬ ਆਫ ਇੰਡੀਆ ਵਲੋਂ ਇਸ ਦੇ ਖਿਲਾਫ ਮੀਟਿੰਗ ਹੋਈ ਜਿਸ ਨੂੰ ਅਰੁੰਧਤੀ ਰਾਏ, ਪ੍ਰਸ਼ਾਂਤ ਭੂਸ਼ਨ, ਕਾਰਵਾਂ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬਲ ਅਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਆਨੰਦ ਸਹਾਏ ਨੇ ਸੰਬੋਧਨ ਕੀਤਾ। ਅਰੁੰਧਤੀ ਰਾਏ ਨੇ ਕਿਹਾ, "ਦੋ-ਤਿੰਨ ਛੋਟੀਆਂ ਮੀਡੀਆ ਸੰਸਥਾਵਾਂ ਹੀ ਹਨ ਜਿਹਨਾਂ ਦੀ ਕੰਗਰੋੜ ਵਿਚ ਅਜੇ ਵੀ ਦਮ ਹੈ। ਲੇਕਿਨ ਇਸ ਵਿਸ਼ਾਲ ਜੇਲ੍ਹ ਵਿਚ ਜੇ ਉਹਨਾਂ ਨੂੰ ਐਸੀ ਛੋਟੀ ਖਿੜਕੀ ਵੀ ਨਜ਼ਰ ਆਉਂਦੀ ਹੈ ਤਾਂ ਉਸ ਨੂੰ ਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਨੂੰ ਉਹ ਲੋਕ ਬਰਦਾਸ਼ਤ ਨਹੀਂ ਜੋ ਮੁੱਖਧਾਰਾ ਬਿਰਤਾਂਤ ਦੇ ਖਿਲਾਫ ਲਿਖਣ। ਐਸਾ ਕਰਨ ਵਾਲਿਆਂ ਦਾ ਸੜਕ ਉਪਰ ਸ਼ੋਸ਼ਣ ਹੋ ਰਿਹਾ ਹੈ। ਸਾਡੀਆਂ ਸੜਕਾਂ ਵੀ ਸਾਥੋਂ ਖੋਹ ਲਈਆਂ ਗਈਆਂ ਹਨ। ਇਹ ਨਫਰਤ ਦੀ ਵਿਚਾਰਧਾਰਾ ਹੁਣ ਆਮ ਲੋਕਾਂ ਵਿਚ ਜਾ ਪਹੁੰਚੀ ਹੈ।" ਪ੍ਰਸ਼ਾਂਤ ਭੂਸ਼ਨ ਨੇ ਕਿਹਾ, "ਇਸ ਵਕਤ ਦਿੱਲੀ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਬ੍ਰੇਕਡਾਊਨ ਹੈ। ਬੀ.ਜੇ.ਪੀ. ਦੇ ਗੁੰਡੇ ਜਿੱਥੇ ਚਾਹੁਣ ਕੁਝ ਵੀ ਕਰ ਸਕਦੇ ਹਨ, ਪੁਲਿਸ ਉਹਨਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਦੀ। ... ਇੱਥੇ ਕਾਨੂੰਨ ਦਾ ਰਾਜ ਬਚਿਆ ਹੀ ਨਹੀਂ ਹੈ। ਦੰਗੇ ਕਪਿਲ ਮਿਸ਼ਰਾ ਦੇ ਬਿਆਨ ਨਾਲ ਸ਼ੁਰੂ ਹੋਏ, ਲੇਕਿਨ ਉਸ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਅੱਜ ਹਜੂਮ ਉਹਨਾਂ ਪੱਤਰਕਾਰਾਂ ਨੂੰ ਸੜਕਾਂ ਉਪਰ ਮਾਰ ਰਿਹਾ ਹੈ ਜਿਹਨਾਂ ਦਾ ਕੰਮ ਉਹਨਾਂ ਨੂੰ ਪਸੰਦ ਨਹੀਂ। ਉਹ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਮਾਰ ਰਹੇ ਹਨ। ਉਹ ਉਹਨਾਂ ਲੋਕਾਂ ਨੂੰ ਮਾਰ ਰਹੇ ਹਨ ਜੋ ਸਰਕਾਰ ਦੇ ਖਿਲਾਫ ਬੋਲ ਰਹੇ ਹਨ। ਐਸਾ ਹੀ ਹਜੂਮ ਸੋਸ਼ਲ ਮੀਡੀਆ ਉਪਰ ਮੌਜੂਦ ਹੈ। ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਦੀਆਂ ਗੰਦੀਆਂ ਗਾਲ੍ਹਾਂ ਅਤੇ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ... ਇਹ ਗੰਭੀਰ ਹਾਲਤ ਹੈ। ਜੇ ਅਸੀਂ ਹੁਣ ਵੀ ਨਾ ਜਾਗੇ ਤਾਂ ਸਭ ਕੁਝ ਗੜਬੜ ਹੋ ਜਾਵੇਗਾ।" ਉਹਨਾਂ ਨੇ ਮਰਹੂਮ ਸ਼ਾਇਰ ਰਾਹਤ ਇੰਦੌਰੀ ਦੇ ਇਸ ਸ਼ੇਅਰ ਨਾਲ ਆਪਣੀ ਗੱਲ ਮੁਕਾਈ, "ਲਗੇਗੀ ਆਗ ਤੋ ਆਏਂਗੇ ਘਰ ਕਈ ਜ਼ਦ ਮੇਂ, ਯਹਾਂ ਪੇ ਸਿਰਫ ਹਮਾਰਾ ਮਕਾਨ ਥੋੜ੍ਹੀ ਹੈ।" ਕਾਰਵਾਂ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬਲ ਨੇ ਕਿਹਾ, "ਇਹ ਸਰਕਾਰ ਦੀ ਵਿਚਾਰਧਾਰਾ ਦਾ ਸੜਕ ਉਪਰ ਰਿਫਲੈਕਸ਼ਨ ਹੈ।" ਆਨੰਦ ਸਹਾਏ ਨੇ ਕਿਹਾ ਕਿ "ਸਿਰਫ ਬਤੌਰ ਮੀਡੀਆ, ਸਿਰਫ ਬਤੌਰ ਵਾਚਡੌਗ ਹੀ ਨਹੀਂ ਸਗੋਂ ਲੋਕਾਂ ਦੀ ਜ਼ਮੀਰ ਨੂੰ ਜਗਾਉਣ ਵਾਲਿਆਂ, ਉਹਨਾਂ ਨੂੰ ਸਮਝਾਉਣ ਵਾਲਿਆਂ ਦੇ ਤੌਰ 'ਤੇ ਸਾਨੂੰ ਚੀਜ਼ਾਂ ਨੂੰ ਜੋੜ ਕੇ ਪੂਰੀ ਤਸਵੀਰ ਉਹਨਾਂ ਨੂੰ ਦਿਖਾਉਣੀ ਹੋਵੇਗੀ। ਸਾਨੂੰ ਪਹੇਲੀ ਦੇ ਅਦਿੱਖ ਹਿੱਸਿਆਂ ਨੂੰ ਖੋਜਣਾ ਪਵੇਗਾ ... ਇਹੀ ਸਾਡਾ ਕੰਮ ਹੈ।"

## ਮੁਲਤਾਨੀ ਮਾਮਲਾ: ਸੁਮੇਧ ਸੈਣੀ ਦੀਆਂ ਮੁਸ਼ਕਿਲਾਂ ਵਧੀਆਂ

**ਮੁਹਾਲੀ:** ਪੰਜਾਬ ਦੇ ਸਾਬਕਾ ਆਈ.ਏ. ਐਸ. ਅਧਿਕਾਰੀ ਦੇ ਬੇਟੇ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇ.ਈ.) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀਆਂ ਲਗਾਤਾਰ ਮੁਸ਼ਕਿਲਾਂ ਵਧ ਗਈਆਂ।

ਮੁਹਾਲੀ ਅਦਾਲਤ ਨੇ ਸੈਣੀ ਦੇ ਚਹੇਤੇ ਯੂ.ਟੀ. ਪੁਲਿਸ ਦੇ ਦੋ ਸਾਬਕਾ ਇੰਸਪੈਕਟਰ ਜਗੀਰ ਸਿੰਘ ਅਤੇ ਕੁਲਦੀਪ ਸਿੰਘ ਸੰਧੂ ਨੂੰ ਵਾਅਦਾ ਮੁਆਫ ਗਵਾਹ ਬਣਾ ਲਿਆ ਹੈ। ਇਨ੍ਹਾਂ ਦੋਵਾਂ ਨੇ ਮੁਹਾਲੀ ਦੀ ਚੀਫ ਜੁਡੀਸ਼ਲ ਮੈਜਿਸਟਰੇਟ ਦੀਪਿਕਾ ਸਿੰਘ ਦੀ ਅਦਾਲਤ ਵਿਚ ਆਪਣੇ ਬਿਆਨ ਦਰਜ ਕਰਵਾਏ। ਉਨ੍ਹਾਂ ਆਪਣੇ ਬਿਆਨਾਂ ਵਿੱਚ ਪੂਰੇ ਘਟਨਾਕ੍ਰਮ 'ਤੇ ਰੌਸ਼ਨੀ ਪਾਉਂਦਿਆਂ ਅਦਾਲਤ ਨੂੰ ਦੱਸਿਆ ਕਿ 1991 ਵਿਚ ਸੈਣੀ ਦੇ ਕਾਫਲੇ ਉਤੇ ਹੋਏ ਬੰਬ ਧਮਾਕੇ ਤੋਂ ਬਾਅਦ ਮੁਲਜ਼ਮਾਂ ਦੀ ਪੈੜ ਨੱਪਣ ਲਈ ਵਿਸ਼ੇਸ਼ ਤਲਾਸ਼ੀ ਅਭਿਆਨ ਚਲਾਇਆ ਗਿਆ ਸੀ।

ਇਸ ਦੌਰਾਨ ਸੈਣੀ 'ਤੇ ਕਹਿਣ ਉਤੇ ਬਲਵੰਤ ਸਿੰਘ ਮੁਲਤਾਨੀ ਨੂੰ ਮੁਹਾਲੀ ਸਥਿਤ ਉਸ ਦੇ ਘਰੋਂ ਚੁੱਕ ਕੇ ਸੈਕਟਰ 17 ਦੇ ਥਾਣੇ ਵਿਚ ਲਿਆਂਦਾ ਗਿਆ, ਜਿਥੇ ਉਨ੍ਹਾਂ ਉਤੇ ਬੇਤਹਾਸ਼ਾ ਤਸ਼ੱਦਦ ਢਾਹਿਆ ਗਿਆ। ਮੁਲਤਾਨੀ ਦੀ ਮੌਤ ਤੋਂ ਬਾਅਦ ਉਸ ਦੀ ਲਾਸ਼ ਨੂੰ ਟਿਕਾਣੇ ਲਗਾਇਆ ਗਿਆ ਅਤੇ ਪੁਲਿਸ ਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆ ਥਾਣੇ ਵਿਚ ਝੂਠਾ ਕੇਸ ਦਰਜ ਕਰਕੇ ਇਹ ਦਰਸਾਇਆ ਗਿਆ ਕਿ ਮੁਲਤਾਨੀ ਪੁਲਿਸ ਹਿਰਾਸਤ 'ਚੋਂ ਭੱਜ ਗਿਆ ਹੈ। ਇਸ ਸਬੰਧੀ ਚੰਡੀਗੜ੍ਹ ਵਿਚ ਵੀ ਡੀ.ਡੀ.ਆਰ. ਦਰਜ ਕੀਤੀ ਗਈ।

ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਮੇਤ ਛੇ ਮੁਲਜ਼ਮਾਂ ਐਸ.ਪੀ. ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ, ਹਰਸਹਾਏ ਸ਼ਰਮਾ (69) ਵਾਸੀ ਸੈਕਟਰ-51ਡੀ, ਜਗੀਰ ਸਿੰਘ (70) ਵਾਸੀ ਸੈਕਟਰ-51, ਅਨੋਖ ਸਿੰਘ (65) ਵਾਸੀ ਸੈਕਟਰ-21 ਅਤੇ ਕੁਲਦੀਪ ਸਿੰਘ ਸੰਧੂ (66) ਵਾਸੀ ਮਨੀਮਾਜਰਾ ਦੇ ਖਿਲਾਫ ਮਟੌਰ ਥਾਣੇ ਵਿੱਚ ਧਾਰਾ 364, 201, 344, 330, 219 ਅਤੇ 120ਬੀ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਐਸ.ਪੀ. ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ ਦੀ ਮੌਤ ਹੋ ਚੁੱਕੀ ਹੈ।

# ਅਮਰੀਕਨ ਸੁਸਾਇਟੀ ਤੇਜੀ ਨਾਲ ਨਿਘਾਰ ਵੱਲ

***ਅੱਜ ਭਾਵੇਂ ਕਈ ਕਾਰਨਾਂ ਕਰ ਕੇ ਸਮੁੱਚੇ ਸੰਸਾਰ ਅੰਦਰ ਅਮਰੀਕਾ ਦੀ ਸਰਦਾਰੀ ਹੈ, ਪਰ ਅਮਰੀਕੀ ਸਮਾਜ ਅੰਦਰੋਂ ਕਿੰਨਾ ਖੋਖਲਾ ਹੈ, ਇਸ ਬਾਰੇ ਪਤਾ ਇਸ ਦੀਆਂ ਆਪਣੀਆਂ ਸੰਸਥਾਵਾਂ ਦੀਆਂ ਰਿਪੋਰਟਾਂ ਘੋਖਣ ਤੋਂ ਲਗਦਾ ਹੈ। ਇਹ ਅਸਲ ਵਿਚ ਤੇਜੀ ਨਾਲ ਨਿੱਘਰ ਰਹੇ ਸਮਾਜ ਦੀ ਨਿਸ਼ਾਨੀ ਹੈ। ਇਨ੍ਹਾਂ ਰਿਪੋਰਟਾਂ ਬਾਰੇ ਵਿਸਥਾਰ ਸਹਿਤ ਚਰਚਾ 'ਸਿੱਖ ਵਿਰਸਾ' (ਕੈਨੇਡਾ) ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਕੀਤੀ ਹੈ। -ਸੰਪਾਦਕ***

ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਮਾਨਸਿਕ ਤੌਰ 'ਤੇ ਆਜ਼ਾਦ ਅਤੇ ਬੌਧਿਕ ਤੌਰ 'ਤੇ ਸੂਝਵਾਨ ਕੌਮਾਂ ਅਤੇ ਲੋਕਾਂ ਨੇ ਹੀ ਦੁਨੀਆਂ ਵਿਚ ਆਪਣੀਆਂ ਸਲਤਨਤਾਂ ਕਾਇਮ ਕੀਤੀਆਂ, ਜੀਵਨ ਦੇ ਹਰ ਖੇਤਰ ਵਿਚ ਤਰੱਕੀਆਂ ਕੀਤੀਆਂ। ਇਸ ਦਾ ਦੂਜਾ ਪਹਿਲੂ ਬੇਸ਼ਕ ਇਹ ਵੀ ਹੈ ਕਿ ਇਨ੍ਹਾਂ ਆਜ਼ਾਦ ਤੇ ਸੂਝਵਾਨ ਕੌਮਾਂ ਵਿਚੋਂ ਵੀ ਤਾਕਤਵਰ ਤੇ ਸ਼ਾਤਰ ਲੋਕਾਂ ਨੇ ਹੀ ਆਪਣੀਆਂ ਕੌਮਾਂ ਜਾਂ ਲੋਕਾਂ ਲਈ ਰਾਜ ਕਾਇਮ ਕੀਤੇ, ਆਪਣੀ ਸ਼ਕਤੀ ਤੇ ਬੌਧਿਕਤਾ ਦਾ ਲੋਹਾ ਮੰਨਵਾਇਆ ਅਤੇ ਦੂਜੀਆਂ ਕੌਮਾਂ ਨੂੰ ਗੁਲਾਮ ਬਣਾ ਕੇ ਰਾਜ ਕੀਤੇ। ਇਨ੍ਹਾਂ ਸਾਰੇ ਦੌਰਾਂ ਵਿਚ ਮਾਨਸਿਕ ਤੌਰ 'ਤੇ ਗੁਲਾਮ ਜ਼ਹਿਨੀਅਤ ਅਤੇ ਬੌਧਿਕ ਪੱਧਰ 'ਤੇ ਪਛੜੀਆਂ ਸਭਿਅਤਾਵਾਂ ਦੇ ਲੋਕਾਂ ਨੇ ਹਮੇਸ਼ਾ ਸੰਤਾਪ ਤੇ ਗੁਲਾਮੀਆਂ ਭੋਗੀਆਂ। ਅੱਜ ਮਨੁੱਖੀ ਸਭਿਅਤਾ ਜਿਸ ਮੁਕਾਮ 'ਤੇ ਪਹੁੰਚ ਚੁਕੀ ਹੈ, ਇਹ ਸਰਮਾਏਦਾਰੀ ਦੌਰ ਦਾ ਸਿਖਰ ਕਿਹਾ ਜਾ ਸਕਦਾ ਹੈ। ਅਖੌਤੀ ਲੋਕਤੰਤਰੀ ਸਰਕਾਰਾਂ ਨਾਲ ਰਲ ਕੇ ਸਰਮਾਏਦਾਰੀ ਨਿਜ਼ਾਮ ਨੇ ਵਿਸ਼ਵ ਮੰਡੀ ਅਤੇ ਨਵ-ਉਦਾਰਵਾਦ ਦਾ ਜੋ ਸੰਕਲਪ ਦੁਨੀਆਂ ਸਾਹਮਣੇ ਰੱਖਿਆ ਸੀ, ਉਹ ਪੱਛੜੇ ਤੇ ਭ੍ਰਿਸ਼ਟ ਦੇਸ਼ਾਂ ਦੀ ਲੁੱਟ ਹੀ ਸਾਬਿਤ ਹੋਇਆ।

**ਹਰਚਰਨ ਸਿੰਘ ਪਰਹਾਰ**
**ਫੋਨ: 403-681-8689**
**ਈਮੇਲ: hp8689@gmail.com**

ਪਿਛਲੀਆਂ ਦੋ ਸਦੀਆਂ ਵਿਚ ਆਈ ਤਕਨਾਲੋਜੀ ਦੀ ਕ੍ਰਾਂਤੀ ਨੇ ਜਿਥੇ ਮਨੁੱਖ ਲਈ ਅਨੇਕ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਅਤੇ ਵੱਡੇ ਪੱਧਰ 'ਤੇ ਸਰਮਾਇਆ ਪੈਦਾ ਕੀਤਾ, ਉਥੇ ਇਹ ਤਰੱਕੀ ਸਾਡੇ ਲਈ ਪੈਸੇ ਦੀ ਦੌੜ ਅਤੇ ਮਾਨਸਿਕ ਬਿਮਾਰੀਆਂ ਵੀ ਲੈ ਕੇ ਆਈ ਹੈ। ਸਰਮਾਏਦਾਰੀ ਨਿਜ਼ਾਮ ਨੇ ਮਨੁੱਖ ਨੂੰ ਜਿੱਥੇ ਪਹੁੰਚਾ ਦਿੱਤਾ ਹੈ, ਉਸ ਬਾਰੇ ਜੋ ਅੰਕੜੇ ਸਾਹਮਣੇ ਆ ਰਹੇ ਹਨ, ਉਹ ਹੈਰਾਨੀ ਵਾਲੇ ਹਨ। ਸਭ ਤੋਂ ਸ਼ਕਤੀਸ਼ਾਲੀ ਅਤੇ ਸਰਮਾਏਦਾਰੀ ਦੇ ਲੀਡਰ ਮੰਨੇ ਜਾਂਦੇ ਅਮਰੀਕਾ ਦੇ ਹਾਲਾਤ ਦੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਬਾਕੀ ਦੇਸ਼ਾਂ ਦੇ ਵੀ ਜੇ ਅਜੇ ਹਾਲਾਤ ਅਜਿਹੇ ਨਹੀਂ ਤਾਂ ਜਲਦੀ ਬਣ ਜਾਣਗੇ! ਇਸ ਲੇਖ ਵਿਚ ਅਸੀਂ ਸਿਰਫ ਮਨੁੱਖੀ ਸਿਹਤ ਅਤੇ ਸਮਾਜਕ ਢਾਂਚੇ ਬਾਰੇ ਗੱਲ ਕਰਾਂਗੇ। ਕੈਨੇਡਾ ਵਿਚ ਵੀ ਤਕਰੀਬਨ ਹਾਲਾਤ ਅਜਿਹੇ ਹੀ ਹਨ ਪਰ ਇੱਥੇ ਆਬਾਦੀ ਘੱਟ ਹੋਣ ਕਰ ਕੇ ਜਾਂ ਕੈਨੇਡਾ ਸਰਕਾਰ ਦੀਆਂ ਕੁਝ ਲੋਕ ਪੱਖੀ ਸੋਸ਼ਲ ਨੀਤੀਆਂ ਕਾਰਨ ਅਜੇ ਹਾਲਾਤ ਇੰਨੇ ਖਰਾਬ ਨਹੀਂ ਹਨ। ਉਂਜ, ਜਿਸ ਢੰਗ ਨਾਲ ਸਰਕਾਰਾਂ ਸਿੱਖਿਆ, ਸਿਹਤ ਅਤੇ ਹੋਰ ਪਬਲਿਕ ਸੇਵਾਵਾਂ 'ਤੇ ਕੱਟ ਲਾ ਰਹੀਆਂ ਹਨ, ਜੇ ਲੋਕ ਆਪਣੇ ਹੱਕਾਂ ਲਈ ਸੁਚੇਤ ਨਾ ਹੋਏ ਤਾਂ ਅਸੀਂ ਵੀ ਉਧਰ ਹੀ ਜਾ ਰਹੇ ਹਾਂ।

ਅਮਰੀਕੀ ਸੰਸਥਾ 'ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ' ਦੀ 2015 ਵਿਚ ਛਪੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਕਰੀਬ 50 ਮਿਲੀਅਨ (ਭਾਵ ਹਰ ਪੰਜਵਾਂ ਅਮਰੀਕਨ) ਲੋਕ ਕਿਸੇ ਨਾ ਕਿਸੇ ਤਰ੍ਹਾਂ ਦੇ ਮਾਨਸਿਕ ਰੋਗ ਨਾਲ ਜੂਝ ਰਿਹਾ ਹੈ। ਮਾਨਸਿਕ ਰੋਗਾਂ ਵਿਚ ਡਿਪਰੈਸ਼ਨ, ਸਟਰੈਸ, ਡਰ, ਚਿੰਤਾ, ਗੁੱਸਾ, ਪੈਨਿਕ ਹੋਣਾ, ਹਿੰਸਕ ਹੋਣਾ, ਦਿਮਾਗੀ ਤਵਾਜ਼ਨ ਵਿਗੜਨਾ, ਫੋਬੀਆ, ਔਟਿਜ਼ਮ, ਨਸ਼ਿਆਂ ਜਾਂ ਗਲਤ ਖਾਣ ਪੀਣ ਦੀਆਂ ਆਦਤਾਂ ਦਾ ਸ਼ਿਕਾਰ ਆਦਿ ਸ਼ਾਮਿਲ ਹਨ। ਇਨ੍ਹਾਂ ਵਿਚੋਂ 10 ਮਿਲੀਅਨ ਤੋਂ ਵੱਧ ਲੋਕ ਗੰਭੀਰ ਮਾਨਸਿਕ ਰੋਗਾਂ ਦਾ ਸ਼ਿਕਾਰ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਉਨ੍ਹਾਂ ਫੌਜੀਆਂ ਦੀ ਹੈ, ਜੋ ਅਮਰੀਕੀ ਫੌਜਾਂ ਨਾਲ ਵੱਖ-ਵੱਖ ਦੇਸ਼ਾਂ ਵਿਚ ਲੜਦੇ ਰਹੇ ਹਨ। ਇਸ ਵੇਲੇ 13-18 ਸਾਲ ਦੀ ਉਮਰ ਦੇ 22% ਨੌਜਵਾਨ ਮਾਨਸਿਕ ਰੋਗਾਂ ਦਾ ਸ਼ਿਕਾਰ ਹਨ। ਅਮਰੀਕਾ ਵਿਚ ਸਿਹਤ ਸਿਸਟਮ ਪ੍ਰਾਈਵੇਟ ਹੋਣ ਕਰ ਕੇ ਸਿਰਫ 40% ਲੋਕ ਹੀ ਇਲਾਜ ਕਰਵਾ ਸਕਦੇ ਹਨ; ਬਾਕੀ 60% ਬਿਨਾ ਇਲਾਜ ਤੋਂ ਹੀ ਇਨ੍ਹਾਂ ਬਿਮਾਰੀਆਂ ਨਾਲ ਜੂਝਦੇ ਪਾਗਲਪਨ ਦੀ ਹਾਲਤ ਵਿਚ ਹਨ। ਅੰਦਾਜ਼ਾ ਲਾਓ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਕਿਸ ਤਰ੍ਹਾਂ ਦੇ ਸਮਾਜ ਵੱਲ ਵਧ ਰਹੇ ਹਾਂ।

'ਅਮਰੀਕਨ ਡਿਪਾਰਟਮੈਂਟ ਆਫ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ' ਦੀ 2017 ਦੀ ਰਿਪੋਰਟ ਅਨੁਸਾਰ ਦੁਨੀਆਂ ਦੇ ਸਭ ਤੋਂ ਅਮੀਰ ਦੇਸ਼ਾਂ ਵਿਚੋਂ ਇੱਕ, ਇਸ ਦੇਸ਼ ਵਿਚ ਕਰੀਬ 6 ਲੱਖ ਵਿਅਕਤੀ ਬੇਘਰੇ ਹਨ। ਇਨ੍ਹਾਂ ਲੋਕਾਂ ਦੀ ਮਦਦ ਲਈ ਬਣੀ ਸੰਸਥਾ 'ਰੇਜ਼ਿੰਗ ਦਾ ਰੂਫ' ਦੀ ਰਿਪੋਰਟ ਅਨੁਸਾਰ ਕੈਨੇਡਾ ਵਿਚ ਇਸ ਵਕਤ ਕਰੀਬ ਢਾਈ ਲੱਖ ਲੋਕ ਬੇਘਰੇ ਹਨ, ਜਿਨ੍ਹਾਂ ਵਿਚੋਂ ਕਰੀਬ ਡੇਢ ਲੱਖ ਲੋਕ ਸ਼ੈਲਟਰ ਹੋਮਾਂ ਵਿਚ ਰਾਤਾਂ ਕੱਟਦੇ ਹਨ। ਇਸ ਰਿਪੋਰਟ ਅਨੁਸਾਰ 50 ਹਜ਼ਾਰ ਤੋਂ ਵੱਧ ਅਜਿਹੇ ਛੁਪੇ ਹੋਏ (ਭਾਵ ਜੋ ਦੱਸਦੇ ਨਹੀਂ ਕਿ ਅਸੀਂ ਬੇਘਰੇ ਹਾਂ) ਬੇਘਰੇ ਹਨ, ਜੋ ਰਾਤਾਂ ਕਾਰ, ਸੋਫੇ, ਕਿਸੇ ਪਬਲਿਕ ਥਾਂ 'ਤੇ ਸੌਂ ਕੇ ਗੁਜ਼ਾਰਦੇ ਹਨ।

'ਅਮਰੀਕਨ ਨੈਸ਼ਨਲ ਸੈਂਟਰ ਫਾਰ ਹੈਲਥ ਸਟੈਟਿਸਟਿਕਸ' ਦੀ 2016 ਦੀ ਰਿਪੋਰਟ ਅਨੁਸਾਰ ਕਰੀਬ 50 ਹਜ਼ਾਰ ਲੋਕ ਹਰ ਸਾਲ ਖੁਦਕੁਸ਼ੀ ਕਰਦੇ ਹਨ। ਇਸ ਰਿਪੋਰਟ ਅਨੁਸਾਰ 1999-2014 ਦੇ 15 ਸਾਲਾਂ ਵਿਚ ਖੁਦਕੁਸ਼ੀਆਂ ਦੀ ਦਰ 24% ਵਧੀ ਹੈ। ਖੁਦਕੁਸ਼ੀ ਕਰ ਕੇ ਮਰਨ ਵਾਲੇ ਵਿਅਕਤੀਆਂ ਵਿਚੋਂ ਅੱਧੇ ਤੋਂ ਵੱਧ ਗਿਣਤੀ 30 ਤੋਂ 50 ਸਾਲ ਉਮਰ ਵਾਲਿਆਂ ਦੀ ਹੁੰਦੀ ਹੈ। ਲੈਸਬੀਅਨ, ਗੇਅ, ਬਾਇਸੈਕਸੂਅਲ, ਟਰਾਂਸਜੈਂਡਰ (LGBT) ਲੋਕਾਂ ਵਿਚ ਖੁਦਕੁਸ਼ੀ ਦਾ ਰੁਝਾਨ ਆਮ ਵਿਅਕਤੀਆਂ ਨਾਲੋਂ 3 ਗੁਣਾਂ ਵੱਧ ਹੈ। ਇਸ ਦਾ ਵੱਡਾ ਕਾਰਨ ਉਨ੍ਹਾਂ ਨਾਲ ਸਮਾਜ ਵਿਚ ਹੁੰਦਾ ਵਿਤਕਰਾ ਹੈ।

'ਸਟੈਟਿਸਟਿਕਸ ਕੈਨੇਡਾ' ਅਨੁਸਾਰ ਕੈਨੇਡਾ ਵਿਚ ਕਰੀਬ 5 ਹਜ਼ਾਰ ਵਿਅਕਤੀ ਹਰ ਸਾਲ ਖੁਦਕੁਸ਼ੀ ਕਰਦੇ ਹਨ। ਅਮਰੀਕਾ ਦੀ 'ਸੂਸਾਈਡ ਪ੍ਰੀਵੈਨਸ਼ਨ ਰਿਸੋਰਸ ਸੈਂਟਰ' ਦੀ ਤਾਜ਼ਾ ਰਿਪੋਰਟ ਅਨੁਸਾਰ ਹਰ ਸਾਲ ਉਨ੍ਹਾਂ ਦੇ 165 ਕਾਲ ਸੈਂਟਰਾਂ ਵਿਚ ਖੁਦਕੁਸ਼ੀ ਨਾਲ ਸਬੰਧਤ 15 ਲੱਖ ਕਾਲਾਂ ਆਉਂਦੀਆਂ ਹਨ। ਇਨ੍ਹਾਂ ਕਾਲਾਂ ਤੋਂ ਇਕੱਤਰ ਜਾਣਕਾਰੀ ਅਨੁਸਾਰ ਪਿਛਲੇ 10 ਸਾਲਾਂ ਵਿਚ 98 ਲੱਖ ਲੋਕਾਂ ਨੇ ਜੀਵਨ ਤੋਂ ਤੰਗ ਆ ਕੇ ਖੁਦਕੁਸ਼ੀ ਕਰਨ ਬਾਰੇ ਸੋਚ ਲਿਆ ਸੀ। 28 ਲੱਖ ਲੋਕਾਂ ਨੇ ਖੁਦਕੁਸ਼ੀ ਦਾ ਪਲਾਨ ਬਣਾਇਆ ਸੀ ਅਤੇ 13 ਲੱਖ ਨੇ ਖੁਦਕੁਸ਼ੀ ਕਰਨ ਦੀ ਇੱਕ ਤੋਂ ਵੱਧ ਵਾਰ ਕੋਸ਼ਿਸ਼ ਕੀਤੀ ਸੀ। 'ਯੁਨਾਈਟਡ ਨੇਸ਼ਨ' ਦੀ ਸੰਸਥਾ 'ਵਰਲਡ ਹੈਲਥ ਆਰਗੇਨਾਈਜ਼ੇਸ਼ਨ' ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ ਹਰ ਸਾਲ 8 ਲੱਖ ਬੰਦਾ ਖੁਦਕੁਸ਼ੀ ਕਰਦਾ ਹੈ, ਭਾਵ ਹਰ 40 ਸੈਕਿੰਡ ਬਾਅਦ ਇੱਕ ਵਿਅਕਤੀ ਖੁਦਕੁਸ਼ੀ ਕਰਦਾ ਹੈ। ਅਸੀਂ ਅਕਸਰ ਕਹਿੰਦੇ ਹਾਂ ਕਿ ਦੁਨੀਆਂ ਨੇ ਬੜੀ ਤਰੱਕੀ ਕਰ ਲਈ ਹੈ, ਪਰ ਹਰ ਸਾਲ 8 ਲੱਖ ਬੰਦਾ ਜੀਵਨ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਿਹਾ ਹੈ ਤੇ ਕਦੇ ਕਿਸੇ ਦੇਸ਼ ਦੀ ਸਰਕਾਰ ਨੇ ਇਸ ਨੂੰ ਆਪਣਾ ਮੁੱਦਾ ਨਹੀਂ ਬਣਾਇਆ।

ਅਮਰੀਕਾ ਵਿਚ ਹਰ ਸਾਲ ਕਰੀਬ ਸਮੂਹਿਕ ਕਤਲ ਦੀ ਰੋਜ਼ਾਨਾ ਇੱਕ ਘਟਨਾ (ਮਾਸ ਸ਼ੂਟਿੰਗ) ਹੁੰਦੀ ਹੈ ਅਤੇ ਕਰੀਬ 1000 ਤੋਂ ਵੱਧ ਵਿਅਕਤੀ ਇਨ੍ਹਾਂ ਘਟਨਾਵਾਂ ਵਿਚ ਹਰ ਸਾਲ ਮਾਰੇ ਜਾਂਦੇ ਹਨ। ਮਾਸ ਸ਼ੂਟਿੰਗ ਉਸ ਵਾਰਦਾਤ ਨੂੰ ਕਹਿੰਦੇ ਹਨ, ਜਿਥੇ 4 ਤੋਂ ਵੱਧ ਵਿਅਕਤੀ ਗੋਲੀ ਲੱਗਣ ਨਾਲ ਮਰਨ ਜਾਂ ਫੱਟੜ ਹੋਣ ਅਤੇ ਜਿਸ ਵਿਚ ਕਾਤਲ ਦਾ ਕਤਲਾਂ ਲਈ ਕੋਈ ਮੰਤਵ ਨਾ ਹੋਵੇ ਤੇ ਨਾ ਹੀ ਮਰਨ ਵਾਲਿਆਂ ਨਾਲ ਕੋਈ ਸਿੱਧਾ ਸਬੰਧ ਹੋਵੇ। ਆਮ ਤੌਰ 'ਤੇ ਅਜਿਹੀਆਂ ਘਟਨਾਵਾਂ ਵਿਚ ਕਾਤਲ ਖੁਦਕੁਸ਼ੀ ਕਰ ਲੈਂਦਾ ਹੈ ਜਾਂ ਪੁਲਿਸ ਦੀ ਗੋਲੀ ਨਾਲ ਮਾਰਿਆ ਜਾਂਦਾ ਹੈ। ਪਿਛਲੇ ਸਾਲ ਇਨ੍ਹਾਂ ਘਟਨਾਵਾਂ ਵਿਚ 1358 ਵਿਅਕਤੀ ਮਰੇ ਸਨ। ਹੁਣ ਅਜਿਹੀਆਂ ਘਟਨਾਵਾਂ ਕੈਨੇਡਾ ਵਿਚ ਹੋਣੀਆਂ ਸ਼ੁਰੂ ਹੋ ਗਈਆਂ ਹਨ। ਆਮ ਤੌਰ 'ਤੇ ਇਨ੍ਹਾਂ ਘਟਨਾਵਾਂ ਪਿਛੇ ਮਾਨਸਿਕ ਰੋਗੀਆਂ ਦਾ ਹੱਥ ਹੁੰਦਾ ਹੈ।

ਅਮਰੀਕਾ ਵਿਚ ਜਬਰ ਜਨਾਹ ਅਤੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਸੰਸਥਾ 'ਰੇਪ ਐਬਿਊਜ਼ ਇਨਸੈਸਟ ਨੈਸ਼ਨਲ ਨੈਟਵਰਕ' (RAINN) ਦੀ ਰਿਪੋਰਟ ਅਨੁਸਾਰ ਕਰੀਬ ਸਵਾ ਤਿੰਨ ਲੱਖ (3,21,000) ਜਬਰ ਜਨਾਹ ਜਾਂ ਜਿਨਸੀ ਹਮਲੇ ਨਾਲ ਸਬੰਧਤ ਕੇਸ ਅਮਰੀਕਾ ਵਿਚ ਦਰਜ ਕੀਤੇ ਜਾਂਦੇ ਹਨ। ਭਾਵ ਹਰ 98 ਸੈਕਿੰਡ ਬਾਅਦ ਅਮਰੀਕਾ ਵਿਚ ਜਬਰ ਜਨਾਹ ਦਾ ਇੱਕ ਕੇਸ ਦਾਇਰ ਹੁੰਦਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਜਬਰ ਜਨਾਹ ਕੇਸ ਦਰਜ ਵੀ ਨਹੀਂ ਹੁੰਦੇ, ਕਿਉਂਕਿ ਸਾਰੀਆਂ ਲੜਕੀਆਂ ਪੁਲਿਸ ਅਤੇ ਕੋਰਟ ਦੇ ਚੱਕਰ ਵਿਚ ਨਹੀਂ ਪੈਣਾ ਚਾਹੁੰਦੀਆਂ; ਇੱਕ ਹੋਰ ਕਾਰਨ ਇਹ ਹੈ ਕਿ ਔਰਤ ਨੂੰ ਜਬਰ ਜਨਾਹ ਸਾਬਤ ਕਰਨ ਲਈ 'ਰੇਪ ਕਿੱਟ' (ਆਪਣਾ ਮੈਡੀਕਲ ਕਰਨ ਲਈ) ਲੈਣੀ ਪੈਂਦੀ ਹੈ, ਜਿਸ ਦਾ ਖਰਚਾ 500-1500 ਅਮਰੀਕਨ ਡਾਲਰ ਹੈ। ਜੇ ਤੁਹਾਡੇ ਕੋਲ ਪ੍ਰਾਈਵੇਟ ਮੈਡੀਕਲ ਇੰਸ਼ੋਰੈਂਸ ਨਾ ਹੋਵੇ ਤਾਂ ਬਹੁਤ ਲੜਕੀਆਂ ਇੰਨੀ ਮਹਿੰਗੀ ਕਿੱਟ ਖਰੀਦਣ ਤੋਂ ਅਸਮਰਥ ਹੋਣ ਕਾਰਨ ਕੇਸ ਦਾਇਰ ਨਹੀਂ ਕਰਦੀਆਂ।

ਇਸੇ ਰਿਪੋਰਟ ਅਨੁਸਾਰ 1998 ਤੋਂ 2018 ਤੱਕ 20 ਸਾਲਾਂ ਵਿਚ 20 ਮਿਲੀਅਨ ਤੋਂ ਵੱਧ ਰੇਪ ਕੇਸ ਦਰਜ ਹੋਏ ਹਨ। ਇਨ੍ਹਾਂ ਵਿਚ 21% ਪੀੜਤ, ਗੇਅ ਤੇ ਲੈਸਬੀਅਨ ਲੋਕ ਸਨ। 38% ਔਰਤਾਂ ਨਾਲ ਰੇਪ ਸਕੂਲ, ਕਾਲਜ, ਕੰਮ ਦੀਆਂ ਥਾਂਵਾਂ 'ਤੇ ਹੁੰਦੇ ਹਨ। ਹਰ ਸਾਲ ਅਮਰੀਕਨ ਜੇਲ੍ਹਾਂ ਵਿਚ 80 ਹਜ਼ਾਰ ਤੋਂ ਵੱਧ ਕੈਦੀਆਂ ਵਲੋਂ ਰੇਪ ਦੇ ਕੇਸ ਦਰਜ ਕਰਵਾਏ ਜਾਂਦੇ ਹਨ। ਹਰ ਸਾਲ 20 ਹਜ਼ਾਰ ਤੋਂ ਵੱਧ ਰੇਪ ਕੇਸ ਫੌਜੀਆਂ ਖਿਲਾਫ ਦਰਜ ਕੀਤੇ ਜਾਂਦੇ ਹਨ। ਇਸੇ ਤਰ੍ਹਾਂ 'ਸਟੈਟਿਸਟਿਕਸ ਕੈਨੇਡਾ' ਦੀ ਦੰਗ ਕਰਨ ਵਾਲੀ ਰਿਪੋਰਟ ਅਨੁਸਾਰ ਕੈਨੇਡਾ ਵਿਚ ਰੇਪ ਜਾਂ ਜਿਨਸੀ ਛੇੜਛਾੜ ਦੀਆਂ ਪੀੜਤ ਔਰਤਾਂ ਵਿਚੋਂ ਸਿਰਫ 6% ਹੀ ਪੁਲਿਸ ਕੋਲ ਰਿਪੋਰਟ ਕਰਦੀਆਂ ਹਨ। ਇਸ ਰਿਪੋਰਟ ਅਨੁਸਾਰ 4 ਵਿਚੋਂ ਇਕ ਕੈਨੇਡੀਅਨ ਔਰਤ ਨਾਲ ਜੀਵਨ ਵਿਚ ਘੱਟੋ-ਘੱਟ ਇੱਕ ਰੇਪ ਜ਼ਰੂਰ ਹੁੰਦਾ ਹੈ। ਇਸੇ ਰਿਪੋਰਟ ਵਿਚ ਦਰਜ ਹੈ ਕਿ 2004 ਤੋਂ 2014 ਦੇ ਦਹਾਕੇ ਦੌਰਾਨ ਕੈਨੇਡਾ ਵਿਚ 6 ਲੱਖ 36 ਹਜ਼ਾਰ ਰੇਪ ਕੇਸ ਦਰਜ ਹੋਏ।

'ਯੂ. ਐਸ. ਬਿਊਰੋ ਆਫ ਜਸਟਿਸ' ਅਨੁਸਾਰ ਇਸ ਵੇਲੇ ਅਮਰੀਕਾ ਵਿਚ 3000 ਤੋਂ ਵੱਧ ਜੇਲ੍ਹਾਂ ਹਨ, ਜਿਨ੍ਹਾਂ ਵਿਚ 25 ਲੱਖ ਤੋਂ ਵੱਧ ਵਿਅਕਤੀ ਨਜ਼ਰਬੰਦ ਹਨ ਅਤੇ 45 ਲੱਖ ਵਿਅਕਤੀ ਜ਼ਮਾਨਤ 'ਤੇ ਬਾਹਰ ਹਨ, ਜਿਨ੍ਹਾਂ ਉਤੇ ਕਿਸੇ ਨਾ ਕਿਸੇ ਜੁਰਮ ਦੇ ਮੁਕੱਦਮੇ ਚੱਲ ਰਹੇ ਹਨ। ਇਸ ਤੋਂ ਇਲਾਵਾ 18 ਸਾਲ ਤੋਂ ਘੱਟ ਉਮਰ ਦੇ 55 ਹਜ਼ਾਰ ਬੱਚੇ ਜੇਲ੍ਹਾਂ ਵਿਚ ਹਨ। 'ਵਰਲਡ ਪਰਿਜ਼ਨ ਬਿਊਰੋ' ਅਨੁਸਾਰ ਜੇਲ੍ਹਾਂ ਵਿਚ ਬੰਦ ਕੈਦੀਆਂ ਦੀ ਗਿਣਤੀ ਅਮਰੀਕਾ ਵਿਚ ਸਾਰੀ ਦੁਨੀਆਂ ਵਿਚ ਵੱਧ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਅਮਰੀਕਨ ਜੇਲ੍ਹਾਂ ਪ੍ਰਾਈਵੇਟ ਹੋਣ ਕਰ ਕੇ ਕੰਪਨੀਆਂ ਲਈ ਜੇਲ੍ਹਾਂ ਵਿਚ ਕੈਦੀਆਂ ਰੂਪੀ ਸਸਤੀ ਲੇਬਰ ਮਿਲੀ ਹੋਈ ਹੈ ਤੇ ਉਨ੍ਹਾਂ ਨੇ ਇਸ ਨੂੰ ਮੁਨਾਫੇ ਦਾ ਸਾਧਨ ਬਣਾ ਲਿਆ ਹੈ। ਪਿਛਲੇ 20 ਸਾਲਾਂ ਵਿਚ ਅਮਰੀਕਾ ਵਿਚ 2600 ਤੋਂ ਵੱਧ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਅਧੀਨ ਫਾਹੇ ਲਾਇਆ ਗਿਆ ਹੈ। ਕੈਨੇਡਾ ਵਿਚ ਇਸ ਵੇਲੇ 40 ਹਜ਼ਾਰ ਤੋਂ ਵੱਧ ਵਿਅਕਤੀ ਜੇਲ੍ਹਾਂ ਵਿਚ ਬੰਦ ਹਨ। ਅਮਰੀਕਾ ਵਿਚ ਹਰ ਸਾਲ ਕਰੀਬ 25 ਲੱਖ ਤੋਂ ਵੱਧ ਕ੍ਰਿਮੀਨਲ ਕੇਸ ਦਰਜ ਹੁੰਦੇ ਹਨ ਅਤੇ ਕਰੀਬ 20 ਹਜ਼ਾਰ ਵਿਅਕਤੀ ਕਤਲ ਹੁੰਦੇ ਹਨ।

ਅਮਰੀਕਾ ਦੀ 'ਨੈਸ਼ਨਲ ਸੇਫਟੀ ਕੌਂਸਲ' ਦੀ 2017 ਦੀ ਰਿਪੋਰਟ ਅਨੁਸਾਰ ਹਰ ਸਾਲ ਹੁੰਦੇ ਕਰੀਬ 54 ਲੱਖ ਸੜਕ ਹਾਦਸਿਆਂ ਵਿਚ 40 ਹਜ਼ਾਰ ਤੋਂ ਵੱਧ ਵਿਅਕਤੀ ਮਾਰੇ ਜਾਂਦੇ ਹਨ ਅਤੇ 22 ਲੱਖ ਤੋਂ ਵੱਧ ਲੋਕ ਇਨ੍ਹਾਂ ਹਾਦਸਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਖਮੀ ਹੁੰਦੇ ਹਨ। ਅਸੀਂ ਆਮ ਤੌਰ 'ਤੇ ਇੰਡੀਆ ਵਿਚ ਹੁੰਦੇ ਸੜਕ ਹਾਦਸਿਆਂ ਬਾਰੇ ਗੱਲ ਕਰਦੇ ਹਾਂ ਕਿ ਉਥੇ ਰੋਡ ਚੰਗੇ ਨਹੀਂ ਜਾਂ ਰੂਲ ਰੈਗੂਲੇਸ਼ਨ ਨਹੀਂ ਹੈ, ਪਰ ਅਮਰੀਕਾ ਜਿਹੇ ਵਿਕਸਿਤ ਦੇਸ਼ ਵਿਚ ਇੰਨੇ ਹਾਦਸੇ ਹੋਣ ਪਿਛੇ ਵੱਡਾ ਕਾਰਨ ਮਾਨਸਿਕ ਰੋਗ ਹਨ ਅਤੇ 28% ਐਕਸੀਡੈਂਟ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦੇ ਅਧੀਨ ਹੁੰਦੇ ਹਨ।

ਅਮਰੀਕਾ ਦੀ 'ਡੋਮੈਸਟਿਕ ਵਾਇਲੈਂਸ ਤੇ ਹੋਮਲੈਸਨੈਸ' ਦੀ 2015 ਦੀ ਰਿਪੋਰਟ ਅਨੁਸਾਰ ਇੱਕ ਦਿਨ ਵਿਚ ਘਰੇਲੂ ਹਿੰਸਾ ਕਾਰਨ 31,500 ਬੱਚੇ ਤੇ ਔਰਤਾਂ ਨੂੰ ਸ਼ੈਲਟਰ ਹੋਮ ਜਾਣਾ ਪਿਆ ਤੇ ਉਸੇ ਦਿਨ 12,197 ਕਾਲਰਾਂ ਨੂੰ ਅਟੈਂਡ ਨਹੀਂ ਕੀਤਾ ਜਾ ਸਕਿਆ। ਅਮਰੀਕਾ ਵਿਚ ਇਸ ਵੇਲੇ 3000 ਤੋਂ ਵੱਧ ਘਰੇਲੂ ਹਿੰਸਾ ਤੋਂ ਪੀੜਤ ਔਰਤਾਂ ਲਈ ਸ਼ੈਲਟਰ ਹੋਮ ਹਨ, ਪਰ ਘਰੇਲੂ ਹਿੰਸਾ ਨਾਲ ਪੀੜਤ ਔਰਤਾਂ ਦੀ ਗਿਣਤੀ ਇੰਨੀ ਵੱਧ ਹੈ ਕਿ ਉਨ੍ਹਾਂ ਵਿਚੋਂ ਕੁਝ ਪ੍ਰਤੀਸ਼ਤ ਨੂੰ ਹੀ ਜਗ੍ਹਾ ਮਿਲਦੀ ਹੈ। ਇਸੇ ਰਿਪੋਰਟ ਅਨੁਸਾਰ ਅਮਰੀਕਾ ਦੀਆਂ 3 ਵਿਚੋਂ ਇਕ ਔਰਤ ਨੂੰ ਆਪਣੇ ਜੀਵਨ ਵਿਚ ਕਿਸੇ ਮਰਦ ਵਲੋਂ ਘੱਟੋ-ਘੱਟ ਇੱਕ ਵਾਰ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ, ਪਰ ਸ਼ੈਲਟਰ ਹੋਮ ਵਿਚ ਔਰਤਾਂ ਔਸਤ 5-7 ਵਾਰ ਮਰਦਾਂ ਤੋਂ ਕੁੱਟ-ਮਾਰ ਪਿਛੋਂ ਹੀ ਸ਼ੈਲਟਰ ਵਿਚ ਜਾਂਦੀਆਂ ਹਨ।

'ਸ਼ੈਲਟਰਜ਼ ਫਾਰ ਅਬਿਊਜ਼ਡ ਵੁਮਨ ਕੈਨੇਡਾ' ਅਨੁਸਾਰ ਕੈਨੇਡਾ ਵਿਚ ਇਸ ਵਕਤ ਵੱਖ-ਵੱਖ ਵੁਮਨ ਸ਼ੈਲਟਰ ਘਰਾਂ ਵਿਚ ਕਰੀਬ 12,000 ਬੈੱਡ ਹਨ, ਪਰ ਹਰ ਵਕਤ 60 ਹਜ਼ਾਰ ਤੋਂ ਵੱਧ ਔਰਤਾਂ ਸ਼ੈਲਟਰ ਹੋਮ ਦੀ ਸ਼ਰਨ ਵਿਚ ਹੁੰਦੀਆਂ ਹਨ। 'ਨੈਸ਼ਨਲ ਇੰਸਟੀਚਿਊਟ ਆਫ ਅਲਕੋਹਲ ਅਬਿਊਜ਼' ਅਨੁਸਾਰ 18 ਸਾਲ ਤੋਂ ਵੱਧ ਉਮਰ ਦੇ 86% ਲੋਕ ਸ਼ਰਾਬ ਜਾਂ ਕਿਸੇ ਨਾ ਕਿਸੇ ਤਰ੍ਹਾਂ ਨਸ਼ਾ ਪੀਣ ਦੇ ਆਦੀ ਹਨ। ਇਨ੍ਹਾਂ ਵਿਚੋਂ 10% ਅਜਿਹੇ ਹਨ, ਜੋ ਹਫਤੇ ਵਿਚ 70 ਤੋਂ ਵੱਧ ਡਰਿੰਕ (ਪੈੱਗ) ਲਾਉਂਦੇ ਹਨ ਅਤੇ ਰੋਜ਼ਾਨਾ 6 ਵਿਅਕਤੀ ਸ਼ਰਾਬ ਕਾਰਨ ਮਰਦੇ ਹਨ। 'ਵਰਲਡ ਹੈਲਥ ਆਰਗੇਨਾਈਜ਼ੇਸ਼ਨ' ਦੀ 200 ਦੇਸ਼ਾਂ ਦੇ ਆਧਾਰਿਤ ਤਾਜ਼ਾ ਰਿਪੋਰਟ ਅਨੁਸਾਰ ਆਬਾਦੀ ਦੇ ਹਿਸਾਬ ਨਾਲ ਕੈਨੇਡਾ ਦੇ ਲੋਕ ਦੁਨੀਆਂ ਵਿਚੋਂ ਸਭ ਤੋਂ ਵੱਧ ਸ਼ਰਾਬ ਪੀਂਦੇ ਹਨ ਅਤੇ ਔਸਤਨ ਇੱਕ ਕੈਨੇਡੀਅਨ ਸਾਲ ਵਿਚ 10 ਲਿਟਰ ਸ਼ਰਾਬ ਪੀ ਲੈਂਦਾ ਹੈ। ਅਲਬਰਟਾ ਸੂਬਾ ਸਾਰੇ ਕੈਨੇਡਾ ਵਿਚੋਂ ਪਹਿਲੇ ਨੰਬਰ 'ਤੇ ਹੈ।

'ਸਬਸਟਾਂਸ ਅਬਿਊਜ਼ ਤੇ ਮੈਂਟਲ ਹੈਲਥ ਸਰਵਿਸਿਜ਼' ਦੀ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ ਵਿਚ 70 ਮਿਲੀਅਨ ਲੋਕਾਂ ਨੂੰ ਚੈਨ ਨਾਲ ਸੌਣ ਲਈ ਨੀਂਦ ਦੀਆਂ ਗੋਲੀਆਂ ਖਾਣੀਆਂ ਪੈਂਦੀਆਂ ਹਨ। ਨਾਰਥ ਅਮਰੀਕਾ ਵਿਚ ਦੁਨੀਆਂ ਵਿਚੋਂ ਸਭ ਤੋਂ ਵੱਧ ਨੀਂਦ ਨਾ ਆਉਣ ਦੀ ਸਮੱਸਿਆ ਹੈ। ਕੈਨੇਡਾ-ਅਮਰੀਕਾ ਵਿਚ ਤਲਾਕ ਦਰ 40-50% ਹੈ ਤੇ ਔਸਤਨ ਵਿਆਹ 10 ਕੁ ਸਾਲ ਚਲਦਾ ਹੈ। ਅੰਕੜਿਆਂ ਅਨੁਸਾਰ ਬੇਸ਼ਕ ਪਿਛਲੇ 2 ਦਹਾਕਿਆਂ ਵਿਚ ਤਲਾਕ ਦੀ ਦਰ ਘਟੀ ਹੈ, ਪਰ ਉਸ ਦਾ ਵੱਡਾ ਕਾਰਨ ਲੋਕਾਂ ਵਲੋਂ ਵਿਆਹ ਦੀ ਥਾਂ ਕਾਮਨ ਲਾਅ ਵਿਚ ਰਹਿਣਾ ਜਾਂ ਵਿਆਹ ਨਾ ਕਰਾਉਣਾ ਜਾਂ ਵਿਆਹ ਤੋਂ ਬਿਨਾ ਰਹਿਣਾ ਹੈ। ਨਵੀਂ ਪੀੜ੍ਹੀ ਲਈ ਵਿਆਹ ਕਰਾ ਕੇ ਇਕੱਠੇ ਰਹਿਣਾ ਤੇ ਬੱਚੇ ਪੈਦਾ ਕਰ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਇੰਨਾ ਮਹਿੰਗਾ ਹੋ ਰਿਹਾ ਹੈ ਕਿ ਉਨ੍ਹਾਂ ਕੋਲ ਬਿਨਾ ਵਿਆਹ ਜਾਂ ਬਿਨਾ ਬੱਚਿਆਂ ਤੋਂ ਰਹਿਣਾ ਹੀ ਇੱਕ ਸਾਧਨ ਰਹਿ ਗਿਆ ਹੈ।

ਇਹ ਸਾਰੀਆਂ ਰਿਪੋਰਟਾਂ ਸਾਬਿਤ ਕਰ ਰਹੀਆਂ ਹਨ ਕਿ ਬੇਸ਼ਕ ਪਿਛਲੇ 200 ਸਾਲਾਂ ਵਿਚ ਤਕਨਾਲੋਜੀ ਦੀ ਤਰੱਕੀ ਨੇ ਸਰਮਾਇਆ ਵਧਾਇਆ ਹੈ, ਪਰ ਇਹ ਸਰਮਾਇਆ ਮੁੱਠੀ ਭਰ ਲੋਕਾਂ ਦੀਆਂ ਤਿਜੋਰੀਆਂ ਭਰਨ ਦੇ ਕੰਮ ਹੀ ਆਇਆ ਹੈ। ਅੱਜ ਹਰ ਵੱਡਾ ਸਰਮਾਏਦਾਰ ਆਪਣੇ ਮੁਨਾਫੇ ਦਾ ਵੱਡਾ ਹਿੱਸਾ ਤਕਨਾਲੋਜੀ ਨੂੰ ਵਧਾਉਣ ਤੇ ਹੋਰ ਵਧੀਆ ਕਰਨ ਵਿਚ ਲੱਗਾ ਰਿਹਾ ਹੈ ਤਾਂ ਕਿ ਮਨੁੱਖ ਦੀ ਲੋੜ ਜਿੰਨੀ ਹੋ ਸਕੇ, ਘਟਾਈ ਜਾ ਸਕੇ ਤੇ ਮੁਨਾਫਾ ਹੋਰ ਵਧਾਇਆ ਜਾਵੇ। ਸਰਮਾਏਦਾਰਾਂ ਤੇ ਸਰਕਾਰਾਂ ਦੇ ਏਜੰਡੇ ਤੋਂ ਮਨੁੱਖ ਮਨਫੀ ਹੋ ਚੁਕਾ ਹੈ, ਸਰਮਾਏਦਾਰ ਇਸ ਦੌੜ ਵਿਚ ਹੈ ਕਿ ਕਿਵੇਂ ਵੱਧ ਮੁਨਾਫਾ ਕਮਾਇਆ ਜਾਵੇ ਅਤੇ ਸਰਕਾਰਾਂ ਇਸ ਦੌੜ ਵਿਚ ਹਨ, ਕਿਵੇਂ ਵੱਧ ਤੋਂ ਵੱਧ ਟੈਕਸ ਇਕੱਠਾ ਕਰ ਕੇ ਲੋਕਾਂ ਦੀ ਲੁੱਟ ਕੀਤੀ ਜਾਵੇ। ਸਰਕਾਰਾਂ ਲਈ ਮਨੁੱਖ ਦੀ ਲੋੜ ਸਿਰਫ ਵੋਟਾਂ ਵਾਲੇ ਦਿਨ ਤੋਂ ਬਾਅਦ ਕਦੇ ਨਹੀਂ ਹੁੰਦੀ। ਸਰਮਾਏਦਾਰੀ ਦਾ ਮੁਨਾਫੇ ਤੇ ਕੰਪੀਟੀਸ਼ਨ ਆਧਾਰਿਤ ਬਾਹਰੋਂ ਦਿਸਦਾ ਸਿਸਟਮ ਬੜਾ ਲੁਭਾਵਣਾ ਲਗਦਾ ਹੈ, ਪਰ ਇਹ ਕੰਪੀਟੀਸ਼ਨ ਛੋਟੇ ਲੈਵਲ 'ਤੇ ਹੀ ਹੈ, ਵੱਡੇ ਲੈਵਲ 'ਤੇ ਕੋਈ ਬਹੁਤਾ ਕੰਪੀਟੀਸ਼ਨ ਨਹੀਂ ਹੈ।

ਅਸਲ ਵਿਚ ਕੁਝ ਲੋਕਾਂ ਦੇ ਹੱਥਾਂ ਵਿਚ ਹੀ ਸਾਰਾ ਕੰਟਰੋਲ ਹੈ। ਉਨ੍ਹਾਂ ਨੇ ਹੀ ਵੱਖ-ਵੱਖ ਨਾਂਵਾਂ 'ਤੇ ਵੱਖ-ਵੱਖ ਕਾਰਪੋਰੇਸ਼ਨਾਂ ਬਣਾਈਆਂ ਹੋਈਆਂ ਹਨ ਤੇ ਸਭ ਪਾਸੇ ਇਜਾਰੇਦਾਰੀ ਕੁਝ ਲੋਕਾਂ ਦੀ ਹੀ ਹੈ। ਇਨ੍ਹਾਂ ਲੋਕਾਂ ਵਲੋਂ ਹੀ ਲੁੱਟੇ ਹੋਏ ਮਾਲ ਨੂੰ ਸਫਲ ਕਰਨ ਲਈ ਤੇ ਟੈਕਸ ਚੋਰੀ ਲਈ ਚੈਰਿਟੀ

*(ਬਾਕੀ ਅਗਲੇ ਸਫੇ 'ਤੇ)*

***ਰਿਪੋਰਟਾਂ ਸਾਬਿਤ ਕਰ ਰਹੀਆਂ ਹਨ ਕਿ ਬੇਸ਼ਕ ਪਿਛਲੇ 200 ਸਾਲਾਂ ਵਿਚ ਤਕਨਾਲੋਜੀ ਦੀ ਤਰੱਕੀ ਨੇ ਸਰਮਾਇਆ ਵਧਾਇਆ ਹੈ, ਪਰ ਇਹ ਸਰਮਾਇਆ ਮੁੱਠੀ ਭਰ ਲੋਕਾਂ ਦੀਆਂ ਤਿਜੋਰੀਆਂ ਭਰਨ ਦੇ ਕੰਮ ਹੀ ਆਇਆ ਹੈ। ਅੱਜ ਹਰ ਵੱਡਾ ਸਰਮਾਏਦਾਰ ਆਪਣੇ ਮੁਨਾਫੇ ਦਾ ਵੱਡਾ ਹਿੱਸਾ ਤਕਨਾਲੋਜੀ ਨੂੰ ਵਧਾਉਣ ਤੇ ਹੋਰ ਵਧੀਆ ਕਰਨ ਵਿਚ ਲੱਗਾ ਰਿਹਾ ਹੈ ਤਾਂ ਕਿ ਮਨੁੱਖ ਦੀ ਲੋੜ ਜਿੰਨੀ ਹੋ ਸਕੇ, ਘਟਾਈ ਜਾ ਸਕੇ ਤੇ ਮੁਨਾਫਾ ਹੋਰ ਵਧਾਇਆ ਜਾਵੇ। ਸਰਮਾਏਦਾਰਾਂ ਤੇ ਸਰਕਾਰਾਂ ਦੇ ਏਜੰਡੇ ਤੋਂ ਮਨੁੱਖ ਮਨਫੀ ਹੋ ਚੁਕਾ ਹੈ, ਸਰਮਾਏਦਾਰ ਇਸ ਦੌੜ ਵਿਚ ਹੈ ਕਿ ਕਿਵੇਂ ਵੱਧ ਮੁਨਾਫਾ ਕਮਾਇਆ ਜਾਵੇ ਅਤੇ ਸਰਕਾਰਾਂ ਇਸ ਦੌੜ ਵਿਚ ਹਨ, ਕਿਵੇਂ ਵੱਧ ਤੋਂ ਵੱਧ ਟੈਕਸ ਇਕੱਠਾ ਕਰ ਕੇ ਲੋਕਾਂ ਦੀ ਲੁੱਟ ਕੀਤੀ ਜਾਵੇ। ਸਰਕਾਰਾਂ ਲਈ ਮਨੁੱਖ ਦੀ ਲੋੜ ਸਿਰਫ ਵੋਟਾਂ ਵਾਲੇ ਦਿਨ ਤੋਂ ਬਾਅਦ ਕਦੇ ਨਹੀਂ ਹੁੰਦੀ। ਸਰਮਾਏਦਾਰੀ ਦਾ ਮੁਨਾਫੇ ਤੇ ਕੰਪੀਟੀਸ਼ਨ ਆਧਾਰਿਤ ਬਾਹਰੋਂ ਦਿਸਦਾ ਸਿਸਟਮ ਬੜਾ ਲੁਭਾਵਣਾ ਲਗਦਾ ਹੈ, ਪਰ ਇਹ ਕੰਪੀਟੀਸ਼ਨ ਛੋਟੇ ਲੈਵਲ 'ਤੇ ਹੀ ਹੈ, ਵੱਡੇ ਲੈਵਲ 'ਤੇ ਕੋਈ ਬਹੁਤਾ ਕੰਪੀਟੀਸ਼ਨ ਨਹੀਂ ਹੈ।***

# ਕਰੋਨਾ ਅਤੇ ਹੋ ਰਹੀ ਖੋਜ



ਡਾ. ਬਲਜਿੰਦਰ ਸਿੰਘ ਸੇਖੋਂ
ਫੋਨ: 1-905-781-1197

ਜਦ ਤੋਂ ਕਰੋਨਾ ਦਾ ਕਹਿਰ ਸ਼ੁਰੂ ਹੋਇਆ ਹੈ, ਇਸ ਬਾਰੇ ਨਵੀਂ ਖੋਜ ਤੋਂ ਨਵੇਂ ਤੱਥ ਸਾਹਮਣੇ ਆ ਰਹੇ ਹਨ। ਕਰੋਨਾ ਜਿਸ ਦੇ ਨਾ ਧੜ, ਨਾ ਸਿਰ, ਨਾ ਪੈਰ, ਜੋ ਕਿਸੇ ਨੂੰ ਬਿਮਾਰ ਕਰਕੇ ਖੁਸ਼ ਨਹੀਂ ਹੋ ਸਕਦਾ ਅਤੇ ਨਾ ਹੀ ਆਪਣੇ ਨਾਲ ਦਿਆਂ ਦੇ ਜਾਣ 'ਤੇ ਦੁਖੀ ਹੋ ਸਕਦਾ ਹੈ, ਕਿਉਂਕਿ ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰਨ ਵਾਲਾ ਦਿਮਾਗ ਇਸ ਵਿਚ ਨਹੀਂ, ਨੇ ਸਾਰੀ ਦੁਨੀਆਂ ਨੂੰ ਵਖਤ ਪਾਇਆ ਹੋਇਆ ਹੈ। ਇਹ ਤਾਂ ਪੂਰਾ ਸੂਰਾ ਇੱਕ ਸੈੱਲ (ਮਨੁੱਖੀ ਸਰੀਰ ਕਰੀਬ 30 ਖਰਬ ਸੈੱਲਾਂ ਦਾ ਬਣਿਆ ਹੁੰਦਾ ਹੈ) ਵੀ ਨਹੀਂ। ਇਸ ਨੂੰ ਆਪਣੀ ਅਗਲੀ ਪੁਸ਼ਤ ਪੈਦਾ ਕਰਨ ਲਈ ਕਿਸੇ ਹੋਰ ਦੇ ਸੈੱਲ ਵਿਚਲੀਆਂ ਅੰਗੜੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਦੀ ਇਹੀ ਮਜਬੂਰੀ, ਜਦ ਇਹ ਆਪਣੇ ਵਾਧੇ ਲਈ ਮਨੁੱਖ ਦੇ ਸੈੱਲ ਵਰਤਦਾ ਹੈ, ਮਨੁੱਖ ਵਿਚ ਬਿਮਾਰੀ ਦਾ ਕਾਰਨ ਬਣਦੀ ਹੈ। ਕਿਸੇ ਜੀਵ ਤੋਂ ਬਾਹਰ ਇਹ ਨਿਰਜੀਵ ਹੈ, ਪਰ ਕਿਸੇ ਸੈੱਲ ਵਿਚ ਜਾ ਕੇ ਉਸ 'ਤੇ ਆਪਣਾ ਕਬਜ਼ਾ ਕਰ ਲੈਂਦਾ ਹੈ ਅਤੇ ਉਸ ਦੇ ਆਪਣੇ ਸਾਰੇ ਕੰਮ ਕਾਜ ਛਡਾ ਆਪਣੇ ਆਪ ਵਰਗੇ ਹੋਰ ਵਾਇਰਸ ਬਣਾਉਣ ਲਈ ਮਜਬੂਰ ਕਰ ਦਿੰਦਾ ਹੈ।

ਸਾਡਾ ਸਰੀਰ ਇਸ ਦੇ ਵਿਰੁਧ ਲੜਨ ਅਤੇ ਇਸ ਨੂੰ ਖਤਮ ਕਰਨ 'ਤੇ ਸਾਰਾ ਤਾਣ ਲਾ ਦਿੰਦਾ ਹੈ। ਜਦ ਇਸ ਦੇ ਕਣ ਸਾਹ ਨਾਲ ਫੇਫੜਿਆਂ ਵਿਚ ਚਲੇ ਜਾਂਦੇ ਹਨ ਤਾਂ ਸਰੀਰ ਇਨ੍ਹਾਂ ਖਿਲਾਫ ਲੜਨ 'ਤੇ ਵਾਹ ਲਾਉਂਦਾ ਆਪਣਾ ਤਾਪਮਾਨ ਵਧਾ ਲੈਂਦਾ ਹੈ, ਜਿਸ ਨੂੰ ਅਸੀਂ ਬੁਖਾਰ ਕਹਿੰਦੇ ਹਾਂ। ਜਦ ਪੰਜ-ਛੇ ਦਿਨ ਇਹ ਨਾ ਕਾਬੂ ਵਿਚ ਆਵੇ ਤਾਂ ਕਈ ਵਾਰ ਸਰੀਰ ਲੋੜੋਂ ਵੱਧ ਤਾਣ ਲਾਉਂਦਾ ਹੋਇਆ, ਫੇਫੜਿਆਂ ਵਿਚ ਆਪਣੇ ਸਾਰੇ ਫੌਜੀ (ਚਿੱਟੇ ਰਕਤਾਣੂ ਅਤੇ ਸੁਨੇਹੇ ਦੇਣ ਵਾਲੇ ਛੋਟੇ ਪ੍ਰੋਟੀਨ ਵਗੈਰਾ) ਵੱਡੀ ਮਾਤਰਾ ਵਿਚ ਇਕੱਠੇ ਕਰ ਲੈਂਦਾ ਹੈ, ਜਿਸ ਕਾਰਨ ਫੇਫੜਿਆਂ ਵਿਚ ਸੋਜਿਸ਼ ਆ ਜਾਂਦੀ ਹੈ, ਚਿਪਕਣੇ ਤਰਲ ਪਦਾਰਥ ਸੈੱਲਾਂ ਵਿਚੋਂ ਰਿਸਣ ਲਗਦੇ ਹਨ ਅਤੇ ਮਹੀਨ ਸਾਹ ਥੈਲੀਆਂ, ਜਿਨ੍ਹਾਂ ਵਿਚੋਂ ਆਕਸੀਜਨ ਨੇ ਖੂਨ ਵਿਚ ਰਲਣਾ ਹੁੰਦਾ ਹੈ, ਉਤੇ ਇਨ੍ਹਾਂ ਫਾਲਤੂ ਲੇਸਦਾਰ ਰਸਾਇਣਾਂ ਦਾ ਲੇਪ ਜਿਹਾ ਹੋ ਜਾਂਦਾ ਹੈ, ਜਿਸ ਨਾਲ ਖੂਨ ਵਿਚ ਆਕਸੀਜਨ ਘੱਟ ਜਾਣ ਲਗਦੀ ਹੈ, ਸਾਹ ਘੁਟਣ ਲਗਦਾ ਹੈ ਅਤੇ ਕਈ ਵਾਰ ਹਸਪਤਾਲ ਵਿਚ ਵਾਧੂ ਆਕਸੀਜਨ ਦੇਣ ਜਾਂ ਮਸ਼ੀਨ ਨਾਲ ਸਾਹ ਦੇਣ ਉਪਰੰਤ ਵੀ ਮਰੀਜ਼ ਦੀ ਜਾਨ ਚਲੀ ਜਾਂਦੀ ਹੈ। ਬੁਖਾਰ, ਸੁੱਕੀ ਖੰਘ ਅਤੇ ਥਕਾਵਟ ਇਸ ਬਿਮਾਰੀ ਦੀਆਂ ਆਮ ਅਲਾਮਤਾ ਹਨ, ਪਰ ਕਈ ਮਰੀਜ਼ਾਂ ਵਿਚ ਗਲਾ ਖਰਾਬ ਹੋਣਾ, ਸਿਰ ਦਰਦ, ਸਰੀਰ ਦੇ ਪੱਠਿਆਂ ਵਿਚ ਦਰਦ, ਦਸਤ ਲੱਗਣ, ਸਰੀਰ 'ਤੇ ਪਿੱਤ ਵਾਂਗ ਦਾਣੇ, ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਦਾ ਬਦਰੰਗ ਹੋਣ ਜਿਹੀਆਂ ਨਿਸ਼ਾਨੀਆਂ ਵੀ ਵੇਖੀਆਂ ਗਈਆਂ ਹਨ।

ਕਰੋਨਾ ਵਾਇਰਸ ਦੀ ਇਹ ਬਿਮਾਰੀ ਜੰਗਲ ਵਿਚ ਲੱਗੀ ਅੱਗ ਵਾਂਗ ਹੈ, ਜਿਸ ਨਾਲ ਸੁੱਕਾ ਘਾਹ ਬੂਟ, ਸੁੱਕੀਆਂ ਝਾੜੀਆਂ ਜਾਂ ਸੁੱਕੇ ਦਰਖਤ ਸੜ ਕੇ ਨਵੇਂ ਬੂਟਿਆਂ ਲਈ ਰਾਹ ਪੱਧਰਾ ਕਰਦੇ ਹਨ। ਇਹ ਬਿਮਾਰੀ ਵੀ ਕਮਜ਼ੋਰ, ਕਿਸੇ ਨਾ ਕਿਸੇ ਬਿਮਾਰੀ ਤੋਂ ਪੀੜਤ ਜਾ ਵੱਡੀ ਉਮਰ ਕਾਰਨ ਕਮਜ਼ੋਰ ਹੋ ਚੁਕੀ ਸਰੀਰ ਸੁਰੱਖਿਆ ਪ੍ਰਣਾਲੀ ਵਾਲੇ ਮਰੀਜ਼ਾਂ ਦੀ ਜਾਨ ਲੈ ਰਹੀ ਹੈ। ਮਨੁੱਖ ਲਈ ਆਪਣਾ ਹਰ ਸਨੇਹੀ ਪਿਆਰਾ ਹੈ ਅਤੇ ਉਹ ਕਿੰਨੀ ਵੀ ਵੱਡੀ ਉਮਰ ਦਾ ਜਾਂ ਕਿਸੇ ਬਿਮਾਰੀ ਕਾਰਨ ਕਮਜ਼ੋਰ ਹੀ ਕਿਉਂ ਨਾ ਹੋਵੇ, ਉਸ ਦੇ ਜਾਣ ਦਾ ਬਹੁਤ ਦੁੱਖ ਹੁੰਦਾ ਹੈ। ਕੈਨੇਡਾ ਵਿਚ ਇਸ ਬਿਮਾਰੀ ਦੇ ਆਉਣ 'ਤੇ 80% ਮੌਤਾਂ 80 ਸਾਲ ਦੀ ਉਮਰ ਤੋਂ ਵੱਧ ਵਿਅਕਤੀਆਂ ਦੀਆਂ ਹੋਈਆਂ। ਜ਼ਿਆਦਾਤਰ ਮਰੀਜ਼ ਥੋੜੇ ਬਹੁਤ ਤੰਗ ਹੋ ਕੇ ਠੀਕ ਹੋ ਜਾਂਦੇ ਹਨ ਅਤੇ ਮਰਨ ਵਾਲਿਆਂ ਦੀ ਗਿਣਤੀ ਕੁਲ ਮਰੀਜ਼ਾਂ ਦਾ 3.8% ਹੀ ਹੈ, ਪਰ ਦੁਨੀਆਂ ਭਰ ਵਿਚ ਕੁਲ ਮਰੀਜ਼ਾਂ ਦਾ ਅੰਕੜਾ ਦੋ ਕਰੋੜ ਦੇ ਨੇੜੇ ਤੇੜੇ ਜਾਣ ਨਾਲ ਕੁਲ ਮੌਤਾਂ 7 ਲੱਖ ਦੇ ਨੇੜੇ ਪਹੁੰਚ ਗਈਆਂ ਹਨ। ਇਸ ਦੇ ਤੇਜੀ ਨਾਲ ਵਧਣ ਦਾ ਕਾਰਨ, ਬਿਮਾਰੀ ਦੇ ਕਣਾਂ ਦਾ ਮਰੀਜ਼ ਵਿਚ ਨਿਸ਼ਾਨੀਆਂ ਆਉਣ ਤੋਂ ਪਹਿਲਾਂ ਹੀ ਨੱਕ, ਮੂੰਹ ਜਾਂ ਅੱਖਾਂ ਦੇ ਪਾਣੀ ਵਿਚੋਂ ਨਿਕਲ ਅੱਗੇ ਫੈਲਣਾ ਹੈ। ਉਸ ਵਿਅਕਤੀ ਵਿਚ ਕਿਉਂਕਿ ਬਿਮਾਰੀ ਦਾ ਕੋਈ ਲੱਛਣ ਨਹੀਂ ਹੁੰਦਾ, ਇਸ ਲਈ ਨਾ ਤਾਂ ਉਹ ਆਪ, ਨਾ ਹੀ ਉਸ ਨੂੰ ਮਿਲਣ-ਗਿਲਣ ਵਾਲੇ ਸਾਵਧਾਨੀਆਂ ਵਰਤਦੇ ਹਨ।

ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ, ਇਸ ਤੋਂ ਬਚਣ ਅਤੇ ਇਲਾਜ ਲਈ ਵੱਡੀ ਪੱਧਰ 'ਤੇ ਯਤਨ ਹੋ ਰਹੇ ਹਨ। ਇਸ ਤੋਂ ਬਚਣ ਲਈ ਮਾਸਕ ਪਾਏ ਜਾਣ ਕਿ ਨਾ, ਦਾ ਮੁੱਦਾ ਕਾਫੀ ਗਰਮ ਰਿਹਾ ਹੈ। ਸੰਸਾਰ ਸਿਹਤ ਸੰਸਥਾ ਦੇ ਬੁਲਾਰੇ ਦਾ ਪਹਿਲਾਂ ਪਹਿਲ ਇਹ ਕਹਿਣਾ ਸੀ ਕਿ ਇਹ ਹਵਾ ਰਾਹੀਂ ਨਹੀਂ ਫੈਲਦਾ, ਜੇ ਫੈਲਦਾ ਹੁੰਦਾ ਤਾਂ ਇੱਕ ਕਮਰੇ ਵਿਚ ਕਿਸੇ ਮਰੀਜ਼ ਨਾਲ ਬੈਠੇ ਸਾਰੇ ਲੋਕ ਬਿਮਾਰ ਹੋਣੇ ਚਾਹੀਦੇ ਸਨ, ਜੋ ਵੇਖਣ ਵਿਚ ਨਹੀਂ ਆ ਰਿਹਾ। ਇਸ ਬਾਰੇ ਸਿੱਧੀ ਖੋਜ ਤਾਂ ਕੋਈ ਨਹੀਂ ਹੋਈ, ਪਰ ਕਰੀਬ 200 ਡਾਕਟਰਾਂ ਵਲੋਂ ਸੰਸਾਰ ਸਿਹਤ ਸੰਸਥਾ ਦੇ ਮੁਖੀ ਨੂੰ ਲਿਖੇ ਪੱਤਰ ਦੇ ਆਧਾਰ 'ਤੇ ਉਸ ਨੇ ਜਿਥੇ ਬੰਦ ਕਮਰਾ ਹੋਵੇ, ਲੋਕ ਨੇੜੇ ਨੇੜੇ ਬੈਠੇ ਹੋਣ, ਉਸ ਥਾਂ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਹੈ। ਇਨ੍ਹਾਂ ਡਾਕਟਰਾਂ ਦਾ ਤਰਕ ਸੀ ਕਿ ਇਹ ਵਾਇਰਸ ਆਮ ਜ਼ੁਕਾਮ ਕਰਨ ਵਾਲੇ ਕੀਟਾਣੂਆਂ ਨਾਲ ਮਿਲਦਾ ਹੈ, ਜੇ ਉਹ ਹਵਾ ਰਾਹੀਂ ਫੈਲ ਸਕਦੇ ਹਨ ਤਾਂ ਇਹ ਕਿਉਂ ਨਹੀਂ ਫੈਲੇਗਾ।

ਮਾਤਾ, ਪੋਲੀਓ, ਡੇਂਗੂ, ਏਡਜ਼, ਖਸਰਾ, ਈਬੋਲਾ, ਹਲਕਾਅ, ਜ਼ੁਕਾਮ ਆਦਿ ਵਾਂਗ ਕਰੋਨਾ ਵੀ ਵਾਇਰਸ ਦੀ ਬਿਮਾਰੀ ਹੈ। ਇੱਕ ਵਾਰ ਬਿਮਾਰੀ ਸ਼ੁਰੂ ਹੋ ਜਾਵੇ ਤਾਂ ਰੋਕਣ ਲਈ ਸਾਡੇ ਕੋਲ ਕੋਈ ਦਵਾਈ ਨਹੀਂ। ਦੂਜੇ ਕੀਟਾਣੂਆਂ ਜਿਵੇਂ ਬੈਕਟੀਰੀਆ (ਕੋਹੜ, ਹੈਜ਼ਾ, ਟੀ. ਬੀ., ਪਲੇਗ) ਆਦਿ ਨੂੰ ਸਰੀਰ ਵਿਚੋਂ ਖਤਮ ਕਰਨ ਲਈ ਕਈ ਕਿਸਮ ਦੀਆਂ ਦਵਾਈਆਂ ਹਨ ਜਿਵੇਂ ਪੈਨਸਲੀਨ, ਸਟਰੈਪਟੋਮਾਈਸੀਨ ਆਦਿ। ਵਾਇਰਸ ਦੀ ਬਿਮਾਰੀ ਹੋਣ 'ਤੇ ਸਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਹੀ ਇਨ੍ਹਾਂ ਦਾ ਟਾਕਰਾ ਕਰਕੇ ਇਨ੍ਹਾਂ ਨੂੰ ਖਤਮ ਕਰ ਸਕਦੀ ਹੈ। ਜਿਸ ਵਿਅਕਤੀ ਦੀ ਸੁਰੱਖਿਆ ਪ੍ਰਣਾਲੀ ਨੇ ਇਸ ਨੂੰ ਖਤਮ ਕਰ ਲਿਆ ਤੇ ਉਹ ਰਾਜ਼ੀ ਹੋ ਗਿਆ ਤਾਂ ਜੇ ਉਸ ਨੂੰ ਦੁਬਾਰਾ ਵਾਇਰਸ ਬਿਮਾਰ ਕਰਨ ਦੀ ਕੋਸ਼ਿਸ਼ ਕਰੇ ਤਾਂ ਸੁਰੱਖਿਆ ਪ੍ਰਣਾਲੀ ਦੇ ਪਹਿਲਾਂ ਹੀ ਤਿਆਰ ਬੈਠੇ ਟੀ ਸੈੱਲ (ਇਕ ਕਿਸਮ ਦੇ ਸਿਪਾਹੀ) ਉਸ ਨੂੰ ਸਰੀਰ ਵਿਚ ਫੈਲਣ ਤੋਂ ਰੋਕ ਦਿੰਦੇ ਹਨ। ਜਾਂ ਫਿਰ ਇਨ੍ਹਾਂ ਵਾਇਰਸਾਂ ਤੋਂ ਬਚਣ ਲਈ ਵੈਕਸੀਨ ਬਣਾਈ ਜਾਂਦੀ ਹੈ, ਜੋ ਆਮ ਕਰਕੇ ਉਸ ਵਾਇਰਸ ਦੇ ਕਮਜ਼ੋਰ ਕੀਤੇ ਕਣ ਹੀ ਹੁੰਦੇ ਹਨ, ਜੋ ਕਿਸੇ ਵਿਅਕਤੀ ਨੂੰ ਬਿਮਾਰ ਨਹੀਂ ਕਰਦੇ, ਪਰ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਇਸ ਦੇ ਖਿਲਾਫ ਚੇਤਨ ਕਰ ਜਾਂਦੇ ਹਨ ਅਤੇ ਅਸਲ ਬਿਮਾਰੀ ਆਉਣ 'ਤੇ ਪਹਿਲਾਂ ਹੀ ਤਿਆਰ-ਬਰ-ਤਿਆਰ ਸਿਪਾਹੀ ਅੰਦਰ ਆਉਣ 'ਤੇ ਹੀ ਉਸ ਦਾ ਨਾਸ਼ ਕਰ ਦਿੰਦੇ ਹਨ।

ਜਿੰਨੀ ਦੇਰ ਵੈਕਸੀਨ ਨਹੀਂ ਬਣਦੀ, ਉਨੀ ਦੇਰ ਇਸ ਤੋਂ ਬਚਣ ਦੀ ਲੋੜ ਹੈ। ਇਸ ਲਈ ਬੇਲੋੜਾ ਘਰੋਂ ਬਾਹਰ ਨਾ ਜਾਣਾ, ਇੱਕ ਦੂਸਰੇ ਤੋਂ ਛੇ ਫੁੱਟ ਦੀ ਦੂਰੀ ਬਣਾਈ ਰੱਖਣੀ, ਬੰਦ ਥਾਂਵਾਂ 'ਤੇ ਮਾਸਕ ਪਾਉਣਾ, ਕਿਸੇ ਵੀ ਅਣਜਾਣ ਥਾਂ 'ਤੇ ਹੱਥ ਲੱਗਣ ਤੇ ਨੱਕ ਮੂੰਹ ਨੂੰ ਲਾਉਣ ਤੋਂ ਪਹਿਲਾਂ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ, ਜਾਂ ਅਲਕੋਹਲ ਨਾਲ ਕੀਟਾਣੂ ਰਹਿਤ ਕਰਨਾ, ਜਿਹੀਆਂ ਸਾਵਧਾਨੀਆਂ ਅਪਨਾਉਣਾ ਜਰੂਰੀ ਹੈ। ਇਸ ਬਿਮਾਰੀ ਦੇ ਇਲਾਜ ਲਈ ਕਈਆਂ ਵਲੋਂ, ਖਾਸ ਕਰ ਵਾਰ ਵਾਰ ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਵਲੋਂ ਪ੍ਰਚਾਰ ਕੀਤੇ ਗਏ ਨਿਰਆਧਾਰ ਟੋਟਕਿਆਂ ਨੂੰ ਰੱਦ ਕਰਨ ਲਈ ਸਾਇੰਸਦਾਨਾਂ ਨੂੰ ਖੋਜ ਕਰਨੀ ਪਈ ਅਤੇ ਅਖੀਰ ਉਨ੍ਹਾਂ ਕਹਿ ਦਿੱਤਾ ਕਿ ਮਲੇਰੀਏ ਦੀ ਦਵਾਈ ਹਾਈਡਰੋਕਸੀ ਕਲੋਰੋਕਿਊਨ ਕਰੋਨਾ ਨੂੰ ਰੋਕਣ ਵਿਚ ਕੋਈ ਮਦਦ ਨਹੀਂ ਕਰਦੀ, ਸਗੋਂ ਇਹ ਕਈ ਮਰੀਜ਼ਾਂ ਵਿਚ ਦਿਲ ਦੀਆਂ ਮੁਸ਼ਕਿਲਾਂ ਪੈਦਾ ਕਰਦੀ ਹੈ। ਭਾਰਤ ਦੇ ਯੋਗ ਗੁਰੂ ਰਾਮਦੇਵ ਵਲੋਂ ਵੀ ਇੱਕ ਦੇਸੀ ਦਵਾਈ ਨੂੰ ਰਾਮ ਬਾਣ ਕਹਿ ਕੇ ਪ੍ਰਚਾਰਨ ਦਾ ਸ਼ੁਰੂ ਕੀਤਾ ਕੰਮ, ਸਰਕਾਰ ਨੂੰ ਛੇਤੀ ਬੰਦ ਕਰਵਾਉਣਾ ਪਿਆ। ਇਕ ਦਵਾਈ ਜਿਸ ਦੀ ਈਬੋਲਾ ਦੇ ਇਲਾਜ ਲਈ ਖੋਜ ਕੀਤੀ ਗਈ ਸੀ, ਰੈਮਡੀਸੀਵਾਇਰ, ਵੀ ਇਸ ਵਾਇਰਸ ਕਾਰਨ ਹੁੰਦੀਆਂ ਮੌਤਾਂ ਦੀ ਦਰ ਘਟਾਉਣ ਵਿਚ ਕਾਮਯਾਬ ਨਹੀਂ ਹੈ।

ਇਸ ਬਿਮਾਰੀ ਦੇ ਫੈਲਾਅ ਦੇ ਰੁਕਣ ਦਾ ਦੂਜਾ ਕਾਰਨ ਬਣਦਾ ਹੈ ਕਾਫੀ ਲੋਕਾਂ ਦਾ ਬਿਮਾਰ ਹੋ ਜਾਣਾ, ਜਿਸ ਨੂੰ ਝੁੰਡ ਸੁਰੱਖਿਆ (ਹਰਡ ਇਮਿਊਨਿਟੀ) ਕਿਹਾ ਜਾਂਦਾ ਹੈ। ਜਦ ਕੋਈ ਬਿਮਾਰ ਹੋ ਕੇ ਠੀਕ ਹੋ ਜਾਂਦਾ ਹੈ ਤਾਂ ਉਸ ਦਾ ਸਰੀਰ ਵਾਇਰਸ ਤੋਂ ਬਿਮਾਰ ਨਹੀਂ ਹੁੰਦਾ, ਸੋ ਉਸ ਵਿਚ ਇਹ ਵਾਇਰਸ ਇੱਕ ਤੋਂ ਕਰੋੜਾਂ ਦੀ ਗਿਣਤੀ ਵਿਚ ਨਹੀਂ ਵੱਧ ਸਕਦਾ। ਜਦ ਵਾਇਰਸ ਇੱਕ ਤੋਂ ਦੂਸਰੇ ਵਿਅਕਤੀ ਵਿਚ ਜਾਂਦਾ ਹੈ, ਜੇ ਉਸ ਨੂੰ ਬਿਮਾਰੀ ਨਹੀਂ ਲੱਗੀ ਤਾਂ ਇਸ ਦੀ ਗਿਣਤੀ (ਅਬਾਦੀ) ਕਰੋੜਾਂ ਗੁਣਾ ਵਧ ਜਾਂਦੀ ਹੈ ਅਤੇ ਉਹ ਵਿਅਕਤੀ ਅੱਗੇ ਕਿੰਨੇ ਹੀ ਲੋਕਾਂ ਨੂੰ ਬਿਮਾਰੀ ਲਾ ਸਕਦਾ ਹੈ, ਪਰ ਜੇ ਉਹ ਪਹਿਲਾਂ ਰਾਜ਼ੀ ਹੋ ਚੁਕਾ ਹੋਵੇ ਤਾਂ ਵਾਇਰਸ ਦੇ ਕਣ ਉਸ ਦੇ ਸਰੀਰ 'ਤੇ ਜਾ ਕੇ ਖਤਮ ਹੋ ਜਾਂਦੇ ਹਨ ਅਤੇ ਬਿਮਾਰੀ ਦਾ ਵਧਣਾ ਰੁਕ ਜਾਂਦਾ ਹੈ। ਇਸ ਨੁਕਤੇ ਨੇ ਕੁਝ ਕੁ ਰੋਲ ਨਿਭਾਇਆ ਫਰਾਂਸ ਅਤੇ ਇਟਲੀ ਵਿਚ, ਜਿਥੇ ਅਬਾਦੀ ਦੀ ਵੱਡੀ ਗਿਣਤੀ ਬਿਮਾਰ ਹੋ ਗਈ ਅਤੇ ਇਹ ਬਿਮਾਰੀ ਕੁਦਰਤੀ ਤੌਰ 'ਤੇ ਹੀ ਘਟ ਗਈ। ਇਨ੍ਹਾਂ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਮੌਤਾਂ ਦਾ ਕਾਰਨ ਬੁਢਿਆਂ ਦੀ ਗਿਣਤੀ ਜ਼ਿਆਦਾ ਹੋਣਾ ਸੀ। ਓਂਟਾਰੀਓ ਵਿਚ ਵੀ ਪਹਿਲਾਂ ਪਹਿਲ ਇਸ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਵਿਚ 80% ਲੋਕ 80 ਸਾਲ ਦੀ ਉਮਰ ਤੋਂ ਵੱਡੇ ਸਨ।

ਦੂਜਾ ਤਰੀਕਾ ਹੈ, ਇਸ ਨੂੰ ਦੇਸ਼ ਵਿਚੋਂ ਪੂਰੀ ਤਰ੍ਹਾਂ ਖਤਮ ਕਰਨ ਦਾ, ਇਹ ਚੀਨ ਅਤੇ ਦੱਖਣੀ ਕੋਰੀਆ ਨੇ ਕਰ ਵਿਖਾਇਆ ਹੈ। ਬੇਸ਼ੱਕ ਅਜੇ ਵੀ ਕਿਤੇ ਨਾ ਕਿਤੇ ਉਥੇ ਇਹ ਬਿਮਾਰੀ ਫਿਰ ਤੋਂ ਸਿਰ ਚੁੱਕ ਲੈਂਦੀ ਹੈ, ਪਰ ਅਜੇ ਤੱਕ ਉਹ ਇਸ ਨੂੰ ਦੇਸ਼ ਭਰ ਵਿਚ ਫੈਲਣ ਤੋਂ ਰੋਕਣ ਵਿਚ ਕਾਮਯਾਬ ਹਨ।

ਕਰੋਨਾ ਤੋਂ ਬਚਣ ਲਈ ਵੈਕਸੀਨ ਬਣਾਉਣ ਉਤੇ ਖੋਜ ਇਸ ਬਿਮਾਰੀ ਦੇ ਜਨਵਰੀ ਵਿਚ ਫੈਲਣ 'ਤੇ ਹੀ ਸ਼ੁਰੂ ਹੋ ਗਈ ਸੀ। ਸੰਸਾਰ ਸਿਹਤ ਸੰਸਥਾ ਮੁਤਾਬਿਕ ਹੁਣ 140 ਤੋਂ ਵੱਧ ਵੈਕਸੀਨਾਂ ਨੂੰ ਬਣਾਉਣ ਲਈ ਵੱਖ ਵੱਖ ਪ੍ਰਯੋਗਸ਼ਾਲਾਵਾਂ ਵਿਚ ਖੋਜ ਹੋ ਰਹੀ ਹੈ। ਇਨ੍ਹਾਂ ਵਿਚੋਂ 7 'ਮਨੁੱਖ ਲਈ ਸੁਰੱਖਿਅਤ ਹਨ' ਦੇ ਟੈਸਟ ਪਾਸ ਕਰ ਕੇ ਤੀਸਰੇ ਤੇ ਆਖਰੀ, ਜੋ ਬਿਮਾਰੀ ਨੂੰ ਰੋਕਣ ਵਿਚ ਸਮਰੱਥ ਹਨ, ਦੇ ਪੜਾਅ 'ਤੇ ਪਹੁੰਚ ਚੁਕੀਆਂ ਹਨ। ਇਸ ਪਿਛੋਂ ਇਨ੍ਹਾਂ ਨੂੰ ਵੱਡੇ ਪੱਧਰ 'ਤੇ ਵਾਲੰਟੀਅਰ ਵਿਅਕਤੀਆਂ ਵਿਚ ਲਾ ਕੇ ਇਨ੍ਹਾਂ ਦੇ ਕਾਰਗਰ ਹੋਣ ਅਤੇ ਸੁਰੱਖਿਅਤ ਹੋਣ ਬਾਰੇ ਅੰਕੜੇ ਇਕੱਠੇ ਕੀਤੇ ਜਾਣੇ ਹਨ। ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਦੇਸ਼ਾਂ ਦੀਆਂ ਸਿਹਤ ਸੰਸਥਾਵਾਂ ਇਨ੍ਹਾਂ ਨੂੰ ਵਰਤਣ ਦੀ ਮਨਜ਼ੂਰੀ ਦੇ ਸਕਣਗੀਆਂ। ਬੇਸ਼ੱਕ ਆਮ ਤੌਰ 'ਤੇ ਕਿਸੇ ਵੈਕਸੀਨ ਨੂੰ ਬਣਾਉਣ ਲਈ ਕਈ ਸਾਲ ਲੱਗ ਜਾਂਦੇ ਹਨ, ਪਰ ਸਾਇੰਸਦਾਨਾਂ ਨੂੰ ਉਮੀਦ ਹੈ ਕਿ ਕਰੋਨਾ ਨੂੰ ਰੋਕ ਸਕਣ ਵਾਲੀ ਵੈਕਸੀਨ ਸਾਲ, ਡੇਢ ਸਾਲ ਵਿਚ ਬਣ ਕੇ ਤਿਆਰ ਹੋ ਜਾਵੇਗੀ।

ਇਨ੍ਹਾਂ ਵਿਚੋਂ ਆਕਸਫੋਰਡ ਯੂਨੀਵਰਸਿਟੀ ਵਿਚ ਬਣਾਈ ਜਾ ਰਹੀ ਵੈਕਸੀਨ ਦੇ ਛੇਤੀ ਮਾਰਕਿਟ ਵਿਚ ਆਉਣ ਅਤੇ ਇਸ ਦੇ ਵਧੀਆ ਨਤੀਜੇ ਦੇਣ ਦੀਆਂ ਵੱਧ ਸੰਭਾਵਨਾਵਾਂ ਹਨ। ਇਸ ਵਿਚ ਵਾਇਰਸ ਦਾ ਮੁੱਖ ਭਾਗ (ਆਰ. ਐਨ. ਏ. ਅਤੇ ਖੋਲ) ਆਮ ਜ਼ੁਕਾਮ ਦੇ ਵਾਇਰਸ ਤੋਂ ਲੈ ਕੇ ਉਸ ਉਤੇ ਕੋਰਨਾ ਦੀਆਂ ਡੰਡੀਆਂ ਜਿਹੀਆਂ, ਜਿਨ੍ਹਾਂ ਨਾਲ ਇਹ ਸੈੱਲ ਨਾਲ ਜੁੜ ਕੇ ਅੰਦਰ ਜਾਂਦਾ ਹੈ, ਪ੍ਰਯੋਗਸ਼ਾਲਾ ਵਿਚ ਬਣਾ ਕੇ ਲਾ ਦਿਤੀਆਂ ਗਈਆਂ ਹਨ। ਸੋ ਇਸ ਦੇ ਖਤਰਨਾਕ ਹੋਣ ਦਾ ਡਰ ਬਹੁਤ ਘਟ ਹੈ ਅਤੇ ਕਾਮਯਾਬ ਹੋਣ ਦੀ ਉਮੀਦ ਬਹੁਤ ਜਿਆਦਾ। ਇਸ ਨੂੰ 500 ਤੋਂ ਵੱਧ ਲੋਕਾਂ 'ਤੇ ਟੈਸਟ ਕੀਤਾ ਜਾ ਚੁਕਾ ਹੈ ਅਤੇ ਅੱਗੇ ਵੱਡੇ ਪੱਧਰ 'ਤੇ ਇਸ ਨੂੰ ਵੱਖ ਵੱਖ ਦੇਸ਼ਾਂ ਦੇ ਵਾਲੰਟੀਅਰਾਂ ਵਿਚ ਵਰਤ ਕੇ ਵੇਖਣਾ ਹੈ। ਸਤੰਬਰ ਤੱਕ ਇਸ ਦੇ 10 ਲੱਖ ਤੋਂ ਵੱਧ ਟੀਕੇ ਬਣਾਉਣ ਬਾਰੇ ਯੂਨੀਵਰਸਿਟੀ ਨੇ ਉਮੀਦ ਜਾਹਰ ਕੀਤੀ ਹੈ, ਪਰ ਫਿਰ ਵੀ ਆਮ ਵਰਤੋਂ ਲਈ ਇਹ ਅਗਲੇ ਸਾਲ ਦੇ ਸ਼ੁਰੂ ਵਿਚ ਹੀ ਆ ਸਕੇਗੀ।

ਯੂਰਪ ਸੰਗਠਨ ਨੇ ਇਸ ਬਿਮਾਰੀ ਦਾ ਦੁਨੀਆਂ ਪੱਧਰ 'ਤੇ ਟਾਕਰਾ ਕਰਨ ਲਈ ਮਈ 2020 ਵਿਚ ਪਹਿਲ ਕੀਤੀ ਅਤੇ ਸੰਸਾਰ ਵਿਚੋਂ 16 ਅਰਬ ਯੂਰੋ (25 ਅਰਬ ਕੈਨੇਡੀਅਨ ਡਾਲਰ) ਦਾ ਫੰਡ ਇਕੱਠਾ ਕੀਤਾ। ਉਨ੍ਹਾਂ ਵਲੋਂ ਵੀ ਦੁਨੀਆਂ ਦੇ ਹਰ ਲੋੜਵੰਦ ਲਈ ਵੈਕਸੀਨ ਉਪਲੱਬਦ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਫੰਡ ਵਿਚ ਦੁਨੀਆਂ ਦੇ ਹੋਰ ਮੁਲਕਾਂ ਦੇ ਨਾਲ ਨਾਲ ਕੈਨੇਡਾ ਅਤੇ ਭਾਰਤ ਨੇ ਵੀ ਸਹਿਯੋਗ ਦਿੱਤਾ ਹੈ, ਪਰ ਅਮਰੀਕਾ ਆਪਣੀ 'ਸਭ ਪ੍ਰਈਵੇਟ, ਸਭ ਲਾਭ ਲਈ' ਦੀ ਨੀਤੀ 'ਤੇ ਚਲਦਾ ਹੋਇਆ ਇਸ ਸਾਂਝੇ ਯਤਨ ਤੋਂ ਪਾਸੇ ਹੀ ਰਿਹਾ ਹੈ ਅਤੇ ਆਪਣੇ ਤੌਰ 'ਤੇ ਵੈਕਸੀਨ ਬਣਾ ਰਿਹਾ ਹੈ, ਜੋ ਸਿਰਫ ਇਸ ਦਾ ਮੁੱਲ ਤਾਰ ਸਕਣ ਵਾਲਿਆਂ ਲਈ ਹੀ ਹੋਵੇਗੀ।

ਇਸ ਵਾਇਰਸ ਨੇ ਦੁਨੀਆਂ 'ਤੇ ਬਹੁਤ ਵੱਡਾ ਅਸਰ ਪਾਇਆ ਹੈ ਅਤੇ ਕਾਫੀ ਲੰਮੇ ਸਮੇਂ ਤੱਕ ਆਮ ਹਾਲਾਤ ਨਹੀਂ ਬਣ ਸਕਣਗੇ। ਕਿੰਨੇ ਹੀ ਕੰਮ ਪ੍ਰਭਾਵਿਤ ਹੋ ਰਹੇ ਹਨ। ਖਾਸ ਕਰ ਸੈਰ ਸਪਾਟੇ 'ਤੇ ਨਿਰਭਰ ਕਾਰੋਬਾਰ ਅਤੇ ਦੇਸ਼ ਇਸ ਬਿਮਾਰੀ ਤੋਂ ਵੱਡਾ ਨੁਕਸਾਨ ਝੱਲ ਰਹੇ ਹਨ। ਹਵਾਈ ਯਾਤਰਾ ਮਹਿੰਗੀ ਹੋ ਗਈ ਹੈ ਅਤੇ ਥੋੜੇ ਹਵਾਈ ਜਹਾਜ ਹਵਾ ਵਿਚ ਉੱਡ ਰਹੇ ਹਨ। ਬੱਸਾਂ ਗਡੀਆਂ ਵਿਚ ਵੀ ਭੀੜ ਨਹੀਂ ਬਣ ਰਹੀ। ਹੋਟਲ ਖਾਲੀ ਪਏ ਹਨ। ਖੋਲ੍ਹੇ ਜਾਣ ਦੇ ਬਾਵਜੂਦ ਰੈਸਟੋਰੈਂਟ ਕਰੀਬ ਖਾਲੀ ਪਏ ਹਨ। ਸਕੂਲ, ਕਾਲਜ, ਯੂਨੀਵਰਸਿਟੀਆਂ, ਵਿਦਿਆਰਥੀਆਂ ਨੂੰ ਜਮਾਤਾਂ ਵਿਚ ਇਕੱਠੇ ਕਰਨ ਤੋਂ ਝਿਜਕ ਰਹੀਆਂ ਹਨ। ਹਾਂ, ਇੱਕ ਉਮੀਦ ਜ਼ਰੂਰ ਹੈ ਕਿ ਮਨੁੱਖ ਜਿਸ ਤਰ੍ਹਾਂ ਪਹਿਲਾਂ ਅਜਿਹੀਆਂ ਮੁਸੀਬਤਾਂ ਵਿਚੋਂ ਲੰਘ ਕੇ ਆਮ ਵਰਗੀ ਜ਼ਿੰਦਗੀ ਅੱਗੇ ਤੋਰਦਾ ਰਿਹਾ ਹੈ, ਇਸ ਵਾਰ ਵੀ ਇਹ ਤੱਤੀ ਵਾਅ ਲੰਘ ਜਾਵੇਗੀ ਅਤੇ ਰਹਿ ਗਏ ਲੋਕ ਇਸ ਨੂੰ ਕੁਝ ਸਾਲਾਂ ਬਾਅਦ ਭੁੱਲ ਭੁਲਾ ਜਾਣਗੇ।




# ਅਮਰੀਕਨ ਸੁਸਾਇਟੀ ਤੇਜੀ ਨਾਲ ਨਿਘਾਰ ਵੱਲ

*(ਪਿਛਲੇ ਸਫੇ ਦੀ ਬਾਕੀ)*

ਸੰਸਥਾਵਾਂ ਬਣਾਈਆਂ ਹੋਈਆਂ ਹਨ। ਅਜਿਹੇ ਲੋਕਾਂ ਦੀ ਗਿਣਤੀ ਦੁਨੀਆਂ ਭਰ ਵਿਚ 1-2% ਤੋਂ ਵੱਧ ਨਹੀਂ ਹੈ, ਪਰ ਇਨ੍ਹਾਂ ਨੇ ਸਾਰੀ ਦੁਨੀਆਂ ਵਿਚ ਹਰ ਖੇਤਰ ਵਿਚ ਕੰਪੀਟੀਸ਼ਨ ਦੀ ਅਜਿਹੀ ਦੌੜ ਵਿਚ ਮਨੁੱਖ ਜਾਤੀ ਨੂੰ ਪਾ ਦਿੱਤਾ ਹੈ ਕਿ ਮਨੁੱਖ ਰੋਟੀ, ਕੱਪੜਾ, ਮਕਾਨ ਦੀਆਂ ਬੁਨਿਆਦੀ ਲੋੜਾਂ ਦੇ ਨਾਲ-ਨਾਲ ਬਾਹਰੀ ਸੁੱਖ ਸਹੂਲਤਾਂ ਦੀ ਅਮੁੱਕ ਦੌੜ ਵਿਚ ਅਜਿਹਾ ਫਸਦਾ ਜਾ ਰਿਹਾ ਹੈ ਕਿ ਉਸ ਨੂੰ ਜਿਉਣਾ ਭੁੱਲ ਹੀ ਗਿਆ ਹੈ। ਸਰਮਾਏਦਾਰੀ ਨੇ ਮੀਡੀਆ ਅਤੇ ਮਨੋਰੰਜਨ ਦੇ ਅਜਿਹੇ ਸਾਧਨ ਬਣਾ ਲਏ ਹਨ ਕਿ ਮਨੁੱਖ ਕੁਝ ਰਿਲੈਕਸ ਹੋਣ ਲਈ ਉਥੇ ਬੈਠਦਾ ਹੈ ਤਾਂ ਅਜਿਹੇ ਢੰਗ ਨਾਲ ਬ੍ਰੇਨਵਾਸ਼ਿੰਗ ਕੀਤੀ ਜਾਂਦੀ ਹੈ ਕਿ ਮਨੁੱਖ ਜਾਤੀ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਕਿਵੇਂ ਸਰਮਾਏਦਾਰ ਤੇ ਲੁਟੇਰਾ ਹਾਕਮਾਂ ਦਾ ਗੱਠਜੜ ਉਨ੍ਹਾਂ ਦਾ ਸਭ ਕੁਝ ਲੁੱਟ ਕੇ ਲਈ ਜਾ ਰਿਹਾ ਹੈ।

ਵਿੱਦਿਆ ਦਾ ਕੰਪੀਟੀਸ਼ਨ ਆਧਾਰਿਤ ਸਿਸਟਮ ਅਜਿਹਾ ਬਣਾ ਦਿੱਤਾ ਗਿਆ ਹੈ ਕਿ ਮਨੁੱਖ ਸਰਮਾਏਦਾਰੀ ਲਈ ਮਸ਼ੀਨ ਬਣ ਕੇ ਨਿਕਲਦਾ ਹੈ, ਜਿਸ ਦਾ ਬੌਧਿਕ ਪੱਧਰ ਇੰਨਾ ਨੀਵਾਂ ਹੁੰਦਾ ਹੈ ਕਿ ਵੱਡੀਆਂ-ਵੱਡੀਆਂ ਡਿਗਰੀਆਂ ਵਾਲੇ ਲੋਕ ਵੀ ਇਸ ਮਨੁੱਖਤਾ ਵਿਰੋਧੀ ਨਿਜ਼ਾਮ ਨੂੰ ਸਮਝਣ ਤੋਂ ਅਸਮਰਥ ਹੁੰਦੇ ਹਨ। ਇਸ ਸਿਸਟਮ ਵਿਚ ਔਰਤ ਮਰਦ ਦੇ ਭੋਗਣ ਤੇ ਵੇਚਣਯੋਗ ਵਸਤੂ ਤੋਂ ਵੱਧ ਕੁਝ ਅਹਿਮੀਅਤ ਨਹੀਂ ਰੱਖਦੀ, ਭਾਵੇਂ ਉਸ ਨੂੰ ਭਰਮ ਪਾ ਦਿੱਤਾ ਗਿਆ ਹੈ ਕਿ ਉਹ ਆਜ਼ਾਦ ਤੇ ਆਤਮ ਨਿਰਭਰ ਹੈ, ਪਰ ਘਰੇਲੂ ਹਿੰਸਾ, ਨਸ਼ੇ, ਰੇਪ, ਤਲਾਕ ਆਦਿ ਦੇ ਅੰਕੜੇ ਉਸ ਦੀ ਅਸਲੀਅਤ ਸਪਸ਼ਟ ਦਿਖਾ ਰਹੇ ਹਨ। ਇੱਕ ਪਾਸੇ ਸਰਮਾਏਦਾਰ ਨਵੀਨ ਤਕਨਾਲੋਜੀ ਰਾਹੀਂ ਮਨੁੱਖ 'ਤੇ ਨਿਰਭਰਤਾ ਘਟਾ ਕੇ ਆਮ ਲੋਕਾਂ ਉਤੇ ਘੱਟ ਤਨਖਾਹ 'ਤੇ ਕੰਮ ਕਰਨ ਲਈ ਦਬਾਅ ਵਧਾ ਰਹੇ ਹਨ ਅਤੇ ਦੂਜੇ ਪਾਸੇ ਸਰਕਾਰਾਂ ਟੈਕਸ ਰੇਟ ਵਧਾਈ ਤੁਰੀਆਂ ਜਾ ਰਹੀਆਂ ਹਨ ਤੇ ਪਬਲਿਕ ਸੇਵਾਵਾਂ (ਸਿੱਖਿਆ, ਸਿਹਤ, ਟਰਾਂਸਪੋਰਟੇਸ਼ਨ, ਬੁਨਿਆਦੀ ਢਾਂਚਾ ਆਦਿ) 'ਤੇ ਕੱਟ ਲਾਈ ਜਾ ਰਹੀਆਂ ਹਨ। ਇਸ ਕਾਰਨ ਇਨ੍ਹਾਂ ਵੱਡੇ ਸਰਮਾਏਦਾਰ ਦੇਸ਼ਾਂ ਵਿਚ ਵੀ ਲੋਕਾਂ ਦਾ ਜੀਣਾ ਔਖਾ ਹੋ ਰਿਹਾ ਹੈ। ਇਸੇ ਕਾਰਨ ਇੰਨੀ ਵੱਡੀ ਪੱਧਰ 'ਤੇ ਮਾਨਸਿਕ ਅਤੇ ਸਰੀਰਕ ਰੋਗ ਵਧ ਰਹੇ ਹਨ, ਲੋਕ ਨਸ਼ਿਆਂ ਵੱਲ ਧੱਕੇ ਜਾ ਰਹੇ ਹਨ, ਜੁਰਮ ਦਿਨੋ ਦਿਨ ਵੱਧ ਰਿਹਾ ਹੈ, ਘਰੇਲੂ ਹਿੰਸਾ ਸਿਖਰਾਂ ਛੂਹ ਰਹੀ ਹੈ, ਕਾਮ ਭੜਕਾਊ ਮਨੋਰੰਜਨ (ਗੀਤ, ਫਿਲਮਾਂ, ਪੱਬ, ਕਲੱਬ, ਨਸ਼ੇ) ਨਾਲ ਮਨੁੱਖ ਵਹਿਸ਼ੀ ਬਣਦਾ ਜਾ ਰਿਹਾ ਹੈ, ਗੇਅ-ਲੈਸਬੀਅਨ ਦੀ ਵਧਦੀ ਗਿਣਤੀ ਸੈਕਸ ਤਵਾਜ਼ਨ ਦੇ ਵਿਗੜਨ ਦੀ ਨਿਸ਼ਾਨੀ ਹੈ। ਇਸੇ ਕਾਰਨ ਦੁਨੀਆਂ ਭਰ ਵਿਚ ਰੇਪ, ਹਿੰਸਾ ਸਮੇਤ ਔਰਤਾਂ ਤੇ ਜੁਰਮ ਦਿਨੋ-ਦਿਨ ਵਧ ਰਹੇ ਹਨ।

ਸੋਸ਼ਲ ਮੀਡੀਆ ਨੇ ਮਨੁੱਖ ਨੂੰ ਮਾਨਸਿਕ ਗੁਲਾਮੀ ਤੇ ਬੌਧਿਕ ਦਿਵਾਲੀਏਪਨ ਵੱਲ ਹੋਰ ਧੱਕਣਾ ਸ਼ੁਰੂ ਕਰ ਦਿੱਤਾ ਹੈ। ਲੋਕਾਂ ਕੋਲ ਆਪਣੇ ਆਪ ਨਾਲ, ਆਪਣੇ ਪਰਿਵਾਰ ਅਤੇ ਬੱਚਿਆਂ ਨਾਲ ਬੈਠਣ ਲਈ ਸਮਾਂ ਨਹੀਂ ਹੈ, ਕੁਝ ਚੰਗਾ ਪੜ੍ਹਨ-ਸੁਣਨ ਲਈ ਸਮਾਂ ਨਹੀਂ ਹੈ, ਜਿਸ ਨਾਲ ਸਮਾਜ ਵਿਕਾਸ ਦੀ ਥਾਂ ਨਿਘਾਰ ਵੱਲ ਜਾ ਰਿਹਾ ਹੈ। ਸਮਾਜ ਦੇ ਅਗਾਂਹਵਧੂ, ਸੂਝਵਾਨ ਬੁੱਧੀਜੀਵੀਆਂ, ਸਮਾਜਕ ਸਰੋਕਾਰਾਂ ਨੂੰ ਸਮਰਪਿਤ ਲੋਕਾਂ ਨੂੰ ਜਾਗਰੂਕ ਕਰਨ, ਇਸ ਲੁਟੇਰਾ ਨਿਜ਼ਾਮ ਨੂੰ ਸਮਝਣ-ਸਮਝਾਉਣ ਲਈ ਜ਼ੋਰਦਾਰ ਯਤਨ ਕਰਨ ਦੀ ਲੋੜ ਹੈ ਤਾਂ ਕਿ ਲੋਕ ਆਪਣੀ ਸਰੀਰਕ, ਮਾਨਸਿਕ ਲੁੱਟ ਪ੍ਰਤੀ ਸੁਚੇਤ ਹੋ ਕੇ ਕੁਝ ਕਰਨ ਲਈ ਤਿਆਰ ਹੋਣ।

# ਕਾਇਨਾਤ ਕਈ ਕੁਝ ਕਹਿੰਦੀ ਏ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ, "ਹੱਸਣਾ ਮਨੁੱਖੀ ਫਿਤਰਤ ਦੀ ਪਛਾਣ। ਵਿਅਕਤੀਤਵ ਦਾ ਮੁਹਾਂਦਰਾ। ਚੱਜ-ਅਚਾਰ ਦੀ ਝਲਕ। ਹਾਸੇ ਵਿਚੋਂ ਮਨੁੱਖ ਦੀ ਅਸਲੀਅਤ ਜੱਗ-ਜਾਹਰ ਹੁੰਦੀ ਕਿ ਉਹ ਕਿਵੇਂ, ਕਦੋਂ, ਕਿਸ ਤਰ੍ਹਾਂ ਅਤੇ ਕਿਹੜੇ ਅੰਦਾਜ਼ ਨਾਲ ਹੱਸਦਾ?...ਸਭ ਤੋਂ ਸੁੰਦਰ ਹੈ, ਜਦ ਮਨੁੱਖ ਦਾ ਅੰਗ-ਅੰਗ ਹੱਸਦਾ, ਨੈਣਾਂ ਵਿਚੋਂ ਹਾਸਾ ਡਲਕਦਾ, ਬੋਲਾਂ ਵਿਚੋਂ ਹਾਸਾ ਉਗਮਦਾ, ਤੋਰ ਵਿਚ ਹਾਸੇ ਦਾ ਜਲਵਾ ਅਤੇ ਉਦਮ ਤੇ ਉਤਸ਼ਾਹ ਵਿਚ ਹਾਸੇ ਦਾ ਪ੍ਰਗਟਾਅ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਾਇਨਾਤ ਦੀ ਕਾਇਆ ਤੋਂ ਅਵੇਸਲੀ ਹੋਈ ਮਨੁੱਖਤਾ ਨੂੰ ਝੰਜੋੜਦਿਆਂ ਕਿਹਾ ਹੈ, "ਕਾਇਨਾਤ ਬਹੁਤ ਕੁਝ ਕਹਿੰਦੀ, ਪਰ ਅਸੀਂ ਸੁਣਦੇ ਹੀ ਨਹੀਂ। ਬਹੁਤ ਸਾਰੇ ਸੰਕੇਤ ਦਿੰਦੀ, ਪਰ ਅਸੀਂ ਸਮਝਦੇ ਨਹੀਂ। ਸਾਨੂੰ ਸਹਿਜ ਦਿੰਦੀ, ਪਰ ਅਸੀਂ ਭਟਕਣ ਵਿਚ ਹੀ ਉਲਝਦੇ ਹਾਂ। ਕਦੇ ਵੀ ਇਕੱਲ ਦਾ ਅਹਿਸਾਸ ਨਹੀਂ ਹੋਣ ਦਿੰਦੀ, ਪਰ ਅਸੀਂ ਕਾਇਨਾਤ ਦੇ ਆਗੋਸ਼ ਵਿਚ ਜਾਣ ਤੋਂ ਕੰਨੀ ਕਤਰਾਉਂਦੇ।...ਕੁਦਰਤ ਤਾਂ ਹਰਦਮ ਤੁਹਾਡੇ ਅੰਗ-ਸੰਗ ਵੱਸਦੀ ਹੈ, ਸਿਰਫ ਲੋੜ ਹੈ ਕਿ ਅਸੀਂ ਇਸ ਨੂੰ ਮਹਿਸੂਸ ਕਰੀਏ, ਇਸ ਦੇ ਸਪਰਸ਼ ਵਿਚੋਂ ਆਪਣੀ ਸਾਹ-ਸੁਰੰਗੀ ਨੂੰ ਸਮਰਪਿਤ ਹੋਈਏ, ਕਿਉਂਕਿ ਉਦੋਂ ਮਨੁੱਖ ਵਿਚੋਂ ਮਨੁੱਖ ਹੀ ਮਨਫੀ ਹੋ ਜਾਂਦਾ, ਜਦ ਉਹ ਅੰਦਰ ਵਸਦੀ-ਰਸਦੀ ਕਾਇਨਾਤ ਨੂੰ ਲਿਤਾੜਦਾ।" ਉਨ੍ਹਾਂ ਮਨੁੱਖ ਨੂੰ ਕਾਇਨਾਤ ਦੀ ਗੋਦ ਵਿਚ ਖੇਡਦਾ ਖਿਡੌਣਾ ਦੱਸਦਿਆਂ ਸਵਾਲ ਕੀਤਾ ਹੈ ਕਿ ਕਦੇ ਕਾਇਨਾਤ ਦੀਆਂ ਮਿਹਰਬਾਨੀਆਂ, ਮਾਨਤਾਵਾਂ, ਮੁਹੱਬਤ ਅਤੇ ਮਮਤਾਈ ਰੰਗਾਂ ਵਿਚ ਖੁਦ ਨੂੰ ਰੰਗਿਆ ਏ? ਡਾ. ਭੰਡਾਲ ਕਹਿੰਦੇ ਹਨ, "ਦੁਪਹਿਰ ਦੀ ਧੁੱਪ ਨੂੰ ਪੜ੍ਹਨ ਦਾ ਉਚੇਚ ਜਰੂਰ ਕਰਨਾ, ਕਿਉਂਕਿ ਦੁਪਹਿਰਾਂ ਸਦੀਵ ਨਹੀਂ ਰਹਿੰਦੀਆਂ। ਸਰਘੀ ਹੀ ਦੁਪਹਿਰ ਬਣਦੀ ਅਤੇ ਫਿਰ ਇਹ ਆਖਰ ਨੂੰ ਸ਼ਾਮ ਬਣ ਕੇ ਅਸਤ ਹੋ ਜਾਂਦੀ। ਮਨੁੱਖ ਨੂੰ ਆਪਣੀ ਸਥਿਰਤਾ 'ਤੇ ਕਾਹਦਾ ਮਾਣ?" -ਸੰਪਾਦਕ***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਕਾਇਨਾਤ ਹੱਸਦੀ ਤੇ ਹਸਾਉਂਦੀ, ਗਾਉਂਦੀ ਤੇ ਗਵਾਉਂਦੀ, ਖੇਡਦੀ ਅਤੇ ਖਿਡਾਉਂਦੀ, ਰੁੱਸਦੀ ਤੇ ਰਸਾਉਂਦੀ ਅਤੇ ਬੋਲਦੀ ਤੇ ਬੁਲਾਉਂਦੀ। ਕਾਇਨਾਤ ਗੱਲਾਂ ਕਰਦੀ, ਹੁੰਗਾਰਾ ਭਰਦੀ, ਹੁੰਗਾਰਾ ਲੋਚਦੀ, ਰਾਹ ਦਿਖਾਉਂਦੀ, ਰਾਹੇ ਪਾਉਂਦੀ, ਜ਼ਿੰਦਗੀ ਦਾ ਮਕਸਦ ਤੇ ਜੀਵਨ-ਜਾਚ ਦਾ ਪੈਗਾਮ ਹਰ ਮਸਤਕ ਵਿਚ ਟਿਕਾਉਂਦੀ।

ਕਾਇਨਾਤ ਮੌਲਦੀ, ਖਿੜਦੀ ਤੇ ਖਿੜਾਉਂਦੀ, ਫੁਲਦੀ, ਫਲਦੀ, ਫੈਲਦੀ ਅਤੇ ਫੱਕਰਤਾ ਵਿਚੋਂ ਹੀ ਆਪਣੀ ਅਕੀਦਤ ਨੂੰ ਨਵੇਂ ਦਿਸਹੱਦੇ ਪ੍ਰਦਾਨ ਕਰਦੀ। ਕਾਇਨਾਤ ਸਮੁੱਚਾ ਪਸਾਰ, ਵਿਸਥਾਰ, ਖਿਲਾਰ, ਅਪਰ-ਅਪਾਰ, ਮਨ-ਦੁਆਰ ਅਤੇ ਮਾਨਵਤਾ ਦਾ ਆਧਾਰ।

ਕਾਇਨਾਤ ਧੜਕਦੀ ਤੇ ਧੜਕਾਉਂਦੀ, ਹਸਾਸ ਦਾ ਰੰਗ। ਸੁਖਨ, ਸਹਿਜ ਅਤੇ ਸੁਹਜ ਦਾ ਨਾਮ। ਦੂਰ ਤੀਕ ਫੈਲੇ ਹੋਏ ਅੰਬਰ ਦੀ ਤਹਿ ਵਿਚ ਛੁਪੀਆਂ ਅਨੰਤ ਸੰਭਾਵਨਾਵਾਂ, ਸੁਪਨੇ ਅਤੇ ਸਦਾਕਤਾਂ। ਆਲੇ-ਦੁਆਲੇ ਫੈਲਿਆ ਕਣ-ਕਣ ਜੀਵਨ। ਕਾਇਨਾਤੀ ਅਨੰਤਤਾ, ਮਨੁੱਖ ਦੀ ਛੋਟੀ ਜਿਹੀ ਮੱਤ ਦੇ ਕਿਵੇਂ ਮੇਚ ਆਵੇ?

ਕਾਇਨਾਤ ਸੂਤਰ ਵਿਚ ਬੱਝੀ ਅਤੇ ਕਾਇਦੇ-ਕਾਨੂੰਨ ਦੀ ਪਾਲਣਹਾਰੀ। ਦਾਇਰਿਆਂ ਤੋਂ ਪਾਰ। ਇਕਸੁਰਤਾ, ਇਕਸਾਰਤਾ ਅਤੇ ਇਕਮਿੱਕਤਾ ਦੀ ਕੀਰਤੀ।

ਕਾਇਨਾਤ ਵਿਚ ਬਹੁਤ ਸਾਰੇ ਸਮੂਹ। ਹਰੇਕ ਦੀ ਆਪੋ-ਆਪਣੀ ਮਾਨਤਾ ਅਤੇ ਮਰਿਆਦਾ। ਹਰੇਕ ਸਮੂਹ ਵਿਚ ਅਨੇਕ ਜਾਤੀਆਂ-ਪ੍ਰਜਾਤੀਆਂ, ਜੀਵਾਣੂ-ਪਰਵਾਣੂ ਅਤੇ ਸੰਜੀਵ ਤੇ ਨਿਰਜੀਵ ਵਸਤਾਂ, ਵਰਤਾਰੇ। ਸਮੂਹਕਤਾ ਵਿਚੋਂ ਹੀ ਸਮੁੱਚੇ ਵਰਤਾਰੇ ਦਾ ਪ੍ਰਦਰਸ਼ਨ। ਸਮੂਹਾਂ ਦੇ ਸੰਗ੍ਰਿਹ ਵਿਚੋਂ ਹੀ ਕਾਇਨਾਤ ਦ੍ਰਿਸ਼ਟਮਾਨ। ਇਸ ਦੀਦਾਰ ਵਿਚੋਂ ਹੀ ਕਾਇਨਾਤ ਦੀ ਅਸੀਮਤਾ ਨੂੰ ਖਿਆਲ ਕੇ ਹੀ ਇਸ ਦੀ ਮਹਾਨਤਾ, ਵਡੱਤਣ ਅਤੇ ਵਡਿਆਈ ਨੂੰ ਮਾਣਿਆ ਤੇ ਸਮਝਿਆ ਜਾ ਸਕਦਾ।

ਕਾਇਨਾਤ ਵਿਚ ਮਨੁੱਖ ਸਿਰਫ ਅਨੰਤਵਾਂ ਹਿੱਸਾ, ਕਾਇਨਾਤ ਨੂੰ ਸਮਝਣ ਤੋਂ ਅਸਮਰੱਥ, ਪਰ ਉਸ ਨੂੰ ਹੰਕਾਰ ਹੈ ਕਿ ਉਹ ਕਾਇਨਾਤ ਬਾਰੇ ਸਭ ਜਾਣਦਾ। ਕਾਇਨਾਤੀ ਵਰਤਾਰਿਆਂ ਨੂੰ ਕਰਤਾਰੀ ਵਿਚਾਰ, ਸੋਝੀ ਤੇ ਸਮਰੱਥਾ ਨਾਲ ਹੀ ਸਮਝਿਆ ਜਾ ਸਕਦਾ; ਪਰ ਮਨੁੱਖ ਤੁੱਛ ਜਿਹੀ ਬੁੱਧੀ ਨਾਲ, ਅਕਾਰਥ ਹੀ ਪਾਰਖੂ ਤੇ ਗੁਣੀ ਗਿਆਨੀ ਹੋਣ ਦਾ ਭਰਮ ਪਾਲੇ ਤਾਂ ਇਹ ਮਨੁੱਖੀ ਮਨ ਦੀ ਫੋਕੀ ਉਤਮਤਾ ਤੋਂ ਵੱਧ ਕੁਝ ਨਹੀਂ।

ਕਾਇਨਾਤ ਨੂੰ ਸਮਝਿਆ ਨਹੀਂ ਜਾ ਸਕਦਾ। ਹਾਂ! ਇਸ ਦੇ ਕੁਝ ਇਕ ਵਰਤਾਰਿਆਂ ਨੂੰ ਸਤਹੀ ਪੱਧਰ 'ਤੇ ਹੀ ਸਮਝਿਆ ਜਾ ਸਕਦਾ। ਜਦ ਅਸਗਾਹ, ਅਨੰਤ ਅਤੇ ਅਣਗਿਣਤ ਸੂਰਜ, ਚੰਦ, ਤਾਰੇ, ਗ੍ਰਹਿ, ਉਪ ਗ੍ਰਹਿ ਹੋਣ ਤਾਂ ਦੋ ਗਜ਼ ਜਮੀਨ 'ਤੇ ਰਹਿਣ ਵਾਲਾ ਮਨੁੱਖ ਕਿੰਨਾ ਕੁ ਜਾਣ ਜਾਂ ਸਮਝ ਸਕਦਾ?

ਕਾਇਨਾਤ ਜਦ ਵਜਦ ਵਿਚ ਆਉਂਦੀ ਤਾਂ ਇਹ ਨੱਚਦੀ ਤੇ ਨਚਾਉਂਦੀ, ਜਿਉਂਦੀ ਤੇ ਜਿਉਣ ਦਾ ਗੁਰ ਹਰੇਕ ਦੇ ਮਨ ਵਿਚ ਗੁਣਗੁਣਾਉਂਦੀ। ਪਰ ਕੀ ਅਸੀਂ ਕੁਦਰਤ ਨੂੰ ਕਦੇ ਸੁਣਿਆ ਏ? ਇਸ ਨੂੰ ਨਿਹਾਰਿਆ ਏ? ਇਸ ਦੀ ਚੁੱਪ ਨੂੰ ਆਪਣੀ ਅੰਦਰਲੀ ਚੁੱਪ ਨਾਲ ਮੁਖਾਤਬ ਹੋਏ ਹੋ? ਕਦੇ ਦੀਦਿਆਂ ਵਿਚ ਇਸ ਦੀ ਰੌਸ਼ਨੀ, ਰੂਪ, ਰੰਗ, ਰੰਗੀਨੀਆਂ ਅਤੇ ਰੰਗਰੇਜ਼ਤਾ ਨੂੰ ਉਤਾਰਿਆ ਏ? ਆਪਣੇ ਕੰਨਾਂ ਵਿਚ ਇਸ ਦੇ ਬੋਲਾਂ, ਰਾਗਾਂ, ਨਾਦਾਂ, ਰਾਗਣੀਆਂ ਨੂੰ ਘੋਲਿਆ ਏ? ਕਦੇ ਇਸ ਦੇ ਨਾਲ ਨੱਚੇ ਹੋ? ਕਦੇ ਬੋਲਾਂ ਦਾ ਹੁੰਗਾਰਾ ਭਰਿਆ ਏ? ਕਦੇ ਕਾਇਨਾਤੀ ਰਹਿਮਤਾਂ ਦਾ ਸ਼ੁਕਰੀਆ ਕੀਤਾ ਏ? ਕਦੇ ਬਖਸ਼ਿਸ਼ਾਂ, ਬੰਦਿਆਈ ਤੇ ਬੰਦਗੀ ਨੂੰ ਨਮਸਕਾਰ ਕੀਤਾ ਏ? ਕਦੇ ਵਲਵਲਿਆਂ, ਵਹਿਣਾਂ, ਵੈਰਾਗ ਅਤੇ ਵਿਯੋਗਤਾ ਨੂੰ ਅੰਤਰੀਵ ਵਿਚ ਉਤਾਰਿਆ ਏ? ਕਦੇ ਇਸ ਦੀ ਵਿਸ਼ਾਲਤਾ ਨੂੰ ਵਿਲੱਖਣਤਾ ਦਾ ਨਾਮ ਦਿੱਤਾ ਏ? ਕਦੇ ਇਸ ਦੀਆਂ ਬਰਕਤਾਂ ਵਿਚੋਂ ਸਾਹਾਂ ਨੂੰ ਸਦੀਵਤਾ ਤੇ ਸਥਿਰਤਾ ਦੇਣ ਪ੍ਰਤੀ ਪ੍ਰੇਰਿਤ ਹੋਏ ਹੋ? ਕਦੇ ਕਾਇਨਾਤ ਦੀ ਕਿਰਿਆਵੀ, ਕਿਰਨਮਈ, ਕ੍ਰਿਸ਼ਮਮਈ, ਕ੍ਰਿਤਾਰਥੀ ਅਤੇ ਕੀਰਤੀ ਦੀ ਕੈਨਵਸ ਨੂੰ ਰੂਹ ਵਿਚ ਵਸਾਇਆ ਏ? ਕਦੇ ਕਾਇਨਾਤ ਦੀਆਂ ਮਿਹਰਬਾਨੀਆਂ, ਮਾਨਤਾਵਾਂ, ਮੁਹੱਬਤ ਅਤੇ ਮਮਤਾਈ ਰੰਗਾਂ ਵਿਚ ਖੁਦ ਨੂੰ ਰੰਗਿਆ ਏ? ਕਦੇ ਆਪਣੇ ਨਿਕੰਮੇਪਣ ਤੇ ਨਾ-ਅਹਿਲੀਅਤ ਦੀ ਨਿਸ਼ਾਨਦੇਹੀ ਕਰਦਿਆਂ ਕੁਦਰਤੀ ਪਾਰਦਸ਼ਤਾ ਤੇ ਪਾਕੀਜ਼ਤਾ ਦੇ ਪੈਗਾਮ ਨੂੰ ਮੂਲ-ਮੰਤਰ ਜਾਣਿਆ ਏ?

ਕਾਇਨਾਤੀ ਗੁਫਤਗੂ ਵਿਚ ਹਿੱਸਾ ਲਓ। ਇਸ ਵਿਚ ਮਨੁੱਖੀ ਸ਼ਮੂਲੀਅਤ ਬਹੁਤ ਜਰੂਰੀ, ਕਿਉਂਕਿ ਖੁਦ ਨੂੰ ਕਾਇਨਾਤ ਵਿਚੋਂ ਵੱਖ ਕਿਵੇਂ ਕਰੋਗੇ?

ਸੂਰਜ ਦੇ ਧੁੱਪੀਲੇ ਬੋਲਾਂ ਨਾਲ ਆਪਣੀ ਗੱਲਬਾਤ ਵਿਚ ਨਿੱਘ ਭਰੋ। ਧੁੱਪਾਂ ਨੂੰ ਸੇਕਦਿਆਂ, ਧੁੱਪਾਂ ਬਣਨ ਦੀ ਮੁਹਾਰਤ ਪੈਦਾ ਕਰੋ, ਧੁੱਪ ਜੇਡ ਉਮਰ ਤੁਹਾਡਾ ਮਾਣ ਹੋਵੇਗੀ।

ਤਾਰੇ ਇਕ ਦੂਜੇ ਨਾਲ ਕਿਰਨਈ ਗੱਲਾਂ ਵਿਚ ਰੁੱਝੇ ਰਹਿੰਦੇ। ਇਸ ਗੱਲਬਾਤ ਨੂੰ ਕਦੇ ਟਿੱਕੀ ਰਾਤ ਵਿਚ ਸੁਣਨਾ। ਇਨ੍ਹਾਂ ਗਿਆਨ-ਗੱਲਾਂ ਨੂੰ ਰੂਹ ਵਿਚ ਵਸਾ ਕੇ ਪਤਾ ਲੱਗੇਗਾ ਕਿ ਕਿਵੇਂ ਚਾਨਣ ਵਰਗਾ ਹੋ ਕੇ ਹੀ ਚਾਨਣ ਦਾ ਵਣਜ ਕੀਤਾ ਜਾ ਸਕਦਾ। ਇਹ ਵਣਜ ਸਦਾ ਨਫਾ। ਇਕ ਦੀਵੇ ਦਾ ਚਾਨਣ ਨਹੀਂ ਘੱਟਦਾ, ਜਦ ਇਹ ਦੂਸਰੇ ਦੀਵੇ ਨੂੰ ਜਗਾਉਂਦਾ ਹੈ।

ਪੁੰਨਿਆਂ ਦੀ ਰਾਤੇ, ਜੋਬਨ-ਮੱਤੇ ਚੰਨ ਦੀਆਂ ਚਾਨਣੀ ਨਾਲ ਗੱਲਾਂ ਵਿਚ, ਧਰਤੀ 'ਤੇ ਵੱਸਦੇ ਚੰਨ ਵਰਗੇ ਲੋਕਾਂ ਲਈ ਦੁਆਵਾਂ ਹੁੰਦੀਆਂ ਤਾਂ ਕਿ ਇਹ ਲੋਕ ਚਾਨਣ ਰੰਗੇ ਪਲ ਮਾਣਨ। ਇਕ ਦੂਜੇ ਦੀ ਆਗੋਸ਼ੀ ਅਮੀਰਤਾ ਅਤੇ ਆਤਮਿਕ ਰੰਗਣ ਵਿਚੋਂ ਜੀਵਨ ਦੀ ਸਦੀਵਤਾ ਕਿਆਸਣ। ਇਨ੍ਹਾਂ ਦੁਆਵਾਂ ਲਈ ਝੋਲੀ ਫੈਲਾਉਣਾ ਅਤੇ ਚੰਨ ਦੀਆਂ ਚਮਤਕਾਰੀ ਦੁਆਵਾਂ ਵਿਚੋਂ ਆਪਣੀ ਬਖਸ਼ਿੰਦਗੀ ਦੀ ਲੋਚਾ ਮਨ ਵਿਚ ਵਸਾਉਣ।

ਵੱਗਦੇ ਦਰਿਆਵਾਂ ਦੀ ਚਾਲ-ਢਾਲ ਵਿਚ ਜ਼ਿੰਦਗੀ ਨੂੰ ਯੁੱਗ ਜਿਉਣ ਦਾ ਵਰਦਾਨ। ਪਾਣੀ ਦੀਆਂ ਤਰੰਗਾਂ ਵਿਚ ਤਮੰਨਾਵਾਂ, ਤਾਂਘਾਂ ਅਤੇ ਤਰਜ਼ੀਹਾਂ ਦੀ ਤਸ਼ਬੀਹ ਹੁੰਦੀ। ਦਰਿਆ ਦਾ ਪਾਣੀ ਜਦ ਕੰਢਿਆਂ ਨੂੰ ਮਿਲਾਉਂਦੀ ਬੇੜੀ ਨਾਲ ਸੰਵਾਦ ਰਚਾਉਂਦਾ ਤਾਂ ਸ਼ੁਕਰ-ਗੁਜਾਰੀ ਪਾਣੀ ਵਿਚ ਘੁੱਲ ਜਾਂਦੀ। ਪਾਣੀ ਦੇ ਬੋਲਾਂ ਵਿਚਲੀ ਪਾਕੀਜ਼ਗੀ ਤੇ ਪਹੁਲਤਾ ਨੂੰ ਜਰੂਰ ਸੁਣਨਾ। ਇਸ ਨੂੰ ਜੀਵਨ ਜਾਚ ਦਾ ਅੰਗ ਬਣਾਉਣਾ, ਕਿਉਂਕਿ ਜਰੂਰੀ ਹੁੰਦਾ ਏ ਪਾਣੀ ਵਰਗੀ ਪਾਰਦਰਸ਼ਤਾ ਅਤੇ ਪਵਿੱਤਰਤਾ ਨੂੰ ਆਤਮਾ ਦਾ ਧੁਰ-ਦਰਗਾਹੀ ਆਦੇਸ਼ ਬਣਾਉਣਾ।

ਰੁਮਕਦੀ ਪੌਣ ਦੇ ਬੋਲਾਂ ਨੂੰ ਧਿਆਨ ਨਾਲ ਸੁਣਨਾ। ਇਨ੍ਹਾਂ ਬੋਲਾਂ ਵਿਚ ਵੱਸਦੀ ਅਰਦਾਸ, ਅਰਾਧਨਾ ਅਤੇ ਅੰਤਰ-ਯਾਮਤਾ ਨੂੰ ਅੰਤਰੀਵ ਵਿਚ ਰਚਾ ਕੇ, ਇਸ ਵਰਗਾ ਹੋਣ ਦੀ ਕਵਾਇਦ ਕਰਨੀ। ਪੌਣ ਵਰਗੀ ਤਰਲਤਾ, ਝੀਤਾਂ ਥੀਂ ਲੰਘ ਜਾਣ ਅਤੇ ਹਰ ਕੰਨ ਵਿਚ ਸੰਗੀਤਕਤਾ ਅਤੇ ਸੁਗਮਤਾ ਨੂੰ ਸਾਹ-ਸਰਸਰਹਾਟ ਬਣਾਉਣਾ। ਮਨੁੱਖ ਦਾ ਮਨੁੱਖਤਾ ਵੰਨੀਂ ਅਹੁਲਣਾ, ਧਰਮ ਬਣ ਜਾਵੇਗਾ। ਪੌਣ ਹੀ ਮਨੁੱਖੀ ਬੋਲਾਂ ਦਾ ਆਧਾਰ। ਪੌਣ ਵਿਚਲੇ ਬੋਲਾਂ ਵਿਚੋਂ ਹੀ ਮਨੁੱਖ ਨੂੰ ਬੋਲਣ ਅਤੇ ਕਾਇਨਾਤੀ ਕਿਰਿਆਵਾਂ ਨੂੰ ਕਰਨ ਦਾ ਹੁਨਰ ਹਾਸਲ ਹੁੰਦਾ। 'ਵਾਅ ਦੇ ਪਿੰਡੇ 'ਤੇ ਉਕਰੇ ਪਾਕ ਬੋਲਾਂ ਵੰਨੀਂ ਬਹੁਤ ਘੱਟ ਲੋਕ ਧਿਆਨ ਦਿੰਦੇ, ਪਰ ਜੋ ਧਿਆਨ ਦਿੰਦੇ, ਉਨ੍ਹਾਂ ਨੂੰ ਮਨੁੱਖ ਹੋਣ ਦਾ ਮਾਣ, ਮਾਨਤਾ ਅਤੇ ਮਹਾਨਤਾ ਮਿਲਦੀ।

ਸਰਘੀ ਦੀ ਸਰਗਮ ਵਿਚ ਘੁਲੀ ਹੁੰਦੀ ਏ ਰੰਗ-ਬਰੰਗਤਾ, ਤ੍ਰੇਲ ਧੋਤੇ ਦ੍ਰਿਸ਼ਾਂ ਦੀ ਰੂਪਮਾਨਤਾ, ਖਿੜ ਰਹੇ ਫੁੱਲਾਂ ਦੀ ਆਭਾ, ਮਹਿਕਦੀਆਂ ਕਲੀਆਂ, ਮੌਲਦੇ ਬਿਰਖ ਤੇ ਬਹਾਰ ਦੀਆਂ ਬਰਕਤਾਂ ਅਤੇ ਪੰਛੀਆਂ ਦੀ ਪਰਵਾਜ਼। ਇਨ੍ਹਾਂ ਸੰਦੀਲੇ ਵਰਤਾਰਿਆਂ ਨੂੰ ਦੇਖਣਾ, ਫਿਰ ਖੁਦ ਦੀ ਨਿਸ਼ਾਨਦੇਹੀ ਕਰਨੀ ਕਿ ਮਨੁੱਖ ਕਿਥੇ ਕੁ ਹੈ? ਕੀ ਮਨੁੱਖ ਨੇ ਕਦੇ ਸਰਘੀ ਬਣਨ ਬਾਰੇ ਮਨ ਵਿਚ ਧਾਰਿਆ ਏ? ਸ਼ਾਮ ਦੇ ਸੰਧੂਰੀਪਣ ਵਿਚ ਅਜਿਹੀ ਲਿਸ਼ਕ ਦ੍ਰਿਸ਼ਮਾਨ ਹੁੰਦੀ ਕਿ ਇਸ ਵਿਚ ਰੰਗੇ ਜਾਣ ਦੀ ਨਸੀਹਤ ਅਤੇ ਲੋਚਾ, ਮਨੁੱਖ ਨੂੰ ਧਰਮੀਅਤ ਦਾ ਪਾਠ ਪੜ੍ਹਾ ਜਾਂਦੀ। ਦੁਪਹਿਰ ਦੀ ਧੁੱਪ ਨੂੰ ਪੜ੍ਹਨ ਦਾ ਉਚੇਚ ਜਰੂਰ ਕਰਨਾ, ਕਿਉਂਕਿ ਦੁਪਹਿਰਾਂ ਸਦੀਵ ਨਹੀਂ ਰਹਿੰਦੀਆਂ। ਸਰਘੀ ਹੀ ਦੁਪਹਿਰ ਬਣਦੀ ਅਤੇ ਫਿਰ ਇਹ ਆਖਰ ਨੂੰ ਸ਼ਾਮ ਬਣ ਕੇ ਅਸਤ ਹੋ ਜਾਂਦੀ। ਮਨੁੱਖ ਨੂੰ ਆਪਣੀ ਸਥਿਰਤਾ 'ਤੇ ਕਾਹਦਾ ਮਾਣ? ਦਿਨ ਦੇ ਚੜਨ ਤੇ ਢਲਣ ਵਿਚੋਂ ਹੀ ਉਮਰ ਨੂੰ ਕਰਮ-ਆਸਣ ਬਣਾਉਣ ਦੀ ਪ੍ਰੇਰਨਾ ਮਿਲਦੀ। ਧੁੱਪ ਦੇ ਹਰੇਕ ਰੰਗ ਅਤੇ ਰੂਪ ਨੂੰ ਆਪਣੀ ਸੋਚ ਦਾ ਹਿੱਸਾ ਜਰੂਰ ਬਣਾਉਣਾ ਤਾਂ ਹੀ ਧੁੱਪ ਜਿਹੇ ਬਣਨ ਦਾ ਵਿਚਾਰ ਮਨ ਵਿਚ ਪੈਦਾ ਹੋਵੇ।



***ਕਾਇਨਾਤ ਵਿਚ ਮਨੁੱਖ ਸਿਰਫ ਅਨੰਤਵਾਂ ਹਿੱਸਾ, ਕਾਇਨਾਤ ਨੂੰ ਸਮਝਣ ਤੋਂ ਅਸਮਰੱਥ, ਪਰ ਉਸ ਨੂੰ ਹੰਕਾਰ ਹੈ ਕਿ ਉਹ ਕਾਇਨਾਤ ਬਾਰੇ ਸਭ ਜਾਣਦਾ। ਕਾਇਨਾਤੀ ਵਰਤਾਰਿਆਂ ਨੂੰ ਕਰਤਾਰੀ ਵਿਚਾਰ, ਸੋਝੀ ਤੇ ਸਮਰੱਥਾ ਨਾਲ ਹੀ ਸਮਝਿਆ ਜਾ ਸਕਦਾ; ਪਰ ਮਨੁੱਖ ਤੁੱਛ ਜਿਹੀ ਬੁੱਧੀ ਨਾਲ, ਅਕਾਰਥ ਹੀ ਪਾਰਖੂ ਤੇ ਗੁਣੀ ਗਿਆਨੀ ਹੋਣ ਦਾ ਭਰਮ ਪਾਲੇ ਤਾਂ ਇਹ ਮਨੁੱਖੀ ਮਨ ਦੀ ਫੋਕੀ ਉਤਮਤਾ ਤੋਂ ਵੱਧ ਕੁਝ ਨਹੀਂ।***

ਕਾਇਨਾਤ ਦੇ ਅਨੇਕ ਰੰਗ-ਢੰਗ, ਰੂਪ-ਸਰੂਪ, ਦ੍ਰਿਸ਼, ਦਿੱਖ, ਦਵੰਦ, ਆਸਵੰਦ, ਸਮੁੱਚਤਾ ਤੇ ਇਕੱਲਾਪਣ, ਇਕਹਿਰਾਪਣ ਅਤੇ ਬਹੁ-ਪਰਤੀ।

ਵਰਦੇ ਮੀਂਹ ਵਿਚ ਕਣੀਆਂ ਦੀ ਕਿਣ-ਮਿਣ ਨੂੰ ਕੰਨ-ਰਸ ਬਣਾਉਣਾ, ਤੁਹਾਨੂੰ ਪਤਾ ਲੱਗੇਗਾ ਕਿ ਇਹ ਕਣੀਆਂ ਮਿਲ ਕੇ ਨਦੀਆਂ-ਨਾਲਿਆਂ ਦਾ ਰੂਪ ਧਾਰਦੀਆਂ, ਦਰਿਆ ਵੀ ਬਣਦੀਆਂ ਅਤੇ ਆਖਰ ਨੂੰ ਸਮੁੰਦਰ ਵਿਚ ਸਮਾ ਕੇ ਅਗਲੇ ਸਫਰ ਦੀ ਤਿਆਰੀ ਵਿਚ ਰੁੱਝ ਜਾਂਦੀਆਂ। ਕਿਆਰਿਆਂ ਵਿਚ ਖੜਾ ਪਾਣੀ ਵੀ ਹੁੰਦੀਆਂ, ਮਾਰੂਥਲਾਂ ਦੀ ਪਿਆਸ ਵੀ ਬੁਝਾਉਂਦੀਆਂ। ਕੁਦਰਤ ਨੂੰ ਨਿਖਾਰਦੀਆਂ, ਸ਼ਿੰਗਾਰਦੀਆਂ ਅਤੇ ਆਰਤੀ ਉਤਾਰਦੀਆਂ। ਇਹ ਕਣੀਆਂ ਹੀ ਜੀਵਨ-ਕਣੀਆਂ ਬਣ ਕੇ, ਜ਼ਿੰਦਗੀ ਨੂੰ ਜਿਉਣ-ਜੋਗਾ ਕਰਦੀਆਂ। ਕਣੀਆਂ ਦੀ ਸੰਗੀਤਕਤਾ ਵਿਚ ਸਮਾਇਆ ਹੁੰਦਾ ਹੈ, ਸਾਹ-ਸੁਰੰਗੀ ਦਾ ਸਰੋਦੀਪਣ। ਕਦੇ ਮਨ ਦੀ ਤ੍ਰੇਹ ਨੂੰ ਕਣੀਆਂ ਨਾਲ ਮਿਟਾਉਣਾ, ਇਸ ਦੇ ਰਾਗੀ ਨਾਦ ਵਿਚ ਪੈਰ ਥਰਕਾਉਣਾ, ਤਹਿਜ਼ੀਬ ਦੀਆਂ ਨਵੀਆਂ ਤਸ਼ਬੀਹਾਂ ਮਨ ਵਿਚ ਉਤਪੰਨ ਹੋਣਗੀਆਂ।

ਕਦੇ ਰੁਮਕਦੀ ਪੌਣ ਰਾਹੀਂ ਪੱਤਿਆਂ ਵਿਚ ਪੈਦਾ ਹੋਈ ਰਾਗ-ਰਮਤਾ ਨੂੰ ਸ਼ਾਂਤ-ਚਿੱਤ ਹੋ ਕੇ ਸੁਣਨਾ, ਤੁਹਾਨੂੰ ਪੱਤਿਆਂ ਅਤੇ ਪੌਣ ਦੇ ਮਿਲਾਪ ਦੀ ਤੜਪ ਵਿਚੋਂ ਇਕ ਦੂਜੇ ਵਿਚ ਸਮਾ ਜਾਣ ਦੀ ਚਾਹਨਾ ਚਿੰਰਜੀਵ ਹੋਵੇਗੀ। ਪੌਣ ਨਾਲ ਪੀਢੇ ਸਬੰਧਾਂ ਦੀ ਯਾਦ ਜਰੂਰ ਆਵੇਗੀ, ਕਿਉਂਕਿ ਸਾਹ-ਸੰਗੀਤ ਦੀ ਨਿਰੰਤਰਤਾ ਲਈ ਪੌਣ ਦਾ ਰੁਮਕਣਾ ਬਹੁਤ ਜਰੂਰੀ। ਯੋਗੀ ਲੋਕ ਤਾਂ ਹੀ ਜੰਗਲ-ਬੇਲਿਆਂ, ਪਹਾੜਾਂ, ਨਦੀਆਂ ਜਾਂ ਦਰਿਆਵਾਂ ਦੇ ਕੰਢਿਆਂ 'ਤੇ ਅੰਦਰਲੀ ਧੁਨ ਨੂੰ ਸੁਣਨ ਅਤੇ ਕਾਇਨਾਤ ਨਾਲ ਇਕਸੁਰ ਹੋਣ ਲਈ ਯੋਗ ਕਮਾਉਂਦੇ ਨੇ। ਗੱਲ ਤਾਂ ਆਪਣੇ ਆਪ ਨੂੰ ਸੁਣਨ ਅਤੇ ਇਸ ਅਨੁਸਾਰ ਜੀਵਨ ਨੂੰ ਵਿਉਂਤਣ ਦੀ ਹੁੰਦੀ।

ਕਦੇ ਪਰਿੰਦਿਆਂ ਦੀ ਚਹਿਕਣੀ, ਚੀਂ ਚੀਂ, ਬੋਟ-ਬੋਲਾਂ ਜਾਂ ਗੁਫਤਗੂ ਵਿਚ ਖੁਦ ਨੂੰ ਸ਼ਾਮਲ ਕਰਨਾ। ਅੰਮ੍ਰਿਤ ਵਲੇ ਪੰਛੀਆਂ ਦੇ ਬੋਲਾਂ ਵਿਚੋਂ ਝਰਦੀ ਏ ਅਧਿਆਤਮਕਤਾ ਅਤੇ ਸ਼ਾਮ ਨੂੰ ਆਲ੍ਹਣਿਆਂ ਦੀ ਗੁਟਕਣੀ ਵਿਚ ਜੀਵਨ ਭਰਪੂਰਤਾ ਤੇ ਅਨੰਦਤਾ ਦਾ ਰਾਗ-ਰਤਨ ਸੁਣਨ ਨੂੰ ਮਿਲਦਾ। ਕਦੇ ਪੰਛੀ ਬੋਲਾਂ ਨੂੰ ਰੂਹ-ਰੇਜ਼ਾ ਬਣਾਉਣਾ ਤਾਂ ਕਿ ਪੰਛੀਆਂ ਵਾਂਗ ਚੋਗ ਚੁਗਣ, ਅੰਬਰ ਵਿਚ ਉਡਾਰੀਆਂ ਲਾਉਣ ਅਤੇ ਅਗਲੇ ਪਲ ਦੀ ਬੇਫਿਕਰੀ ਵਿਚੋਂ ਜੀਵਨ ਨੂੰ ਉਚਤਮ ਤਸ਼ਬੀਹਾਂ ਦੇਣ ਦੀ ਸਿਖਿਆ ਮਿਲੇ। ਕੀ ਮਨੁੱਖ ਪੰਛੀ ਵਾਂਗ ਹੱਦਾਂ-ਸਰਹੱਦਾਂ ਉਲੰਘ ਸਕਦਾ? ਕੀ ਅੰਬਰੀਂ ਉਡਾਰੀਆਂ ਲਾ ਸਕਦਾ? ਕੀ ਪੁੱਠੀਆਂ ਬਾਜੀਆਂ ਪਾ ਸਕਦਾ? ਕੀ ਆਲ੍ਹਣੇ ਦੇ ਤੀਲਿਆਂ ਦੀ ਦੌਲਤ ਵਿਚੋਂ ਅਸੀਮ ਖੁਸ਼ੀਆਂ ਅਤੇ ਖੇੜਿਆਂ ਦਾ ਹਾਸਲ ਬਣ ਸਕਦਾ? ਪੰਛੀਆਂ ਦੇ ਬੋਲ ਸੁਣਨ ਲਈ ਪਰਿੰਦਿਆਂ ਵਰਗੀ ਸੋਚ-ਉਡਾਣ ਦੀ ਵੀ ਲੋੜ। ਸਿਰਫ ਪੰਛੀ ਹੀ ਨਹੀਂ ਬੋਲਦੇ ਸਗੋਂ ਸਾਰੇ ਜੀਵ-ਜੰਤੂ ਹੀ ਆਪੋ-ਆਪਣੀਆਂ ਬੋਲੀਆਂ ਵਿਚ ਆਪਣਾ ਦੁੱਖ-ਸੁੱਖ, ਹਾਸੇ-ਹੰਝੂ, ਹਾਵੇ-ਹੌਕੇ ਜਾਂ ਗੁੱਸਾ-ਪਿਆਰ ਜਾਹਰ ਕਰਦੇ, ਪਰ ਮਨੁੱਖ ਨੇ ਕਦੇ ਇਨ੍ਹਾਂ ਵੱਲ ਧਿਆਨ ਦੇਣ ਬਾਰੇ ਤਾਂ ਸੋਚਿਆ ਹੀ ਨਹੀਂ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕਿੰਜ ਸਮਝੇਗਾ ਅਤੇ ਮਾਣਮੱਤਾ ਮੁਹਾਂਦਰਾ ਕਿਵੇਂ ਸਿਰਜੇਗਾ?

ਫੁੱਲ ਵੀ ਕੋਲ ਕੋਲ ਬਹਿ ਕੇ ਫੁੱਲਾਂ ਜਿਹੀਆਂ ਗੱਲਾਂ ਕਰਦੇ ਅਤੇ ਕੰਡਿਆਂ ਦੇ ਘੇਰੇ ਦਾ ਸ਼ੁਕਰੀਆ ਕਰਦੇ, ਭੌਰਿਆਂ ਤੇ ਤਿਤਲੀਆਂ ਦੀ ਆਓ ਭਗਤ ਕਰਦੇ ਅਤੇ ਰੰਗ-ਮਹਿਕ ਦੀ ਲਬਰੇਜ਼ਤਾ ਤੇ ਸਕੂਨ ਵੀ ਚੌਗਿਰਦੇ ਦੇ ਨਾਮ ਲਾਉਂਦੇ। ਫੁੱਲਾਂ ਜਿਹਾ ਹੋਣ ਲਈ ਮਨੁੱਖ ਨੂੰ ਨਸੀਹਤ ਵੀ ਦਿੰਦੇ, ਪਰ ਮਨੁੱਖ ਫੁੱਲ ਨਹੀਂ ਬਣਦਾ, ਸਗੋਂ ਕੰਡੇ ਬਣਨ ਵੱਲ ਵੱਧ ਰੁਚਿਤ ਰਹਿੰਦਾ।

ਰੁੱਖ, ਰੁੱਖਾਂ ਨਾਲ ਸੋਂਹਦੇ। ਖਹਿੰਦੀਆਂ ਟਾਹਣੀਆਂ, ਦਰਅਸਲ ਗੁਫਤਗੂ ਦਾ ਰੂਪ ਅਤੇ ਇਕ ਦੂਜੇ ਦੀ ਗਲਵੱਕੜੀ। ਦੋ ਪਿਆਰੇ ਜੋ ਇਕ ਦੂਜੇ ਦੀ ਜਾਨ ਅਤੇ ਮੋਹ-ਰੱਤੇ। ਇਕ ਦੂਜੇ 'ਚੋਂ ਹੀ ਆਪਣੀ ਹੋਂਦ ਤੇ ਹਾਸਲ ਖਿਆਲਦੇ, ਪਰ ਮਨੁੱਖ ਤਾਂ ਖੁਦਮੁਖਤਿਆਰੀ ਭਾਲਦਾ ਹੀ ਮਾਣ-ਮਰਿਆਦਾਵਾਂ ਤੇ ਮਾਨਤਾਵਾਂ ਦੀ ਉਲੰਘਣਾ ਵਿਚੋਂ ਹੀ ਫੋਕੇ ਦਾਅਵਿਆਂ ਨਾਲ ਧਰਮਤਾ ਨੂੰ ਵਿਉਂਤਦਾ।

ਮਨੁੱਖ ਦੇ ਆਲੇ-ਦੁਆਲੇ ਵਸਦੀ ਕਾਇਨਾਤ ਅਤੇ ਕਾਇਨਾਤੀ ਵਰਤਾਰਿਆਂ ਵਿਚੋਂ ਹੀ ਮਨੁੱਖ ਦਾ ਵਿਗਾਸ, ਵਿਸਥਾਰ, ਵਿਉਂਤਬੰਦੀ, ਵਿਡੰਬਣਾ, ਵਿਯੋਗਤਾ, ਵਿਆਕੁਲਤਾ, ਵਿਮੁੱਖਤਾ, ਵਿਕੋਲਿਤਰਾਪਣ ਅਤੇ ਵਿਲੱਖਣਤਾ; ਪਰ ਇਕ ਕਾਇਨਾਤ ਮਨੁੱਖ ਦੇ ਅੰਦਰ ਵੀ ਵੱਸਦੀ। ਇਹ ਕਾਇਨਾਤ ਸਭ ਤੋਂ ਸੁੰਦਰ, ਸੁਲੱਖਣੀ, ਸੁਹਿਰਦ, ਸੰਤੋਖੀ, ਸਮਰਪਣਮਈ, ਸੁਹਜਮਈ, ਸਿਦਕ, ਸਬਰ ਅਤੇ ਸੁਖਨਮਈ ਹੋ ਸਕਦੀ, ਜੇ ਮਨੁੱਖ ਇਸ ਕਾਇਨਾਤ ਦੇ ਬੋਲਾਂ ਨੂੰ ਸੁਣੇ। ਇਸ ਨੂੰ ਹਾਕ ਮਾਰੇ, ਇਸ ਹਾਕ ਦਾ ਹੁੰਗਾਰਾ ਭਰੇ। ਇਸ ਦੀਆਂ ਤਰਜ਼ੀਹਾਂ ਨੂੰ ਆਪਣੀ ਤਦਬੀਰ ਬਣਾਵੇ। ਇਸ ਦੀ ਸੁੱਚਮਤਾ ਅਤੇ ਸਾਦਗੀ ਵਿਚੋਂ ਮਨੁੱਖੀ ਪਾਕੀਜ਼ਗੀ ਨੂੰ ਨਵੀਆਂ ਬੁਲੰਦੀਆਂ ਬਖਸ਼ੇ। ਮਨੁੱਖ ਵਿਚੋਂ ਮਨੁੱਖ ਹੀ ਮਨਫੀ ਹੋ ਜਾਂਦਾ, ਜਦ ਉਹ

***(ਬਾਕੀ ਅਗਲੇ ਸਫੇ 'ਤੇ)***

ਚਲਦੇ-ਚਲਦੇ

# ਬਾਜੀ ਲੈ ਗਏ ਕੁੱਤੇ, ਤੈਥੋਂ ਉਤੇ

ਕਹਿੰਦੇ ਹਨ, ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਇਸ ਲਈ ਮਨੁੱਖ ਨੇ ਤਰ੍ਹਾਂ ਤਰ੍ਹਾਂ ਦੇ ਸ਼ੌਕ ਪਾਲੇ ਹੋਏ ਨੇ। ਮਹਿੰਗੇ ਤੋਂ ਮਹਿੰਗੇ, ਅਜੀਬ ਤੋਂ ਅਜੀਬ। ਬਹੁਤ ਸਾਰੇ ਲੋਕਾਂ ਨੂੰ ਆਪਣੇ ਵਿਲੱਖਣ ਸ਼ੌਕਾਂ ਕਰਕੇ ਵਿਸ਼ਵ ਪ੍ਰਸਿੱਧੀ ਵੀ ਮਿਲੀ ਹੈ ਅਤੇ ਕੁਝ ਦੇ ਸ਼ੌਕ ਨੇ ਰੋਜ਼ੀ ਰੋਟੀ ਦੇ ਨਾਲ ਨਾਲ ਚੰਗੇ ਪੈਸੇ ਵੀ ਕਮਾ ਕੇ ਦਿੱਤੇ ਹਨ। ਸ਼ੌਕ ਦੀ ਕੋਈ ਸਮਾਂ ਸੀਮਾ ਨਹੀਂ ਹੰਦੀ। ਆਦਿ ਮਨੁੱਖ ਤੋਂ ਲੈ ਕੇ ਅੱਜ ਦੇ ਮਨੁੱਖ ਤੱਕ ਸਮੇਂ ਦੇ ਨਾਲ ਨਾਲ ਬੰਦੇ ਦੇ ਸ਼ੌਕ ਵੀ ਬਦਲਦੇ ਰਹੇ ਹਨ।



ਸ਼ੌਕ ਸਕੂਨ ਵੀ ਬਣਦਾ ਹੈ ਅਤੇ ਹੌਸਲੇ ਦੀ ਧਰਵਾਸ ਵੀ। ਸ਼ੌਕ ਮਨੁੱਖ ਦਾ ਆਪਣਾ ਸਿਰਜਿਆ ਸੰਸਾਰ ਹੁੰਦਾ ਹੈ। ਇਹ ਸੰਸਾਰ ਲੋਕਾਂ

**ਸੰਤੋਖ ਮਿਨਹਾਸ**
ਫੋਨ: 559-283-6376

ਲਈ ਭਾਵੇਂ ਭਰਮ ਦਾ ਝਉਲਾ ਪਾਉਂਦਾ ਹੋਵੇ, ਸਿਰਜਕ ਲਈ ਰਾਹ ਦਸੇਰਾ ਬਣਦਾ ਹੈ। ਸ਼ੌਕ ਅਰਦਾਸਾਂ ਕਰਕੇ ਮੰਗੀ ਬਰਕਤ ਨਹੀਂ ਹੁੰਦੀ, ਸਗੋਂ ਮਨ ਦੀ ਮੌਜ ਨੂੰ ਪੁਗਾਉਣ ਦਾ ਦਿਨ-ਦਿਹਾੜੇ ਲਿਆ ਸੁਪਨਾ ਹੁੰਦਾ ਹੈ। ਸ਼ੌਕ ਲਗਨ ਨਾਲ ਸੁੱਚੀ ਮੁਹੱਬਤ। ਸ਼ੌਕ ਆਪਣੇ ਅੰਦਰ ਸੁੱਤੀਆਂ ਕਲਾਂ ਨੂੰ ਜਗਾਉਣ ਦਾ ਅਦੁੱਤੀ ਕਾਰਨਾਮਾ। ਸ਼ੌਕ ਖੌਲਦੇ ਸਾਗਰਾਂ 'ਚ ਕਿਸ਼ਤੀ ਠਿਲ੍ਹਣ ਦੀ ਝੱਲੀ ਲਿਲਕ। ਸ਼ੌਕ ਪ੍ਰਮਾਣ ਨਹੀਂ ਉਡੀਕਦੇ, ਆਪਣੀ ਧੁਨ ਪੁਗਾਉਂਦੇ ਹਨ। ਸ਼ੌਕ ਲਈ ਹੱਥ ਨਹੀਂ ਜੋੜਨੇ ਪੈਂਦੇ, ਸਗੋਂ ਹੱਥਾਂ ਦੀ ਕਰਾਮਾਤ ਨਵੀਆਂ ਦਿਸ਼ਾਵਾਂ ਦੀ ਪੈੜ ਸਿਰਜਦੀ ਹੈ। ਸ਼ੌਕ ਕੰਡਿਆਲੇ ਰਾਹਾਂ 'ਤੇ ਤੁਰਨ ਦੀ ਹਿੰਮਤ ਹੁੰਦੀ ਹੈ, ਸ਼ੌਕ ਲੋੜਾਂ 'ਚੋਂ ਨਹੀਂ, ਸਗੋਂ ਮਨ ਦੀ ਤ੍ਰਿਪਤੀ ਦੇ ਸੋਮੇ ਵਿਚੋਂ ਉਪਜਿਆ ਚਾਅ ਹੁੰਦਾ ਹੈ। ਸ਼ੌਕ ਤ੍ਰਿਹਾਈਆਂ ਰੂਹਾਂ ਲਈ ਸਵਾਂਤੀ ਬੂੰਦ ਹੁੰਦੇ ਹਨ। ਸ਼ੌਕ ਅਮੀਰਾਂ ਦੇ ਨਹੀਂ ਹੁੰਦੇ, ਉਨ੍ਹਾਂ ਦੇ ਚੋਜ ਹੁੰਦੇ ਹਨ। ਕੁਝ ਸ਼ੌਕ, ਸ਼ੌਕ ਨਹੀਂ ਹੁੰਦੇ, ਸਗੋਂ ਰੀਸ ਹੁੰਦੀ ਹੈ। ਅੱਜ ਕੱਲ ਸ਼ੌਕ ਦੀ ਗੱਲ ਦੂਰ ਹੋ ਗਈ, ਰੀਸ ਤੇ ਵਿਖਾਵੇ ਦਾ ਜ਼ੋਰ ਹੈ।

ਕੁੱਤਾ ਬੰਦੇ ਦਾ ਵਫਾਦਾਰ ਸਾਥੀ ਮੰਨਿਆ ਗਿਆ ਹੈ। ਕਬੀਲਾ ਯੁੱਗ ਤੋਂ ਲੈ ਕੇ ਅੱਜ ਤੱਕ ਵੀ ਬਹੁਤੇ ਲੋਕ ਕੁੱਤੇ ਨੂੰ ਆਪਣੀ ਅਤੇ ਘਰ ਦੀ ਰਾਖੀ ਲਈ ਪਾਲਦੇ ਰਹੇ ਹਨ। ਸਾਡੇ ਪੇਂਡੂ ਘਰਾਂ ਵਿਚ ਕੁੱਤੇ ਆਮ ਹੀ ਰੱਖੇ ਜਾਂਦੇ ਸਨ, ਪਰ ਉਨ੍ਹਾਂ ਦੀ ਹਦੂਦ ਪਸ਼ੂਆਂ ਦੇ ਵਾੜੇ ਜਾਂ ਘਰ ਦੇ ਵਿਹੜੇ ਤੱਕ ਸੀ, ਉਨ੍ਹਾਂ ਨੂੰ ਕਮਰਿਆਂ ਵਿਚ ਵੜਨ ਨਹੀਂ ਸੀ ਦਿੱਤਾ ਜਾਂਦਾ, ਪਰ ਹੁਣ ਸਮਾਂ ਬਦਲ ਗਿਆ ਹੈ। ਬਾਜ਼ਾਰ ਨੇ ਆਪਣਾ ਘੇਰਾ ਵਿਸ਼ਾਲ ਕਰ ਲਿਆ ਹੈ। ਜੋ ਚੀਜ਼ ਦੀ ਕੱਲ ਲੋੜ ਸੀ, ਅੱਜ ਉਹ ਫੈਸ਼ਨ ਬਣ ਗਈ ਹੈ। ਮੰਡੀ ਵਿਚ ਹਰ ਸ਼ੈਅ ਦਾ ਮੁੱਲ ਪੈਣ ਲੱਗਾ ਹੈ। ਮਨੁੱਖ ਦੇ ਰਹਿਣ-ਸਹਿਣ ਅਤੇ ਖਾਣ-ਪੀਣ 'ਤੇ ਮੰਡੀ ਨੇ ਬਹੁਤ ਅਸਰ ਪਾਇਆ ਹੈ। ਉਸ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਜੋ ਚੀਜ਼ ਪਹਿਲਾਂ ਕੌਡੀਆਂ ਦੇ ਭਾਅ ਮਿਲ ਜਾਂਦੀ ਸੀ, ਅੱਜ ਬਾਜ਼ਾਰ ਵਿਚ ਉਸ ਦੀ ਬੋਲੀ ਲੱਗਦੀ ਹੈ। ਕੁੱਤਾ ਵੀ ਹੁਣ ਬਾਜ਼ਾਰੂ ਵਸਤੂ ਬਣ ਗਿਆ ਹੈ। ਹੁਣ ਮਹਿੰਗੇ ਮੁੱਲ ਦਾ ਕੁੱਤਾ ਰੱਖਣਾ ਸਟੇਟਸ ਬਣ ਗਿਆ ਹੈ। ਹੁਣ ਲੋਕ ਘਰ ਦੀਆਂ ਹੋਰ ਦਿਖਾਵੇ ਦੀਆਂ ਮਹਿੰਗੀਆਂ ਵਸਤੂਆਂ ਦੇ ਨਾਲ ਨਾਲ ਆਪਣੇ ਕੁੱਤੇ ਦਾ ਜ਼ਿਕਰ ਕਰਨਾ ਨਹੀਂ ਭੁੱਲਦੇ। ਹੁਣ ਕਿਸੇ ਦੋਸਤ ਮਿੱਤਰ ਦੇ ਘਰ ਜਾਓ ਤਾਂ ਉਹ ਆਪਣੇ ਧੀਆਂ-ਪੁੱਤਰਾਂ ਦੀ ਗੱਲ ਘੱਟ, ਆਪਣੇ ਕੁੱਤੇ ਦੀਆਂ ਆਦਤਾਂ ਤੇ ਸਿਫਤਾਂ ਦੀਆਂ ਗੱਲਾਂ ਵੱਧ ਕਰਦੇ ਹਨ। ਸ਼ਾਇਦ ਧੀਆਂ-ਪੁੱਤਰਾਂ ਦੀ ਕਾਰਗੁਜ਼ਾਰੀ ਦੀ ਥਾਂ ਕੁੱਤੇ ਦੀ ਵਡਿਆਈ ਨੇ ਹਾਸਲ ਕਰ ਲਈ ਹੈ। ਮਹਿਮਾਨ ਦੀ ਹਾਜ਼ਰੀ ਸਮੇਂ ਬੁਜਰਗਾਂ ਨੂੰ ਕਮਰੇ 'ਚੋਂ ਬਾਹਰ ਆਉਣ ਦੀ ਮਨਾਹੀ ਹੁੰਦੀ ਹੈ, ਪਰ ਕੁੱਤੇ ਦੀ ਹਾਜ਼ਰੀ ਚਾਅ ਨਾਲ ਲਵਾਈ ਜਾਂਦੀ ਹੈ।

ਭਾਰਤ ਵਰਗੇ ਅਤੇ ਹੋਰ ਵਿਕਸਿਤ ਦੇਸ਼ਾਂ ਵਿਚ ਵੀ ਇਹ ਵਿਖਾਵੇ ਦੀ ਆਦਤ ਹੁਣ ਮੱਧ ਸ਼੍ਰੇਣੀ ਵਿਚ ਵੱਧ ਫੈਲ ਰਹੀ ਹੈ। ਇਸ ਕਰਕੇ ਕੁੱਤੇ ਦਾ ਅਤੇ ਕੁੱਤੇ ਨਾਲ ਸਬੰਧਤ ਵਸਤਾਂ ਦਾ ਬਹੁਤ ਵੱਡਾ ਬਾਜ਼ਾਰ ਪੈਦਾ ਹੋ ਗਿਆ ਹੈ। ਵੱਡੇ ਵੱਡੇ ਸਟੋਰਾਂ ਵਿਚ ਬੰਦਿਆਂ ਦੀਆਂ ਵਰਤੋਂ ਵਾਲੀਆਂ ਵਸਤੂਆਂ ਵਾਂਗ ਕੁੱਤਿਆਂ ਦੀਆਂ ਵਰਤੋਂ ਵਾਲੀਆਂ ਚੀਜ਼ਾਂ ਦੇ ਵੱਖਰੇ ਸੈਕਸ਼ਨ ਹਨ। ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਵਸਤਾਂ ਅਤੇ ਉਨ੍ਹਾਂ ਦੇ ਸੌਣ, ਬੈਠਣ ਤੇ ਅਰਾਮ ਵਾਸਤੇ ਵੱਖਰੇ ਸੋਫੇ ਅਤੇ ਬੈਡ ਤੇ ਹੋਰ ਸਬੰਧਤ ਚੀਜ਼ਾਂ ਲਈ ਥਾਂ ਰਾਖਵੀਂ ਹੁੰਦੀ ਹੈ।

ਹੁਣ ਇਸ਼ਤਿਹਾਰੀ ਯੁੱਗ ਹੈ। ਇਸ਼ਤਿਹਾਰ ਲੋਕਾਂ ਦੀ ਖਰੀਦ ਸ਼ਕਤੀ ਨੂੰ ਖਿੱਚਦਾ ਹੈ। ਪਹਿਲਾਂ ਹਰ ਵੱਡੀ ਕੰਪਨੀ ਆਪਣੀ ਚੀਜ਼ ਦੇ ਵਿਗਿਆਪਨ ਲਈ ਕਿਸੇ ਸੋਹਣੀ ਮਾਡਲ ਕੁੜੀ ਨੂੰ ਵਿਖਾਉਂਦੀ ਸੀ, ਹੁਣ ਬਹੁਤੇ ਥਾਂਈਂ ਕੁੱਤੇ ਨੇ ਲੈ ਲਈ ਹੈ। ਇੱਕ ਕਾਰ ਦੀ ਮਸ਼ਹੂਰੀ ਵਿਚ ਇੱਕ ਫੈਮਲੀ ਕਾਰ ਵੇਖ ਰਹੀ ਹੈ, ਕੁੱਤਾ ਭੱਜ ਕੇ ਕਾਰ ਵਿਚ ਚੜ੍ਹ ਜਾਂਦਾ ਹੈ ਅਤੇ ਡਰਾਈਵਰ ਦੇ ਨਾਲ ਦੀ ਸੀਟ 'ਤੇ ਬੈਠ ਕੇ ਬਾਹਰ ਮੂੰਹ ਕੱਢਦਾ ਹੈ, ਪਰਿਵਾਰ ਖੁਸ਼ ਹੁੰਦਾ ਹੈ ਕਿ ਇਸ ਕਾਰ ਵਿਚ ਬੈਠ ਕੇ ਕੁੱਤਾ ਸੌਖ ਅਤੇ ਖੁਸ਼ੀ ਮਹਿਸੂਸ ਕਰਦਾ ਹੈ ਅਤੇ ਕਾਰ ਕੁੱਤੇ ਨੂੰ ਪਸੰਦ ਹੈ। ਹੁਣ ਕੁੱਤਾ ਹੀਰੋ ਤੇ ਮਾਡਲ ਸਹਾਇਕ ਬਣ ਗਿਆ ਹੈ। ਹੁਣ ਜੇ ਤੁਸੀਂ ਪਿਕਨਿਕ 'ਤੇ ਜਾਣ ਲਈ ਸਾਮਾਨ ਖਰੀਦਣਾ ਹੈ ਤਾਂ ਵੀ ਕੁੱਤੇ ਦੀ ਐਡ ਮੂਹਰੇ ਹੁੰਦੀ ਹੈ, ਵਿਗਿਆਪਨ ਦੱਸਦਾ ਹੈ ਕਿ ਪਿਕਨਿਕ 'ਤੇ ਮਾਣਨ ਵਾਲੀ ਮੌਜ ਮਸਤੀ ਕੁੱਤੇ ਬਿਨਾ ਅਧੂਰੀ ਹੈ। ਹੁਣ ਜੇ ਤੁਸੀਂ ਘਰ ਖਰੀਦਣਾ ਹੈ ਤਾਂ ਕੁੱਤੇ ਦੀ ਪਸੰਦ ਪਹਿਲੀ ਹੈ। ਹੁਣ ਕੁੱਤੇ ਦੀ ਪਸੰਦ, ਬੰਦੇ ਦੀ ਪਸੰਦ ਹੈ। ਬੰਦੇ ਦੀ ਪਸੰਦ ਕਿਸੇ ਹੋਰ ਦੇ ਹੱਥ ਚਲੀ ਗਈ ਹੈ।

ਅਮਰੀਕਾ 'ਚ ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਕੁੱਤੇ ਰੱਖਣਾ ਮਜਬੂਰੀ ਹੈ। ਇਥੇ ਬਹੁਤੇ ਲੋਕ ਆਪਣੇ ਬੱਚਿਆਂ ਤੋਂ ਅਲੱਗ ਇਕੱਲੇ ਰਹਿੰਦੇ ਹਨ। ਇਕੱਲ ਨੂੰ ਭਰਨ ਲਈ ਉਨ੍ਹਾਂ ਨੂੰ ਇੱਕ ਸਾਥੀ ਦੀ ਲੋੜ ਹੁੰਦੀ ਹੈ। ਸਿਆਣਾ ਤੇ ਵਫਾਦਾਰ ਹੋਣ ਕਾਰਨ ਪਹਿਲੀ ਤਰਜ਼ੀਹ ਕੁੱਤਾ ਰੱਖਣ ਦੀ ਹੁੰਦੀ ਹੈ। ਇਸ ਲਈ ਕੁੱਤੇ ਨੂੰ ਉਹ ਘਰ ਦੇ ਜੀਅ ਵਾਂਗ ਰੱਖਦੇ ਹਨ। ਉਸ ਦੀ ਸਾਫ-ਸਫਾਈ ਦਾ ਪੂਰਾ ਖਿਆਲ ਰੱਖਦੇ ਹਨ। ਮੈਂ ਸ਼ਾਮ-ਸਵੇਰੇ ਰੋਜ ਗੋਰੇ-ਗੋਰੀਆਂ ਨੂੰ ਕੁੱਤਿਆਂ ਨਾਲ ਸੈਰ ਕਰਦੇ ਦੇਖਦਾ ਹਾਂ, ਉਹ ਆਪਣੇ ਹੱਥ ਵਿਚ ਪਲਾਸਟਿਕ ਦਾ ਲਿਫਾਫਾ ਰੱਖਦੇ ਹਨ, ਜੇ ਕੁੱਤਾ ਜਰੂਰੀ ਕ੍ਰਿਆ ਬਾਹਰ ਕਰਦਾ ਹੈ ਤਾਂ ਉਹ ਚੁੱਕ ਕੇ ਲਿਫਾਫੇ ਵਿਚ ਪਾ ਲੈਂਦੇ ਹਨ; ਪਰ ਪੰਜਾਬੀ ਇਹ ਫਰਜ਼ ਨਹੀਂ ਨਿਭਾਉਂਦੇ, ਪਾਰਕਾਂ ਜਾਂ ਵਾਕਿੰਗ ਟਰੈਕ 'ਤੇ ਗੰਦ ਪਾ ਕੇ ਤੁਰਦੇ ਬਣਦੇ ਹਨ। ਹੁਣ ਕਿਉਂਕਿ ਇੱਥੇ ਵੀ ਪੰਜਾਬੀਆਂ ਵਿਚ ਕੁੱਤੇ ਰੱਖਣ ਦਾ ਸ਼ੌਕ ਜਾਂ ਕਹਿ ਲਵੋ ਰੀਸ ਬਹੁਤ ਫੈਲ ਗਈ ਹੈ, ਖਾਸ ਕਰਕੇ ਜੋ ਥੋੜ੍ਹੇ ਜਿਹੇ ਆਰਥਕ ਪੱਖੋਂ ਸੌਖੇ ਹਨ, ਉਨ੍ਹਾਂ ਘਰਾਂ ਵਿਚ ਵੀ ਕੁੱਤਾ ਹੋਰ ਵਿਖਾਵੇ ਵਾਲੀਆਂ ਵਸਤਾਂ ਵਿਚ ਸ਼ਾਮਲ ਹੋ ਗਿਆ ਹੈ। ਕੁੱਤਾ ਰੱਖਣਾ ਮਹਿੰਗਾ ਕੰਮ ਹੈ, ਜਿਨ੍ਹਾਂ ਕੋਲ ਫਾਲਤੂ ਸਮਾਂ ਤੇ ਪੈਸਾ ਹੈ, ਉਨ੍ਹਾਂ ਲਈ ਕੁੱਤਾ ਰੱਖਣਾ ਸ਼ੌਕ ਹੋ ਗਿਆ ਹੈ, ਪਰ ਜਦੋਂ ਕਦੇ ਇਨ੍ਹਾਂ ਦੀ ਕਾਰ ਵਿਚ ਬੈਠਣ ਜਾਂ ਘਰ ਜਾਣ ਦਾ ਮੌਕਾ ਮਿਲਦਾ ਹੈ ਤਾਂ ਘਰ ਪਰਤਦੇ ਸਮੇਂ ਆਪਣੇ ਕੱਪੜਿਆਂ ਨੂੰ ਜਦੋਂ ਵੇਖੀਦਾ ਹੈ ਤਾਂ ਕੁੱਤੇ ਦੇ ਵਾਲਾਂ ਦਾ ਗਿਫਟ ਤੁਹਾਨੂੰ ਮੁਫਤ ਵਿਚ ਮਿਲਿਆ ਹੁੰਦਾ ਹੈ। ਕਈ ਵਾਰ ਤੁਹਾਡੀਆਂ ਜ਼ੁਰਾਬਾ ਨਾਲ ਇੰਨੇ ਵਾਲ ਹੁੰਦੇ ਹਨ ਕਿ ਤੁਹਾਨੂੰ ਆਪਣੀਆਂ ਜ਼ੁਰਾਬਾਂ ਟ੍ਰੈਸ਼ ਵਿਚ ਸੁੱਟਣੀਆਂ ਪੈਂਦੀਆਂ ਹਨ। ਇਹ ਘਟਨਾ ਮੇਰੇ ਨਾਲ ਕਈ ਵਾਰ ਵਾਪਰੀ ਹੈ।

ਬਹੁਤੇ ਪੰਜਾਬੀ ਘਰਾਂ ਵਿਚ ਕੁੱਤੇ ਦਾ ਕਰੇਜ਼ ਇੰਨਾ ਭਾਰੂ ਹੈ ਕਿ ਬਜੁਰਗਾਂ ਦੀ ਬੇਕਦਰੀ ਤੇ ਕੁੱਤੇ ਦੀ ਕਦਰ ਵਧ ਗਈ ਹੈ। ਕੈਨੇਡਾ ਵੱਸਦੇ ਮੇਰੇ ਇੱਕ ਲੇਖਕ ਦੋਸਤ ਨੇ ਆਪਣੇ ਬੱਚਿਆਂ ਦੇ ਕੁੱਤਾ ਰੱਖਣ ਦੀ ਬੜੀ ਦਿਲਚਸਪ ਘਟਨਾ ਸੁਣਾਈ। ਕਹਿੰਦਾ, ਮੇਰੇ ਬੇਟੇ ਨੇ ਆਨ ਲਾਈਨ ਕੁੱਤਾ ਕਿਸੇ ਦੂਜੇ ਦੇਸ਼ ਤੋਂ ਖਰੀਦਿਆ ਸੀ, ਜਿਸ ਦਿਨ ਕੁੱਤੇ ਨੇ ਜਹਾਜ ਰਾਹੀਂ ਏਅਰਪੋਰਟ 'ਤੇ ਆਉਣਾ ਸੀ, ਉਸ ਤੋਂ ਕਈ ਦਿਨ ਪਹਿਲਾਂ ਹੀ ਉਸ ਦੀਆਂ ਸੁੱਖ ਸਹੂਲਤਾਂ ਲਈ ਘਰ ਵਿਚ ਤਿਆਰੀਆਂ ਕੀਤੀਆਂ ਗਈਆਂ। ਕੰਮ ਕਾਰ ਛੱਡ ਕੇ ਸਾਰਾ ਟੱਬਰ ਸਣੇ ਬੱਚੇ, ਕੁੱਤੇ ਨੂੰ ਲੈਣ ਏਅਰਪੋਰਟ 'ਤੇ ਗਏ। ਖੁਸ਼ੀ ਇੰਨੀ ਜਿਵੇਂ ਕੋਈ ਘਰ ਦਾ ਗਵਾਚਿਆ ਜੀਅ ਲੱਭਿਆ ਹੋਵੇ, ਪਰ ਜਦੋਂ ਮੈਂ ਇੰਡੀਆ ਤੋਂ ਆਉਣਾ ਹੁੰਦਾ, ਕਹਿ ਦਿੰਦੇ ਐ, "ਪਾਪਾ ਅਸੀਂ ਬਹੁਤ ਬਿਜ਼ੀ ਆਂ, ਟੈਕਸੀ ਲੈ ਕੇ ਆ ਜਾ।" ਵਾਪਸੀ ਵੇਲੇ ਵੀ ਟੈਕਸੀ ਕਰਕੇ ਚੜ੍ਹਾ ਦਿੰਦੇ ਐ। ਹੁਣ ਮੈਂ ਜਦੋਂ ਕੁੱਤੇ ਵੱਲ ਵੇਖਦਾਂ ਤਾਂ ਖਿਝ ਚੜ੍ਹਦੀ ਐ, ਵਿੱਚ ਵਿਚ ਹੀ ਕਹਿ ਲੈਨਾ, "ਕੰਜਰਾ ਤੂੰ ਮੇਰੀ ਥਾਂ ਲੈ ਲਈ ਹੈ, ਡਰਦਾ ਉੱਚੀ ਵੀ ਨਹੀਂ ਬੋਲਦਾ, ਕਿਤੇ ਬੱਚੇ ਨਾਰਾਜ਼ ਨਾ ਹੋ ਜਾਣ।"

ਇਸੇ ਤਰ੍ਹਾਂ ਮੇਰੇ ਇੱਕ ਦੋਸਤ ਦੀ ਬੇਟੀ ਦੇ ਤਲਾਕ ਦਾ ਕਾਰਨ ਵੀ ਕੁੱਤਾ ਬਣਿਆ। ਕੁੜੀ ਵਿਆਹ ਪਿਛੋਂ ਆਪਣਾ ਕੁੱਤਾ ਸਹੁਰੇ ਘਰ ਲੈ ਗਈ। ਸਹੁਰੇ ਘਰ ਵਾਲੇ ਕੁੱਤਾ ਰੱਖਣਾ ਪਸੰਦ ਨਹੀਂ ਸਨ ਕਰਦੇ। ਕੁੜੀ ਨੂੰ ਬਥੇਰਾ ਸਮਝਾਇਆ, ਭਾਈ ਤੂੰ ਕੁੱਤਾ ਆਪਣੇ ਪੇਕੇ ਛੱਡ ਆ। ਕੁੜੀ ਆਪਣੀ ਜ਼ਿਦ 'ਤੇ ਅੜੀ ਰਹੀ। ਆਖਰ ਕੁੱਤਾ ਛੱਡਣ ਦੀ ਥਾਂ ਪਤੀ ਛੱਡ ਦਿੱਤਾ। ਕੁੱਤਾ ਇੱਥੇ ਵੀ ਬੰਦੇ 'ਤੇ ਬਾਜ਼ੀ ਮਾਰ ਗਿਆ।

ਇੱਕ ਘਟਨਾ ਹੋਰ ਤੁਹਾਡੇ ਨਾਲ ਸਾਂਝੀ ਕਰ ਲਵਾਂ, ਇੱਕ ਵਾਰ ਮੈਂ ਤੇ ਮੇਰੀ ਪਤਨੀ ਨੇੜਲੇ ਰਿਸ਼ਤੇਦਾਰ ਦੇ ਘਰ ਵਿਆਹ 'ਤੇ ਗਏ। ਜਦੋਂ ਮੁੰਡਾ ਵਿਆਹ ਕੇ ਘਰ ਆਏ ਤਾਂ ਪਤਾ ਲੱਗਾ ਮਗਰੋਂ ਕੁੱਤਾ ਬੀਮਾਰ ਹੋ ਗਿਆ ਸੀ। ਵਿਆਹੁੰਦੜ ਮੁੰਡੇ ਦਾ ਪਿਉ ਤੇ ਮਾਂ ਤਾਂ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਕੁੱਤੇ ਨੂੰ ਲੈ ਕੇ ਹਸਪਤਾਲ ਗਏ ਹੋਏ ਸਨ, ਨਵੀਂ ਬਹੂ ਦੇ ਸਿਰ ਤੋਂ ਪਾਣੀ ਵਾਰਨ ਵਾਲਾ ਘਰੇ ਕੋਈ ਨਹੀਂ ਸੀ, ਆਖਰ ਮੇਰੀ ਘਰ ਵਾਲੀ ਨੇ ਪਾਣੀ ਵਾਰਿਆ। ਹੈਰਾਨੀ ਦੀ ਗੱਲ ਇਹ ਕਿ ਵਿਆਹੁੰਦੜ ਮੁੰਡਾ ਵੀ ਕਾਰ ਲੈ ਕੇ ਮਗਰ ਕੁੱਤੇ ਦਾ ਪਤਾ ਲੈਣ ਚਲਾ ਗਿਆ। ਘਰੇ ਵਿਆਹ ਵਾਲਾ ਮਾਹੌਲ ਘੱਟ, ਅਫਸੋਸ ਵਾਲਾ ਮਾਹੌਲ ਵੱਧ ਲੱਗਦਾ ਸੀ। ਇੱਥੇ ਵੀ ਕੁੱਤਾ ਨਵੀਂ ਬਹੂ ਨਾਲੋਂ ਬਾਜ਼ੀ ਲੈ ਗਿਆ ਸੀ।

ਉਪਰੋਕਤ ਘਟਨਾਵਾਂ ਦਾ ਜ਼ਿਕਰ ਕਰਨ ਤੋਂ ਮੇਰਾ ਇਹ ਭਾਵ ਨਹੀਂ ਹੈ ਕਿ ਮੈਂ ਕੁੱਤੇ ਦੇ ਵਿਰੁੱਧ ਹਾਂ। ਦੁੱਖ ਇਸ ਗੱਲ ਦਾ ਹੈ ਕਿ ਬੰਦਾ ਹਾਸ਼ੀਏ 'ਤੇ ਚਲਾ ਗਿਆ ਹੈ। ਮਨੁੱਖੀ ਰਿਸ਼ਤਿਆਂ ਦਾ ਮੋਹ ਗਵਾਚਦਾ ਜਾ ਰਿਹਾ ਹੈ। ਬੰਦਾ, ਬੰਦੇ 'ਚੋਂ ਪਿਆਰ ਲੱਭਣ ਦੀ ਥਾਂ ਜਾਨਵਰਾਂ 'ਤੇ ਨਿਰਭਰ ਹੁੰਦਾ ਜਾ ਰਿਹਾ ਹੈ। ਮੇਰੇ ਸਟੋਰ 'ਤੇ ਇੱਕ ਗੋਰਾ ਗਾਹਕ ਰੋਜ਼ ਆਉਂਦਾ ਹੈ, ਉਹ ਆਪਣੇ ਲਈ ਬੀਅਰ ਤੇ ਹੋਰ ਖਾਣ-ਪੀਣ ਦਾ ਸਾਮਾਨ ਅਤੇ ਆਪਣੇ ਕੁੱਤੇ ਤੇ ਬਿੱਲੀ ਲਈ ਵੀ ਕੁਝ ਨਾ ਕੁਝ ਜ਼ਰੂਰ ਖਰੀਦਦਾ ਹੈ। ਮੈਂ ਇੱਕ ਦਿਨ ਆਖਿਆ, "ਜੌਹਨ, ਤੂੰ ਆਪਣੇ ਪਰਿਵਾਰ ਲਈ ਕਦੇ ਕੁਝ ਨਹੀਂ ਖਰੀਦਿਆ।" ਕਹਿੰਦਾ, "ਮੇਰਾ ਪਰਿਵਾਰ ਮੇਰਾ ਕੁੱਤਾ ਜੈਕ ਅਤੇ ਨੈਸੀ ਬਿੱਲੀ ਹੈ। ਦੋਵੇਂ ਮੈਨੂੰ ਬਹੁਤ ਪਿਆਰ ਕਰਦੇ ਹਨ। ਮੇਰੇ ਬਹੁਤ ਆਖੇ ਲੱਗਦੇ ਹਨ। ਬੰਦਾ ਖੁਦਗਰਜ਼ ਹੁੰਦਾ ਹੈ। ਜਦੋਂ ਮੇਰੀ ਨੌਕਰੀ ਚਲੀ ਗਈ ਸੀ ਤਾਂ ਮੇਰੀ ਬੀਵੀ ਤੇ ਬੱਚੇ ਮੈਨੂੰ ਛੱਡ ਗਏ। ਹੁਣ ਮੈਂ ਸੌਖਾਂ, ਨਾ ਬੀਵੀ ਦੇ ਤਾਅਨੇ-ਮਿਹਣੇ, ਨਾ ਬੱਚਿਆਂ ਦੇ ਪਾਲਣ ਦਾ ਫਿਕਰ। ਹੁਣ ਜੈਕ ਤੇ ਨੈਸੀ ਹੀ ਮੇਰਾ ਪਰਿਵਾਰ ਹੈ।" ਜੌਹਨ ਵਰਗੇ ਪਤਾ ਨਹੀਂ ਕਿੰਨੇ ਹੋਰ ਲੋਕ ਬੰਦੇ ਦੇ ਪਿਆਰ ਤੋਂ ਊਣੇ ਜਾਨਵਰਾਂ ਦੇ ਪਿਆਰ 'ਚੋਂ ਢਾਰਸ ਭਾਲ ਰਹੇ ਹਨ। ਅੱਜ ਦੇ ਮਨੁੱਖ ਦੀ ਕਿੰਨੀ ਤ੍ਰਾਸਦੀ ਹੈ ਕਿ ਗਲੋਬਲੀ ਸਾਂਝ ਤੇ ਪਿਆਰ ਦੀਆਂ ਗੱਲਾਂ ਕਰਨ ਵਾਲਾ ਬੰਦਾ ਆਪਣਿਆਂ ਤੋਂ ਕਿੰਨਾ ਦੂਰ ਹੈ।

ਵਾਹ ਬਾਬਾ ਬੁੱਲੇ ਸ਼ਾਹ! ਪਹਿਲਾਂ ਮੈਂ ਤੇਰੇ ਕਲਾਮ ਨੂੰ ਸਮਝ ਨਹੀਂ ਸਾਂ ਸਕਿਆ। ਅੱਜ ਸਮਝ ਦੀ ਸਾਣ 'ਤੇ ਚੜ੍ਹਿਆ, "ਬਾਜ਼ੀ ਲੈ ਗਏ...।"



***"ਇੱਕ ਵਾਰ** ਮੈਂ ਤੇ ਮੇਰੀ ਪਤਨੀ ਨੇੜਲੇ ਰਿਸ਼ਤੇਦਾਰ ਦੇ ਘਰ ਵਿਆਹ 'ਤੇ ਗਏ। ਜਦੋਂ ਮੁੰਡਾ ਵਿਆਹ ਕੇ ਘਰ ਆਏ ਤਾਂ ਪਤਾ ਲੱਗਾ ਮਗਰੋਂ ਕੁੱਤਾ ਬੀਮਾਰ ਹੋ ਗਿਆ ਸੀ। ਵਿਆਹੁੰਦੜ ਮੁੰਡੇ ਦਾ ਪਿਉ ਤੇ ਮਾਂ ਤਾਂ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਕੁੱਤੇ ਨੂੰ ਲੈ ਕੇ ਹਸਪਤਾਲ ਗਏ ਹੋਏ ਸਨ, ਨਵੀਂ ਬਹੂ ਦੇ ਸਿਰ ਤੋਂ ਪਾਣੀ ਵਾਰਨ ਵਾਲਾ ਘਰੇ ਕੋਈ ਨਹੀਂ ਸੀ, ਆਖਰ ਮੇਰੀ ਘਰ ਵਾਲੀ ਨੇ ਪਾਣੀ ਵਾਰਿਆ। ਹੈਰਾਨੀ ਦੀ ਗੱਲ ਇਹ ਕਿ ਵਿਆਹੁੰਦੜ ਮੁੰਡਾ ਵੀ ਕਾਰ ਲੈ ਕੇ ਮਗਰ ਕੁੱਤੇ ਦਾ ਪਤਾ ਲੈਣ ਚਲਾ ਗਿਆ। ਘਰੇ ਵਿਆਹ ਵਾਲਾ ਮਾਹੌਲ ਘੱਟ, ਅਫਸੋਸ ਵਾਲਾ ਮਾਹੌਲ ਵੱਧ ਲੱਗਦਾ ਸੀ। ਇੱਥੇ ਵੀ ਕੁੱਤਾ ਨਵੀਂ ਬਹੂ ਨਾਲੋਂ ਬਾਜ਼ੀ ਲੈ ਗਿਆ ਸੀ।"*

# ਕਾਇਨਾਤ ਕਈ ਕੁਝ ਕਹਿੰਦੀ ਏ

*(ਪਿਛਲੇ ਸਫੇ ਦੀ ਬਾਕੀ)*

ਅੰਦਰ ਵਸਦੀ-ਰਸਦੀ ਕਾਇਨਾਤ ਨੂੰ ਲਿਤਾੜਦਾ। ਇਸ ਦੀ ਵਿਨਾਸ਼ਤਾ ਵਿਚੋਂ ਖੁਦ ਦੇ ਵਿਨਾਸ਼ ਦੀ ਨਿਸ਼ਾਨਦੇਹੀ ਕਰਦਾ। ਮਨੁੱਖ ਮਰਸੀਆ ਬਣ ਜਾਂਦਾ, ਜਦ ਅੰਤਰੀਵੀ ਕਾਇਨਾਤੀ ਪਾਸਾਰਾ, ਸੂਖਮ ਭਾਵਨਾਵਾਂ, ਸੰਵੇਦਨਸ਼ੀਲਤਾ ਅਤੇ ਸਰੋਕਾਰਾਂ ਪ੍ਰਤੀ ਸੁੱਚਮਈ ਚੇਤਨਾ ਮਰ ਜਾਂਦੀ।

ਕਾਇਨਾਤ ਬਹੁਤ ਕੁਝ ਕਹਿੰਦੀ, ਪਰ ਅਸੀਂ ਸੁਣਦੇ ਹੀ ਨਹੀਂ। ਬਹੁਤ ਸਾਰੇ ਸੰਕੇਤ ਦਿੰਦੀ, ਪਰ ਅਸੀਂ ਸਮਝਦੇ ਨਹੀਂ। ਸਾਨੂੰ ਸਹਿਜ ਦਿੰਦੀ, ਪਰ ਅਸੀਂ ਭਟਕਣ ਵਿਚ ਹੀ ਉਲਝਦੇ ਹਾਂ। ਕਦੇ ਵੀ ਇਕੱਲ ਦਾ ਅਹਿਸਾਸ ਨਹੀਂ ਹੋਣ ਦਿੰਦੀ, ਪਰ ਅਸੀਂ ਕਾਇਨਾਤ ਦੇ ਆਗੋਸ਼ ਵਿਚ ਜਾਣ ਤੋਂ ਕੰਨੀ ਕਤਰਾਉਂਦੇ। ਜੰਗਲ ਵਿਚ ਵਾਈ-ਫਾਈ ਤਾਂ ਨਹੀਂ ਹੁੰਦਾ, ਪਰ ਫਿਰ ਵੀ ਅਸੀਂ ਕਾਇਨਾਤ ਦੇ ਸਭ ਤੋਂ ਕਰੀਬ ਹੁੰਦੇ ਹਾਂ।

ਕਾਇਨਾਤੀ ਪਸਾਰੇ ਵਿਚ ਤਾਰਾ-ਮੰਡਲ ਤੇ ਰਾਤ ਦੀ ਸੁੰਦਰਤਾ, ਬੀਂਡਿਆਂ ਦੀਆਂ ਅਵਾਜ਼ਾਂ, ਪਹਾੜਾਂ, ਦਰਿਆਵਾਂ, ਸਮੁੰਦਰਾਂ, ਜੰਗਲਾਂ ਅਤੇ ਜੀਵ-ਸੰਸਾਰ ਦੀਆਂ ਅਚੰਭਤ ਨਿਆਮਤਾਂ ਨੂੰ ਮਨ-ਮਸਤਕ ਵਿਚ ਭਰਨਾ, ਖੁਸ਼ੀਆਂ ਦੇ ਖਜਾਨੇ ਭਰ ਜਾਣਗੇ।

ਕਾਇਨਾਤ ਅਜਿਹਾ ਸਦਾ-ਬਹਾਰ, ਰੇਡੀਓ ਸਟੇਸ਼ਨ, ਜੋ ਕਦੇ ਭਗਤੀ-ਰਾਗ, ਕਦੇ ਸੁਗਮ-ਸੰਗੀਤ, ਕਦੇ ਬੋਲੀਆਂ, ਕਦੇ ਟੱਪੇ, ਕਦੇ ਵਿਚਾਰ-ਤਕਰਾਰ, ਕਦੇ ਗੋਸ਼ਟਿ, ਕਦੇ ਕਵਿਤਾ-ਪਾਠ ਆਦਿ ਬਹੁਤ ਕੁਝ ਰਿਲੇਅ ਕਰਦਾ ਅਤੇ ਸੁਣਾਉਂਦਾ, ਪਰ ਅਸੀਂ ਕੀ ਅਤੇ ਕਿਵੇਂ ਸੁਣਦੇ ਹਾਂ, ਇਹ ਮਨੁੱਖ 'ਤੇ ਨਿਰਭਰ?

ਕਾਇਨਾਤ ਨੂੰ ਉਸ ਵਕਤ ਜਰੂਰ ਨਿਹਾਰਨਾ, ਜਦ ਮੁਸੀਬਤ ਵਿਚ ਹੋਈਏ, ਸੰਕਟ ਵਿਚ ਘਿਰੇ ਹੋਈਏ, ਕੋਈ ਰਾਹ ਨਾ ਦਿਸੇ ਅਤੇ ਜੀਵਨ ਵਿਚ ਘੁੱਪ ਹਨੇਰਾ ਹੋਵੇ। ਇਸ ਦੀਆਂ ਨਿਆਮਤਾਂ ਅਤੇ ਬਖਸ਼ਿਸ਼ਾਂ ਨੂੰ ਚਿਤਾਰਨਾ। ਹਨੇਰੇ ਰਾਹਾਂ ਵਿਚ ਅੰਦਰਲੇ ਜੁਗਨੂੰਆਂ ਦੀ ਲੋਅ ਨਾਲ ਅੰਦਰ ਨੂੰ ਰੁਸ਼ਨਾਉਣਾ, ਕਾਇਨਾਤ ਤੁਹਾਡਾ ਮਾਰਗ-ਦਰਸ਼ਨ ਜਰੂਰ ਕਰੇਗੀ।

ਕਦੇ ਬਿਰਖਾਂ ਨਾਲ ਦੁੱਖ ਸਾਂਝੇ ਕਰਨਾ, ਮਨ ਹਲਕਾ ਹੋ ਜਾਵੇਗਾ। ਦਰਿਆ ਦੇ ਪਾਣੀ ਨੂੰ ਆਪਣੀ ਗਾਥਾ ਸੁਣਾਉਣਾ, ਉਹ ਤੁਹਾਡੇ ਹੰਝੂਆਂ ਨੂੰ ਆਪਣੇ ਵਿਚ ਸਮਾ ਲਵੇਗਾ। ਪੌਣ ਨੂੰ ਆਪਣੀ ਵੇਦਨਾ ਸੁਣਾਉਣਾ, ਉਹ ਤੁਹਾਡੀਆਂ ਹਿਚਕੀਆਂ ਤੇ ਹਾਵਿਆਂ ਨੂੰ ਆਪਣੀ ਹਿੱਕ ਵਿਚ ਸਮਾ ਕੇ, ਤੁਹਾਨੂੰ ਸਾਹ-ਸੌਗਾਤ ਨਾਲ ਨਿਵਾਜੇਗੀ। ਕੁਦਰਤ ਤਾਂ ਹਰਦਮ ਤੁਹਾਡੇ ਅੰਗ-ਸੰਗ ਵੱਸਦੀ ਹੈ, ਸਿਰਫ ਲੋੜ ਹੈ ਕਿ ਅਸੀਂ ਇਸ ਨੂੰ ਮਹਿਸੂਸ ਕਰੀਏ, ਇਸ ਦੇ ਸਪਰਸ਼ ਵਿਚੋਂ ਆਪਣੀ ਸਾਹ-ਸੁਰੰਗੀ ਨੂੰ ਸਮਰਪਿਤ ਹੋਈਏ।

ਕਾਇਨਾਤ ਦੀ ਚੁੱਪ ਵਿਚ ਵੱਸਦੇ ਨੇ ਬੋਲ, ਇਸ ਦੀ ਸੁੰਨਤਾ ਵਿਚ ਹੁੰਦੀ ਏ ਸਮਾਧੀ, ਇਸ ਦੀ ਵਿਸ਼ਾਲਤਾ ਵਿਚ ਏ ਅਸੀਮਤਾ, ਇਸ ਦੀ ਸਥਿਰਤਾ ਵਿਚ ਏ ਸਾਧਨਾ। ਸਮੂਹਕਤਾ ਵਿਚ ਵੱਸਦੀ ਏ ਸਾਦਗੀ ਤੇ ਸਪੱਸ਼ਟਤਾ, ਮੂਕਤਾ ਉਤਾਰਦੀ ਏ ਮੋਹ ਦੀ ਆਰਤੀ ਤੇ ਇਸ ਦੀ ਅੰਤਰੀਵਤਾ ਵਿਚੋਂ ਝਰਦੀ ਏ ਆਸਥਾ।

ਕਾਇਨਾਤ ਦਾ ਨੇੜ ਮਾਣੋ, ਇਸ ਨੂੰ ਪਿਆਰ ਕਰੋ, ਇਸ ਦੀ ਅਰਦਾਸ ਸੁਣੋ ਅਤੇ ਇਸ ਦੀ ਅਬੋਲ ਅਕੀਦਤ ਨੂੰ ਆਪਣੀ ਕਰਮ-ਸ਼ੀਲਤਾ ਦਾ ਹਿੱਸਾ ਬਣਾਓ, ਕਾਇਨਾਤ ਸਦਾ ਤੁਹਾਡੀ ਤੰਦਰੁਸਤੀ, ਤਾਜ਼ਗੀ, ਤਮੰਨਾਵਾਂ, ਤਰਜ਼ੀਹਾਂ ਤੇ ਤਕਦੀਰ ਨੂੰ ਆਪਣੀ ਤਾਸੀਰ ਬਣਾਵੇਗੀ।

ਕਾਇਨਾਤ ਹੀ ਸਿਖਾਉਂਦੀ ਏ ਜਿਉਣਾ ਤੇ ਜਿਉਣ ਦੇਣਾ, ਜੀਵਨ-ਦਾਨੀ ਬਣਨਾ, ਪਿਆਰ ਕਰਨਾ ਤੇ ਪਿਆਰੇ ਹੋਣਾ, ਹਿੱਸਾ ਵੰਡਣਾ ਤੇ ਵੰਡਾਉਣਾ ਅਤੇ ਸਾਂਝੀਵਾਲਤਾ ਵਿਚੋਂ ਹੀ ਸਦੀਵਤਾ ਦਾ ਪਾਠ ਪੜ੍ਹਨਾ ਤੇ ਪੜ੍ਹਾਉਣਾ।

ਕਾਇਨਾਤ ਕਦੇ ਕਾਹਲ ਨਹੀਂ ਕਰਦੀ। ਬਹੁਤ ਠਰੰਮੇ, ਸਹਿਜ ਅਤੇ ਸਾਦਗੀ ਭਰਪੂਰ ਵਰਤਾਰਿਆਂ ਨਾਲ ਹਰੇਕ ਨੂੰ ਪੂਰਨਤਾ ਦਾ ਪਾਠ ਪੜ੍ਹਾਉਂਦੀ। ਕਾਹਲ ਕਰਦਿਆਂ, ਕਈ ਵਾਰ ਕਿਰਤਾਂ ਟੁੱਟ ਜਾਂਦੀਆਂ ਅਤੇ ਇਸ ਦੀਆਂ ਕਿੱਚਰਾਂ ਬਹੁਤ ਚਿਰ ਤੀਕ ਮਨੁੱਖੀ ਰਾਹਾਂ ਤੇ ਸਾਹਾਂ ਵਿਚ ਰੜਕਦੀਆਂ ਰਹਿੰਦੀਆਂ। ਕਾਇਨਾਤ ਤੋਂ ਸਹਿਜ ਰਹਿਣਾ ਸਿੱਖੋ, ਕਾਹਲ ਵਿਚੋਂ ਉਗਣ ਵਾਲੀਆਂ ਕਮੀਆਂ ਖੁਦ ਹੀ ਖਤਮ ਹੋ ਜਾਣਗੀਆਂ।

ਸਭ ਤੋਂ ਜਰੂਰੀ ਹੈ ਕਿ ਅਸੀਂ ਸੁਣੀਏ ਕਿ ਅੰਦਰ ਵੱਸਦੀ ਕਾਇਨਾਤ ਕੀ ਕਹਿੰਦੀ ਹੈ? ਇਸ ਦੇ ਮਜੀਠੀ ਬੋਲਾਂ ਵਿਚੋਂ ਖੁਦ ਨੂੰ ਪਛਾਣੀਏ, ਜਾਣੀਏ ਅਤੇ ਫਿਰ ਨਿੱਗਰ ਵਿਚਾਰਾਂ ਤੇ ਸਾਧਨਾਂ ਰਾਹੀਂ ਮਨੁੱਖ ਵਿਚ ਵੱਸਦੀ ਮਾਨਵਤਾ ਨੂੰ, ਸਮੁੱਚੇ ਕਾਇਨਾਤੀ ਪਸਾਰੇ ਦਾ ਮਾਣ ਬਣਾਈਏ।

ਕਾਇਨਾਤ ਕੋਮਲ-ਭਾਵੀ, ਕਿਰਿਆਸ਼ੀਲ, ਕਰਮਯੋਗੀ, ਕਿਰਤਨੀ, ਕੀਰਤੀ, ਕਿਰਤੀ, ਕਾਮਨਾਪੂਰਨੀ, ਕ੍ਰਿਸ਼ਮਾਕਾਰੀ, ਕਮਾਲ, ਕਾਰੀਗਰ, ਕਹਿਣੀ ਅਤੇ ਕਰਨੀ ਦੀ ਪੂਰੀ, ਕੋਨੇ ਕੋਨੇ ਵਿਚ ਬਿਰਾਜਮਾਨ; ਪਰ ਕਦੇ ਕਦੇ ਕ੍ਰੋਧਿਤ ਹੋ ਕੇ ਕਹਿਰਵਾਨ ਵੀ ਹੋ ਜਾਂਦੀ, ਕਹਿਰ ਢਾਹੁੰਦੀ, ਮਨੁੱਖ ਨੂੰ ਉਸ ਦੀ ਔਕਾਤ ਦਿਖਾਉਂਦੀ। ਉਸ ਨੂੰ ਥਾਂ ਸਿਰ ਵੀ ਟਿਕਾਉਂਦੀ, ਪਰ ਮਨੁੱਖ ਇਸ ਤੋਂ ਕੁਝ ਨਹੀਂ ਸਮਝਦਾ ਅਤੇ ਆਪਣੇ ਕਾਇਨਾਤੀ ਵਿਰੋਧੀ ਵਰਤਾਰਿਆਂ ਨਾਲ ਕਾਇਨਾਤ ਦੇ ਧੀਰਜ ਨੂੰ ਪਰਖਣ ਲੱਗ ਪੈਂਦਾ। ਲੋੜ ਹੈ ਕਿ ਕਾਇਨਾਤ ਵਿਚਲੇ ਸੰਤੁਲਨ ਨੂੰ ਵਿਗਾੜਨ ਤੋਂ ਗੁਰੇਜ ਕਰਦਿਆਂ ਕਾਇਨਾਤ ਦੀ ਸੁੰਦਰਤਾ ਅਤੇ ਸਮਰੂਪਤਾ ਨੂੰ ਸੰਭਾਲੀਏ। ਮਨੁੱਖ ਕਾਇਨਾਤ ਦੀ ਗੋਦ ਵਿਚ ਖੇਡਦਾ ਖਿਡੌਣਾ ਹੀ ਤਾਂ ਹੈ।

ਕਾਇਨਾਤ ਬਹੁਤ ਕੁਝ ਕਹਿੰਦੀ ਹੈ-ਕਰਮ ਕਰਨ ਲਈ, ਕਦਮ ਉਠਾਉਣ ਲਈ ਅਤੇ ਆਪਣੀ ਕੀਰਤੀ ਰਾਹੀਂ ਮਨੁੱਖ ਦੀਆਂ ਅਸੀਮਤ ਚੰਗਿਆਈਆਂ ਨੂੰ ਕਾਇਨਾਤ ਦੀ ਚੰਗੇਰ ਬਣਾਉਣ ਵੰਨੀ ਪ੍ਰੇਰਿਤ ਕਰਦੀ। ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖ ਰਹੇ ਜਾਂ ਨਾ ਰਹੇ, ਇਸ ਕਾਇਨਾਤ ਨੇ ਸਦਾ ਰਹਿਣਾ। ਲੋੜ ਹੈ ਕਿ ਕਾਇਨਾਤੀ ਸਦੀਵਤਾ ਵਿਚੋਂ ਹੀ ਮਨੁੱਖੀ ਸਦੀਵਤਾ ਨੂੰ ਕਿਆਸੀਏ। ਕਦੇ ਕਦਾਈਂ ਕਾਇਨਾਤ ਨਾਲ ਇਕਸੁਰ ਹੋਈਏ। ਇਸ ਦੇ ਸੂਖਮ ਤੇ ਸਹਿਜਮਈ ਸੰਕੇਤਾਂ, ਸੰਦੇਸ਼ਾਂ ਨੂੰ ਆਪਣੀ ਰੂਹ-ਰੇਜ਼ਤਾ ਬਣਾ ਕੇ ਜੀਵਨ ਦੇ ਨਿਆਰੇਪਣ ਨੂੰ ਨਰੋਇਆਪਣ ਬਖਸ਼ੀਏ।

# ਜਾਅਲੀ ਖਬਰਾਂ ਦਾ ਗੋਰਖ ਧੰਦਾ

**ਜਾਅਲੀ ਖਬਰਾਂ (ਫੇਕ ਨਿਊਜ਼) ਨੇ ਪੱਤਰਕਾਰੀ ਦੇ ਕਿੱਤੇ ਨੂੰ ਬੁਰੀ ਤਰ੍ਹਾਂ ਜੱਫਾ ਮਾਰ ਲਿਆ ਹੈ। ਪਹਿਲਾਂ ਤਾਂ ਪੱਤਰਕਾਰੀ ਵਪਾਰ ਨਾਲ ਜੁੜਨ ਕਰ ਕੇ ਤੇ ਫਿਰ ਸਿਆਸੀ ਪਾਰਟੀਆਂ ਦੇ ਮੀਡੀਆ ਉਤੇ ਲਗਾਤਾਰ ਵਧ ਰਹੇ ਗਲਬੇ ਕਾਰਨ ਇਹ ਕਿੱਤਾ ਹੁਣ ਆਪਣਾ ਰੂਪ-ਸਰੂਪ ਬਦਲ ਰਿਹਾ ਹੈ। ਇਸ ਲੇਖ ਵਿਚ ਇਹੀ ਚਰਚਾ ਕੀਤੀ ਗਈ ਹੈ।**

ਕਲਾ ਪਰਿਕਰਮਾ



ਸੁਰਿੰਦਰ ਸਿੰਘ ਤੇਜ

ਫੇਕ ਨਿਊਜ਼ (ਜਾਅਲੀ ਖਬਰਾਂ) ਅੱਜ ਦੇ ਯੁੱਗ ਦਾ ਜ਼ਾਇਕਾ ਹਨ। ਚੰਦ ਦਹਾਕੇ ਪਹਿਲਾਂ ਜੋ ਕੁਝ ਅਫਵਾਹ ਜਾਪਦਾ ਸੀ, ਉਸ ਨੂੰ ਹੁਣ ਡਿਜੀਟਲ ਵਿਧੀਆਂ ਰਾਹੀਂ ਇਤਬਾਰ ਜਗਾਉਣ ਵਾਲੀਆਂ ਛੋਹਾਂ ਨਾਲ ਅਜਿਹਾ ਸੰਵਾਰਿਆ-ਸ਼ਿੰਗਾਰਿਆ ਜਾਂਦਾ ਹੈ ਕਿ ਸਫੈਦ ਝੂਠ ਵੀ ਸਿਆਹ ਸੱਚ ਹੋਣ ਦਾ ਪ੍ਰਭਾਵ ਦੇਣ ਲੱਗਦਾ ਹੈ। ਮਹਾਮਾਰੀ ਤੋਂ ਉਪਜੀ ਤਾਲਾਬੰਦੀ ਨੇ ਇਸ 'ਪਕਵਾਨ' ਨੂੰ ਭਾਂਤ-ਸੁਭਾਂਤੇ ਤੜਕੇ ਲਾ ਕੇ ਸਾਡੇ ਸਾਹਮਣੇ ਲਿਆਂਦਾ। ਤਾਲਾਬੰਦੀ ਮੁੱਕ ਗਈ ਪਰ ਝੂਠ ਨੂੰ ਸੱਚ ਦੇ ਬਾਣੇ ਵਿਚ ਪੇਸ਼ ਕਰਨ ਵਾਲਾ ਸਿਲਸਿਲਾ ਬਾਦਸਤੂਰ ਜਾਰੀ ਹੈ। ਉਪਰੋਂ ਸਾਡੀ ਮਨੋਬਣਤਰ ਵੀ ਅਜਿਹੀ ਹੋ ਚੁੱਕੀ ਹੈ ਕਿ ਚੰਗਾ ਬੇਲਜ਼ੀਜ਼ ਜਾਪਦਾ ਹੈ ਤੇ ਬੁਰਾ ਲਜ਼ੀਜ਼।

ਇਸੇ ਵਰਤਾਰੇ ਦੀਆਂ ਪਰਤਾਂ ਫਰੋਲਦੀ ਹੈ ਬ੍ਰਿਟਿਸ਼ ਮਨੋਵਿਗਿਆਨੀ ਰੌਬ ਬ੍ਰਦਰਟਨ ਦੀ ਕਿਤਾਬ 'ਬੈਡ ਨਿਊਜ਼'। ਕਿਤਾਬ ਦਾ ਪੂਰਾ ਸਿਰਲੇਖ ਹੈ: 'ਬੈਡ ਨਿਊਜ਼: ਵਾਇ ਵੀ ਫਾਲ ਫੌਰ ਫੇਕ ਨਿਊਜ਼' (ਬੁਰੀ ਖਬਰ: ਅਸੀਂ ਜਾਅਲੀ ਖਬਰਾਂ ਉਤੇ ਕਿਉਂ ਇਤਬਾਰ ਕਰਦੇ ਹਾਂ)। ਅਮਰੀਕਾ ਵਿਚ ਇਹ ਕਿਤਾਬ ਮਈ ਮਹੀਨੇ ਰਿਲੀਜ਼ ਹੋ ਗਈ ਸੀ। ਭਾਰਤ ਵਿਚ ਇਹ ਹੁਣ ਉਪਲਬਧ ਹੋਈ ਹੈ।

ਲੇਖਕ ਰੌਬ ਬ੍ਰਦਰਟਨ ਮਨੋਵਿਗਿਆਨ ਦੇ ਖੇਤਰ ਦਾ ਉਭਰਦਾ ਸਿਤਾਰਾ ਹੈ। ਮਨੋਵਿਗਿਆਨ ਅਤੇ ਸਮਾਜਿਕ ਸੂਝ ਦੇ ਅੰਤਰਮੇਲ ਨਾਲ ਸਬੰਧਤ ਉਸ ਦੀਆਂ ਦੋ ਕਿਤਾਬਾਂ ਪਹਿਲਾਂ ਹੀ ਕਾਫੀ ਚਰਚਿਤ ਹੋ ਚੁੱਕੀਆਂ ਹਨ। 'ਬੈਡ ਨਿਊਜ਼' ਵਿਚ ਉਸ ਨੇ ਇਤਬਾਰ ਕਰਨ ਦੀ ਮਨੁੱਖੀ ਬਿਰਤੀ ਦੀਆਂ ਕਾਣਾਂ-ਕਚਿਆਈਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ ਅਤੇ ਇਸ ਬਿਰਤੀ ਨੂੰ ਭਰਮਾਉਣ-ਫੁਸਲਾਉਣ ਦੀਆਂ ਜੁਗਤਾਂ ਦਾ ਵੀ।

ਕਿਤਾਬ ਦਾ ਪਹਿਲਾ ਹੀ ਅਧਿਆਇ ਸੱਚ ਨੂੰ ਸੱਚ ਵਜੋਂ ਪਛਾਣਨ ਵਿਚ ਨਾਕਾਮ ਰਹਿਣ ਅਤੇ ਝੂਠ ਨੂੰ ਸੱਚ ਮੰਨ ਲੈਣ ਦੀ ਇਨਸਾਨੀ ਕਮਜ਼ੋਰੀ ਦਾ ਗਹਿਨ ਅਧਿਐਨ ਐਤਵਾਰ, 30 ਅਕਤੂਬਰ 1938 ਨੂੰ ਵਾਪਰੀ ਘਟਨਾ ਦੇ ਹਵਾਲੇ ਨਾਲ ਪੇਸ਼ ਕਰਦਾ ਹੈ। ਉਸ ਦਿਨ ਅਮਰੀਕਾ ਦੇ ਸੀ.ਬੀ.ਐਸ ਰੇਡੀਓ ਨੈੱਟਵਰਕ ਉਤੇ ਨਰਿਤ-ਸੰਗੀਤ ਦਾ ਪ੍ਰਸਾਰਨ ਅਚਾਨਕ ਰੋਕ ਕੇ ਇਕ 'ਖਾਸ ਖਬਰ' ਨਸ਼ਰ ਕੀਤੀ ਗਈ। ਇਹ 'ਖਬਰ' ਪ੍ਰਿੰਸਟਨ (ਨਿਊ ਜਰਸੀ, ਅਮਰੀਕਾ) ਤੋਂ 20 ਮੀਲ ਦੂਰ ਖੇਤਾਂ ਵਿਚ ਉਡਨ ਤਸ਼ਤਰੀ ਰਾਹੀਂ ਕਿਸੇ ਹੋਰ ਗ੍ਰਹਿ ਦੇ ਵਸਨੀਕਾਂ ਦੇ ਉਤਰਨ ਬਾਰੇ ਸੀ।


ਇਸ ਖਬਰ ਕਰ ਕੇ ਪਹਿਲਾਂ ਸਮੁੱਚੇ ਅਮਰੀਕਾ ਅਤੇ ਫਿਰ ਯੂਰਪ ਦੇ ਕਈ ਮੁਲਕਾਂ ਵਿਚ ਖਲਬਲੀ ਮੱਚ ਗਈ। ਟੈਲੀਫੋਨ ਅਜੇ ਨਵਾਂ-ਨਵਾਂ ਜਨਤਕ ਹੋਇਆ ਸੀ, ਫਿਰ ਵੀ ਸੀ.ਬੀ.ਐਸ. ਨੈੱਟਵਰਕ ਤੋਂ ਇਲਾਵਾ ਹੋਰਨਾਂ ਰੇਡੀਓ ਨੈੱਟਵਰਕਾਂ 'ਤੇ ਵੀ ਲੋਕਾਂ ਦੀਆਂ ਕਾਲਾਂ ਧੜਾਧੜ ਆਉਣੀਆਂ ਸ਼ੁਰੂ ਹੋ ਗਈਆਂ। ਕਈਆਂ ਨੇ ਉਡਨ ਤਸ਼ਤਰੀਆਂ ਨੂੰ ਉਤਰਦਿਆਂ ਦੇਖਣ ਅਤੇ ਮੰਗਲ ਵਾਸੀਆਂ ਨੂੰ ਸਾਡੀ ਧਰਤੀ ਉਤੇ ਵਿਚਰਦਿਆਂ ਦੇਖਣ ਦੇ ਦਾਅਵੇ ਕੀਤੇ। ਭਾਂਤ-ਭਾਂਤ ਦੇ ਦਾਅਵਿਆਂ ਅਤੇ ਇਨ੍ਹਾਂ ਤੋਂ ਉਪਜੇ ਕੋਹਰਾਮ ਦਰਮਿਆਨ ਅਮਰੀਕੀ ਰੱਖਿਆ ਵਿਭਾਗ ਨੂੰ ਸਪਸ਼ਟ ਕਰਨਾ ਪਿਆ ਕਿ ਅਮਰੀਕੀ ਧਰਤੀ ਉਤੇ ਕਿਤੇ ਵੀ ਕੋਈ ਉਡਨ ਤਸ਼ਤਰੀ ਨਹੀਂ ਉਤਰੀ ਅਤੇ ਨਾ ਹੀ ਕੋਈ ਮੰਗਲ ਵਾਸੀ ਦੇਖਿਆ ਗਿਆ ਹੈ।




**ਰੌਬ ਬ੍ਰਦਰਟਨ ਦੀ ਕਿਤਾਬ 'ਬੈਡ ਨਿਊਜ਼' ਦਾ ਮੁਖੜਾ।**



**ਰੌਬ ਬ੍ਰਦਰਟਨ**




**ਰੌਬ ਬ੍ਰਦਰਟਨ ਦੀ ਇਕ ਹੋਰ ਕਿਤਾਬ 'ਸਸਪੀਸ਼ੀਅਸ ਮਾਈਂਡਸ' ਦਾ ਟਾਈਟਲ।**

ਸੀ.ਬੀ.ਐੱਸ. ਨੈੱਟਵਰਕ ਦਾ ਵੀ ਸਨਸਨੀ ਪੈਦਾ ਕਰਨ ਦਾ ਮਕਸਦ ਹੱਲ ਹੋ ਚੁੱਕਾ ਸੀ। ਉਸ ਨੇ ਪੰਜ ਘੰਟਿਆਂ ਬਾਅਦ ਸਪਸ਼ਟ ਕੀਤਾ ਕਿ ਉਸ ਦੀ ਵਿਸ਼ੇਸ਼ 'ਖਬਰ' ਐਚ.ਜੀ. ਵੈੱਲਜ਼ ਦੇ ਨਾਵਲ 'ਦਿ ਵਾਰ ਆਫ ਦਿ ਵਲਡਜ਼' (ਸੰਸਾਰਾਂ ਦੀ ਜੰਗ) ਦੀ ਰੇਡੀਓ ਰੂਪਾਂਤਰ ਲੜੀ ਦੇ ਪ੍ਰਚਾਰ ਦਾ ਹਿੱਸਾ ਸੀ। 1898 ਵਿਚ ਪ੍ਰਕਾਸ਼ਿਤ ਇਸ ਵਿਗਿਆਨਕ ਗਲਪ ਰਚਨਾ ਦੇ ਰੇਡੀਓ ਰੂਪਾਂਤਰ ਦਾ ਨਿਰਦੇਸ਼ਨ ਓਰਸੌਨ ਵੈੱਲਜ਼ ਨੇ ਕੀਤਾ ਸੀ ਜਿਸ ਨੇ ਬਾਅਦ ਵਿਚ ਫਿਲਮਸਾਜ਼ ਵਜੋਂ ਖ਼ੂਬ ਉਸਤਤ ਖੱਟੀ। ਅਜਿਹੇ ਸਪਸ਼ਟੀਕਰਨ ਦੇ ਬਾਵਜੂਦ ਉਡਨ ਤਸ਼ਤਰੀਆਂ ਅਤੇ ਓਪਰੀਆਂ ਸ਼ਕਲਾਂ ਵਾਲੇ ਬੰਦੇ ਦਿਸਣ ਦੀਆਂ 'ਖਬਰਾਂ' ਕਈ ਮੁਲਕਾਂ ਤੋਂ ਆਉਂਦੀਆਂ ਰਹੀਆਂ। ਬ੍ਰਦਰਟਨ 1930 ਤੋਂ ਲੈ ਕੇ 2019 ਤੱਕ ਦੀਆਂ ਇਕ ਦਰਜਨ ਜਾਅਲੀ ਖਬਰਾਂ ਦੇ ਪ੍ਰਮਾਣ ਦੇ ਕੇ ਜਾਅਲੀ ਖਬਰ ਦੀਆਂ ਪਰਿਭਾਸ਼ਾਵਾਂ ਅਤੇ ਇਨ੍ਹਾਂ ਉਤੇ ਆਸਾਨੀ ਨਾਲ ਯਕੀਨ ਕਰਨ ਦੀ ਸਾਡੀ ਮਨੋਬਿਰਤੀ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਸੱਚੀਆਂ ਜਾਂ ਹਾਂ-ਪੱਖੀ ਖਬਰਾਂ ਉਤੇ ਛੇਤੀ ਵਿਸ਼ਵਾਸ ਨਾ ਕਰਨ ਅਤੇ ਇਸ ਦੇ ਬਨਿਸਬਤ ਝੂਠੀਆਂ ਜਾਂ ਜਾਅਲੀ ਖਬਰਾਂ ਨੂੰ ਸੱਚਾ ਮੰਨ ਲੈਣ ਦੀ ਸਾਡੀ ਫਿਤਰਤ ਇਸੇ ਅਧਿਐਨ ਦਾ ਹਿੱਸਾ ਹੈ।

ਕਿਤਾਬ ਦੇ ਦੋ ਅਧਿਆਇ ਇਸ ਵਿਸ਼ਲੇਸ਼ਣ ਉਤੇ ਕੇਂਦ੍ਰਿਤ ਹਨ ਕਿ ਅਸੀਂ ਆਪਣੇ ਵਿਚਾਰ ਤੇ ਨਿਸ਼ਚੇ ਕਿਵੇਂ ਤਿਆਰ ਕਰਦੇ ਹਾਂ ਅਤੇ ਗਲਤ ਉਪਰ ਯਕੀਨ ਕਿਉਂ ਕਰ ਲੈਂਦੇ ਹਾਂ। ਅਸੀਂ ਕਿੰਨਾ ਕੁ ਗਿਆਨ ਆਪਣੇ ਅੰਦਰ ਜਜ਼ਬ ਕਰ ਸਕਦੇ ਹਾਂ। ਕੋਈ ਵੀ ਗੁਪਤ ਜਾਂ ਨਿਵੇਕਲੀ ਜਾਣਕਾਰੀ ਮਿਲਣ 'ਤੇ ਅਸੀਂ 'ਜ਼ਿਹਨੀ ਬਦਹਜ਼ਮੀ' ਦਾ ਸ਼ਿਕਾਰ ਕਿਉਂ ਹੋ ਜਾਂਦੇ ਹਾਂ ਅਤੇ ਉਸ ਜਾਣਕਾਰੀ ਨੂੰ ਅੱਗੇ ਕਿਸੇ ਨਾਲ ਸਾਂਝੀ ਕੀਤੇ ਬਿਨਾ ਸਾਡੀ ਇਹ ਬੇਚੈਨੀ (ਬਦਹਜ਼ਮੀ) ਦੂਰ ਕਿਉਂ ਨਹੀਂ ਹੁੰਦੀ। ਇੰਟਰਨੈੱਟ ਸਾਡੀ ਸੋਚ ਪ੍ਰਕਿਰਿਆ ਉਪਰ ਕਿੰਨਾ ਹਾਵੀ ਹੋ ਚੁੱਕਾ ਹੈ ਅਤੇ ਇਸ ਉਪਰ ਨਿਰੰਤਰ ਨਿਰਭਰਤਾ ਸਾਡੀ ਸੋਚ-ਸ਼ਕਤੀ ਨੂੰ ਖੋਰਾ ਲਾ ਰਹੀ ਹੈ ਜਾਂ ਨਹੀਂ, ਅਜਿਹੇ ਸਵਾਲ ਵੀ ਇਸ ਕਿਤਾਬ ਵਿਚ ਵਿਚਾਰੇ ਤੇ ਵਿਸਥਾਰੇ ਗਏ ਹਨ। ਗਲਤ ਤੇ ਸਹੀ ਜਾਣਕਾਰੀ ਦੇ ਮਾਇਆਜਾਲ ਵਿਚੋਂ ਖਬਰਾਂ ਦਾ ਚੁਸਤ-ਦਰੁਸਤ ਖਪਤਕਾਰ ਬਣ ਉਭਰਨ ਦੀਆਂ ਜੁਗਤਾਂ ਵੀ ਇਸ ਕਿਤਾਬ ਦੇ ਵਿਸ਼ਾ-ਵਸਤੂ ਦਾ ਹਿੱਸਾ ਹਨ।

ਕਿਤਾਬ ਇਸ ਸਮੇਂ ਵਿਸ਼ਵ ਪੱਧਰ ਦੇ ਬੈਸਟ ਸੈੱਲਰਾਂ ਦੀ ਸੂਚੀ ਵਿਚ ਸ਼ੁਮਾਰ ਹੈ ਪਰ ਬ੍ਰਦਰਟਨ ਦੀ ਲੇਖਣ ਸ਼ੈਲੀ ਵਿਚ ਰੌਚਿਕਤਾ ਦੀ ਘਾਟ ਹੈ। ਕਿਤਾਬ ਵਿਚ ਅੱਜ ਦੀ ਨਿਊਜ਼ ਰਿਪੋਰਟਿੰਗ ਦੀ ਸਮਾਲੋਚਨਾ-ਸਮੀਖਿਆ ਜ਼ਰੂਰ ਸ਼ਾਮਲ ਹੈ ਪਰ ਇਹ ਸਮਾਲੋਚਨਾ ਵੀ ਬਹੁਤੀ ਧਾਰਦਾਰ ਨਹੀਂ। ਬਹੁਤਾ ਫੋਕਸ ਖਬਰਾਂ ਘੜਨ ਤੇ ਪ੍ਰਚਾਰਨ ਦੇ ਇਤਿਹਾਸ ਅਤੇ ਖਬਰਨਵੀਸੀ ਦੇ ਅਮਲ ਵਿਚ ਆਏ ਪਰਿਵਰਤਨਾਂ ਉਪਰ ਕੇਂਦਰਿਤ ਹੈ। ਲੇਖਕ ਇਹ ਵੀ ਦੱਸਦਾ ਹੈ ਕਿ ਕਿਵੇਂ 95 ਫੀਸਦੀ ਖਬਰਾਂ ਪੂਰੀ ਤਰ੍ਹਾਂ ਨਿਰਪੱਖ ਨਹੀਂ ਹੁੰਦੀਆਂ। ਕਿਵੇਂ ਸਾਡੇ ਆਪਣੇ ਮਨੋਗ੍ਰਹਿ, ਪੱਖਪਾਤ, ਪਸੰਦਗੀ-ਨਾਪਸੰਦਗੀ ਵਰਗੇ ਤੱਤ ਖਬਰ ਦੀ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ। ਸਮੁੱਚੇ ਵਿਸ਼ਲੇਸ਼ਣ ਦਾ ਸਿੱਟਾ ਇਕੋ ਹੀ ਹੈ: ਜੋ ਦਿਖਾਇਆ ਜਾਂਦਾ ਹੈ, ਜ਼ਰੂਰੀ ਨਹੀਂ ਕਿ ਉਹ ਪੂਰਾ ਸੱਚ ਹੋਵੇ ਅਤੇ ਜੋ ਸੱਚ ਹੈ, ਜ਼ਰੂਰੀ ਨਹੀਂ ਕਿ ਉਹ ਪੂਰਾ ਦਿਖਾਇਆ ਜਾਵੇ।

ਕੀ ਇਹ ਤੱਤ-ਸਾਰ ਆਪਣੇ ਆਪ ਵਿਚ ਬੁਰੀ ਖਬਰ ਨਹੀਂ?

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਗਸਤ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-444




*ਵਿਚ ਕਰੋਨੇ ਮੀਟਿੰਗ ਰੱਖ ਲਈ, ਡਾਰ ਕਾਂਵਾਂ ਦੀ ਦੂਰੋਂ ਆਈ।*
*ਸਿਖਰ ਟੀਸੀ 'ਤੇ ਥਾਂ ਮੱਲ ਲਏ, ਸਰੀਰਕ ਦੂਰੀ ਵੀ ਅਪਨਾਈ।*
*'ਬੱਸ ਬੰਦੇ ਕੋਲੋਂ ਬਚ ਕੇ ਰਹੀਏ', ਰਲ-ਮਿਲ ਜਾਂਦੇ ਮਤਾ ਪਕਾਈ*

## ਕੈਪਸ਼ਨ ਮੁਕਾਬਲਾ-442



ਬੜੀ ਮਿਹਨਤ ਦਾ ਕੰਮ ਹੈ
ਹੱਥੀਂ ਕੁਤਰਾ ਕਰ ਡੰਗਰਾਂ ਨੂੰ ਪਾਉਣਾ।
ਪਿੱਛੋਂ ਬੁਰਕੀ ਆਪ ਹੈ ਖਾਣੀ
ਪਹਿਲਾਂ ਡੰਗਰਾਂ ਤਾਈਂ ਰਜਾਉਣਾ।
ਬੀਬੀ ਕੰਮ ਵਿਚ ਹੱਥ ਵਟਾਉਂਦੀ
ਕਹੇ ਮੈਂ ਟੱਬਰ ਕਿਰਤ 'ਚ ਲਾਉਣਾ।
ਸਾਰੇ ਹੰਭਲਾ ਮਾਰੋ ਕੰਮ ਲਈ
ਜੇ ਬੇਰੁਜ਼ਗਾਰੀ ਤਾਈਂ ਭਜਾਉਣਾ।
**-ਕੇਵਲ ਸਿੰਘ ਪੰਧੇਰ**

---

ਕਦੇ ਰੁੱਗ, ਕਦੇ ਦੇਵਾਂ ਗੇੜੇ
ਕਰਕੇ ਟੋਕਾ ਪਸ਼ੂਆਂ ਨੂੰ ਪਾਵਾਂ।
'ਕੱਲੀ-ਕਹਿਰੀ ਹੋ ਕੇ ਵੀ ਮੈਂ
ਸਮੇਂ ਦੇ ਨਾਲ ਕੰਮ ਮੁਕਾਵਾਂ।
ਝੂਰਨ ਨਾਲੋਂ ਉਦਮ ਚੰਗਾ
ਹਰ ਪਲ ਮਨ ਨੂੰ ਮੈਂ ਸਮਝਾਵਾਂ।
**-ਦਵਿੰਦਰ ਕੌਰ**

---

ਰੇਹੜੀ ਭਰ ਪੱਠਿਆਂ ਦੀ ਲਿਆਵਾਂ।
ਕੁਤਰਾ ਕਰ ਮੱਝੀਆਂ ਨੂੰ ਪਾਵਾਂ।
ਖੇਤੀ ਘਾਟੇ ਦਾ ਧੰਦਾ ਬਣ ਗਈ,
ਗੁਜਾਰਾ ਦੁੱਧ ਦੇ ਨਾਲ ਚਲਾਵਾਂ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

---

ਛੱਡ ਬਰਾਂਡਡ ਜੀਨਾਂ,
ਪੰਜਾਬੀ ਪਹਿਰਾਵਾ ਮੈਂ ਅਪਨਾਇਆ।
ਕਿਰਤ ਕਰਨ ਦਾ ਸੰਸਕਾਰ
ਗੁਰੂਆਂ ਦੀ ਬਾਣੀ ਨੇ ਸਿਖਾਇਆ।
ਖੇਤੀ, ਜ਼ਮੀਨ ਤੇ ਸੱਭਿਆਚਾਰ
ਸਾਡਾ ਨੇ ਸਰਮਾਇਆ।
ਬਚਾ ਲਵੋ ਇਸ ਸਰਮਾਏ ਨੂੰ
ਸਮਾਂ ਮੁੜ ਹੱਥ ਕਦੇ ਨਾ ਆਇਆ।
**-ਵਿਨੋਦ ਗਰਗ, ਬਰਨਾਲਾ**

---

ਵਿਚ ਖੇਤਾਂ ਦੇ ਕੰਮ ਬਥੇਰਾ
ਘਰ ਦੇ ਕੰਮ ਮੈਂ ਨਿਪਟਾਵਾਂ।
ਆਪਣੇ ਹੱਥੀਂ ਰੁੱਗ ਲਗਾ ਕੇ
ਫਿਰ ਖੁਦ ਹੀ ਚੱਕਰ ਘੁਮਾਵਾਂ।
ਖੇਤੀ ਤਾਂ ਹੁਣ ਡੁੱਬਦੀ ਜਾਵੇ
ਕੁਝ ਤਾਂ ਮੈਂ ਵੀ ਠੁੰਮਣਾ ਲਾਵਾਂ।
**-ਜਗਮੀਤ ਸਿੰਘ ਪੰਧੇਰ**

---

ਘਰ ਦੀ ਹਾਂ ਸੁਆਣੀ
ਹਰ ਕੰਮ ਦੇ ਵਿਚ ਹੱਥ ਵੰਡਾਵਾਂ।
ਕਿਸੇ ਦੀ ਮਾਂ, ਕਿਸੇ ਦੀ ਧੀ
ਕਿਸੇ ਦੀ ਪਤਨੀ ਅਖਵਾਵਾਂ।
ਮੈਨੂੰ ਸਭ ਦੀ ਫਿਕਰ ਹੈ ਰਹਿੰਦੀ
ਮੇਰੀ ਵੀ ਕੋਈ ਸੁਣੇ, ਇਹ ਮੈਂ ਚਾਹਵਾਂ।
**-ਇੰਦਰਜੀਤ ਮੰਗਾ ਪਿਟਸਬਰਗ**

---

ਪੁੱਤਾਂ ਨਾਲੋਂ ਧੀਆਂ ਘੱਟ ਨਾ ਅਖਵਾਉਣ
ਭਾਵੇਂ ਮਾਂ-ਪਿਓ ਦਾ ਪਿਆਰ ਘੱਟ ਪਾਉਣ।
ਆਪਣੀ ਕਿਸਮਤ ਲੈ ਆਈਆਂ
ਕਿਸੇ ਦਾ ਨਾ ਖਾਵਣ।
ਪੁੱਤਾਂ ਨਾਲੋਂ ਧੀਆਂ ਚੰਗੀਆਂ
ਦੁੱਖ-ਸੱਖ ਵਿਚ ਹੱਥ ਵੰਡਾਉਣ।
ਦਿਲੋਂ ਪਿਆਰ ਨੇ ਕਰਦੀਆਂ
ਉਤੋਂ ਉਤੋਂ ਨਾ ਜਤਾਉਣ।
ਬਾਪੂ ਗੇੜੇ ਟੋਕਾ, ਧੀ ਥੱਬੇ ਲਾਵੇ।
ਧੀ ਪੰਜਾਬ ਦੀ ਘੱਟ ਨਾ ਕਹਾਵੇ।
ਦਿਓ ਸਤਿਕਾਰ ਮਾਂ-ਧੀ ਨੂੰ
ਦਿਲੋਂ ਕਰੋ ਪਿਆਰ।
ਜੱਗ ਜਣਨੀ ਅਖਵਾਉਂਦੀ
ਬਾਬੇ ਨਾਨਕ ਦਿੱਤਾ ਬਾਣੀ ਵਿਚ ਉਚਾਰ।
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਪੁਰਾਣੇ ਸੰਦ ਵਾਲੇ ਖੁੱਡੇ ਲਾਈਨ
ਆਧੁਨਿਕ ਸੰਦਾਂ ਨੇ
ਜੱਟ ਲੀਹਾਂ 'ਤੇ ਤੋਰ'ਤੇ।
ਮਸਾਂ ਆਇਆ ਸੀ ਖੇਤੀ ਇਨਕਲਾਬ
ਕਰਜਿਆਂ ਨੇ ਜੱਟ
ਖੁਦਕੁਸ਼ੀਆਂ ਵੱਲ ਤੋਰ'ਤੇ।
ਘੋਰ ਜ਼ਖਮੀ 'ਪੰਜਾਬ ਬੋਲੇ'
ਕਿਹੜੇ ਦਮ ਉਤੇ
ਪ੍ਰਸ਼ਾਸਨਿਕ ਸ਼ੈਅ 'ਤੇ ਜ਼ਹਿਰੀਲੇ ਨਸ਼ੇ ਨੇ
ਮਜ਼ਦੂਰ, ਕਿਸਾਨ, ਗਰੀਬ
ਸੱਭੇ ਸੱਥਰਾਂ ਵੱਲ ਤੋਰ'ਤੇ।
**-ਅਮਰਜੀਤ ਸਿੰਘ ਤੂਰ**

# ਸਾਦੀਆ ਤੇ ਅਲਕਾਜ਼ੀ ਬਨਾਮ ਕੰਵਲ ਤੇ ਟਿਵਾਣਾ

## ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕਰੋਨਾ ਮਹਾਮਾਰੀ ਦੇ ਸੰਕਟ ਕਾਲ ਵਿਚ ਅੱਧੀ ਦਰਜਨ ਫਿਲਮੀ ਸਿਤਾਰਿਆਂ ਵਲੋਂ ਖੁਦਕੁਸ਼ੀ ਤੇ ਚਾਰ ਸਾਹਿਤਕ ਜਗਤ ਦੇ ਮਹਾਰਥੀਆਂ ਦਾ ਤੁਰ ਜਾਣਾ ਇਕ ਵਿਚਿੱਤਰ ਤੇ ਸਬੱਬੀ ਵਰਤਾਰਾ ਹੈ। 2020 ਦੀ ਜਨਵਰੀ ਦੇ ਅੰਤ ਤੇ ਫਰਵਰੀ ਦੇ ਸ਼ੁਰੂ ਵਿਚ ਪੰਜਾਬੀ ਸਾਹਿਤ ਸੰਸਾਰ ਦੇ ਜਸਵੰਤ ਸਿੰਘ ਕੰਵਲ ਤੇ ਦਲੀਪ ਕੌਰ ਟਿਵਾਣਾ ਇੱਕ ਦੂਜੇ ਤੋਂ ਚੌਵੀ ਘੰਟਿਆਂ ਦੇ ਅੰਦਰ ਅੰਦਰ ਅਲਵਿਦਾ ਕਹਿ ਗਏ ਤੇ ਪਿਛਲੇ ਹਫਤੇ ਉਰਦੂ ਅਦਬ ਦੇ ਸ਼ਾਹਸਵਾਰ ਇਬਰਾਹੀਮ ਅਲਕਾਜ਼ੀ ਤੇ ਸਾਦੀਆ ਦਿਲਹਵੀ ਉਨ੍ਹਾਂ ਵਾਂਗ ਇੱਕ ਦੂਜੇ ਦੇ ਅੱਗੇ ਪਿੱਛੇ ਤੁਰ ਗਏ। ਜਿੱਥੇ ਪੰਜਾਬੀ ਦੇ ਮਹਾਰਥੀ ਗਲਪ ਰਚਨਾ ਨੂੰ ਪ੍ਰਨਾਏ ਹੋਏ ਪੰਜਾਬ ਦੇ ਮਾਲਵਾ ਖੇਤਰ ਦੇ ਸਿੱਖ ਪਰਿਵਾਰਾਂ ਵਿਚੋਂ ਸਨ, ਉੱਥੇ ਉਰਦੂ ਦੇ ਸ਼ਾਹ ਸਵਾਰ ਰੰਗ-ਮੰਚ ਵਿਚ ਵਿਚਰਨ ਵਾਲੇ ਭਾਰਤ ਦੀ ਰਾਜਧਾਨੀ ਦਿੱਲੀ ਦੇ ਮੁਹਤਬਰ ਵਸਨੀਕ ਸਨ। ਉਨ੍ਹਾਂ ਦਾ ਯੋਗਦਾਨ ਉੱਤਮ ਤੇ ਵਡਮੁੱਲਾ ਸੀ। ਪੰਜਾਬੀ ਵਾਲਿਆਂ ਦੀ ਗੱਲ ਹੋ ਚੁਕੀ ਹੈ, ਦੂਜਿਆਂ ਦੀ ਕਰਦੇ ਹਾਂ।



ਸਾਦੀਆ ਦਿਲਹਵੀ



ਇਬਰਾਹੀਮ ਅਲਕਾਜ਼ੀ

ਇਬਰਾਹੀਮ ਅਲਕਾਜ਼ੀ ਨੇ ਨਾਟਕਾਂ ਦੀ ਪੇਸ਼ਕਾਰੀ ਨੂੰ ਨਵੀਨ ਲੀਹਾਂ ਉੱਤੇ ਤੋਰਿਆ। ਦਿੱਲੀ, ਫਰੀਦਾਬਾਦ, ਗੁੜਗਾਓਂ, ਸੋਨੀਪਤ ਤੇ ਨਾਜ਼ਫਗੜ੍ਹ ਦੇ ਨਾਟਕ ਪ੍ਰੇਮੀ 1974 ਵਿਚ ਉਸ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਤਿੰਨ ਨਾਟਕਾਂ ਨੂੰ ਕਦੀ ਨਹੀਂ ਭੁਲਾ ਸਕਦੇ। ਧਰਮ ਵੀਰ ਭਾਰਤੀ ਰਚਿਤ 'ਅੰਧਾ ਯੁਗ', ਗਰੀਸ਼ ਕਰਨਰਡ ਦੇ 'ਤੁਗਲਕ' ਤੇ ਬਲਵੰਤ ਗਾਰਗੀ ਦੇ ਨਾਟਕ 'ਰਜ਼ੀਆ ਸੁਲਤਾਨਾ' ਦੀ ਪੇਸ਼ਕਾਰੀ ਲਈ ਉਸ ਨੇ ਬੰਦ ਕਮਰਿਆਂ ਵਾਲੇ ਵੱਡੇ ਹਾਲ ਨਹੀਂ ਚੁਣੇ, ਸਗੋਂ ਦਿੱਲੀ ਦੇ ਕੋਟਲਾ ਫਿਰੋਜ਼ਸ਼ਾਹ ਦੇ ਪੁਰਾਣੇ ਕਿਲੇ ਦੇ ਖੰਡਰਾਂ ਵਿਚ ਨਵੀਂ ਰੂਹ ਫੂਕੀ। ਉਨ੍ਹੀਂ ਦਿਨੀਂ ਦਿੱਲੀ ਨਿਵਾਸੀ ਹੋਣ ਦੇ ਨਾਤੇ ਮੈਂ ਇਨ੍ਹਾਂ ਦੀ ਪੇਸ਼ਕਾਰੀ ਦਾ ਚਸ਼ਮਦੀਦ ਗਵਾਹ ਹਾਂ।

ਨਾਟਕਾਂ ਦੇ ਪਾਤਰਾਂ ਦਾ ਪਹਿਰਾਵਾ, ਅਵਾਜ਼ ਦੀ ਬੁਲੰਦੀ ਤੇ ਸੰਗੀਤ ਦੀਆਂ ਧੁਨਾਂ ਪੁਰਾਣੇ ਕਿਲੇ ਦੀਆਂ ਕੰਧਾਂ ਤੇ ਖੰਡਰਾਂ ਨੂੰ ਗੂੰਜਣ ਨਹੀਂ ਦਿੰਦੇ ਹਨ। ਗਾਰਗੀ ਦੇ ਕਥਨ ਅਨੁਸਾਰ ਉਸ ਨੂੰ ਰਜ਼ੀਆ ਸੁਲਤਾਨਾ ਵੇਖਦੇ ਸਮੇਂ ਇੰਜ ਨਹੀਂ ਸੀ ਲੱਗ ਰਿਹਾ ਕਿ ਉਸ ਦਾ ਲਿਖਿਆ ਨਾਟਕ ਖੇਡਿਆ ਜਾ ਰਿਹਾ ਹੈ। ਜਦੋਂ ਬਲਵੰਤ ਨੇ ਇਹ ਸ਼ਬਦ ਅਲਕਾਜ਼ੀ ਨੂੰ ਕਹੇ, ਮੈਂ ਉਸ ਦੇ ਕਰਜ਼ਨ ਰੋਡ ਉੱਤੇ ਪੈਂਦੇ ਨਿਕਚੂ ਜਿਹੇ ਘਰ ਵਿਚ, ਜਿਸ ਨੂੰ ਬਲਵੰਤ ਗਾਰਗੀ ਨੇ 'ਕਾਸ਼ਨੀ ਵਿਹੜਾ' ਨਾਂ ਦੇ ਰਖਿਆ ਸੀ, ਹਾਜ਼ਰ ਸਾਂ। ਉਹਦੇ ਵਿਹੜੇ ਵਿਚ ਮੈਂ ਹਰਪਾਲ ਟਿਵਾਣਾ, ਓਮਪੁਰੀ, ਰਾਜ ਬੱਬਰ, ਅਮਰੀਕ ਗਿੱਲ ਤੇ ਨੀਲਮ ਮਾਨ ਸਿੰਘ ਜਿਹੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਮਿਲਦਾ ਰਿਹਾ ਹਾਂ, ਜਿਨ੍ਹਾਂ ਨੂੰ ਅਲਕਾਜ਼ੀ ਵੱਖੋ ਵੱਖਰੇ ਢੰਗ ਅਤੇ ਸ਼ਬਦਾਂ ਰਾਹੀਂ ਵਾਰ ਵਾਰ ਇਹੀਓ ਜਤਾਉਂਦਾ ਸੀ ਕਿ ਨਾਟਕਕਾਰੀ ਜੀਵੰਤ ਕਲਾ ਹੈ ਤੇ ਇਸ ਨੂੰ ਜਿਉਂਦੀ ਰੱਖਣਾ ਅਭਿਨੈਕਾਰਾਂ ਦੇ ਹੱਥ ਹੁੰਦਾ ਹੈ, ਲਿਖਣ ਵਾਲਿਆਂ ਦੇ ਨਹੀਂ।

ਅਲਕਾਜ਼ੀ 1962 ਤੋਂ 1977 ਤੱਕ ਪੂਰੇ ਪੰਦਰਾਂ ਸਾਲ ਐਨ. ਐਸ. ਡੀ. ਦਾ ਡਾਇਰੈਕਟਰ ਰਿਹਾ ਤੇ ਵਿਅਕਤੀ ਨਾ ਰਹਿ ਕੇ ਇੱਕ ਸੰਸਥਾ ਦਾ ਰੂਪ ਧਾਰ ਗਿਆ। ਉਸ ਨੇ ਰੰਗ ਮੰਚ ਦੀ ਦੁਨੀਆਂ ਨੂੰ ਕਾਵਿਕ ਉੱਤਮਤਾ ਹੀ ਨਹੀਂ ਦਿੱਤੀ, ਫਿਲਮ ਜਗਤ ਵਾਲੀ ਪਛਾਣ ਵੀ ਪ੍ਰਦਾਨ ਕੀਤੀ। ਉਸ ਦੇ ਨਾਟਕਾਂ ਨੂੰ ਵੇਖਣ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਡਾ. ਜ਼ਾਕਿਰ ਹੁਸੈਨ ਵੀ ਪਹੁੰਚੇ।

ਜਿੱਥੋਂ ਤੱਕ ਸਾਦੀਆ ਦਿਹਲਵੀ ਦਾ ਸਬੰਧ ਹੈ, ਉਸ ਦੀ ਯਾਦ ਮੈਨੂੰ ਖੁਸ਼ਵੰਤ ਸਿੰਘ ਦੇ ਸੁਜਾਨ ਸਿੰਘ ਪਾਰਕ ਵਾਲੇ ਘਰ ਲੈ ਜਾਂਦੀ ਹੈ। ਜਿੱਥੇ ਉਹ ਅਕਸਰ ਆਉਂਦੀ ਸੀ। ਉਸ ਦੀ ਆਮਦ ਮੀਰ ਤਕੀ ਮੀਰ ਦੇ ਸ਼ਿਅਰ, "ਵੁਹ ਆਏ ਬਜ਼ਮ ਮੇਂ ਬਸ ਇਤਨਾ ਤੋ ਪੀਰ ਨੇ ਦੇਖਾ, ਕਿ ਉਸ ਕੇ ਬਾਅਦ ਚਿਰਾਗੋਂ ਮੇਂ ਰੋਸ਼ਨੀ ਨਾ ਰਹੀ" ਵਾਂਗ ਹੁੰਦੀ ਸੀ।

ਆਪਣੇ ਨਾਂ ਨਾਲ ਲੱਗੇ ਦਿਹਲਵੀ ਸ਼ਬਦ ਵਾਂਗ ਉਹ ਦਿੱਲੀ ਦੀ ਧੜਕਣ ਸੀ। ਸੂਫੀਮਤ ਤੇ ਦਿੱਲੀ ਦੀਆਂ ਸੂਫੀ ਦਰਗਾਹਾਂ ਨੂੰ ਪ੍ਰਨਾਈ ਸਾਦੀਆ ਚਾਰ ਦਹਾਕੇ ਆਪਣੀਆਂ ਲਿਖਤਾਂ ਰਾਹੀਂ 'ਤੇ ਹੋਰ ਵਿਧੀਆਂ ਰਾਹੀਂ ਦਿੱਲੀ ਦੀ ਵਿਰਾਸਤ, ਇਸਲਾਮਿਕ ਅਧਿਆਤਮਕਤਾ ਤੇ ਔਰਤਾਂ ਦੇ ਮਾਣ-ਮਰਿਆਦਾ ਦੀ ਬਾਤ ਪਾਉਂਦੀ ਰਹੀ। ਇਹ ਵਾਲੀ ਭਾਵਨਾ ਉਸ ਦੇ ਖੂਨ ਵਿਚ ਸੀ। ਮੈਂ ਯੂਨਿਸ ਦਿਹਲਵੀ, ਇਕਰਸ ਦਿਹਲਵੀ ਤੇ ਇਲਿਆਸ ਦਿਹਲਵੀ ਦੇ ਪ੍ਰਕਾਸ਼ਨ ਤੇ ਸੰਪਾਦਨ ਵਾਲਾ 'ਸ਼ਬੱਸਤਾਂ' ਨਾਂ ਦਾ ਡਾਈਜੈਸਟ ਅੱਜ ਤੱਕ ਸਾਂਭ ਕੇ ਰੱਖਿਆ ਹੋਇਆ ਹੈ, ਜੋ 1969 ਵਿਚ ਮਿਰਜਾ ਗ਼ਾਲਿਬ ਦੀ 100ਵੀਂ ਬਰਸੀ ਸਮੇਂ ਸਾਦੀਆ ਪਰਿਵਾਰ ਨੇ ਜਾਰੀ ਕੀਤਾ ਸੀ। ਇਸ ਵਿਚ ਮਿਰਜ਼ਾ ਗ਼ਾਲਿਬ ਦੇ ਜੀਵਨ, ਕਲਾਮ ਤੇ ਸਮਕਾਲ ਬਾਰੇ ਬਹਾਦਰ ਸ਼ਾਹ ਜ਼ਫਰ, ਜਿਗਰ ਮੁਰਾਦਾਬਾਦੀ, ਜ਼ਾਕਿਰ ਹੁਸੈਨ, ਅੱਲਾਮਾ ਇਕਬਾਲ, ਸੱਜਾਦ ਅਲੀ ਖਾਂ ਅਖਤਰ, ਫੈਜ਼ ਅਹਿਮਦ ਫੈਜ਼, ਸਰ ਸਈਅਦ ਅਹਿਮਦ ਖਾਨ, ਅਰਸ਼ ਮਲਸਿਆਨੀ, ਮਾਲਿਕ ਰਾਮ, ਅਬਦੂਰ ਰਹਿਮਾਨ ਬਿਜਨੌਰੀ, ਸਰ ਅਬਦੁਲ ਕਾਦਿਰ ਫਿਕਰ ਤੌਂਸਵੀ, ਪੰਡਿਤ ਜੀਆ ਲਾਲ ਕੌਲ ਦੇ ਹੀ ਲੇਖ ਨਹੀਂ, ਹਮੀਦ ਅਹਿਮਦ ਖਾਂ ਵਲੋਂ ਗ਼ਾਲਿਬ ਦੀ ਨੂੰਹ ਨਾਲ ਕੀਤੀ ਇੱਕ ਮੁਲਾਕਾਤ ਤੇ ਹਮੀਦਾ ਸੁਲਤਾਨ ਦੀ ਰਚਨਾ 'ਗ਼ਾਲਿਬ ਦੀ ਮਹਿਬੂਬਾ' ਵੀ ਸ਼ਾਮਲ ਹੈ।

ਕੁਝ ਸ਼ਿਅਰ ਮੁਲਾਹਿਜ਼ਾ ਫਰਮਾਓ, ਜੋ ਹਮੀਦਾ ਦੇ ਕਥਨ ਅਨੁਸਾਰ ਮਿਰਜ਼ਾ ਗ਼ਾਲਿਬ ਵਲੋਂ ਆਪਣੀ ਮਹਿਬੂਬ ਨੂੰ ਸੰਬੋਧਨ ਸਨ,

(1) ਜਹਾਂ ਤੇਰਾ ਨਕਸ਼-ਏ-ਕਦਮ ਦੇਖਤੇ ਹੈਂ
ਖਯਾਬਾਂ ਖਯਾਬਾਂ ਅਰਮ ਦੇਖਤੇ ਹੈਂ।

(2) ਦੇਖਨਾ ਤਕਰੀਰ ਕੀ ਲਜ਼ਤ
ਕਿ ਜੋ ਉਸ ਨੇ ਕਹਾ
ਮੈਨੇ ਯੇਹ ਜਾਨਾ ਕਿ ਗੋਯਾ ਯੇਹ ਭੀ
ਮੇਰੇ ਦਿਲ ਮੇਂ ਹੈ।

(3) ਕਹਿਰ ਹੋ, ਬਲਾ ਹੋ, ਜੋ ਕੁੱਛ ਭੀ ਹੋ
ਕਾਸ਼ ਕਿ ਤੁੱਮ ਮੇਰੇ ਲਿਯੇ ਹੋਤੇ

ਮੈਨੂੰ ਸਾਦੀਆ ਦਿਹਲਵੀ ਦੇ ਅਕਾਲ ਚਲਾਣੇ ਦੀ ਖਬਰ ਪੰਜਾਬੀ ਸਾਹਿਤ ਸਭਾ ਦਿੱਲੀ ਦੀ ਚੇਅਰਪਰਸਨ ਰੇਣੁਕਾ ਸਿੰਘ ਨੇ ਦਿੱਤੀ, ਜੋ ਖੁਦ ਸਾਦੀਆ ਨੂੰ ਖੁਸ਼ਵੰਤ ਸਿੰਘ ਦੇ ਘਰ ਮਿਲਦੀ ਰਹੀ ਹੈ। ਉਸ ਨੇ ਦੱਸਿਆ ਕਿ ਸਾਦੀਆ ਨੂੰ ਛਾਤੀ ਦਾ ਕੈਂਸਰ ਸੀ, ਪਰ ਉਸ ਦੇ ਲਹਿਜੇ ਤੇ ਵਰਤਾਰੇ ਤੋਂ ਕਿਸੇ ਨੂੰ ਇਸ ਦਾ ਪਤਾ ਨਹੀਂ ਸੀ ਲਗਦਾ।

ਮੇਰੇ ਕੋਲ ਵੀ ਇਸ ਦੀ ਪੁਸ਼ਟੀ ਹੈ। ਮੈਂ ਅੱਜ ਕੱਲ ਮਿਰਜ਼ਾ ਗ਼ਾਲਿਬ ਬਾਰੇ ਇਕ ਕਿਤਾਬ ਤਿਆਰ ਕਰ ਰਿਹਾ ਹਾਂ, ਜਿਸ ਵਿਚ ਉਰਦੂ ਰਸਾਲੇ 'ਸ਼ਬਸਤਾਂ' ਵਿਚੋਂ ਕੁਝ ਸਮੱਗਰੀ ਵਰਤਣੀ ਚਾਹੁੰਦਾ ਸਾਂ। ਮੈਂ ਖੁਸ਼ਵੰਤ ਸਿੰਘ ਦੇ ਬੇਟੇ ਰਾਹੁਲ ਸਿੰਘ ਤੋਂ ਸਾਦੀਆ ਦਾ ਫੋਨ ਲੈ ਕੇ ਦਿਹਲਵੀ ਪਰਿਵਾਰ ਦੀ ਪ੍ਰਵਾਨਗੀ ਲੈਣੀ ਚਾਹੀ ਤਾਂ ਮੈਨੂੰ ਸਾਦੀਆ ਦੀ ਅਵਾਜ਼ ਤੋਂ ਉੱਕਾ ਹੀ ਨਹੀਂ ਸੀ ਜਾਪਿਆ ਕਿ ਉਹ ਕੈਂਸਰ ਤੋਂ ਪੀੜਤ ਹੈ। ਇਸ ਘਟਨਾ ਨੂੰ ਦੋ ਮਹੀਨੇ ਵੀ ਨਹੀਂ ਹੋਏ।

ਇਹ ਵੀ ਦੱਸ ਦਿਆਂ ਕਿ ਇਸ ਲੇਖ ਵਾਲੀਆਂ ਚਾਰੇ ਹਸਤੀਆਂ ਕਰੋਨਾ ਦਾ ਸ਼ਿਕਾਰ ਨਹੀਂ ਹੋਈਆਂ, ਕੁਦਰਤੀ ਮੌਤ ਮਰੀਆਂ ਹਨ। ਕੰਵਲ ਸੌ ਸਾਲ ਦਾ ਹੋ ਕੇ, ਅਲਕਾਜ਼ੀ 94 ਵਰ੍ਹਿਆ ਦਾ ਅਤੇ ਟਿਵਾਣਾ ਪੱਚਾਸੀਆਂ ਦੀ। ਸਾਦੀਆ ਦੀ ਗੱਲ ਹੋਰ ਹੈ। ਚਾਰ ਦੇ ਚਾਰ ਅਮਰ ਹਨ। ਜ਼ਿੰਦਾਬਾਦ!

**ਅੰਤਿਕਾ: ਅੱਲਾਮਾ ਇਕਬਾਲ ਦਾ ਮਿਰਜ਼ਾ ਗ਼ਾਲਿਬ?**

ਦੀਦ ਤੇਰੀ ਆਖ ਕੋ
ਉਸ ਹੁਸਨ ਕੀ ਮੰਜ਼ੂਰ ਹੈ
ਬਨ ਕੇ ਸੋਜ਼-ਏ-ਜ਼ਿੰਦਗੀ
ਹਰ ਸ਼ੈ ਮੇ ਜੋ ਮਸਤੂਰ ਹੈ।
ਐ ਜਹਾਂ ਆਬਾਦ!
ਐ ਗਹਿਵਾਰਾ-ਏ-ਇਲਮ-ਓ-ਹੁਨਰ
ਹੈ ਸਰਾਪਾ ਨਾਲਾ-ਏ-ਖਾਮੋਸ਼
ਤੇਰੇ ਬਾਮ-ਓ-ਦਰ,
ਜ਼ੱਰੇ-ਜ਼ੱਰੇ ਮੇਂ ਤਿਰੇ ਖਵਾਬੀਦਾ
ਹੈ ਸ਼ਮਸ-ਓ-ਕਮਰ
ਯੂੰ ਤੋ ਪੋਸ਼ੀਦਾ ਹੈ
ਤੇਰੀ ਖਾਕ ਮੇਂ ਲਾਖੋਂ ਗੁਹ।

# ਦਰਦ ਵਿਛੋੜੇ ਦਾ

ਕਰਮ ਸਿੰਘ ਮਾਨ

"ਜੇ ਮੈਂ ਤੇਰੇ ਨਾਲੋਂ ਪਹਿਲਾਂ ਮਰਿਆ, ਤੈਨੂੰ ਪੈਨਸ਼ਨ ਮਿਲੂਗੀ ਅਤੇ ਜੇ ਤੂੰ ਪਹਿਲਾਂ ਮਰੀ ਤਾਂ ਮੈਨੂੰ ਟੈਨਸ਼ਨ ਮਿਲੂਗੀ।" ਮੈਂ ਇਕ ਦਿਨ ਸੁਤੇ-ਸਿੱਧ ਗੱਲਾਂ ਕਰਦਿਆਂ ਆਪਣੀ ਪਤਨੀ ਨੂੰ ਕਿਹਾ ਸੀ। ਉਹ ਪੈਨਸ਼ਨ ਲੈਣ ਤੋਂ ਮੁਨਕਰ ਹੋ ਗਈ ਹੈ ਤੇ ਮੈਂ ਟੈਨਸ਼ਨ ਨੂੰ ਆਪਣੀ ਹੋਣੀ ਸਮਝ ਲਿਆ ਹੈ।

ਜਦੋਂ ਮੈਂ ਉਸ ਨੂੰ ਪਹਿਲੀ ਵਾਰ ਵੇਖਿਆ, ਉਸ ਦੇ ਗਲ ਵਿਚ ਤਬੀਤੀ ਸੀ, ਸੋਨੇ ਦੀ। ਇਹ ਤਬੀਤੀ ਕਿਵੇਂ ਤੇ ਕਦੋਂ ਉਸ ਦੇ ਗਲ ਦਾ ਸ਼ਿੰਗਾਰ ਬਣੀ, ਇਹ ਤਾਂ ਮੈਨੂੰ ਪਤਾ ਨਹੀਂ; ਉਸ ਦੇ ਗਲ ਵਿਚੋਂ ਤਬੀਤੀ ਗਈ ਤੇ ਕਿਰਪਾਨ ਪਈ, ਇਸ ਦਾ ਮੈਨੂੰ ਪਤਾ ਹੈ। ਇਹ ਕਿਰਪਾਨ ਮਰਦੇ ਦਮ ਤੱਕ ਉਸ ਦੇ ਨਾਲ ਸਾਥ ਨਿਭਾ ਗਈ, ਚਿਖਾ 'ਚ ਉਸ ਨਾਲ ਪੈ ਕੇ। ਉਹ ਆਪ ਚਿੱਖਾ 'ਚ ਮੱਚ ਗਈ। ਉਹ ਨੇ ਆਪਣੇ ਆਪ ਨੂੰ ਭੱਠੀ 'ਚ ਢਾਲ ਲਿਆ ਤੇ ਸਤੀ ਹੋ ਕੇ ਜੀਵਨ ਦਾ ਸਾਥ ਨਿਭਾ ਦਿੱਤਾ।

ਉਹ ਮੇਰੀ ਸਾਥਣ ਕਿਵੇਂ ਮਿਲ ਗਈ? ਬੱਸ ਸਬੱਬ ਈ ਬਣ ਗਿਆ। ਮੈਂ ਦਸਵੀਂ ਪਾਸ ਕੀਤੀ ਅਤੇ ਜੇ. ਬੀ. ਟੀ. ਦੀ ਟ੍ਰੇਨਿੰਗ ਪਾਸ ਕਰਕੇ ਮਾਸਟਰ ਲੱਗ ਗਿਆ। ਮੈਂ ਪਹਿਲੀ ਕਵਿਤਾ ਲਿਖੀ ਅਤੇ ਉਹੀ 'ਆਰਸੀ' ਵਿਚ ਪ੍ਰਕਾਸ਼ਿਤ ਕਰਨ ਲਈ ਭੇਜ ਦਿੱਤੀ। ਉਹ ਤਾਂ ਕੀ ਛਪਣੀ ਸੀ? "ਕਵਿਤਾ ਛਪ ਨਹੀਂ ਸਕਦੀ, ਭੇਜਣ ਲਈ ਧੰਨਵਾਦ।" ਢਾਕ 'ਚ ਆਏ ਕਾਰਡ ਦੀ ਇਬਾਰਤ ਸੀ। ਮੇਰੇ ਵੱਡੇ ਭਰਾ ਨੇ ਇਹ ਕਾਰਡ ਸੱਤਵੀਂ 'ਚ ਮੇਰੇ ਨਾਲ ਪੜ੍ਹਦੇ ਗਿੰਦਰ ਤੋਂ ਪੜ੍ਹਾ ਲਿਆ ਸੀ। "ਇਹ ਕਿਸੇ ਕੁੜੀ ਦੀ ਚਿੱਠੀ ਹੈ" ਇਹ ਸ਼ਬਦ ਘਰ ਦਿਆਂ ਦੀ ਨਜ਼ਰ ਵਿਚ ਮੈਨੂੰ ਅਵਾਰਾਗਰਦ ਤੇ ਲਫੰਗਾ ਗਰਦਾਨਣ ਲਈ ਕਾਫੀ ਸੀ। ਖੈਰ! ਕਵਿਤਾ ਤਾਂ ਨਾ ਛਪੀ, ਪਰ ਉਸ ਅਣਛਪੀ ਕਵਿਤਾ ਦਾ ਮੈਨੂੰ ਅਣਕਿਆਸਿਆ ਮੁੱਲ ਮਿਲ ਗਿਆ, ਕਵਿਤਾ ਦੇ ਮੁੱਲ 'ਚ ਇਹ ਮਿਲ ਗਈ, ਜਿਸ ਨੂੰ ਮੈਂ ਉਦੋਂ ਕਦੇ ਪਰਵਾਨ ਨਹੀਂ ਕੀਤਾ, ਪਰ ਅੱਜ ਉਹ ਮੇਰੇ ਚਲਦੇ ਹਰ ਸਾਹ 'ਚ ਰਮ ਗਈ ਹੈ।

ਉਸ ਦਾ ਕਿਸੇ ਦਿਨ ਵੀ ਮੇਰੇ ਵਿਚੋਂ ਵਿਸ਼ਵਾਸ ਨਹੀਂ ਟੁੱਟਿਆ। ਜੇ ਕਿਸੇ ਹੋਰ ਲੰਡਰ ਜੋੜੇ ਦੀ ਉਸ ਕੋਲ ਗੱਲ ਕਰਨੀ ਤਾਂ ਉਹ ਆਖਦੀ, "ਕਿਸੇ ਦੀ ਗੱਲ ਕੀ ਕਰਨੀ, ਹਰ ਇੱਕ ਦਾ ਆਪੋ ਆਪਣਾ ਧਰਮ ਹੁੰਦਾ ਹੈ।" ਉਹ ਆਪਣੀ ਮਸਤ ਚਾਲ ਚਲਦੀ ਗਈ, ਬਿਨਾ ਕਿਸੇ ਸ਼ਿਕਵੇ-ਸ਼ਿਕਾਇਤ ਦੇ।

ਉਹ ਚਾਰ ਬੱਚਿਆਂ ਦੀ ਮਾਂ ਬਣੀ-ਤਿੰਨ ਲੜਕੇ ਤੇ ਇੱਕ ਲੜਕੀ। ਮਾਂ ਵਰਗੇ ਸੋਹਣੇ-ਸੁਨੱਖੇ ਤੇ ਰਿਸ਼ਟ-ਪੁਸ਼ਟ। ਉਸ ਨੇ ਬੜੀ ਰੀਝ ਨਾਲ ਪਾਲੇ-ਪੋਸੇ ਅਤੇ ਪੜ੍ਹਾਏ। ਮੈਂ ਤਾਂ ਯੂਨੀਅਨ 'ਚ ਧੱਕੇ ਖਾਂਦਾ ਕਿੰਨੇ ਹੀ ਦਿਨ ਘਰੇ ਨਾ ਮੁੜਦਾ। ਬੱਸ ਪਰਿਵਾਰ ਦਾ ਉਸ ਨੂੰ ਹੀ ਸੀ ਸਾਰਾ ਫਿਕਰ ਰਹਿੰਦਾ।

ਸਾਰੀ ਉਮਰ ਉਹ ਮੇਰੇ ਪਿੱਛੇ ਲੱਗ ਕੇ ਤੁਰਦੀ ਰਹੀ। ਅੱਗੇ ਤਾਂ ਕੀ ਤੁਰਨਾ ਸੀ, ਉਸ ਨੇ ਬਰਾਬਰ ਹੋ ਕੇ ਵੀ ਤੁਰ ਕੇ ਨਾ ਵੇਖਿਆ। ਉਸ ਨੇ ਅਨੰਦ ਕਾਰਜ ਸਮੇਂ ਦੀ ਗੱਲ ਯਾਦ ਰੱਖੀ, ਪੱਲਾ ਫੜ੍ਹ ਕੇ ਪਿੱਛੇ ਤੁਰਨ ਦੀ, ਪਤੀ ਨੂੰ ਪਰਮੇਸ਼ਰ ਸਮਝਣ ਦੀ; ਪਰ ਅਮਰੀਕਾ ਜਾ ਕੇ ਅਜ਼ਾਦਾਨਾਂ ਸੋਚ ਜਾਗੀ, ਬੁਢੇਪੇ 'ਚ ਉਸ ਵਿਚ ਮਰੀ ਤੇ ਦੱਬੀ ਰੀਝ ਕਿਵੇਂ ਜਾਗ ਪਈ? ਇਸ ਨੂੰ ਵੇਖ ਕੇ ਮੈਂ ਹਰਾਨ ਤਾਂ ਹੋਣਾ ਹੀ ਸੀ!

ਸਵੇਰ ਦੇ ਸੱਤ ਵਜੇ, ਆਪਣੇ ਸੁਭਾ ਦੇ ਉਲਟ ਉਹ ਮੇਰੇ ਨਾਲ ਸੈਰ 'ਤੇ ਜਾਣ ਲੱਗ ਪਈ। ਇਕ ਦਿਨ ਉਹ ਸਵੇਰੇ ਸੈਰ ਕਰਨ ਸਮੇਂ ਮੇਰੇ ਹੱਥ ਵਿਚ ਹੱਥ ਫੜ ਕੇ ਮੇਰੇ ਨਾਲ ਬਰਾਬਰ ਤੁਰ ਪਈ। ਮੇਰੇ ਨਾਂਹ-ਨੁੱਕਰ ਕਰਨ ਦੇ ਬਾਵਜੂਦ ਤੁਰਦੀ ਰਹੀ। ਹੋਰ ਸੜਕ ਤੇ ਲੰਘਦੇ ਨੌਜਵਾਨ ਜੋੜਿਆਂ ਵੱਲ ਵੇਖ ਕੇ ਹਸਰਤ ਭਰੀ ਨਿਗ੍ਹਾ ਨਾਲ ਉਨ੍ਹਾਂ ਵੱਲ ਵੇਖਦੀ।

"ਬੁੱਢੇ ਵਾਰੇ ਇਹ ਠਰਕ ਭੋਗਣ ਦੀ ਤੈਨੂੰ ਕਿੱਥੋਂ ਸੁੱਝੀ?" ਮੈਂ ਪੁੱਛਿਆ।

ਮੇਰਾ ਸਵਾਲ ਸੁਣਨ ਤੋਂ ਪਹਿਲਾਂ ਹੀ ਬੋਲ ਉਠੀ, "ਜਵਾਨੀ ਵੇਲੇ ਤਾਂ ਤੂੰ ਮੈਨੂੰ ਕਿਤੇ ਬਾਹਰ ਲੈ ਕੇ ਨਹੀਂ ਗਿਆ। ਸਾਰੀ ਉਮਰ ਤੇਰੇ ਜੁਆਕਾਂ ਦੇ ਪੋਤੜੇ ਧੋਂਦੀ ਦੇ ਲੰਘ ਗਏ। ਹੋਰ ਸਾਰੇ ਕੰਮ ਮੇਰੇ ਜੁੰਮੇ।

ਉਹ ਸਵੇਰ ਦੇ ਤਿੰਨ ਵਜੇ ਉੱਠਦੀ। ਦਾਤਣ ਕਰਕੇ, ਪੇਟ ਸਾਫ ਕਰ ਕੇ ਨਹਾਉਂਦੀ। ਪੰਜ ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਕਰਦੀ। ਪਹਿਲਾਂ ਮੱਝਾਂ ਲਈ ਪੱਠੇ ਪਾ ਕੇ ਉਸ ਤੋਂ ਪਿੱਛੋਂ ਚਾਹ ਬਣਾ ਕੇ ਨਾਸ਼ਤਾ ਤਿਆਰ ਕਰਦੀ। ਦਿਨ ਦੇ ਕੰਮਾਂ ਵਿਚ ਇਸ ਤਰ੍ਹਾਂ ਰੁੱਝ ਜਾਂਦੀ, ਉਸ ਨੂੰ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ। ਰਾਤ ਦੇ ਦਸ ਵਜੇ ਉਹ ਮੰਜੇ 'ਤੇ ਡਿਗਦੀ। ਉਹ ਧੌਲਾ ਬਲਦ ਸੀ, ਜਿਸ ਦੇ ਮੋਢਿਆਂ 'ਤੇ ਸਾਰੇ ਪਰਿਵਾਰ ਦਾ ਭਾਰ ਟਿਕਿਆ ਰਹਿੰਦਾ। ਨਿੱਕੀ ਤੋਂ ਵੱਡੀ ਗੱਲ ਦਾ ਖਿਆਲ ਉਸ ਨੂੰ ਰਹਿੰਦਾ। ਕਿਹੜੀ ਕਿਹੜੀ ਗੱਲ ਦੀ ਗੱਲ ਕਰੀਏ, ਉਸ ਬਾਰੇ ਨਿਗੁਣੀਆਂ ਗੱਲਾਂ ਵੀ ਹੁਣ ਮਨ ਖਰੋਚ ਦਿੰਦੀਆਂ ਹਨ।

ਗੱਲ ਉਨ੍ਹਾਂ ਦਿਨਾਂ ਦੀ ਹੈ, ਜਦ ਪੰਜਾਬ ਵਿਚ ਨਕਸਲੀ ਲਹਿਰ ਭਰ ਜੋਬਨ 'ਤੇ ਸੀ। ਘਰੇ ਬਹੁਤ ਸਾਰਾ ਕੀਮਤੀ ਲਿਟਰੇਚਰ ਪਿਆ ਸੀ। ਮਾਰਕਸਵਾਦ ਬਾਰੇ ਛੇ-ਸੱਤ ਕਿਤਾਬਾਂ। ਇਨ੍ਹਾਂ ਵਿਚ ਚੀ ਗਵੇਰਾ ਦੀ ਲਾਲ ਪੁਸਤਕ ਤੇ ਹੋਰ ਰੂਸੀ ਸਾਹਿਤ। ਇੱਕ ਪਾਸੇ ਪੰਦਰਾਂ ਪੁਲੀਟੀਕਲ ਸਾਇੰਸ ਦੀਆਂ ਟੈਕਸਟ ਬੁੱਕਾਂ। ਇੱਕ ਸ਼ਾਮ ਸੱਤ ਕੁ ਵਜੇ ਆ ਕੇ ਵੇਖਿਆ, ਸਾਰੀਆਂ ਕਿਤਾਬਾਂ ਗਾਇਬ ਸਨ। ਮੈਂ ਸਮਝਿਆ ਸ਼ਾਇਦ ਕਿਸੇ ਪਾਸੇ ਘਰ ਵਿਚ ਰੱਖ ਦਿੱਤੀਆਂ ਹੋਣ। ਬੁੱਕ ਸ਼ੈਲਫ ਤਾਂ ਘਰੇ ਕੋਈ ਹੈ ਨਹੀਂ ਸੀ। ਉਸ ਤੋਂ ਅਗਲੇ ਦਿਨ ਮੈਂ ਚੰਡੀਗੜ੍ਹ ਚਲਾ ਗਿਆ। ਤੀਜੇ ਦਿਨ ਜਦੋਂ ਮੈਂ ਘਰ ਵਾਪਸ ਆਇਆ, ਕਿਤਾਬਾਂ ਬਾਰੇ ਪੁੱਛਿਆ, "ਕਿੱਥੇ ਰੱਖ ਦਿੱਤੀਆਂ ਕਿਤਾਬਾਂ?"

"ਕੋਈ ਨਾ, ਨਵੀਆਂ ਲੈ ਆਈ।" ਉਹ ਹੀਂ ਹੀਂ ਕਰਕੇ ਹੱਸ ਪਈ। ਉਹ ਕਿਸੇ ਗੁਨਾਹਗਾਰ ਵਾਂਗ ਮੇਰੇ ਨਾਲ ਅੱਖ ਨਹੀਂ ਲੜਾਉਂਦੀ। ਜਦੋਂ ਮੈਂ ਸਖਤੀ ਨਾਲ ਪੁੱਛਿਆ ਤਾਂ ਦੱਸਿਆ ਕਿ ਉਸ ਨੇ ਕਿਤਾਬਾਂ ਪਾੜ੍ਹ ਕੇ ਨਹਿਰ ਵਿਚ ਤਾਰ ਦਿੱਤੀਆਂ ਹਨ। ਹੁਣ ਖਫਾ ਹੋਣ ਦਾ ਕੋਈ ਲਾਭ ਨਹੀਂ ਸੀ।

ਹੁਣ ਉਹ ਹੋਰ ਤਰ੍ਹਾਂ ਹੀ ਸੋਚਦੀ ਸੀ। ਹੁਣ ਉਸ ਨੂੰ ਪੰਜਾਬੀ ਦੇ ਕਿਸੇ ਅਖਬਾਰ ਜਾਂ ਰਸਾਲੇ ਜਾਂ ਕਿਸੇ ਗੁਰਮਖੀ ਵਿਚ ਲਿਖਿਆ ਕੋਈ ਪਾਟਿਆਂ ਕਾਗਜ਼ ਮਿਲਦਾ, ਬੜੀ ਸ਼ਰਧਾ ਨਾਲ ਸਾਂਭਦੀ। ਪੁੱਛਣ 'ਤੇ ਦੱਸਦੀ ਕਿ ਇਹ ਗੁਰੂਆਂ ਦੀ ਗੁਰਮੁਖੀ ਹੈ। ਇਹ ਮੇਰੀ ਬੋਲੀ ਹੈ। ਉਹ ਸਾਰੇ ਪਾਟੇ ਕਾਗਜ਼ ਚੁੱਕ ਕੇ ਅਗਨ ਭੇਟ ਕਰ ਦਿੰਦੀ।

ਚੜ੍ਹਦੀ ਜਵਾਨੀ ਦੀ ਗੱਲ ਹੈ, ਉਹ ਚੋਗੀਆਂ ਨਾਲ ਕਪਾਹ ਚੁਗਣ ਆਈ ਸੀ। ਉਸ ਦੇ ਨਾਲ ਉਸ ਦੀਆਂ ਦੋਵੇਂ ਭਰਜਾਈਆਂ ਤੇ ਪੰਜ ਹੋਰ ਚੋਗੀਆਂ ਆਈਆਂ ਸਨ। ਸਤੰਬਰ ਦਾ ਮਹੀਨਾ (ਦੇਸੀ ਮਹੀਨੇ ਭਾਦੋਂ ਦਾ ਪਿਛਲਾ ਪੱਖ ਸੀ), ਹਵਾ 'ਚ ਪੂਰਾ ਹੁੰਮਸ। ਇੱਕ ਚੋਗੀ ਨੇ ਪਾਣੀ ਦੇ ਤੋੜੇ ਨੂੰ ਹੱਥ ਲਾ ਦਿੱਤਾ। ਫਿਰ ਕੀ? ਇਹਨੂੰ ਸੱਪ ਸੁੰਘ ਗਿਆ। ਸਾਰਾ ਦਿਨ ਤ੍ਰਿਹਾਈ ਕਪਾਹ ਚੁਗਦੀ ਰਹੀ। ਸ਼ਾਮ ਨੂੰ ਘਰੇ ਆ ਕੇ ਹੀ ਪਾਣੀ ਪੀਤਾ ਸੀ। ਉਸ ਦੀ ਛੂਤ-ਛਾਤ ਦੀ ਘਟੀਆ ਅਤੇ ਸੰਕੀਰਣ ਸੋਚ ਨੇ ਉਸ ਦਿਨ ਤੱਕ ਉਸ ਦਾ ਸਾਥ ਨਾ ਛੱਡਿਆ, ਜਿਸ ਦਿਨ ਉਸ ਦੇ ਵੱਡੇ ਮੁੰਡੇ ਦਲਬੀਰ ਨੇ ਇੱਕ ਦਿਨ ਖੇਤ ਮਜ਼ਦੂਰ ਦੇ ਮੁੰਡੇ ਨਾਲ ਇੱਕੋ ਗਲਾਸ 'ਚ ਪਾਣੀ ਪੀ ਲਿਆ। ਇਹ ਵਾਦੜੀ-ਸੁਜਾਦੜੀ ਨਾਲ ਹੀ ਜਾਂਦੀ, ਜੇ ਉਸ ਦੀ ਮਮਤਾ ਅੱਗੇ ਗੋਡੇ ਨਾ ਟੇਕਦੀ।

ਉਸ ਦੀ ਅੱਧਖੜ੍ਹ ਉਮਰ ਤੱਕ ਅਸੀਂ ਸਾਂਝੇ ਪਰਿਵਾਰ 'ਚ ਰਹਿੰਦੇ ਰਹੇ। ਉਸ ਦੇ ਵੱਖ ਹੋਣ ਦੀ ਬਾਗੀ ਸੁਰ ਨੇ ਕਦੇ ਹੀ ਬੁੱਲ੍ਹਾਂ ਤੋਂ ਪਾਰ ਕੀਤਾ ਹੋਵੇ। ਇਹ ਨਹੀਂ ਕਿ ਉਹ ਘਰ ਵਿਚ ਬਹੁਤ ਖੁਸ਼ ਸੀ, ਪਰ ਉਸ ਦਾ ਗਿਲਾ ਜਾਂ ਸ਼ਿਕਾਇਤ ਕਰਨ ਦਾ ਸੁਭਾਅ ਬਹੁਤ ਹੀ ਘੱਟ ਸੀ। ਲਗਦਾ ਹੈ, ਉਹ ਅੰਦਰ ਹੀ ਅੰਦਰ ਜ਼ਹਿਰ ਘੋਲਦੀ ਰਹਿੰਦੀ ਸੀ; ਸ਼ਾਇਦ ਇਸੇ ਕਾਰਨ ਉਸ ਦੀ ਸਿਹਤ ਬਹੁਤੀ ਤਕੜੀ ਨਹੀਂ ਸੀ ਰਹੀ।

ਉਹ ਘਰ ਦੇ ਸਾਰੇ ਜੀਆਂ ਨੂੰ ਬਹੁਤ ਪਿਆਰ ਕਰਦੀ ਸੀ। ਉਸ ਲਈ ਵੱਡੇ-ਛੋਟੇ ਤੇ ਅਮੀਰ-ਗਰੀਬ ਰਿਸ਼ਤੇਦਾਰਾਂ ਵਿਚ ਕੋਈ ਫਰਕ ਨਹੀਂ ਸੀ। ਉਹ ਮੇਰੀ ਛੋਟੀ ਭੈਣ ਨੂੰ ਬਹੁਤ ਹੀ ਪਿਆਰ ਕਰਦੀ ਰਹੀ ਸੀ, ਬਿਲਕੁਲ ਮਾਂਵਾਂ-ਧੀਆਂ ਵਾਂਗ। ਉਹ ਉਸ ਦੀ ਹਰ ਰੀਝ ਪੂਰੀ ਕਰਦੀ ਰਹੀ। ਉਸ ਦੀ ਇਸ ਰੀਝ ਕਰਕੇ ਤਾਂ ਕਈ ਵਾਰ ਉਸ ਨੇ ਝਿੜਕਾਂ ਖਾਧੀਆਂ। ਇਕ ਦਿਨ ਪਿੰਡ ਵਿਚ ਡੱਗੀ ਵਾਲਾ ਕੱਪੜੇ ਵੇਚਦਾ ਘਰੇ ਆ ਗਿਆ। ਉਸ ਦਿਨ ਨਣਦ-ਭਰਜਾਈ ਤੋਂ ਬਿਨਾ ਘਰੇ ਹੋਰ ਕੋਈ ਨਹੀਂ ਸੀ। ਉਨ੍ਹਾਂ ਦੇ ਨਾਂਹ ਨੁੱਕਰ ਕਰਨ ਦੇ ਬਾਵਜੂਦ ਡੱਗੀ ਵਾਲਾ ਬੋਲਿਆ, "ਨਾ ਵੇਖ ਤਾਂ ਲਓ, ਵੇਖਣ ਦਾ ਕਿਹੜਾ ਮੁੱਲ ਲਗਦਾ ਹੈ?" ਇਹ ਕਹਿੰਦਿਆਂ ਉਸ ਦੇ ਅੱਗੇ ਥਾਨ ਵਿਛਾ ਦਿੱਤਾ। ਮੇਰੀ ਭੈਣ ਦੇ ਇੱਕ ਸੂਟ ਪਸੰਦ ਆ ਗਿਆ। ਉਹ ਕਰੇ ਤਾਂ ਕੀ ਕਰੇ? ਸਾਡੇ ਕੋਲ ਕੋਈ ਨਕਦ ਪੈਸਾ ਵੀ ਨਹੀਂ ਸੀ। ਉਸ ਨੇ ਕਣਕ ਦੇ ਬੋਹਲ 'ਚੋਂ ਕਣਕ ਦੇ ਦੋ ਬੱਠਲ ਭਰ ਕੇ ਪਿੰਡ ਦੀ ਹੱਟੀ 'ਤੇ ਵੇਚ ਕੇ ਨਕਦ ਪੈਸੇ ਲਿਆਂਦੇ ਤੇ ਡੱਗੀ ਵਾਲੇ ਤੋਂ ਭੈਣ ਲਈ ਸੂਟ ਖਰੀਦ ਦਿੱਤਾ।

ਜਦ ਉਸ ਨੇ ਮੈਨੂੰ ਇਸ ਬਾਰੇ ਦੱਸਿਆ ਤਾਂ ਮੈਂ ਬਹੁਤ ਖਫਾ ਹੋਇਆ, "ਜੇ ਕੋਈ ਵੇਖ ਲੈਂਦਾ ਤਾਂ ਇਹੀ ਕਹਿਣਾ ਸੀ ਕਿ ਨੰਬਰਦਾਰਾਂ ਦੀ ਨੂੰਹ ਹੱਟੀ-ਭੱਠੀ 'ਤੇ ਚੋਰੀਓਂ ਦਾਣੇ ਵੇਚਦੀ ਹੈ।" ਜਾਹਰ ਸੀ, ਉਸ ਨੇ ਸਭ ਦਾ ਗੁੱਸਾ ਝੱਲ ਲਿਆ ਸੀ, ਪਰ ਛੋਟੀ ਭੈਣ ਦੀ ਰੀਝ ਪੂਰੀ ਕਰ ਦਿੱਤੀ।

---

ਜੱਗ ਚਾਰ ਦਿਨਾਂ ਦਾ ਮੇਲਾ ਸੱਜਣਾ
ਤੁਰ ਗਏ ਨਾਲ ਨਾ ਕੋਈ ਤੁਰਦਾ
ਹੱਸਦੇ ਨਾਲ ਹਰ ਕੋਈ ਹੱਸੇ
ਰੋਂਦੇ ਨਾਲ ਕੋਈ ਨਾ ਰੋਵੇ
ਇਹੀ ਹੈ ਜੱਗ ਦੀ ਰੀਤ ਵੇ ਸੱਜਣਾ।

# ਪਹਿਲਵਾਨ ਦਾਰਾ ਸਿੰਘ ਦੀ ਆਤਮ ਕਥਾ

ਪੰਜਾਬੀ ਖੇਡ ਸਾਹਿਤ

3



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਪਹਿਲਵਾਨ ਦਾਰਾ ਸਿੰਘ ਦੀ ਆਤਮ ਕਥਾ ਦਾ ਪੰਜਾਬੀ ਖੇਡ ਸਾਹਿਤ ਵਿਚ ਵਿਸ਼ੇਸ਼ ਮੁਕਾਮ ਹੈ। ਡੇਢ ਕੁ ਸਫੇ ਦੀ ਇਹ ਕਿਤਾਬ ਬੜੀ ਰੌਚਕ ਸ਼ੈਲੀ ਵਿਚ ਲਿਖੀ ਹੋਈ ਹੈ। ਦਾਰਾ ਫਰੀ ਸਟਾਈਲ ਕੁਸ਼ਤੀਆਂ ਦਾ ਰੁਸਤਮੇ ਹਿੰਦ, ਕਾਮਨਵੈੱਲਥ ਚੈਂਪੀਅਨ ਤੇ ਰੁਸਤਮੇ ਜ਼ਮਾਂ ਸੀ। ਫਿਲਮਾਂ ਵਿਚ ਕਦੇ ਉਹ ਸੈਮਸਨ, ਕਦੇ ਹਰਕੁਲੀਸ, ਜੱਗਾ ਡਾਕੂ, ਭੀਮ ਸੈਨ, ਧਿਆਨੂੰ ਭਗਤ, ਸੂਰਮਾ ਸਿੰਘ, ਸਰਪੰਚ, ਕਦੇ ਲੰਬੜ ਤੇ ਕਦੇ ਹਨੂੰਮਾਨ ਬਣਦਾ ਰਿਹਾ। ਉਸ ਨੇ 500 ਕੁਸ਼ਤੀਆਂ ਲੜੀਆਂ ਅਤੇ 144 ਫਿਲਮਾਂ ਵਿਚ ਕੰਮ ਕੀਤਾ। ਉਹ ਅਖਾੜਿਆਂ ਵਿਚ ਵੀ ਦਰਸ਼ਕਾਂ ਦੀਆਂ ਅੱਖਾਂ ਅੱਗੇ ਰਿਹਾ ਤੇ ਸਿਨੇਮਾ ਘਰਾਂ ਵਿਚ ਵੀ। 1947 ਵਿਚ ਸਿੰਘਾਪੁਰ ਜਾਣ ਤੋਂ ਲੈ ਕੇ 1983 ਤਕ ਉਹ ਕੁਸ਼ਤੀਆਂ ਲੜਦਾ ਤੇ 1952 ਤੋਂ 2007 ਤਕ ਫਿਲਮਾਂ 'ਚ ਕੰਮ ਕਰਦਾ ਰਿਹਾ। ਰਾਮਾਇਣ ਸੀਰੀਅਲ ਵਿਚ ਹਨੂੰਮਾਨ ਦਾ ਰੋਲ ਕਰਨ ਨਾਲ ਉਹਦੀਆਂ ਘਰ-ਘਰ ਗੱਲਾਂ ਹੋਈਆਂ। ਉਹ ਰਾਜ ਸਭਾ ਦਾ ਮੈਂਬਰ ਅਤੇ ਭਾਰਤੀ ਜੱਟ ਸਮਾਜ ਦਾ ਪ੍ਰਧਾਨ ਰਿਹਾ। ਜੰਮਣ ਵੇਲੇ ਉਹ ਕੱਖਪਤੀ ਸੀ, ਮਰਨ ਵੇਲੇ ਕਰੋੜਪਤੀ। ਕਰੋੜਾਂ ਲੋਕਾਂ ਨੇ ਉਹਦੀ ਮੌਤ ਦਾ ਸੋਗ ਮਨਾਇਆ।

ਕਿਹਾ ਜਾਂਦੈ ਕਿ ਪਹਿਲਵਾਨਾਂ ਦਾ ਬੁਢਾਪਾ ਹੱਡਾਂ, ਗੋਡਿਆਂ ਦੀ ਪੀੜ ਨਾਲ ਔਖਾ ਬੀਤਦੈ। ਪਟਿਆਲੇ ਦੇ ਪ੍ਰਸਿੱਧ ਪਹਿਲਵਾਨ ਗਾਮੇ ਦਾ ਬੁਢਾਪਾ ਲਾਹੌਰ ਵਿਚ ਬੜਾ ਔਖਾ ਬੀਤਿਆ ਸੀ। ਮੰਜੇ 'ਤੇ ਪਿਆ ਹੱਡੀਆਂ ਦੀ ਮੁੱਠ ਰਹਿ ਗਿਆ ਸੀ। ਦਾਰਾ ਦੁਲਚੀਪੁਰੀਆ ਵੀ ਸੌਖਾ ਨਹੀਂ ਸੀ ਮਰਿਆ। ਕਹਿੰਦੇ ਕਹਾਉਂਦਿਆਂ ਨੂੰ ਚਿੱਤ ਕਰਨ ਵਾਲੇ ਕਈ ਗਾਮਿਆਂ ਮਾਝਿਆਂ ਤੋਂ ਅਖੀਰਲੇ ਵਰ੍ਹਿਆਂ ਵਿਚ ਮੂੰਹ ਤੋਂ ਮੱਖੀ ਨਹੀਂ ਸੀ ਉਡਦੀ। ਉਮਰ ਦੇ ਅਖੀਰਲੇ ਸਮੇਂ ਪਹਿਲਵਾਨ ਦਾਰਾ ਸਿੰਘ ਨੂੰ ਵੀ ਤੁਰਨ ਫਿਰਨ ਲਈ ਵਾਕਰ ਦੀ ਲੋੜ ਪੈ ਗਈ ਸੀ ਤੇ ਫੋਨ ਕਰਨ ਜਾਂ ਸੁਣਨ ਲਈ ਹੱਥ ਵੀ ਮਸੀਂ ਚੁੱਕਿਆ ਜਾਂਦਾ ਸੀ। ਇਹ ਉਹੋ ਹੱਥ ਸਨ, ਜਿਨ੍ਹਾਂ ਨੇ ਕਿੰਗਕਾਂਗ ਵਰਗੇ ਭਾਰੇ ਭਲਵਾਨਾਂ ਨੂੰ ਸਿਰ ਉਪਰੋਂ ਘੁਮਾ ਕੇ ਸੁੱਟਿਆ ਸੀ। ਇਹ ਉਹਦਾ ਖਾਸ ਦਾਅ ਸੀ, ਜਿਸ ਨਾਲ ਉਸ ਨੇ ਅਨੇਕਾਂ ਕੁਸ਼ਤੀਆਂ ਜਿੱਤੀਆਂ। ਉਸ ਦੀ ਜੀਵਨ ਕਹਾਣੀ ਦਸਦੀ ਹੈ ਕਿ ਕਿਵੇਂ ਇਕ ਆਮ ਕਿਸਾਨ ਪਰਿਵਾਰ ਦਾ ਇਕ ਆਮ ਜਿਹਾ ਬੱਚਾ ਤੰਗੀ ਤੁਰਸ਼ੀ ਦੀਆਂ ਹਾਲਤਾਂ 'ਚੋਂ ਲੰਘਦਿਆਂ ਮਿਹਨਤ ਕਰ ਕੇ ਦੁਨੀਆਂ ਵਿਚ ਆਪਣਾ ਨਾਂ ਚਮਕਾ ਗਿਆ।

1990 ਵਿਚ ਛਪੀ ਉਹਦੀ ਆਤਮ ਕਥਾ ਵਿਚ ਉਸ ਨੇ ਆਪਣੀਆਂ ਪ੍ਰਾਪਤੀਆਂ ਵੀ ਦੱਸੀਆਂ ਅਤੇ ਕਮਜ਼ੋਰੀਆਂ ਵੀ। ਇਥੋਂ ਤਕ ਕਿ ਆਪਣੇ ਵਿਆਹ ਵੇਲੇ ਬਿਸਤਰੇ ਵਿਚ ਪਿਸ਼ਾਬ ਨਿਕਲ ਜਾਣ ਤਕ ਦਾ ਹਾਲ ਵੀ ਬਿਆਨ ਕਰ ਦਿੱਤਾ ਅਤੇ ਚੋਰੀ ਚਕਾਰੀ ਨਸ਼ਰ ਕਰਨੋਂ ਵੀ ਗੁਰੇਜ਼ ਨਹੀਂ ਕੀਤਾ। ਆਓ, ਪਹਿਲਾਂ ਦਾਰੇ ਦਾ ਸੁੱਤੇ ਪਿਆਂ ਪਿਸ਼ਾਬ ਨਿਕਲ ਜਾਣ ਦਾ ਕਿੱਸਾ ਪੜ੍ਹੀਏ। ਇਸ ਨਾਲ ਉਹਦੇ ਬਚਪਨ ਵਿਚ ਹੋਏ ਪਹਿਲੇ ਵਿਆਹ ਦਾ ਪਤਾ ਵੀ ਲੱਗ ਜਾਵੇਗਾ:

ਉਨ੍ਹੀਂ ਦਿਨੀਂ ਕਿਸਾਨਾਂ ਦੇ ਬੱਚਿਆਂ ਬਾਰੇ ਕਿਹਾ ਜਾਂਦਾ ਸੀ ਕਿ ਛੋਟੀ ਉਮਰ ਵਿਚ ਈ ਮੰਗੇ ਜਾਣ ਤਾਂ ਮੰਗੇ ਜਾਣ, ਨਹੀਂ ਤਾਂ ਵੱਡੇ ਹੋਏ ਵਿਆਹੇ ਨਹੀਂ ਸੀ ਜਾਂਦੇ ਤੇ ਛੜੇ ਰਹਿ ਜਾਂਦੇ ਸਨ। ਮੇਰਾ ਮੰਗਣਾ ਵੀ ਬਹੁਤ ਛੋਟੀ ਉਮਰ ਵਿਚ ਕਰ ਦਿੱਤਾ ਗਿਆ। ਮਾਂ ਕਹਿਣ ਲੱਗੀ, "ਪੁੱਤ, ਕੱਲ੍ਹ ਤੇਰਾ ਛੁਹਾਰਾ ਪੈਣਾ ਹੈ, ਕੁੜੀ ਵਾਲੇ ਸਵੇਰੇ ਆਉਣਗੇ ਤੇ ਦੁਪਹਿਰ ਪਿਛੋਂ ਛੁਹਾਰਾ ਪੈ ਜਾਵੇਗਾ। ਤੂੰ ਨ੍ਹਾ ਧੋ ਕੇ ਸੋਹਣੀ ਪੱਗ ਬੰਨ੍ਹੀਂ।"

ਦਾਰਾ ਸਿੰਘ ਲਿਖਦਾ ਹੈ, "ਮੈਨੂੰ ਸਜਾਇਆ ਗਿਆ, ਨਵੀਂ ਪੱਗ ਬੰਨ੍ਹੀ ਗਈ, ਪਰ ਮੈਨੂੰ ਸੰਗ ਜਿਹੀ ਲੱਗੀ ਜਾਂਦੀ ਸੀ ਕਿ ਛੁਹਾਰਾ ਪਤਾ ਨਹੀਂ ਕਿਸ ਤਰ੍ਹਾਂ ਪੈਣਾ ਹੈ? ਮੇਰੇ ਹੋਣ ਵਾਲੇ ਸਹੁਰੇ ਨੇ ਅਵਾਜ਼ ਮਾਰੀ, 'ਆ ਕਾਕਾ ਮੇਰੇ ਕੋਲ ਆ ਜਾ।' ਪਰ ਮੈਂ ਓਪਰੇ ਆਦਮੀ ਕੋਲ ਜਾਣ ਤੋਂ ਝਿਜਕਾਂ। ਫਿਰ ਬਾਪੂ ਨੇ ਕਿਹਾ, 'ਆ ਸਾਡੇ ਕੋਲ ਬੈਠ।' ਮੈਂ ਚੁੱਪ ਚਾਪ ਉਨ੍ਹਾਂ ਕੋਲ ਜਾ ਬੈਠਾ। ਮੇਰੇ ਸਹੁਰੇ ਨਾਲ ਆਏ ਬੰਦੇ ਨੇ ਮੈਥੋਂ ਕੁਝ ਪੁੱਛਿਆ ਤਾਂ ਮੈਂ ਕੋਈ ਜਵਾਬ ਨਾ ਦਿੱਤਾ। ਉਨ੍ਹਾਂ ਨੂੰ ਸ਼ੱਕ ਪੈ ਗਿਆ ਕਿ ਮੁੰਡਾ ਕਿਧਰੇ ਗੂੰਗਾ ਤਾਂ ਨਹੀਂ! ਫਿਰ ਮਾਂ ਨੇ ਕਿਹਾ, 'ਪੁੱਤ ਤੂੰ ਮੇਲੇ ਕਦੋਂ ਜਾਣਾ?' ਮੈਂ ਝੱਟ ਬੋਲ ਪਿਆ, 'ਮੈਨੂੰ ਪੈਸੇ ਦਿਓ, ਮੈਂ ਹੁਣੇ ਜਾਵਾਂ।' ਸਾਰੇ ਖਿੜਖਿੜਾ ਕੇ ਹੱਸ ਪਏ, ਪਈ ਇਹ ਗੂੰਗਾ ਕਿਥੇ!

"ਮੇਰੇ ਸਹੁਰੇ ਨੇ ਚਾਂਦੀ ਦਾ ਇਕ ਰੁਪਿਆ ਮੇਰੇ ਹੱਥ 'ਤੇ ਰੱਖਿਆ, ਮੇਰੇ ਮੂੰਹ ਵਿਚ ਛੁਹਾਰਾ ਪਾਇਆ ਤੇ ਬਾਕੀ ਰਸਮ ਉਨ੍ਹਾਂ ਲੋਕਾਂ ਬਾਅਦ ਵਿਚ ਪੂਰੀ ਕੀਤੀ ਹੋਣੀ ਹੈ। ਮੈਂ ਤਾਂ ਝੱਟ ਮਾਂ ਕੋਲ ਗਿਆ, ਚਾਰ ਆਨੇ ਜਿਹੜੇ ਮੇਲੇ ਜਾਣ ਲਈ ਲੈਣੇ ਸਨ ਲਏ ਤੇ ਦੌੜਿਆ ਬਾਹਰ ਨੂੰ। ਮਾਂ ਨੇ ਹਦਾਇਤ ਕੀਤੀ, ਇਹ ਸ਼ਗਨ ਦਾ ਰੁਪਿਆ ਕਿਤੇ ਗਵਾ ਨਾ ਆਵੀਂ। ਮੈਂ ਰੁਪਿਆ ਘੁੱਟ ਕੇ ਪੱਗ ਦੇ ਲੜ ਨਾਲ ਬੰਨ੍ਹ ਲਿਆ ਤੇ ਚਾਰ ਆਨੇ ਖੀਸੇ ਪਾ ਲਏ। ਮਿਢਿਆਣੇ ਪਹੁੰਚੇ ਤਾਂ ਪਿਛਲੇ ਸਾਲ ਨਾਲੋਂ ਮੇਲਾ ਵਧੇਰੇ ਚੰਗਾ ਲੱਗ ਰਿਹਾ ਸੀ। ਸ਼ਾਇਦ ਮੇਰੇ ਮਨ 'ਤੇ ਮੇਰੀ ਮੰਗਣੀ ਦੀ ਖੁਸ਼ੀ ਦਾ ਅਸਰ ਸੀ। ਚਾਰ ਆਨੇ ਮੇਰੇ ਤੇ ਚਾਰ ਆਨੇ ਸੇਵੇ ਦੇ, ਅਸੀਂ ਜਲੇਬੀਆਂ ਤੇ ਫਿਰ ਪਕੌੜੇ ਖਾਧੇ, ਖੇਡਣ ਲਈ ਭੰਬੀਰੀਆਂ ਤੇ ਭੁਕਾਨੇ ਲਏ ਤੇ ਜਦੋਂ ਸਾਡੇ ਚਾਰ-ਚਾਰ ਆਨੇ ਮੁੱਕ ਗਏ ਤਾਂ ਸਾਡੇ ਭਾਅ ਦਾ ਮੇਲਾ ਵੀ ਮੁੱਕ ਗਿਆ।

"ਸੇਵੇ ਨੂੰ ਪਤਾ ਸੀ ਕਿ ਮੇਰੀ ਪੱਗ ਦੇ ਪੱਲੇ ਰੁਪਿਆ ਬੱਝਾ ਹੈ। ਕਹਿਣ ਲੱਗਾ, 'ਇਹ ਰੁਪਿਆ ਤੁੜਾ ਲਈਏ।' ਮੈਂ ਕਿਹਾ, 'ਭਈ ਇਹ ਤਾਂ ਛੁਹਾਰੇ ਦਾ ਰੁਪਿਆ ਹੈ, ਇਹ ਨਹੀਂ ਤੁੜਾਉਣਾ।' ਉਹ ਕਹਿਣ ਲੱਗਾ, 'ਜਦੋਂ ਮੇਰਾ ਛੁਹਾਰਾ ਪਵੇਗਾ, ਮੈਂ ਤੈਨੂੰ ਰੁਪਿਆ ਦੇ ਦੇਵਾਂਗਾ।' ਮੈਂ ਕਿਹਾ, 'ਤੇਰਾ ਛੁਹਾਰਾ ਕਦੋਂ ਪਵੇਗਾ?' ਉਸ ਵਿਚਾਰੇ ਨੂੰ ਪਤਾ ਹੀ ਨਹੀਂ ਸੀ ਕਿ ਉਸ ਦਾ ਛੁਹਾਰਾ ਕਦੋਂ ਪਵੇਗਾ, ਪਵੇਗਾ ਜਾਂ ਨਹੀਂ, ਕਿਉਂਕਿ ਉਸ ਜ਼ਮਾਨੇ ਵਿਚ ਕੁੜੀਆਂ ਦੀ ਬੜੀ ਥੋੜ੍ਹ ਹੁੰਦੀ ਸੀ। ਆਏ ਦਿਨ ਪਿੰਡ ਵਿਚ ਚਰਚਾ ਹੁੰਦੀ ਸੀ, ਫਲਾਣੇ ਨੇ ਕੁੜੀ ਜੰਮਦਿਆਂ ਮਾਰ ਦਿੱਤੀ ਤੇ ਨਾਂ ਲਾ ਦਿੱਤਾ ਕਿ ਮਰੀ ਜੰਮੀ ਹੈ!"

ਦਾਰੇ ਨੂੰ ਛੁਹਾਰਾ ਤਾਂ ਪੈ ਗਿਆ, ਪਰ ਮੰਗਣੀ ਪੱਕੀ ਨਾ ਰਹੀ। ਰਿਸ਼ਤਾ ਨਾਨਕਿਆਂ ਨੇ ਕਰਾਇਆ ਸੀ, ਜਿਨ੍ਹਾਂ ਦੀ ਬੜੀ ਬਦਨਾਮੀ ਹੋਣ ਲੱਗੀ। ਉਨ੍ਹਾਂ ਨੇ ਬਦਨਾਮੀ ਤੋਂ ਬਚਦਿਆਂ ਦਾਰੇ ਦਾ ਰਿਸ਼ਤਾ ਕਿਸੇ ਹੋਰ ਲੜਕੀ ਨਾਲ ਕਰਵਾ ਦਿੱਤਾ। ਕਾਹਲੀ ਵਿਚ ਇਹ ਵੀ ਨਾ ਵੇਖਿਆ ਕਿ ਮੁੰਡਾ ਅੱਠ-ਨੌਂ ਸਾਲਾਂ ਦਾ ਹੀ ਹੈ ਤੇ ਕੁੜੀ ਪੰਦਰਾਂ-ਸੋਲਾਂ ਸਾਲਾਂ ਦੀ। ਕਿੱਸਾ ਅੱਗੇ ਸੁਣੋ:

> ਉਮਰ ਦੇ ਅਖੀਰਲੇ ਸਮੇਂ ਪਹਿਲਵਾਨ ਦਾਰਾ ਸਿੰਘ ਨੂੰ ਵੀ ਤੁਰਨ ਫਿਰਨ ਲਈ ਵਾਕਰ ਦੀ ਲੋੜ ਪੈ ਗਈ ਸੀ ਤੇ ਫੋਨ ਕਰਨ ਜਾਂ ਸੁਣਨ ਲਈ ਹੱਥ ਵੀ ਮਸੀਂ ਚੁੱਕਿਆ ਜਾਂਦਾ ਸੀ। ਇਹ ਉਹੋ ਹੱਥ ਸਨ, ਜਿਨ੍ਹਾਂ ਨੇ ਕਿੰਗਕਾਂਗ ਵਰਗੇ ਭਾਰੇ ਭਲਵਾਨਾਂ ਨੂੰ ਸਿਰ ਉਪਰੋਂ ਘੁਮਾ ਕੇ ਸੁੱਟਿਆ ਸੀ। ਇਹ ਉਹਦਾ ਖਾਸ ਦਾਅ ਸੀ, ਜਿਸ ਨਾਲ ਉਸ ਨੇ ਅਨੇਕਾਂ ਕੁਸ਼ਤੀਆਂ ਜਿੱਤੀਆਂ।



1937 ਵਿਚ ਬਾਪੂ ਜੀ ਸਿੰਘਾਪੁਰੋਂ ਮੁੜੇ ਤਾਂ 1938 ਵਿਚ ਮੇਰੇ ਚਾਚੇ ਮੱਖਣ ਸਿੰਘ, ਵੱਸਣ ਸਿੰਘ ਤੇ ਨਿਰੰਜਨ ਸਿੰਘ ਵੀ ਉਹਦੇ ਨਾਲ ਸਿੰਘਾਪੁਰ ਜਾਣ ਲਈ ਤਿਆਰ ਹੋ ਗਏ। ਮਾਮਾ ਰੂੜ ਸਿੰਘ ਇਕ ਦਿਨ ਪਿੰਡ ਆਇਆ ਤੇ ਕਹਿਣ ਲੱਗਾ, ਤੁਸੀਂ ਸਿੰਘਾਪੁਰੋਂ ਪਤਾ ਨਹੀਂ ਕਿੰਨੇ ਚਿਰ ਬਾਅਦ ਵਾਪਸ ਆਉਣਾ ਹੈ, ਇਸ ਤਰ੍ਹਾਂ ਕਰਦੇ ਹਾਂ ਕਿ ਦਾਰੀ ਦਾ ਵਿਆਹ ਕਰ ਦੇਈਏ। ਸਾਰਿਆਂ ਨੂੰ ਇਹ ਗੱਲ ਮਜ਼ਾਕ ਲੱਗੀ। ਬਾਪੂ ਜੀ ਕਹਿਣ ਲੱਗੇ, ਮੁੰਡੇ ਦਾ ਤਾਂ ਹਾਲੇ ਵੀ ਮੰਜੇ 'ਤੇ ਹੀ ਮੂਤ ਨਿਕਲ ਜਾਂਦਾ ਹੈ, ਇਸ ਦਾ ਵਿਆਹ ਕਰ ਕੇ ਕੀ ਕਰਾਂਗੇ?

ਇਹ ਗੱਲ ਹੈ ਵੀ ਸੱਚੀ ਸੀ। ਮੈਂ ਰਾਤ ਨੂੰ ਸੁੱਤਾ ਪਿਆ ਬਿਸਤਰਾ ਗਿੱਲਾ ਕਰ ਦਿੰਦਾ ਸਾਂ। ਇਹ ਪਤਾ ਨਹੀਂ ਦੁੱਧ ਵਗੈਰਾ ਜ਼ਿਆਦਾ ਪੀਣ ਕਰ ਕੇ ਸੀ ਜਾਂ ਕੋਈ ਹੋਰ ਗੱਲ ਸੀ। ਮੂਤਰ ਤਾਂ ਮੇਰਾ ਹਜ਼ਾਰ ਕੋਸ਼ਿਸ਼ ਕਰਨ 'ਤੇ ਵੀ ਨਹੀਂ ਸੀ ਰੁਕਦਾ। ਜਦੋਂ ਬਿਸਤਰਾ ਗਿੱਲਾ ਹੋ ਜਾਂਦਾ, ਉਦੋਂ ਹੀ ਪਤਾ ਲੱਗਦਾ ਸੀ। ਸਵੇਰੇ ਸ਼ਰਮ ਵੀ ਬੜੀ ਆਉਂਦੀ ਸੀ। ਪਹਿਲਾਂ ਤਾਂ ਨਿੱਤਨੇਮ ਹੀ ਹੁੰਦਾ ਹੋਣਾ, ਜੋ ਬੱਚਿਆਂ ਨੂੰ ਮਾਫ ਹੁੰਦਾ ਹੈ, ਪਰ ਮੇਰਾ ਤਾਂ ਦਸ ਸਾਲ ਦਾ ਹੋ ਕੇ ਵੀ ਮਹੀਨੇ 'ਚ ਇਕ ਦੋ ਵਾਰ ਇਸ ਤਰ੍ਹਾਂ ਦਾ ਪ੍ਰੋਗਰਾਮ ਹੋ ਜਾਂਦਾ ਸੀ। ਹਾਸੇ ਹਾਸੇ ਵਿਚ ਇਹ ਗੱਲ ਮਾਮੇ ਨੂੰ ਵੀ ਦੱਸੀ ਗਈ, ਪਰ ਮਾਮੇ ਦੇ ਜ਼ੋਰ ਪਾਉਣ 'ਤੇ ਇਕ ਦੋ ਮਹੀਨੇ ਦੇ ਰੌਲੇ ਰੱਪੇ ਪਿਛੋਂ ਮੇਰੇ ਵਿਆਹ ਦੀ ਤਰੀਕ ਪੱਕੀ ਹੋ ਗਈ।

ਘੋੜੀਆਂ 'ਤੇ ਬੜੀ ਧੂਮ ਧਾਮ ਨਾਲ ਜੰਞ ਚੜ੍ਹੀ। ਮੈਥੋਂ ਘੋੜੀ ਮਸੀਂ ਸੰਭਾਲੀ ਜਾ ਰਹੀ ਸੀ, ਉਮਰ ਨਿਆਣੀ ਜੁ ਹੋਈ। ਰਾਤ ਨੂੰ ਜੰਞ ਰੋਟੀ ਖਾਣ ਲੱਗੀ ਤਾਂ ਕੋਠੇ 'ਤੇ ਗੀਤ ਗਾਉਂਦੀਆਂ ਔਰਤਾਂ ਨੇ ਸਿੱਠਣੀਆਂ ਦਿੰਦਿਆਂ ਕਿਹਾ, 'ਹੈ! ਨੀ ਮੁੰਡਾ ਤਾਂ ਉਮਰੋਂ ਬਹੁਤ ਈ ਛੋਟਾ ਐ।' ਰੋਟੀ ਤੋਂ ਵਿਹਲੇ ਹੋ ਕੇ ਜੰਞ ਨੇ ਹਵੇਲੀ ਵਿਚ ਫਿਰ ਆ ਡੇਰੇ ਲਾਏ। ਮੈਂ ਤਾਂ ਸੌਂ ਹੀ ਗਿਆ ਸੀ, ਮੇਰੀ ਭੂਆ ਦੇ ਪੁੱਤ ਬਚਿੱਤਰ ਨੇ ਆ ਜਗਾਇਆ। ਵਰਤਾਵੇ ਦੁੱਧ ਦੀਆਂ ਵਲਟੋਹੀਆਂ ਭਰੀ, ਸਾਰਿਆਂ ਨੂੰ ਦੁੱਧ ਪਿਆ ਰਹੇ ਸਨ। ਮਾਂ ਦੀ ਹਦਾਇਤ ਸੀ ਕਿ ਰਾਤ ਨੂੰ ਦੁੱਧ ਨਾ ਪੀਵਾਂ। ਇਹੋ ਮੇਰਾ ਇਲਾਜ ਸੀ। ਮੂਤਰ ਨਿਕਲਣ ਦੇ ਡਰੋਂ ਮੈਂ ਕਿਹਾ, ਮੈਂ ਦੁੱਧ ਨਹੀਂ ਪੀਣਾ। ਮੇਰੇ ਸਹੁਰੇ ਜ਼ੋਰ ਪਾਉਣ ਕਿ ਪ੍ਰਾਹੁਣੇ ਨੂੰ ਦੁੱਧ ਜ਼ਰੂਰ ਪਿਆਉਣਾ। ਮੇਰੇ ਸਾਥੀਆਂ ਨੇ ਵੀ ਦੁੱਧ ਪਿਆਉਣ ਵਾਲਿਆਂ ਦਾ ਹੀ ਸਾਥ ਦਿੱਤਾ। ਕਹੀ ਜਾਣ, 'ਪੀ ਲੈ, ਪੀ ਲੈ, ਕਿਤੇ ਨੀ ਕੁਝ ਹੁੰਦਾ।' ਇਹ 'ਕੁਝ ਨੀ ਹੁੰਦਾ' ਤੋਂ ਦੁੱਧ ਪਿਆਉਣ ਵਾਲਿਆਂ ਨੂੰ ਵੀ ਹੈਰਾਨੀ ਹੋਈ, ਪਰ ਵਿਚਲੀ ਗੱਲ ਦੀ ਸਮਝ ਨਾ ਆਈ। ਬਚਿੱਤਰ ਨੇ ਦੁੱਧ ਦਾ ਭਰਿਆ ਕੰਗਣੀ ਵਾਲਾ ਗਲਾਸ ਮੇਰੇ ਮੂੰਹ ਨੂੰ ਲਾ ਦਿੱਤਾ ਤੇ ਮੈਂ ਸੁਆਦ ਸੁਆਦ ਵਿਚ ਪੀ ਗਿਆ। ਮਾਂ ਨੇ ਤਾਕੀਦ ਕੀਤੀ ਸੀ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਪਿਸ਼ਾਬ ਜ਼ਰੂਰ ਕਰ ਲੈਣਾ। ਸੋ ਦੁੱਧ ਪੀਣ ਪਿਛੋਂ ਮਾਂ ਦੀ ਗੱਲ ਯਾਦ ਆ ਗਈ। ਜੇ ਕਿਧਰੇ ਅੱਜ ਬਿਸਤਰਾ ਗਿੱਲਾ ਹੋ ਗਿਆ ਤਾਂ ਨਮੋਸ਼ੀ ਹੱਦੋਂ ਵੱਧ ਹੋਵੇਗੀ, ਪਈ ਪ੍ਰਾਹੁਣੇ ਦਾ ਵਿਚੇ ਮੂਤ ਨਿਕਲ ਗਿਆ! ਘਰ ਦੀ ਗੱਲ ਤਾਂ ਘਰੇ ਸੀ, ਸਹੁਰੀਂ ਗਿਆਂ ਇਹ ਗੁੱਲ ਖਿੜ ਗਿਆ ਤਾਂ ਕੀ ਮੂੰਹ ਦਿਖਾਵਾਂਗਾ?

ਦੁੱਧ ਮੈਂ ਪੀ ਬੈਠਾ ਸਾਂ ਤੇ ਉਹ ਵੀ ਭਰਿਆ ਹੋਇਆ ਗਲਾਸ। ਹੁਣ ਇਹਨੂੰ ਕੱਢਾਂ ਕਿਵੇਂ? ਮੈਂ ਉਠਿਆ, ਬਚਿੱਤਰ ਨੂੰ ਨਾਲ ਲਿਆ ਤੇ ਬਾਹਰ ਜਾ ਕੇ ਪੂਰਾ ਜ਼ੋਰ ਲਾ ਕੇ ਪਿਸ਼ਾਬ ਕੀਤਾ। ਏਨੀ ਛੇਤੀ ਦੁੱਧ ਨੇ ਬਾਹਰ ਥੋੜ੍ਹੋ ਨਿਕਲ ਜਾਣਾ ਸੀ? ਖੈਰ ਮੈਂ ਸੌਂ ਗਿਆ, ਪਈ ਦੇਖੀ ਜਾਊ ਜੋ ਹੋਊ। ਉਹੀ ਹੋਇਆ ਜੀਹਦਾ ਡਰ ਸੀ। ਸੁੱਤੇ ਪਿਆਂ ਈ ਚੰਨ ਚੜ੍ਹ ਗਿਆ! ਮੂੰਹ ਹਨੇਰੇ ਮੈਂ ਬਚਿੱਤਰ ਨੂੰ ਜਗਾਇਆ ਤੇ ਕਿਹਾ, ਤੁਸੀਂ ਤਾਂ ਕਹਿੰਦੇ ਸੀ ਪਈ ਪੀ ਲੈ, ਪੀ ਲੈ, ਕੁਝ ਨੀ ਹੁੰਦਾ। ਲੈ ਹੋ ਗਿਆ ਉਹੀ ਕੁਝ। ਜ਼ਿਆਦਾ ਤਾਂ ਨਹੀਂ, ਤਲਾਈ ਦਾ ਥੋੜ੍ਹਾ ਜਿਹਾ ਹਿੱਸਾ ਹੀ ਗਿੱਲਾ ਹੋਇਆ ਸੀ। ਬਚਿੱਤਰ ਬੜਾ ਸਿਆਣਾ ਮੁੰਡਾ ਸੀ, ਕਹਿਣ ਲੱਗਾ, ਦੜ ਵੱਟ ਕੇ ਪਿਆ ਰਹੁ। ਸਵੇਰੇ ਮੈਂ ਕੋਈ ਬੰਦੋਬਸਤ ਕਰ ਦਿਆਂਗਾ। ਵਾਕਿਆ ਈ ਉਹਨੇ ਲਾੜੇ ਦੀ ਇੱਜ਼ਤ ਬਚਾ ਲਈ। ਜਾਂਞੀ ਜਦੋਂ ਸਵੇਰੇ ਉਠ ਕੇ ਜੰਗਲ ਪਾਣੀ ਗਏ, ਉਸ ਨੇ ਮੇਰੀ ਤਲਾਈ ਇਕ ਦੂਜੇ ਜਾਂਞੀ ਨਾਲ, ਜਿਸ ਨਾਲ ਇਕ ਬੱਚਾ ਵੀ ਸੀ, ਬਦਲ ਦਿੱਤੀ ਤੇ ਇਸ ਭੇਦ ਦਾ ਅੱਜ ਤਕ ਕਿਸੇ ਨੂੰ ਪਤਾ ਨਹੀਂ ਲੱਗਾ।

ਉਦੋਂ ਤਾਂ ਭੇਦ ਦਾ ਪਤਾ ਲੱਗਣੋਂ ਬਚਿੱਤਰ ਨੇ ਬਚਾ ਲਿਆ ਸੀ, ਪਰ ਦਾਰੇ ਤੋਂ ਇਹ ਭੇਦ ਆਪਣੀ ਆਤਮ ਕਥਾ ਵਿਚ ਖੁੱਲ੍ਹ ਗਿਆ, ਜਿਸ ਨਾਲ ਜੱਗ ਜਹਾਨ ਨੂੰ ਪਤਾ ਲੱਗ ਗਿਆ ਕਿ ਵੱਡੇ ਭਲਵਾਨ ਦਾ ਮੰਜੇ 'ਤੇ ਹੀ ਮੂਤ ਨਿਕਲ ਜਾਂਦਾ ਸੀ!

ਇਸੇ ਤਰ੍ਹਾਂ ਦੀ ਇਕ ਹੋਰ ਗੱਲ ਸੁਣੋ: ਇਹ ਕਿੱਸਾ ਹੈ ਇੰਡੋਨੇਸ਼ੀਆ ਤੋਂ ਵਾਪਸੀ ਦਾ। ਪਾਣੀ ਵਾਲੇ ਜਹਾਜ਼ ਵਿਚ ਅਸੀਂ ਫਸਟ ਕਲਾਸ ਵਿਚ ਸਫਰ ਕਰ ਰਹੇ ਸੀ। ਫਸਟ ਕਲਾਸ ਦੇ ਠਾਠ ਕੁਝ ਅਲੱਗ ਹੀ ਸਨ। ਹਾਲ ਵਿਚ ਬੈਠਿਆਂ ਮੈਨੂੰ ਬਾਥਰੂਮ ਜਾਣ ਦੀ ਲੋੜ ਮਹਿਸੂਸ ਹੋਈ। ਮੈਂ ਪੁੱਛ ਕੇ ਇਕ ਕਮਰੇ ਵਿਚ ਵੜ ਗਿਆ। ਹੱਥ ਧੋਣ ਦਾ ਪ੍ਰਬੰਧ ਸੀ ਤੇ ਇੰਗਲਿਸ਼ ਪੌਟੀ ਲਾਈ ਹੋਈ ਸੀ, ਜੋ ਮੈਂ ਪਹਿਲਾਂ ਕਦੇ ਨਹੀਂ ਸੀ ਵੇਖੀ। ਮੈਂ ਉਂਜ ਹੀ ਵਾਪਸ ਆ ਗਿਆ ਤਾਂ ਗੁਰੂ ਜੀ ਨੇ ਫਿਰ ਦੱਸਿਆ, 'ਉਹੀ ਜਗ੍ਹਾ ਹੈ ਜੰਗਲ ਜਾਣ ਵਾਲੀ।' ਮੈਂ ਕਿਹਾ, 'ਉਥੇ ਤਾਂ ਬੈਠਣ ਵਾਲੀ ਥਾਂ ਹੈ ਹੀ ਨਹੀਂ।' ਗੁਰੂ ਜੀ ਨੂੰ ਮਜ਼ਾਕ ਕਰਨ ਦੀ ਆਦਤ ਸੀ। ਕਹਿਣ ਲੱਗੇ, 'ਜਾਹ, ਇਕ ਵਾਰ ਹੋਰ ਚੰਗੀ ਤਰ੍ਹਾਂ ਵੇਖ।' ਮੈਂ ਗਿਆ ਤੇ ਵੇਖ ਕੇ ਫਿਰ ਵਾਪਸ ਆ ਗਿਆ। ਗੁਰੂ ਜੀ ਨੇ ਕਿਹਾ, 'ਮੈਂ ਮਲਵਈਆਂ ਨੂੰ ਕਹਿੰਦਾ ਹੁੰਦਾ ਸੀ, ਅੱਜ ਤੂੰ ਵੀ ਉਹੀ ਗੱਲ ਕੀਤੀ।' ਮੈਂ ਕਿਹਾ, 'ਕਿਹੜੀ?' ਕਹਿਣ ਲੱਗੇ, 'ਇਹੀ ਕਿ ਇਨ੍ਹਾਂ ਧੂੜਿਆਂ ਨੇ ਕਿਹੜਾ ਜੰਗ ਵੇਖਿਆ, ਰੂੜੀਆਂ ਪਿਛਵਾੜੇ ਹੱਗ ਵੇਖਿਆ।'



ਹਨੂੰਮਾਨ ਦੇ ਰੋਲ ਵਿਚ ਦਾਰਾ ਸਿੰਘ

ਮੈਂ ਕਿਹਾ, ਤੁਹਾਨੂੰ ਮਜ਼ਾਕ ਸੁੱਝ ਰਹੇ ਨੇ ਤੇ ਮੇਰੀ ਹਾਲਤ ਖਰਾਬ ਹੋ ਰਹੀ ਹੈ। ਤਾਂ ਗੁਰੂ ਜੀ ਮੇਰੇ ਨਾਲ ਗਏ ਤੇ ਜਾ ਕੇ ਸਮਝਾਇਆ ਕਿ ਇਹ ਹੈ ਟੱਟੀ ਫਿਰਨ ਵਾਲੀ ਥਾਂ। ਮੈਂ ਕਿਹਾ, 'ਇਹ ਤਾਂ ਪਾਣੀ ਦੀ ਖੁਰਲੀ ਜਿਹੀ ਹੈ, ਇਥੇ ਬਹਿਣਾ ਕਿਸ ਤਰ੍ਹਾਂ ਹੈ?' ਕਹਿਣ ਲੱਗੇ, 'ਜਿਸ ਤਰ੍ਹਾਂ ਕੁਰਸੀ 'ਤੇ ਬਹੀਦਾ ਹੈ।' ਗੱਲ ਬੜੀ ਅਜੀਬ ਲੱਗੀ, ਪਰ ਮਰਦਾ ਕੀ ਨਹੀਂ ਕਰਦਾ। ਅੱਜ ਮੇਰੇ ਬੱਚੇ ਬੰਬਈ ਨਿਵਾਸੀ ਹਨ। ਪਿੰਡ ਜਾਣ ਤੋਂ ਇਸ ਲਈ ਕਤਰਾਉਂਦੇ ਹਨ ਕਿ ਉਥੇ ਟੱਟੀ-ਪਾਣੀ ਜਾਣ ਦਾ ਪ੍ਰਬੰਧ ਬੜਾ ਅਜੀਬ ਹੈ!

...ਬਚਪਨ ਦਾ ਵਿਆਹ ਕਰ ਕੇ ਦਾਰੇ ਦਾ ਬਾਪ ਤੇ ਚਾਚੇ ਸਿੰਘਾਪੁਰ ਚਲੇ ਗਏ। ਸਾਲ ਕੁ ਪਿਛੋਂ ਬਾਪ ਵਾਪਸ ਮੁੜਿਆ ਤਾਂ ਕੁੜੀ ਵਾਲਿਆਂ ਦੇ ਕਹਿਣ 'ਤੇ ਮਾਮਾ ਜ਼ੋਰ ਪਾਉਣ ਲੱਗਾ, ਪਈ ਮੁਕਲਾਵਾ ਵੀ ਲੈ ਲਓ। ਤਦ ਤਕ ਦਾਰਾ ਸਾਈਕਲ ਦੀ ਕਾਠੀ ਨੀਵੀਂ ਕਰ ਕੇ, ਵੱਟ ਉਤੇ ਖੜ੍ਹ ਕੇ ਮਸੀਂ ਸਾਈਕਲ 'ਤੇ ਚੜ੍ਹਨ ਜੋਗਾ ਹੋਇਆ ਸੀ। ਬਾਪ ਉਹਨੂੰ ਸਾਈਕਲ 'ਤੇ ਬਿਠਾ ਕੇ ਉਹਦੇ ਸਹੁਰੀਂ ਲੈ ਗਿਆ। ਅਗਲੇ ਦਿਨ ਆਪ ਤਾਂ ਪੈਦਲ ਮੁੜ ਆਇਆ ਤੇ ਦਾਰੇ ਨੂੰ ਸਾਈਕਲ ਸੰਭਾਲ ਆਇਆ ਕਿ ਵਹੁਟੀ ਨੂੰ ਪਿੱਛੇ ਬਿਠਾ ਕੇ ਲੈ ਆਵੇ।

ਅੱਗੇ ਆਤਮ ਕਥਾ ਵਿਚੋਂ ਹੀ ਪੜ੍ਹੋ: ਸਾਈਕਲ ਦੀ ਕਾਠੀ ਤਾਂ ਬਾਪੂ ਜੀ ਨੀਵੀਂ ਕਰ ਗਏ ਸਨ। ਮੈਂ ਕਾਠੀ 'ਤੇ ਬੈਠ ਗਿਆ ਤੇ ਵਹੁਟੀ ਨੂੰ ਪਿੱਛੇ ਕੈਰੀਅਰ 'ਤੇ ਬਿਠਾ ਲਿਆ। ਮੈਂ ਇਕੱਲਾ ਸਾਈਕਲ ਚਲਾਉਣ ਵਿਚ ਤਾਂ ਉਸਤਾਦ ਹੋ ਗਿਆ ਸੀ, ਪਰ ਕਿਸੇ ਨੂੰ ਪਿੱਛੇ ਬਿਠਾ ਕੇ ਕਦੀ ਨਹੀਂ ਸੀ ਚਲਾਇਆ। ਜਦੋਂ ਮੈਂ ਵਹੁਟੀ ਨੂੰ ਬਿਠਾ ਕੇ ਪੈਡਲ ਮਾਰਿਆ ਤਾਂ ਇੰਜ ਲੱਗਾ ਕਿ ਸਾਈਕਲ ਗੱਡੇ ਜਿੰਨਾ ਭਾਰਾ ਹੈ। ਖੈਰ, ਉਥੇ ਲੋਕਾਂ ਦੇ ਸਾਹਮਣੇ ਤਾਂ ਮੇਰੀ ਇੱਜ਼ਤ ਰਹਿ ਗਈ, ਪਹਿਆ ਜੁ ਧੱਧਰਾ ਸੀ। ਡਿੱਕੋ ਡੋਲੇ ਖਾ ਕੇ ਸਾਈਕਲ ਸਿੱਧਾ ਹੋ ਤੁਰਿਆ, ਪਰ ਵੱਡੇ ਰਾਹ 'ਤੇ ਆ ਕੇ ਮੋੜ ਸੀ। ਮੋੜ ਮੁੜਨ ਲੱਗਿਆਂ ਸਾਈਕਲ ਡਿੱਗ ਪਿਆ। ਛੇਤੀ-ਛੇਤੀ ਉਠੇ ਭਈ ਕੋਈ ਵੇਖ ਨਾ ਲਵੇ। ਫੇਰ ਬੈਠੇ, ਸਾਈਕਲ ਥੋੜ੍ਹੀ ਦੂਰ ਹੀ ਗਿਆ ਤੇ ਫੇਰ ਡਿੱਗ ਪਿਆ, ਕਿਉਂਕਿ ਵੱਡੇ ਰਸਤੇ 'ਤੇ ਰੇਤਾ ਬਹੁਤ ਸੀ। ਦੋ-ਚਾਰ ਵਾਰ ਡਿੱਗਣ ਤੋਂ ਬਾਅਦ ਵਹੁਟੀ ਨੇ ਕਿਹਾ, 'ਜੀ ਤੁਰ ਕੇ ਈ ਚਲਦੇ ਹਾਂ।' ਇਕ ਛੋਟਾ ਜਿਹਾ ਸੂਟਕੇਸ ਵੀ ਸੀ ਵਿਚਾਰੀ ਦੇ ਹੱਥ ਵਿਚ ਤੇ ਡਿੱਗਣ ਡਿਗੌਣ ਨਾਲ ਕੱਪੜੇ ਵੀ ਖਰਾਬ ਹੋ ਗਏ ਸਨ...।

ਦਾਰੇ ਦੀਆਂ ਦੋ ਜਨਮ ਤਾਰੀਖਾਂ ਹਨ-ਇਕ ਪਿੰਡ ਦੇ ਚੌਕੀਦਾਰ ਦੀ ਲਿਖਵਾਈ ਹੋਈ ਤੇ ਦੂਜੀ ਪਾਂਧੇ ਦੀ ਪੱਤਰੀ ਵਾਲੀ। 1950ਵਿਆਂ ਵਿਚ ਬਣਵਾਏ ਪਾਸਪੋਰਟ 'ਤੇ ਜਨਮ ਤਾਰੀਖ 19 ਨਵੰਬਰ 1928 ਲਿਖੀ ਹੈ। 19 ਨਵੰਬਰ ਹੋ ਸਕਦੈ ਇਸ ਕਰਕੇ ਲਿਖਾ ਦਿੱਤੀ ਕਿ ਉਂਦਣ ਹੀ ਇੰਦਰਾ ਗਾਂਧੀ ਦਾ ਜਨਮ ਦਿਵਸ ਸੀ। ਇਉਂ ਦਾਰੇ ਦਾ ਜਨਮ ਦਿਨ ਸਾਰੇ ਭਾਰਤੀਆਂ ਵੱਲੋਂ ਇੰਦਰਾ ਗਾਂਧੀ ਦੇ ਜਨਮ ਦਿਵਸ ਨਾਲ ਮੁਫਤ ਹੀ ਮਨਾ ਲਿਆ ਜਾਂਦੈ!

ਉਹ ਲਿਖਦੈ: ਅਸਲੀ ਜਨਮ ਤਾਰੀਖ ਦੀ ਗੱਲ ਛੱਡੋ, ਪੱਕੀ ਗੱਲ ਤਾਂ ਇਹ ਹੈ ਕਿ ਅਸੀਂ ਜੰਮੇ ਜ਼ਰੂਰ ਸੀ। ਮੇਰੇ ਨਾਨਕਿਆਂ ਨੇ ਮੇਰੇ ਕੰਨਾਂ ਵਿਚ ਨੱਤੀਆਂ ਪਾਈਆਂ, ਜਿਨ੍ਹਾਂ ਦੇ ਨਿਸ਼ਾਨ ਹਾਲਾਂ ਵੀ ਮੌਜੂਦ ਨੇ। ਮੇਰੀ ਮਾਂ ਦਾ ਕਹਿਣਾ ਹੈ ਕਿ ਨੱਤੀਆਂ ਪਾਉਣ ਨਾਲ ਮੇਰੇ ਕੰਨ ਸੁੱਜ ਕੇ ਭੜੋਲਾ ਹੋ ਗਏ ਤੇ ਮੈਂ ਰੋਣੋਂ ਹੀ ਚੁੱਪ ਨਾ ਕਰਾਂ। ਇਕ ਰਾਤ ਮੈਂ ਏਨਾ ਰੋਇਆ ਕਿ ਮੇਰੇ ਬਾਪੂ ਨੇ ਮੇਰੀ ਮਾਂ ਨੂੰ ਕਿਹਾ, "ਇਸ ਨੂੰ ਬਾਹਰਲੇ ਪਰਨਾਲੇ ਥੱਲੇ ਸੁੱਟ ਦੇ।"

ਬਾਹਰ ਮੀਂਹ ਵਰ੍ਹਨ ਦਾ ਸ਼ੋਰ ਤੇ ਅੰਦਰ ਮੇਰੇ ਰੋਣ ਦਾ, ਬਾਪੂ ਵਿਚਾਰਾ ਦੁਖੀ ਹੋ ਗਿਆ ਹੋਣੈ। ਬੜੇ ਦਿਨਾਂ ਬਾਅਦ, ਨਾਨਕਿਆਂ ਦੀ ਰਜ਼ੀ ਮਰਜ਼ੀ ਨਾਲ ਮੇਰੇ ਕੰਨਾਂ ਦੀਆਂ ਨੱਤੀਆਂ ਲਾਹੀਆਂ ਗਈਆਂ ਤਾਂ ਜਾ ਕੇ ਮੈਂ ਘਰਦਿਆਂ ਨੂੰ ਸੁਖ ਦੀ ਨੀਂਦੇ ਸੌਣ ਦਿੱਤਾ।

ਦਾਰੇ ਨੇ ਆਤਮ ਕਥਾ ਦੇ ਆਰੰਭ ਵਿਚ ਲਿਖਿਐ, "ਜਦੋਂ ਧਰਮੂ ਨੇ ਪਿੰਡ ਬੱਧਾ ਸੀ ਤਾਂ ਪਿੰਡ ਦੀ ਜ਼ਮੀਨ ਸੀ ਨੌਂ ਸੌ ਵਿਘੇ, ਤੇ ਜਦੋਂ ਸਾਡੇ ਪੜਦਾਦਿਆਂ ਦੀਆਂ ਔਲਾਦਾਂ ਨੇ ਜੰਮ ਕੇ ਇਸ ਰੰਗੀਲੀ ਦੁਨੀਆਂ ਨੂੰ ਚਾਰ ਚੰਨ ਲਾਏ ਤਾਂ ਜ਼ਮੀਨ ਘਟਦੀ-ਘਟਦੀ ਘਰ ਪ੍ਰਤੀ ਪੰਜ ਜਾਂ ਦਸ ਵਿਘੇ ਹੀ ਰਹਿ ਗਈ। ਫਿਰ ਵਿਚਾਰੇ ਧਰਮੂਚੱਕੀਏ ਪਿੰਡ ਛੱਡ-ਛੱਡ ਲੱਗੇ ਦੂਰ ਦੁਰਾਡੇ ਵੱਸਣ। ਜਿਸ ਤਰ੍ਹਾਂ ਇਕ ਕਹਾਵਤ ਹੈ, ਜ਼ਰੂਰਤ ਈਜਾਦ ਦੀ ਮਾਂ ਹੈ।

(ਬਾਕੀ ਅਗਲੇ ਸਫੇ 'ਤੇ)

# ਖੇਡ ਦੀ ਖੇਡ



ਅਵਤਾਰ ਗੋਂਦਾਰਾ

“ਨੱਪ ਕੇ ਰੱਖੀਂ...ਮਸਲ ਦੇ ਏਨੂੰ... ਬਾਹਲਾ ਤਿੜਿਆ ਸੀ”, ਇੱਕ ਜਾਫੀ ਛੁਟਣ ਲਈ ਤਰਲੋ ਮੱਛੀ ਹੋਈ ਜਾ ਰਹੇ ਰੇਡਰ ਨੂੰ ਢਾਹੀ ਬੈਠਾ ਹੈ ਅਤੇ ਉਸ ਦੇ ਹਮਾਇਤੀ ਹੱਲਾਸ਼ੇਰੀ ਦੇ ਰਹੇ ਹਨ। ਦਾਇਰੇ ਤੋਂ ਬਾਹਰ ਖੜੇ ਦਰਸ਼ਕਾਂ ਦਾ ਪੂਰਾ ਜੋਰ ਲੱਗ ਰਿਹਾ ਹੈ। ਕਬੱਡੀ ਦਾ ਮੈਚ ਹੈ, ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਗਰਾਊਂਡ ਵਿਚ ਪੰਜਾਬੀ ਮੁੰਡੇ, ਗੱਭਰੂ, ਬਜ਼ੁਰਗ ਪੱਬਾਂ ਭਾਰ ਖੜੇ ਦੇਖ ਰਹੇ ਹਨ। ਪ੍ਰਬੰਧਕਾਂ ਦੇ ਲਾਏ ਛੋਲੇ-ਭਠੂਰਿਆਂ ਦੇ ਲੰਗਰ 'ਚ ਵੀ ਚਹਿਲ-ਪਹਿਲ ਹੈ ਅਤੇ ਕੁਲਫੀਆਂ ਵਾਲੇ ਨੇ ਵੀ ਮਾਹੌਲ ਵਿਚ ਮਿਠਾਸ ਘੋਲੀ ਹੋਈ ਹੈ। ਕਈ ਪਾਸੇ ਖੜੇ ਢਾਣੀਆਂ ਬਣਾ ਕੇ ਤਬਸਰਾ ਕਰ ਰਹੇ ਹਨ, ਕਿਤੇ ਕਿਤੇ ਕਬੱਡੀ ਦੇ ਮੈਦਾਨ ਵਿਚ ਪੈਂਦਾ ਰੌਲਾ ਉਨ੍ਹਾਂ ਦਾ ਧਿਆਨ ਖਿਚਦਾ ਹੈ। ਇਹ ਟੂਰਨਾਮੈਂਟ ਘੱਟ, ਮੇਲਾ ਵੱਧ ਲੱਗਦਾ ਹੈ। ਗਰਾਂਈ, ਰਿਸ਼ਤੇਦਾਰ, ਪੁਰਾਣੇ ਯਾਰ ਬੇਲੀ, ਜਮਾਤੀ ਅਤੇ ਹਮ ਖਿਆਲ ਦਾ ਮੇਲ-ਜੋਲ ਹੋ ਰਿਹਾ ਹੈ। ਅੱਖ ਬਚਾਉਂਦਿਆਂ, ਪਾਰਕਿੰਗ ਵਿਚ ਜਾ ਕੇ, ਕਈ ਨਿੱਕਾ ਨਿੱਕਾ ਹਾੜਾ ਵੀ ਲਾ ਰਹੇ ਹਨ। ਬੇਸ਼ੱਕ ਇਸ ਥਾਂ ਪੀਣ 'ਤੇ ਪਾਬੰਦੀ ਹੈ।

ਪ੍ਰਬੰਧਕਾਂ ਨੇ ਨਾਂ ਵੀ ਠੀਕ ਹੀ ਰੱਖਿਆ ਹੈ, ਕਬੱਡੀ-ਮੇਲਾ। ਮੇਰਾ ਦੋਸਤ ਅਤੇ ਜਮਾਤੀ ਸੰਤੋਖ ਮਿਨਹਾਸ ਕਹਿੰਦਾ, “ਹੁਣ ਖੇਡਾਂ ਖੇਡਾਂ ਨਹੀਂ ਰਹੀਆਂ, ਇਹ ਵਪਾਰ ਬਣ ਗਈਆਂ ਹਨ, ਇੱਕ ਪੇਸ਼ਾ। ਖਿਡਾਰੀ ਖੇਡਣ ਲਈ ਪੈਸੇ ਲੈਂਦੇ ਹਨ ਅਤੇ ਇਨਾਮ ਵਿਚ ਮਿਲਣ ਵਾਲੀ ਸ਼ੀਲਡ ਜਾਂ ਕੱਪ ਨਾਲੋਂ ਅੱਖ ਮਿਲਣ ਵਾਲੀ ਰਾਸ਼ੀ 'ਤੇ ਹੁੰਦੀ ਹੈ।” ਕੋਲ ਖੜਾ ਗੀਤਕਾਰ ਹਰਜਿੰਦਰ ਕੰਗ ਹਮੇਸ਼ਾ ਵਾਂਗ ਟੋਟਕਾ ਸੁਣਾ ਕੇ ਉਸ ਦੀ ਪੁਸ਼ਟੀ ਕਰਦਾ ਹੈ। ਕੰਗ ਕਹਿੰਦਾ, “ਇੱਕ ਵਾਰ ਕਬੱਡੀ ਦੇ ਮੈਚ ਵਿਚ, ਇੱਕੋ ਖਿਡਾਰੀ ਆ ਖੜਾ ਹੋਇਆ। ਵਿਰੋਧੀ ਟੀਮ ਕਹਿੰਦੀ, 'ਬਾਕੀ ਖਿਡਾਰੀ ਲਿਆ।' ਉਹ ਕਹਿੰਦਾ, 'ਲਿਆਉਣ ਦੀ ਲੋੜ ਨਹੀਂ, ਥੋਡੇ 'ਚੋਂ ਹੀ ਲੈ ਲੈਣੇ ਹਨ।' ਵਿਰੋਧੀਆਂ ਨੇ ਇਤਰਾਜ ਕੀਤਾ ਕਿ ਇਹ ਕਿਵੇਂ ਹੋ ਸਕਦਾ ਹੈ! ਜਦੋਂ ਬੋਲੀ ਸ਼ੁਰੂ ਹੋਈ, ਇੱਕ ਇੱਕ ਕਰਕੇ ਸਾਰੇ ਖਿਡਾਰੀ ਵਿਕ ਗਏ।' 'ਕੱਲਾ ਤਿਕੜਮਬਾਜ, ਖੜੇ ਪੈਰ ਟੀਮ ਬਣਾ ਕੇ ਪਹਿਲਵਾਨੀ ਗੇੜੇ ਕੱਢਣ ਲੱਗਾ। ਹੁਣ ਖਿਡਾਰੀ ਪਿੰਡ, ਸ਼ਹਿਰ, ਇਲਾਕੇ ਜਾਂ ਮੁਲਕ ਦਾ ਨਾਂ ਉਚਾ ਕਰਨ ਲਈ ਨਹੀਂ ਖੇਡਦੇ, ਪੈਸਾ ਕਮਾਉਣ ਲਈ ਖੇਡਦੇ ਹਨ। ਖੇਡ ਕੋਈ ਹੋਵੇ, ਖਿਡਾਰੀਆਂ ਵਲੋਂ ਪੈਸੇ ਲੈ ਕੇ ਖੇਡਣ ਦੀ ਕੋਈ ਗੱਲ ਲੁਕੀ ਛੁਪੀ ਹੋਈ ਨਹੀਂ ਹੈ। ਇਸ ਮਾਮਲੇ 'ਚ ਕ੍ਰਿਕਟ ਦਾ ਨਾਂ ਸੱਭ ਤੋਂ ਸਰੇ-ਫਰਿਸਤ ਹੈ।”

'ਕੈਲੀਫੋਰਨੀਆ ਕਬੱਡੀ ਫੈਡਰੇਸ਼ਨ' ਵੱਲੋਂ ਕਰਵਾਏ ਗਏ ਟੂਰਨਾਮੈਂਟ ਦਾ ਆਖਰੀ ਮੈਚ ਘੁਸਮੁਸੇ ਵਿਚ ਖੇਡਿਆ ਗਿਆ। ਹਮਾਇਤੀਆਂ ਦੇ ਵਾਰ ਵਾਰ ਦਖਲ ਦੇਣ ਨਾਲ ਰੌਲਾ ਪੈ ਰਿਹਾ ਸੀ। ਅਫਰਾ-ਤਫਰੀ ਸੀ। ਪ੍ਰਬੰਧਕ ਅਤੇ ਖਿਡਾਰੀ ਪਾਲੇ ਵਿਚ ਇੰਜ ਫਿਰ ਰਹੇ ਸਨ, ਜਿਵੇਂ ਵਿਆਹ ਵਿਚ ਨਾਨਕਾ ਮੇਲ ਫਿਰਦਾ ਹੋਵੇ। ਸਟੇਕ ਵੱਡਾ ਸੀ, ਜਿੱਤਣ ਵਾਲੀ ਟੀਮ ਨੂੰ ਤੇਰਾਂ ਅਤੇ ਹਾਰਨ ਵਾਲੀ ਟੀਮ ਨੂੰ ਗਿਆਰਾਂ ਹਜਾਰ ਡਾਲਰ ਮਿਲਣੇ ਸਨ।

ਇਨ੍ਹਾਂ ਕਬੱਡੀ ਮੇਲਿਆਂ ਵਿਚ ਅਕਸਰ ਰੈਫਰੀ ਅਤੇ ਕੁਮੈਂਟੇਟਰ ਵਜੋਂ ਹਾਜ਼ਰੀ ਲੁਆਉਂਦੇ ਆ ਰਹੇ ਗੁਰਮੇਲ ਦਿਓਲ ਨੇ ਦੱਸਿਆ ਕਿ ਕਬੱਡੀ ਟੀਮ ਨੂੰ ਤਿਆਰ ਕਰਨ ਲਈ ਤੀਹ ਤੋਂ ਚਾਲੀ ਹਜ਼ਾਰ ਡਾਲਰ ਖਰਚ ਹੋ ਜਾਂਦਾ ਹੈ। ਔਕਾਤ ਮੁਤਾਬਿਕ ਖਿਡਾਰੀ ਤਿੰਨ ਤੋਂ ਦਸ ਹਜਾਰ ਡਾਲਰ ਤੱਕ ਵਸੂਲ ਕਰਦਾ ਹੈ। ਇਹ ਖਿਡਾਰੀ ਘੱਟ ਤੇ 'ਉਦਮੀ' ਵੱਧ ਹੁੰਦੇ ਹਨ।

ਬਜ਼ੁਰਗਾਂ ਦੀ ਸੋਚ ਸੀ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਵਿਚ ਪਾਓ। ਹੁਣ ਤਾਂ ਉਲਟ ਹੋਇਆ ਪਿਆ ਹੈ, ਪਹਿਲਵਾਨ ਵੀ ਨਸ਼ਾ ਤਸ਼ਕਰੀ ਵਿਚ ਭਾਈਵਾਲ ਬਣੇ ਫਿਰਦੇ ਹਨ। ਖੇਡ ਭਾਵਨਾ ਗਾਇਬ ਹੈ। ਜੇ ਭਾਵਨਾ ਡਾਲਰ ਕਮਾਉਣਾ ਹੋਵੇ ਤਾਂ ਖੇਡ ਖੇਡ ਨਹੀਂ ਰਹਿੰਦੀ, ਵਪਾਰ ਬਣ ਜਾਂਦੀ ਹੈ। ਅਜਿਹੀ ਖੇਡ ਖੇਡਦਿਆਂ ਨਸ਼ੇ ਦੀ ਤਲਬ ਰਹਿੰਦੀ ਹੈ। ਖੇਡ ਆਪਣੇ ਆਪ ਵਿਚ ਨਸ਼ਿਆਉਂਦੀ ਨਹੀਂ। ਹੁਣ ਤਾਂ ਖੇਡਾਂ ਦੇ ਮੁਹਾਵਰਿਆਂ 'ਚ ਵੀ ਵਿਗਾੜ ਆ ਗਿਆ ਹੈ। ਜੇ ਕਿਸੇ ਦੀ ਲਾਪ੍ਰਵਾਹੀ 'ਤੇ ਕਿੰਤੂ ਪ੍ਰੰਤੂ ਕਰਨਾ ਹੋਵੇ ਤਾਂ ਆਖੀਦਾ ਹੈ, “ਖੇਡਾਂ ਨਾ ਖੇਡ, ਬੰਦਾ ਬਣ।” ਜੇ ਤੁਹਾਡੇ ਨਾਲ ਕੋਈ ਜਾਣੂ ਠੱਗੀ ਮਾਰ ਜਾਵੇ ਤਾਂ ਅਕਸਰ ਕਿਹਾ ਜਾਂਦਾ ਹੈ, “ਉਹ ਤਾਂ ਖੇਡ ਖੇਡ ਗਿਆ।” ਜੇ ਬੇਧਿਆਨੀ ਵਿਚ ਹੀ ਕੁਝ ਮਾੜਾ ਵਾਪਰ ਜਾਵੇ ਤਾਂ ਬੰਦਾ ਕਹਿੰਦਾ ਹੈ, “ਖੇਡ ਖੇਡ ਵਿਚ ਕੁੱਡਾ ਕਰਵਾ ਲਿਆ।”

ਇਹ ਹੋਈ ਹਮ੍ਹਾਤੜਾਂ ਦੀ ਗੱਲ। ਸਿਆਣੇ ਕੀ ਕਹਿੰਦੇ ਹਨ, ਉਨ੍ਹਾਂ ਦੀ ਵੀ ਸੁਣ ਲਈਏ। ਮਾਰਕ ਟਵੇਨ ਦਾ ਕਹਿਣਾ ਹੈ ਕਿ ਲੋੜ ਲਈ ਕੀਤਾ ਗਿਆ ਕਾਰਜ 'ਕੰਮ' ਹੈ, ਅਤੇ ਮੌਜ ਲਈ ਕੀਤਾ ਗਿਆ 'ਖੇਡ', ਭਾਵ ਮਨੋਰੰਜਨ ਜਾਂ ਦਿਲ-ਬਹਿਲਾਵੇ ਲਈ ਕੀਤੀ ਸਰਗਰਮੀ ਹੀ ਖੇਡ ਦੀ ਕੋਟੀ ਵਿਚ ਆਉਂਦੀ ਹੈ। ਇਸ ਵਿਚ ਆਪਮੁਹਾਰਤਾ ਹੁੰਦੀ ਹੈ। ਇਸ ਨੂੰ ਕਰਦਿਆਂ ਤਨ, ਮਨ ਖਿੜਦਾ ਹੈ। ਬੰਦੇ ਦੀ ਜ਼ਿੰਦਗੀ ਵਿਚ ਖੇਡ ਸ਼ਾਮਿਲ ਕਿਵੇਂ ਹੋਈ ਤੇ ਕਿਵੇਂ ਉਹ ਆਪਣਾ ਅਸਲ ਮਕਸਦ ਗਵਾ ਬੈਠੀ, ਇਹ ਕਹਾਣੀ ਵੀ ਬੜੀ ਦਿਲਚਸਪ ਹੈ।

ਸਪੈਂਸਰ ਨਾਂ ਦਾ ਵਿਦਵਾਨ ਕਹਿੰਦਾ ਹੈ ਕਿ ਖੇਡ ਦਾ ਮੁੱਖ ਲੱਛਣ ਇਹ ਹੈ ਕਿ ਇਸ ਦਾ ਰੋਟੀ ਰੋਜ਼ੀ ਨਾਲ ਕੋਈ ਵਾਸਤਾ ਨਹੀਂ ਹੈ। ਖੇਡਦਿਆਂ ਖਿਡਾਰੀ ਸਾਹਵੇਂ ਕੋਈ ਮਨੋਰਥ ਨਹੀਂ ਹੁੰਦਾ। ਇਹ ਗੱਲ ਠੀਕ ਹੈ ਕਿ ਖੇਡ ਖੇਡਦਿਆਂ ਖਿਡਾਰੀ ਦਾ ਜੁੱਸਾ ਤਕੜਾ ਹੁੰਦਾ ਹੈ ਅਤੇ ਉਸ ਦੀ ਨਸਲ ਨੂੰ ਵੀ ਫਾਇਦਾ ਹੁੰਦਾ ਹੈ। ਬਿੱਲੀ ਜਦੋਂ ਖੁਰਾਕ ਲਈ ਚੂਹੇ ਮਗਰ ਭੱਜਦੀ ਹੈ ਤਾਂ ਇਸ ਵਿਚ ਉਸ ਦਾ ਸੁਆਰਥ ਹੈ, ਪਰ ਇਹੀ ਬਿੱਲੀ ਜਦੋਂ ਖਿੱਦੋ ਮਗਰ ਦੌੜਦੀ ਹੈ ਤਾਂ ਖੇਡ ਬਣ ਜਾਂਦੀ ਹੈ। ਸਪੈਂਸਰ ਦਾ ਕਹਿਣਾ ਹੈ ਕਿ ਜੀਵਨ ਨਿਰਭਾਹ ਵਿਚ, ਜੀਵ ਦੀ ਸਾਰੀ ਊਰਜਾ ਖਤਮ ਨਹੀਂ ਹੁੰਦੀ। ਵਾਧੂ ਬਚੀ ਊਰਜਾ ਨੂੰ ਖਾਰਜ ਕਰਨ ਲਈ ਖੇਡ ਦਾ ਵਰਤਾਰਾ ਹੋਂਦ ਵਿਚ ਆਇਆ। ਸ਼ਿਕਾਰੀ ਜਾਨਵਰ, ਵਿਹਲੇ ਪਲਾਂ ਵਿਚ ਝੂਠ ਮੂਠ ਦੀ 'ਲੜਾਈ' ਤੇ 'ਸ਼ਿਕਾਰ' ਕਰਦੇ ਹਨ। ਇਹ ਉਨ੍ਹਾਂ ਦੀ ਖੇਡ ਹੈ।

ਸ਼ਬਦ ਕੋਸ਼ਾਂ ਵਿਚ ਖੇਡ ਦੇ ਪੰਜ ਗੁਣ ਦਰਜ ਹਨ-ਮਨੋਰੰਜਨ, ਲਾਲਚ ਦੀ ਅਣਹੋਂਦ, ਆਪਮੁਹਾਰਤਾ, ਪ੍ਰਤੀਬੱਧਤਾ ਅਤੇ ਦੋਸਤਾਨਾ ਵਿਰੋਧ। ਜੇ ਇਨ੍ਹਾਂ ਵਿਚੋਂ ਇੱਕ ਵੀ ਗੈਰਹਾਜ਼ਰ ਹੋਵੇ, ਤਾਂ ਸਰਗਰਮੀ ਖੇਡ ਦੇ ਘੇਰੇ ਤੋਂ ਬਾਹਰ ਚਲੀ ਜਾਂਦੀ, ਖੇਡ ਨਹੀਂ ਰਹਿੰਦੀ। ਮਨੋਵਿਗਿਆਨੀ ਕਹਿੰਦੇ ਹਨ, ਖੇਡ ਰਾਹੀਂ ਕਈ ਮੂਲ ਪ੍ਰਵਿਰਤੀਆਂ ਦੀ ਖਲਾਸੀ ਹੁੰਦੀ ਹੈ। ਸਾਡੀ ਕਿਲਰ ਇੰਸਟਿੰਕਟ ਦੀ ਖੇਡ ਰਾਹੀਂ ਕਾਇਆ ਕਲਪ ਹੋ ਜਾਂਦੀ ਹੈ। ਕ੍ਰੋਧ ਅਤੇ ਗੁੱਸੇ ਦੀ ਊਰਜਾ, ਖੇਡ ਵਿਚ ਸਦਗੁਣ ਹੋ ਨਿਬੜਦੀ ਹੈ। ਇਨ੍ਹਾਂ ਪ੍ਰਵਿਰਤੀਆਂ ਤੋਂ ਵਿਰਵੇ ਖਿਡਾਰੀ ਚੰਗੇ ਰੇਡਰ ਤੇ ਜਾਫੀ ਨਹੀਂ ਬਣ ਸਕਦੇ। ਦਰਸ਼ਕਾਂ ਦੇ ਮਨਾਂ ਵਿਚ ਦੱਬਿਆ ਹੋਇਆ ਗੁੱਸਾ ਅਤੇ ਕ੍ਰੋਧ, ਖਿਡਾਰੀਆਂ ਦੀਆਂ ਝੜਪਾਂ ਵੇਖ ਕੇ ਰਿਸ ਜਾਂਦਾ ਹੈ। ਉਹ ਨਿੱਸਲ ਹੋ ਜਾਂਦੇ ਹਨ। ਫਰੀਦਕੋਟ ਨੇੜਲੇ ਪਿੰਡ ਕੰਮੇਆਣਾ ਵਿਚ ਸੀਲ ਕੁੱਕੜਾਂ ਦੀ ਲੜਾਈ ਦੇਖਣ ਵਾਲੀ ਹੁੰਦੀ ਸੀ। ਕੁੱਕੜ ਤੜਾਂ ਮਾਰ ਰਹੇ ਹਨ। ਉਨ੍ਹਾਂ ਦੀਆਂ ਕਲਗੀਆਂ ਲਹੂ ਲੁਹਾਨ ਹਨ। ਘੇਰਾ ਬਣਾਈ ਬੈਠੇ, ਦਰਸ਼ਕ ਪੱਬਾਂ ਭਾਰ, ਸਪਰਿੰਗਾਂ ਵਾਂਗ ਬੁੜਕ ਰਹੇ ਹਨ। ਕੁੱਕੜਾਂ ਨਾਲੋਂ ਉਨ੍ਹਾਂ ਦਾ ਜੋਰ ਵੱਧ ਲੱਗ ਰਿਹਾ ਹੈ। ਇਸੇ ਪ੍ਰਵਿਰਤੀ ਦੇ ਧੱਕੇ ਅਸੀਂ ਸ਼ੌਤਰਿਆਂ ਦੇ ਹਿੰਸਕ ਭੇੜ ਨੂੰ ਖੇਡ ਬਣਾ ਲਿਆ ਹੈ।

ਖੇਡ ਮੇਲਿਆਂ ਵਿਚ ਸਾਡੀ 'ਇੱਜੜ ਭੁੱਖ' ਵੀ ਤ੍ਰਿਪਤ ਹੁੰਦੀ ਹੈ। ਮੇਲੇ ਇੱਕੱਲ ਦੀ ਕੰਧ ਢਾਹੁੰਦੇ ਹਨ। ਲੋਕਾਂ ਦੀ ਭੱਜ-ਦੌੜ ਬਾਰੇ, ਤਾਲਸਤਾਏ ਦੇ ਹਵਾਲੇ ਨਾਲ, ਇਸ ਮੇਲੇ ਵਿਚ ਆਏ ਪ੍ਰਿੰ. ਸਰਵਣ ਸਿੰਘ ਨੇ ਕਹਾਣੀ ਸੁਣਾਈ। ਉਹ ਬੋਲੇ, “ਕਾਲਜ ਪੜ੍ਹਦਿਆਂ ਤਾਲਸਤਾਏ ਦੀ ਕਹਾਣੀ ਪੜ੍ਹੀ, 'How Much Land Dose a Man need', ਇੱਕ ਕਿਸਾਨ ਕੋਲ ਦਸ ਕਿੱਲੇ ਜਮੀਨ ਸੀ। ਸਾਰਾ ਟੱਬਰ ਕੰਮ ਕਰਦਾ। ਗੁਜਾਰਾ ਹੋਈ ਜਾਂਦਾ ਸੀ। ਹੌਲੀ ਹੌਲੀ ਨਾਲ ਲਗਦੀ ਜਮੀਨ ਖਰੀਦਣੀ ਸ਼ੁਰੂ ਕਰ ਦਿੱਤੀ। ਸੌ ਕਿਲਾ ਬਣਾ ਲਿਆ। ਨਾਲ ਸਾਧਾਂ ਦਾ ਡੇਰਾ ਸੀ। ਸਾਧ ਕਹਿੰਦੇ ਕਿੰਨੀ ਜਮੀਨ ਚਾਹੀਦੀ ਹੈ। ਕਿਸਾਨ ਕਹਿੰਦੇ ਜਿੰਨੀ ਮਰਜੀ ਦੇ ਦਿਓ। ਸਾਧ ਕਹਿੰਦੇ, “ਤੂੰ ਆਵਦੇ ਵਾਲੀ ਸਾਨੂੰ ਦੇ ਦੇ ਅਸੀਂ ਡੇਰਾ ਬਣਾ ਲੈਂਦੇ ਹਾਂ, ਤੇ ਡੇਰੇ ਵਾਲੀ ਜਮੀਨ 'ਚੋਂ ਜਿੰਨੀ ਮਰਜੀ ਵਲ ਲਈਂ।” ਕਿਸਾਨ ਨੂੰ ਲੱਗਿਆ, ਸਾਧ ਕਮਲੇ ਆ। ਮੈਂ ਤਾਂ ਸਾਮ ਨੂੰ ਹਜਾਰਾਂ ਏਕੜ ਵਲ ਦੇਣੇ ਆ। ਉਨ੍ਹਾਂ ਨੇ ਇੱਕ ਸ਼ਰਤ ਲਾਈ ਕਿ ਦਿਨ ਚੜ੍ਹਦੇ ਤੋਂ ਲੈ ਕੇ ਛਿਪਣ ਤੱਕ ਜਿਥੋਂ ਤੁਰਿਆ ਸੀ, ਉਥੇ ਮੁੜ ਕੇ ਆਉਣਾ ਪਊ, ਨਹੀਂ ਤਾਂ ਤੇਰਾ ਸੌ ਕਿਲਾ ਸਾਡਾ। ਕਿਸਾਨ ਕਹਿੰਦਾ, ਠੀਕ ਹੈ। ਪਹਿਲਾਂ ਤਾਂ ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਮੂੰਹ ਹਨੇਰੇ ਹੀ ਉਠ ਕੇ ਬੈਠ ਗਿਆ। ਸ਼ੂਟ ਵਟ ਕੇ ਭੱਜਿਆ। ਸਾਧ ਕਹਿੰਦੇ, ਡੱਕਾ ਸਿੱਟਦਾ ਜਾਈਂ, ਵੱਟ ਪਾਉਣੀ ਸੁਖਾਲੀ ਰਹੂ। ਕਿਸਾਨ ਭੱਜਿਆ ਜਾਂਦੈ, ਜਮੀਨ ਚੰਗੀ ਆਉਂਦੀ ਗਈ, ਉਹਦੀ ਤਮਾ ਵਧਦੀ ਗਈ। ਭੁੱਖਾ, ਥੱਕਿਆ ਭੱਜਿਆ ਜਾ ਰਿਹਾ ਹੈ। ਦਿਨ ਢਲੇ ਉਹ ਡਿੱਗਦਾ ਡਹਿੰਦਾ ਸ਼ੁਰੂ ਵਾਲੇ ਥਾ 'ਤੇ ਆ ਗਿਆ। ਸਾਧ ਕਹਿੰਦੇ, ਬਹੁਤ ਬਹੁਤ ਵਧਾਈ, ਇਹ ਜਮੀਨ ਤੇਰੀ ਹੋਈ। ਉਹ ਏਨਾ ਥੱਕ ਗਿਆ ਕਿ ਨਿਢਾਲ ਹੋ ਕੇ ਭੁੰਜੇ ਡਿੱਗ ਪਿਆ ਤੇ ਪ੍ਰਾਣ ਤਿਆਗ ਦਿੱਤੇ। ਉਸ ਲਈ ਕਬਰ ਪੁੱਟੀ ਗਈ। ਸੱਥਰ 'ਤੇ ਬੈਠੇ ਸੋਗੀ ਗੱਲਾਂ ਕਰਦੇ ਆ ਕਿ ਉਸ ਨੂੰ ਜਮੀਨ ਤਾਂ ਏਨੀ ਕੁ ਚਾਹੀਦੀ ਸੀ, ਉਹ ਕਾਹਦੇ ਪਿੱਛੇ ਭੱਜਿਆ ਫਿਰਿਆ। ਸਾਡੇ ਪ੍ਰੋਫੈਸਰ ਨੇ ਕਹਾਣੀ ਦਾ ਸਿੱਟਾ ਕੱਢਿਆ ਕਿ ਬੰਦੇ ਦੀ ਲੋੜ ਸਿਰਫ 'ਸਾਢੇ ਤਿੰਨ ਹੱਥ' ਜਮੀਨ ਹੈ, ਜੋ ਕਬਰ ਲਈ ਚਾਹੀਦੀ ਹੈ।

ਕੁਝ ਚਿਰ ਬਾਅਦ ਗੋਰਕੀ ਦੀ ਟਿੱਪਣੀ ਪੜ੍ਹਨ ਦਾ ਮੌਕਾ ਮਿਲਿਆ, ਉਸ ਨੇ ਕਿਹਾ, ਕਹਾਣੀ ਇਹ ਸੁਨੇਹਾ ਨਹੀਂ ਦਿੰਦੀ। ਉਸ ਨੇ ਕਿਹਾ ਇਹ ਕਹਾਣੀ ਕਹਿੰਦੀ ਹੈ ਕਿ ਮਰੇ ਬੰਦੇ ਨੂੰ 'ਸਾਢੇ ਤਿੰਨ ਹੱਥ' ਤੇ 'ਜਿਉਂਦੇ ਬੰਦੇ ਨੂੰ' ਸਾਰੀ ਧਰਤੀ ਚਾਹੀਦੀ ਹੈ। ਫਿਰ ਇੱਕ ਹੋਰ ਵਿਦਵਾਨ ਦੀ ਲਿਖਤ ਮਿਲੀ, ਜਿਸ ਨੇ ਕਿਹਾ ਕਿ ਗੋਰਕੀ ਦੀ ਗੱਲ ਵੀ ਠੀਕ ਨਹੀਂ। ਕਹਾਣੀ ਚੱਜ ਨਾਲ ਪੜ੍ਹੋ। ਇਹ ਗੱਲ ਨਹੀਂ ਦੱਸਦੀ ਕਿ ਬੰਦੇ ਨੂੰ 'ਸਾਢੇ ਤਿੰਨ ਹੱਥ ਜਮੀਨ' ਚਾਹੀਦੀ ਹੈ, ਇਹ ਵੀ ਨਹੀਂ ਦੱਸਦੀ ਕਿ ਸਾਰੀ ਚਾਹੀਦੀ ਹੈ। ਉਹ ਕਹਿੰਦਾ, ਬੰਦੇ ਨੂੰ ਦੋਨੋਂ ਚੀਜਾਂ ਨਹੀਂ ਚਾਹੀਦੀਆਂ। ਪਹਿਲਾ ਪੈਰਾ ਪੜ੍ਹੋ। ਕਿਸਾਨ ਜਿੱਥੋਂ ਤੁਰਿਆ ਸੀ, ਉਸ ਨੇ ਉਥੇ ਪਹੁੰਚਣਾ ਹੈ। ਬੰਦੇ ਦੀ ਲੋਚਾ ਤੇ ਲੋੜਾਂ ਵਿਚ ਟਕਰਾ ਹੈ। ਬੰਦੇ ਦੀਆਂ ਲੋੜਾਂ ਸੀਮਿਤ ਤੇ ਇੱਛਾਵਾਂ ਅਸੀਮ ਹਨ, ਬੰਦੇ ਦਾ ਇਹੀ ਸੰਕਟ ਹੈ, ਜੋ ਕਹਾਣੀ ਦਸਦੀ ਹੈ।

ਉਧਰ ਕੁਮੈਂਟੇਟਰ ਦੀਆਂ ਅਵਾਜਾਂ ਆ ਰਹੀਆਂ ਸਨ ਕਿ ਗੱਭਰੂ ਰੇਡ 'ਤੇ ਚੱਲਿਆ ਹੈ, ਇੱਕ ਪਾਸੇ ਤੇਰਾਂ ਹਜ਼ਾਰ ਡਾਲਰ ਤੇ ਦੂਜੇ ਪਾਸੇ ਗਿਆਰਾਂ ਹਜਾਰ ਦਾ ਸੁਆਲ ਹੈ, ਹੁਣ ਨਿੱਤਰੂ ਵੜੇਵੇਂ ਖਾਣੀ...ਕੁੰਢੀਆਂ ਦੇ ਸਿੰਗ ਫਸ ਗਏ...।

ਫਿਰ ਪੁਆਇੰਟ ਪਿਛੇ ਰੌਲਾ ਪੈ ਗਿਆ। ਹਨੇਰਾ ਵਧ ਰਿਹਾ ਸੀ। ਦਰਸ਼ਕ ਖਿੰਡਣੇ ਸ਼ੁਰੂ ਹੋ ਗਏ। ਤਾਲਸਤਾਏ ਦੀ ਕਹਾਣੀ ਦਾ ਥੀਮ ਖੇਡ ਦੇ ਰੌਲੇ ਵਿਚ ਗੁਆਚ ਗਿਆ।

# ਪਹਿਲਵਾਨ ਦਾਰਾ ਸਿੰਘ ਦੀ ਆਤਮ ਕਥਾ

*(ਪਿਛਲੇ ਸਫੇ ਦੀ ਬਾਕੀ)*

ਇਸ ਤਰ੍ਹਾਂ ਸਭ ਨੇ ਆਪਣੇ ਸੁਖੀ ਜੀਵਨ ਲਈ ਕੋਈ ਨਾ ਕੋਈ ਸਾਧਨ ਲੱਭ ਹੀ ਲਿਆ ਤੇ ਮਨੀ ਆਰਡਰ ਧਰਮੂਚੱਕ ਆਉਣ ਲੱਗ ਪਏ।”

ਉਹ ਆਪਣੇ ਬਚਪਨ ਦੇ ਸ਼ੌਕ ਦੱਸਦੈ, “ਪੜ੍ਹਨ ਤੋਂ ਇਲਾਵਾ ਮੈਨੂੰ ਗੁੱਲੀ ਡੰਡਾ ਖੇਡਣ, ਲੁਕਣ ਮੀਚੀ, ਛਾਲਾਂ ਮਾਰਨ ਤੇ ਖਿੱਦੋ ਖੂੰਡੀ ਖੇਡਣ ਦੀ ਬੜੀ ਚਾਹ ਰਹਿੰਦੀ ਸੀ। ਪੜ੍ਹਨ ਪਿੱਛੋਂ ਪਸ਼ੂਆਂ ਨੂੰ ਚਾਰਨ ਲੈ ਜਾਣਾ ਤੇ ਪਸ਼ੂ ਚਾਰਦਿਆਂ ਕਦੇ ਕਦਾਈਂ ਹਾਣੀ ਮੁੰਡਿਆਂ ਨਾਲ ਇਟਖੜਿੱਕਾ ਵੀ ਹੋ ਜਾਂਦਾ ਸੀ। ਉਦੋਂ ਮੈਂ ਸੱਤ-ਅੱਠ ਸਾਲਾਂ ਦਾ ਸਾਂ। ਮੈਂ ਘਰਦਿਆਂ ਨੂੰ ਕਿਹਾ, 'ਮੈਨੂੰ ਵੀ ਸੁਤਨਾ ਸਵਾ ਦਿਓ।' ਮਾਂ ਨੇ ਕਿਹਾ, 'ਤੂੰ ਸੁਤਨਾ ਕੀ ਕਰਨਾ ਹੈ?' ਮੈਂ ਕਿਹਾ, 'ਮੈਂ ਵੀ ਡੰਡ ਕੱਢਿਆ ਕਰੂੰਗਾ ਤੇ ਬੈਠਕਾਂ ਕਢੂੰਗਾ।' ਮਾਂ ਨੇ ਮੇਰੀ ਰੀਝ ਪੂਰੀ ਕਰ ਦਿੱਤੀ ਤੇ ਮੈਂ ਆਪਣੇ ਸਕਿਆਂ ਵਿਚੋਂ ਚਾਚੇ ਸਵਰਨ ਸਿੰਘ ਕੋਲੋਂ ਬੈਠਕਾਂ ਕੱਢਣੀਆਂ ਸਿੱਖ ਲਈਆਂ। ਪੂਰੇ ਸਰੀਰ ਨੂੰ ਤੇਲ ਲਾ ਕੇ, ਜਿਸ ਤਰ੍ਹਾਂ ਉਹ ਡੰਡ ਬੈਠਕਾਂ ਕੱਢਦਾ ਸੀ, ਮੈਂ ਵੀ ਕੱਢਣ ਲੱਗ ਪਿਆ...।

ਦਾਰੇ ਦਾ ਬਚਪਨ ਬੜੀਆਂ ਕਠਿਨ ਹਾਲਤਾਂ ਵਿਚ ਬੀਤਿਆ। ਪਿਤਾ ਤੇ ਚਾਚਿਆਂ ਦੇ ਸਿੰਘਾਪੁਰ ਤੁਰ ਜਾਣ ਕਾਰਨ ਬਾਬੇ ਬੂੜ ਸਿੰਘ ਨੂੰ 'ਕੱਲਿਆਂ ਖੇਤੀ ਕਰਨੀ ਔਖੀ ਸੀ। ਉਸ ਨੇ ਬਾਲਕ ਦਾਰੇ ਨੂੰ ਪ੍ਰਾਇਮਰੀ ਸਕੂਲ ਦਾ ਕਾਇਦਾ ਪੜ੍ਹਨ ਲੱਗੇ ਨੂੰ ਹੀ ਪੜ੍ਹਨੋਂ ਹਟਾ ਲਿਆ ਤੇ ਆਪਣੇ ਨਾਲ ਕੰਮ ਉਤੇ ਜੋੜ ਲਿਆ। ਉਹ ਦਾਰੇ ਦੀ ਮਾਂ ਨੂੰ ਕਹਿਣ ਲੱਗਾ, “ਭਈ ਮੁੰਡਾ ਛੇ-ਸੱਤ ਸਾਲਾਂ ਦਾ ਹੋ ਗਿਆ, ਇਸ ਨੂੰ ਘਰ ਦਾ ਕੰਮ ਕਾਜ ਕਰਨ ਦਿਓ, ਭੇਜ ਦਿੰਦੀ ਆ ਪਰੌਂਠੇ ਬੰਨ੍ਹ ਕੇ ਮਦਰੱਸੇ। ਡੰਗਰ ਖੁਰਲੀਆਂ 'ਤੇ ਭੁੱਖੇ ਤਿਹਾਏ ਬੱਝੇ ਰਹਿੰਦੇ ਨੇ। ਮੱਝਾਂ ਨੂੰ ਬਾਹਰ ਨਾ ਛੱਡਿਆ ਜਾਵੇ ਤਾਂ ਦੁੱਧੋਂ ਸੁੱਕ ਜਾਂਦੀਆਂ ਨੇ। ਇਹਦੀ ਉਮਰ ਦੇ ਮੁੰਡੇ ਤਾਂ ਵੱਗ ਚਾਰਨ ਤੋਂ ਬਿਨਾ ਪੱਠਾ ਦੱਥਾ ਵੀ ਕਰਵਾਉਂਦੇ ਨੇ।”

ਮਾਂ ਨੇ ਦਿਲੋਂ ਤਾਂ ਨਹੀਂ, ਪਰ ਮਜਬੂਰੀ 'ਚ ਕਹਿ ਦਿੱਤਾ, “ਪੁੱਤ ਹੁਣ ਤੂੰ ਪੜ੍ਹਨ ਨਹੀਂ ਜਾ ਸਕਦਾ।” ਦਾਰੇ ਨੇ ਰੌਲਾ ਪਾ ਦਿੱਤਾ ਕਿ ਮੈਂ ਜ਼ਰੂਰ ਪੜ੍ਹਨਾ ਹੈ। ਮਾਂ ਨੇ ਡਾਂਟ ਡਪਟ ਕੀਤੀ ਤਾਂ ਦਾਰੇ ਨੇ ਰੋਣਾ ਸ਼ੁਰੂ ਕਰ ਦਿੱਤਾ। ਮਾਂ ਬੇਵੱਸ ਸੀ। ਉਸ ਨੇ ਗੁੱਸੇ ਵਿਚ ਉਹਦਾ ਬਸਤਾ ਉੱਚੀ ਜਗ੍ਹਾ ਪਰਛੱਤੀ 'ਤੇ ਵਗਾਹ ਮਾਰਿਆ ਤੇ ਆਪ ਵੀ ਰੋਣ ਲੱਗ ਪਈ। ਪੁੱਤ ਨੂੰ ਉਦੋਂ ਏਨੀ ਸਮਝ ਨਹੀਂ ਸੀ ਕਿ ਮਾਂ ਦਾ ਰੋਣ ਕਿਉਂ ਨਿਕਲਿਆ ਸੀ? ਫਿਰ ਦਾਰੇ ਨੇ ਗੁਰਮੁਖੀ ਦੇ ਅੱਖਰ ਸੰਤ ਬਾਬਾ ਸ਼ਾਮ ਸਿੰਘ ਪਾਸੋਂ ਸਿੱਖੇ। ਸੰਤਾਂ ਨੇ ਉਸ ਨੂੰ ਕਿਰਤ ਕਰਨ ਤੇ ਸੱਚ ਬੋਲਣ ਦੀ ਜੀਵਨ ਜਾਚ ਸਿਖਾਈ, ਜੋ ਸਾਰੀ ਉਮਰ ਉਸ ਦੇ ਕੰਮ ਆਈ। ਉਹ ਸਵੇਰੇ ਸੰਤਾਂ ਦੀ ਬਗੀਚੀ ਵਿਚ ਸੇਵਾ ਕਰਦਾ, ਅੱਖਰ ਸਿਖਦਾ ਤੇ ਘਰ ਮੁੜ ਕੇ ਡੰਗਰ ਚਾਰਨ ਚਲਾ ਜਾਂਦਾ। ਉਹ ਲਿਖਦਾ ਹੈ ਕਿ ਉਨ੍ਹਾਂ ਦੀ ਲਾਖੀ ਗਾਂ ਉਹਨੂੰ ਬੜਾ ਤੰਗ ਕਰਦੀ ਸੀ। ਉਹ ਐਨਾ ਭੱਜਦੀ ਕਿ ਮੋਤੇ ਲੁਆਉਂਦਿਆਂ ਬਾਲਕ ਦਾਰੇ ਨੂੰ ਹੰਭਾ ਕੇ ਇਕ-ਦੋ ਵਾਰ ਜ਼ਰੂਰ ਰੁਆਉਂਦੀ। ਹਾਂ, ਇਹ ਗਾਂ ਦੁੱਧ ਦੇਣ ਨੂੰ ਬੜੀ ਚੰਗੀ ਸੀ। ਦਾਰੇ ਹੋਰਾਂ ਦੀ ਦਾਦੀ ਇਸ ਦਾ ਘਿਓ ਵੀ ਜੋੜ ਲਿਆ ਕਰਦੀ ਸੀ ਤੇ ਇਸ ਦਾ ਵੱਛਾ ਲਾਖਾ ਬਲਦ ਬਣਿਆ ਬੜਾ ਵਗਦਾ ਸੀ। ਬੜੀ ਕਮਾਈ ਕੀਤੀ ਉਹਨੇ। ਜਿਸ ਸਾਲ ਉਹ ਮਰਿਆ, ਦਾਰੇ ਦਾ ਬਾਪ ਪਿੰਡ ਆਇਆ ਹੋਇਆ ਸੀ। ਬਲਦ ਮਰਨ ਦੇ ਗਮ 'ਚ ਬਾਬੇ ਬੂੜ ਸਿੰਘ ਦੀਆਂ ਅੱਖਾਂ ਤਾਂ ਭਰਨੀਆਂ ਹੀ ਸਨ, ਦਾਰੇ ਤੇ ਉਹਦੇ ਬਾਪ ਦੀਆਂ ਅੱਖਾਂ ਵੀ ਭਰ ਆਈਆਂ ਸਨ! ਬਲਦ ਉਨ੍ਹਾਂ ਦੇ ਘਰ ਦਾ ਕਮਾਊ ਜੀਅ ਜੁ ਸੀ।



ਦਾਰਾ ਸਿੰਘ ਆਪਣੀ ਪਤਨੀ ਨਾਲ

ਹੁਣ ਸੁਣੋ ਪਹਿਲੀ ਵਾਰ ਸਿੰਘਾਪੁਰ ਜਾਣ ਵੇਲੇ ਚੋਰੀ ਕਰਨ ਦਾ ਕਿੱਸਾ: ਉਨ੍ਹਾਂ ਦਿਨਾਂ 'ਚ ਮੈਂ ਇਕ ਕਿੱਸਾ ਪੜ੍ਹਿਆ ਸੀ, ਜਾਨੀ ਚੋਰ ਦਾ। ਜਾਨੀ ਚੋਰ ਦਾ ਕਿੱਸਾ ਪੜ੍ਹ ਕੇ ਮੈਂ ਚੋਰਾਂ ਦੇ ਵੀ ਕੰਨ ਕੁਤਰਨ ਨੂੰ ਤਿਆਰ ਹੋ ਗਿਆ। ਸਾਡੇ ਲਾਗੇ ਇਕ ਪੰਜਾਬੀ ਸਰਦਾਰ ਸੌਦਾ ਹੁੰਦਾ ਸੀ। ਪਹਿਲੀ ਬੋਹਣੀ ਉਸ ਦੀ ਜੇਬ ਸਾਫ ਕਰਨ ਦਾ ਖਿਆਲ ਆਇਆ। ਪਿੰਡ ਖਰਬੂਜ਼ੇ, ਬੇਰ ਜਾਂ ਅਮਰੂਦ ਤੋੜਨ ਦੀਆਂ ਚੋਰੀਆਂ ਤਾਂ ਹਾਣੀਆਂ ਨਾਲ ਰਲ ਕੇ ਕੀਤੀਆਂ ਸਨ, ਪਰ ਕਿਸੇ ਦੀ ਜੇਬ ਵਿਚੋਂ ਪੈਸੇ ਕੱਢਣ ਦਾ ਇਹ ਪਹਿਲਾ ਮੌਕਾ ਸੀ। ਸੁੱਤੇ ਪਏ ਸਰਦਾਰ ਦੀ ਜੇਬ ਵਿਚੋਂ ਬਟੂਆ ਖਿਸਕਾ ਕੇ ਵੇਖਿਆ, ਪਰ ਬਟੂਆ ਖਾਲੀ ਸੀ। ਬੜੀ ਨਮੋਸ਼ੀ ਹੋਈ।

...ਇਕ ਰਾਤ ਜਹਾਜ ਦੇ ਡੈੱਕ 'ਤੇ ਸੌਣ ਲੱਗਿਆਂ ਮੈਂ ਸੋਚਿਆ ਕਿ ਜਾਨੀ ਚੋਰ ਮੈਂ ਤਦ ਬਣ ਸਕਦਾ ਹਾਂ, ਜੇ ਲਾਗੇ ਸੁੱਤੀ ਪਈ ਜ਼ਨਾਨੀ ਦਾ ਹਾਰ ਉਸ ਦੇ ਗਲ ਤੋਂ ਲਾਹ ਲਵਾਂ। ਮੈਂ ਮੌਕਾ ਵੇਖ ਕੇ ਕੰਮ ਸ਼ੁਰੂ ਕੀਤਾ ਤਾਂ ਉਸ ਪਾਸਾ ਪਰਤ ਲਿਆ। ਦੂਜੇ ਪਾਸੇ ਕੋਸ਼ਿਸ਼ ਕੀਤੀ ਤਾਂ ਉਸ ਦੀ ਅੱਖ ਖੁੱਲ੍ਹ ਗਈ। ਉਸ ਨੇ ਚੋਰ ਚੋਰ ਦਾ ਰੌਲਾ ਪਾ ਦਿੱਤਾ। ਸਾਰੀਆਂ ਸਵਾਰੀਆਂ ਜਾਗ ਪਈਆਂ। ਕੋਈ ਕੁਛ ਕਹੇ, ਕੋਈ ਕੁਛ; ਤੇ ਮੈਂ ਆਪਣੇ ਆਪ ਨੂੰ ਐਨਾ ਫਿਟਕਾਰ ਰਿਹਾ ਸਾਂ ਕਿ ਜੀਣ ਨੂੰ ਦਿਲ ਨਹੀਂ ਸੀ ਕਰ ਰਿਹਾ। ਮੈਂ ਜਾਨੀ ਚੋਰ ਦੇ ਕਿੱਸੇ ਨੂੰ ਸੁੱਟਿਆ ਸਮੁੰਦਰ ਵਿਚ ਤੇ ਪ੍ਰਣ ਕੀਤਾ ਕਿ ਮੁੜ ਚੋਰੀ ਵਰਗੀ ਆਦਤ ਦਾ ਦਿਲ ਵਿਚ ਖਿਆਲ ਵੀ ਨਹੀਂ ਆਉਣ ਦੇਣਾ।

ਦਾਰੇ ਨੇ ਆਪਣੇ ਦੂਜੇ ਵਿਆਹ ਤੋਂ ਪੈਦਾ ਹੋਏ ਬੱਚਿਆਂ ਬਾਰੇ ਮਜ਼ਾਹੀਆ ਅੰਦਾਜ਼ ਵਿਚ ਲਿਖਿਆ, “ਚਾਰ ਸਾਲ ਤੇ ਚਾਰ ਮਹੀਨਿਆਂ ਵਿਚ ਤਿੰਨ ਬੱਚੇ, ਅਸੀਂ ਵਾਹਵਾ ਤਰੱਕੀ ਕਰ ਗਏ ਸਾਂ। ਇਨ੍ਹਾਂ ਦਿਨਾਂ ਵਿਚ ਘੱਟ ਬੱਚੇ ਪੈਦਾ ਕਰਨ ਦੀ ਖੁਸਰ ਫੁਸਰ ਲੋਕਾਂ ਵਿਚ ਸ਼ੁਰੂ ਹੋ ਗਈ ਸੀ। ਪਤਨੀ ਨੇ ਕਿਹਾ, 'ਭਈ ਲੋਕਾਂ ਨਾਲ ਮਿਲ ਕੇ ਚੱਲਣਾ ਚਾਹੀਦਾ ਹੈ, ਅੱਜ ਕੱਲ੍ਹ ਪੜ੍ਹੇ-ਲਿਖੇ ਲੋਕ ਦੋ ਜਾਂ ਤਿੰਨ ਸੰਤਾਨਾਂ ਤੋਂ ਵੱਧ ਪੈਦਾਇਸ਼ ਨਹੀਂ ਹੋਣ ਦਿੰਦੇ।' ਮੈਂ ਕਿਹਾ, 'ਆਪਾਂ ਨੂੰ ਹਰ ਗੱਲ ਵਿਚ ਚੈਂਪੀਅਨ ਬਣਨ ਦੀ ਆਦਤ ਹੈ, ਤੂੰ ਫਿਕਰ ਨਾ ਕਰ ਤੇ ਪੈਦਾ ਕਰੀ ਚੱਲ। ਇਨ੍ਹਾਂ ਨੂੰ ਚੰਗੇ ਸ਼ਹਿਰੀ ਬਣਾਉਣ ਦੀ ਜ਼ਿੰਮੇਵਾਰੀ ਮੇਰੇ 'ਤੇ ਛੱਡ ਦੇਹ।' ਪਰ ਸ੍ਰੀਮਤੀ ਨਹੀਂ ਮੰਨੀ ਤੇ ਵਿਚਾਰੀ ਨੇ ਯਤਨ ਕਰਨੇ ਸ਼ੁਰੂ ਕਰ ਦਿੱਤੇ, ਪਰ ਫਿਰ ਵੀ ਦੋ ਧੀਆਂ ਹੋਰ ਪੈਦਾ ਹੋ ਗਈਆਂ ਤੇ ਪੰਜਾਂ ਵਿਚ ਪਰਮੇਸ਼ਰ ਜਾਣ ਕੇ ਵਾਹਿਗੁਰੂ ਦਾ ਸ਼ੁਕਰ ਕੀਤਾ।”

ਦਾਰਾ ਸਿੰਘ 'ਚ ਹਲੀਮੀ ਸੀ, ਮਿਠਾਸ ਸੀ ਤੇ ਗੱਲਾਂ ਬਾਤਾਂ ਵਿਚ ਰਸ ਸੀ। ਉਹ ਸੱਚਾ ਸੁੱਚਾ ਇਨਸਾਨ ਸੀ। ਆਪਣੀ ਚੰਗੀ ਸਿਹਤ ਤੇ ਲੰਮੀ ਉਮਰ ਦਾ ਰਾਜ਼ ਦੱਸਦਿਆਂ ਉਹ ਕਹਿੰਦਾ ਸੀ ਕਿ ਬੰਦੇ ਨੂੰ ਬੇਫਿਕਰ ਰਹਿਣਾ ਚਾਹੀਦੈ। ਬੇਫਿਕਰ ਰਹਿਣ ਲਈ ਬੰਦਾ ਸਦਾ ਸੱਚ ਬੋਲੇ, ਕਿਸੇ ਦੀ ਨਿੰਦਾ ਨਾ ਕਰੇ ਤੇ ਕੋਈ ਐਸਾ ਕੰਮ ਨਾ ਕਰੇ ਜਿਹਦੇ ਨਾਲ ਅੰਤਰ ਆਤਮਾ ਨੂੰ ਡਰ ਲੱਗੇ। 'ਨੇਕੀ ਕਰ ਕੂੰਏਂ ਮੇਂ ਡਾਲ' ਵਾਲੀ ਕਹਾਵਤ 'ਤੇ ਅਮਲ ਕਰਨ ਵਾਲਾ ਇਨਸਾਨ ਕਦੇ ਦੁਖੀ ਨਹੀਂ ਹੁੰਦਾ। ਦਾਰਾ ਸਿੰਘ ਨੇ ਲਿਖਿਆ, “ਆਪਾਂ ਸਾਰੇ ਦੁਨੀਆਂ ਦਾ ਮੌਜ ਮੇਲਾ ਵੇਖਣ ਆਏ ਹਾਂ। ਸਾਡੇ ਬਜ਼ੁਰਗ ਇਸ ਦੁਨੀਆਂ ਨੂੰ ਸਾਡੇ ਵਾਸਤੇ ਸੁਹਾਵਣੀ ਬਣਾ ਕੇ ਗਏ ਹਨ। ਇਸ ਦਾ ਸਵਾਦ ਲਈਏ ਤੇ ਆਉਣ ਵਾਲਿਆਂ ਲਈ ਇਸ ਦੁਨੀਆਂ ਨੂੰ ਬਜ਼ੁਰਗਾਂ ਨਾਲੋਂ ਵੀ ਸੋਹਣੀ ਬਣਾ ਕੇ ਛੱਡ ਜਾਈਏ।”

ਅਖੀਰਲੀ ਉਮਰੇ ਦਾਰਾ ਸਿੰਘ ਨੂੰ ਦਿਲ ਦੇ ਦੌਰੇ ਨੇ ਨਿਢਾਲ ਕਰ ਦਿੱਤਾ ਸੀ, ਪਰ ਉਹ ਫਿਰ ਵੀ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਾ ਰਹਿੰਦਾ ਸੀ। ਰਹਿੰਦੀ ਹੋਸ਼ ਤਕ ਉਹ ਚੜ੍ਹਦੀ ਕਲਾ ਵਿਚ ਰਿਹਾ। 7 ਜੁਲਾਈ 2012 ਨੂੰ ਮੁੜ ਦਿਲ ਦਾ ਦੌਰਾ ਪਿਆ। ਘਰ ਦੇ ਉਸ ਨੂੰ ਹਸਪਤਾਲ ਲੈ ਗਏ। ਫਿਰ ਰਹਿੰਦੇ ਸਾਹ ਲੈਣ ਲਈ 10 ਜੁਲਾਈ ਨੂੰ ਵਾਪਸ ਘਰ ਲੈ ਆਏ। ਭਰੇ ਪਰਿਵਾਰ ਵਿਚ ਉਹ ਅੰਤਿਮ ਵਿਦਾਇਗੀ ਲੈਣ ਲਈ ਤਿਆਰ ਸੀ। ਜ਼ਿੰਦਗੀ ਉਸ ਨੇ ਰੱਜ ਕੇ ਮਾਣ ਲਈ ਸੀ। ਉਸ ਦੀ ਕੋਈ ਇੱਛਾ ਅਧੂਰੀ ਨਹੀਂ ਸੀ ਰਹੀ। ਆਖਰ 11 ਜੁਲਾਈ 2012 ਨੂੰ ਸਵੇਰੇ ਸਾਢੇ ਸੱਤ ਵਜੇ ਉਸ ਨੇ ਆਖਰੀ ਸਾਹ ਲਿਆ। ਤਾਕਤ ਦਾ ਉੱਚਾ ਬੁਰਜ ਦਾਰਾ ਸਿੰਘ, ਜਿਸ ਨੇ ਰੁਸਤਮ ਪਹਿਲਵਾਨਾਂ ਤੋਂ ਵੀ ਕੰਡ ਨਹੀਂ ਸੀ ਲਵਾਈ, ਆਖਰ ਮੌਤ ਨੇ ਢਾਹ ਲਿਆ। ਹੁਣ ਉਹ ਅੰਬਰਾਂ 'ਚ ਤਾਰਾ ਬਣ ਕੇ ਲਿਸ਼ਕ ਰਿਹੈ!

ਗੁਰਬਾਣੀ ਵਿਆਖਿਆ

# ਮੁੰਦਾ ਸੰਤੋਖੁ ਸਰਮੁ ਪਤੁ ਝੋਲੀ

***ਗੁਰੂ ਸਾਹਿਬ ਨਾਥ ਜੋਗੀਆਂ ਤੇ ਸਿੱਧ ਪੁਰਖਾਂ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਜੇ ਤੁਸੀਂ ਸੰਤੋਖ ਦੇ ਪ੍ਰਤੀਕ ਵਜੋਂ ਕੰਨਾਂ ਵਿਚ ਪਾਈਆਂ ਮੁੰਦਰਾਂ ਦੀ ਥਾਂ ਮਨ ਵਿਚ ਸੱਚਾ ਸੰਤੋਖ ਜਾਂ ਸੰਤੁਸ਼ਟੀ ਪੈਦਾ ਕਰੋਂ; ਮੋਢਿਓਂ ਲਟਕਾਈ ਖੈਰਾਤ ਦੀ ਝੋਲੀ ਉਤਾਰ ਕੇ ਮਿਹਨਤ ਦੀ ਕਮਾਈ ਰੋਟੀ ਖਾਣਾ ਸ਼ੁਰੂ ਕਰੋਂ; ਜੇ ਰਾਖ ਦੀ 'ਬਿਭੂਤਿ' ਲਾਉਣ ਦੀ ਥਾਂ ਧਿਆਨ ਲਗਾਉ ਭਾਵ ਮਨ ਵਿਚ ਮਨਨ ਜਾਂ ਤਾਰਕਿਕ ਸੋਚ ਵਿਚਾਰ ਨਾਲ ਅਧਿਐਨ ਕਰੋਂ; ਜੇ ਜਨਮ-ਸਮੇਂ ਤੋਂ ਜਤ-ਸਤ ਨਾਲ ਸੰਭਾਲੀ ਦੇਹ ਨੂੰ ਉਸ ਖਸਤਾ ਗੋਦੜੀ ਵਾਂਗ ਵਰਤੋਂ ਜਿਸ ਨੂੰ ਪਹਿਨ ਪਹਿਨ ਕੇ ਘਸਾ ਰੱਖਿਆ ਹੈ, ਭਾਵ ਜਨਮ-ਕਾਲ ਤੋਂ ਸਾਂਭ ਕੇ ਰੱਖੇ ਹੱਟੇ ਕੱਟੇ ਸ਼ਰੀਰ ਨੂੰ ਗਫਲਤ ਦੀ ਪੁਰਾਣੀ ਰਜਾਈ ਵਿਚੋਂ ਕੱਢੋਂ ਤੇ ਇਸ ਨੂੰ ਮਿੱਟੀ ਨਾਲ ਮਿੱਟੀ ਕਰ ਕੇ ਹਥੀਂ ਕਿਰਤ ਲਈ ਵਰਤੋਂ; ਜੇ ਹੱਥ ਵਿਚ ਫੜੇ ਤਾਕਤ ਦੇ ਪ੍ਰਤੀਕ ਡੰਡੇ ਦੀ ਥਾਂ ਗਿਆਨ ਦੀ ਜੁਗਤ ਅਪਨਾਓਂ ਅਤੇ ਜੇ ਜੱਗ ਦੀਆਂ ਬਾਹਰਲੀਆਂ ਸ਼ਕਤੀਆਂ ਨੂੰ ਜਿੱਤਣ ਦੀ ਥਾਂ ਆਪਣੇ ਮਨ ਨੂੰ ਜਿੱਤੋਂ, ਤਾਂ ਤੁਹਾਨੂੰ ਸਭ ਨਾਥ ਜਮਾਤਾਂ ਭਾਵ ਸਾਰੇ ਡੇਰਿਆਂ ਦੀ ਪੰਥੀ ਅਰਥਾਤ ਸਿੱਖਿਆ ਆਪਣੇ ਆਪ ਆ ਜਾਵੇਗੀ।***

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਸਿੱਧਾਂ ਤੇ ਨਾਥਾਂ ਦਾ ਬਹੁਤ ਜ਼ਿਕਰ ਕੀਤਾ ਹੈ। ਇਕ ਲੇਖੇ ਤਾਂ ਲਗਦਾ ਹੈ ਕਿ ਉਨ੍ਹਾਂ ਦਾ ਮੁੱਖ ਉਦੇਸ਼ ਨਾਥ ਮੱਤ ਨੂੰ ਹੀ ਠੱਲ ਪਾਉਣਾ ਸੀ। ਕਾਰਨ ਇਹ ਕਿ ਉਸ ਸਮੇਂ ਸਾਧਾਂ ਸੰਤਾਂ ਦਾ ਬਹੁਤ ਬੋਲ ਬਾਲਾ ਸੀ। ਉਨ੍ਹਾਂ ਦੇ ਕੰਮ ਨੂੰ ਸਮਾਜਕ ਮਾਨਤਾ ਮਿਲੀ ਹੋਈ ਸੀ ਤੇ ਵੱਡੀ ਗਿਣਤੀ ਲੋਕ ਉਨ੍ਹਾਂ ਦਾ ਮਾਨ ਸਨਮਾਨ ਕਰਦੇ ਸਨ। ਇਸੇ ਕਾਰਨ ਬਹੁਤ ਸਾਰੇ ਲੋਕ ਸਾਧਾਂ, ਨਾਥਾਂ ਤੇ ਜੋਗੀਆਂ ਦੇ ਦੁਆਰੇ ਜਾ ਕੇ 'ਜੋਗ' ਧਾਰਦੇ ਸਨ। ਡੇਰਿਆਂ ਵਲੋਂ ਦੇਖ ਪਰਖ ਕੇ ਉਨ੍ਹਾਂ ਨੂੰ ਸੰਤ ਪ੍ਰਥਾ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਤੇ ਸਾਧਾਂ ਸੰਤਾਂ ਵਾਲੀ ਵੇਸ਼-ਭੂਸ਼ਾ (Out-fit) ਦੇ ਦਿੱਤੀ ਜਾਂਦੀ ਸੀ। ਕੰਨਾਂ ਵਿਚ ਮੁੰਦਰਾਂ ਪਾਈਆਂ ਜਾਂਦੀਆਂ ਸਨ ਤਾਂ ਜੋ ਸਭ ਨੂੰ ਅਹਿਸਾਸ ਰਹੇ ਕਿ ਹੁਣ ਉਹ ਦੁਨੀਆਵੀ ਸਬੰਧ ਤੋੜ ਚੁਕੇ ਹਨ। ਇਹ ਸੰਕੇਤ ਦਿੱਤਾ ਜਾਂਦਾ ਸੀ ਕਿ ਹੁਣ ਉਹ ਲੋਭ, ਲਾਲਚ, ਹਿਰਸ, ਤਮੰਨਾ ਤੇ ਸੰਸਾਰਕ ਵਸਤਾਂ ਦੇ ਮੋਹ ਪਿਆਰ ਤੋਂ ਉਪਰ ਉਠ ਗਏ ਹਨ।

ਉਨ੍ਹਾਂ ਵਿਚ ਮੋਹ ਲਾਲਸਾ ਖਤਮ ਕਰਨ ਲਈ ਤਿਆਗ ਦਾ ਪਾਠ ਪੜ੍ਹਾਇਆ ਜਾਂਦਾ ਸੀ। ਦੁਨਿਆਵੀ ਖਾਹਿਸ਼ਾਂ ਤੋਂ ਮੂੰਹ ਮੋੜ ਕੇ ਸ਼ੂੰਨਯ ਵਿਚ ਰਹਿਣ ਦਾ ਅਭਿਆਸ ਕਰਵਾਇਆ ਜਾਂਦਾ ਸੀ ਤਾਂ ਜੋ ਉਨ੍ਹਾਂ ਦੇ ਧਿਆਨ ਤਪੱਸਿਆ ਵਿਚ ਵਿਘਨ ਨਾ ਪਵੇ। ਮਹਿਲ ਦੀ ਥਾਂ ਕੁਟੀਆ, ਮਿਹਨਤ ਦੀ ਕਮਾਈ ਰੋਟੀ ਦੀ ਥਾਂ ਭੀਖ, ਖਾਧ ਪਦਾਰਥਾਂ ਦੇ ਭੜੋਲਿਆਂ ਦੀ ਥਾਂ ਝੋਲੀ, ਸੋਨੇ-ਚਾਂਦੀ ਦੇ ਬਰਤਨਾਂ ਦੀ ਥਾਂ ਸਿੱਪੀ, ਨਿਵਾਰੀ ਪਲੰਘਾਂ ਦੀ ਥਾਂ ਘਾਹ ਦਾ ਵਿਛੋਣਾ, ਸੋਹਜ ਪੱਟੀਆਂ ਦੀ ਥਾਂ ਜਟਾਂ, ਅਤਰ-ਫਲੇਲ ਦੀ ਥਾਂ ਸਵਾਹ-ਵਿਭੂਤੀ, ਜੜਾਊ ਪੋਸ਼ਾਕ ਦੀ ਥਾਂ ਲੰਗੋਟੀ, ਤਿੱਲੇਦਾਰ ਜੁੱਤੀ ਦੀ ਥਾਂ ਲੱਕੜ ਦੀਆਂ ਖੜਾਵਾਂ ਤੇ ਪਰਿਵਾਰਕ ਸੁਖਾਂ ਦੀ ਥਾਂ ਡੇਰਾ-ਪ੍ਰਮੁਖ ਦੀ ਸੇਵਾ। ਪਿੱਛੇ ਛੱਡੇ ਘਰ ਬਾਰ ਦੀ ਯਾਦ ਆਵੇ ਤਾਂ ਜਗਦੀਸ਼ ਦੀ ਮਾਲਾ ਤੇ ਨਸ਼ਾ ਗਮਨੀ। ਇਹ ਦਿਨਾਚਾਰ (Regimen) ਸੀ, ਉਸ ਵੇਲੇ ਦੇ ਈਸ਼ਵਰ ਖੋਜੀਆਂ ਤੇ ਨਿਰੰਕਾਰ ਦੇ ਦਰਸ਼ਨ ਅਭਿਲਾਸ਼ੀਆਂ ਦਾ। ਫਿਰ ਗੁਰੂ ਨਾਨਕ ਜਿਹਾ ਤਾਰਕਿਕ ਤੇ ਯਥਾਰਥ-ਮੋਹੀ ਉਨ੍ਹਾਂ ਦੇ ਪੈਰ ਕਿਵੇਂ ਲੱਗਣ ਦਿੰਦਾ?

ਅਜਿਹੇ ਹਾਲਾਤ ਵਿਚ ਗੁਰੂ ਨਾਨਕ ਨੇ 'ਮੁੰਦਾ ਸੰਤੋਖੁ' ਵਾਲੀ ਪਉੜੀ ਲਿਖ ਕੇ ਨਾਥ-ਪੰਥੀਆਂ ਨੂੰ ਸੱਚ ਦਾ ਪਾਠ ਪੜ੍ਹਾਇਆ, ਪਰ ਸਿੱਧ-ਪੁਰਖਾਂ ਨੂੰ ਕਦੇ ਆਪਣੇ ਆਪ ਇਹ ਗਿਆਨ ਨਾ ਹੋਇਆ ਕਿ ਉਨ੍ਹਾਂ ਦਾ ਰਸਤਾ ਗਲਤ ਹੈ। ਕਾਰਨ ਇਹ ਸੀ ਕਿ ਖੂਹ ਵਿਚ ਰਹਿ ਕੇ ਦੁਨੀਆਂ ਨਹੀਂ ਦਿਸਦੀ ਭਾਵ ਕਿਸੇ ਪ੍ਰਣਾਲੀ ਦਾ ਅੰਗ ਬਣ ਕੇ ਉਸ ਵਿਚ ਰਹਿਣ ਨਾਲ ਸੱਚਾਈ ਦੇ ਦਰਸ਼ਨ ਨਹੀਂ ਹੁੰਦੇ। ਸੱਚਾਈ ਉਦੋਂ ਦਿਸਦੀ ਹੈ, ਜਦੋਂ ਅਲਗਾਵ ਭਾਵਨਾ ਨਾਲ ਨਿਰਪੱਖ ਤੇ ਨਿਰਲੇਪ ਰਹਿ ਕੇ ਸਰਬ-ਪੱਖੀ ਅਧਿਐਨ ਕੀਤਾ ਜਾਵੇ। ਜਦੋਂ ਤੀਕ ਕਿਸੇ ਪ੍ਰਣਾਲੀ ਦੀਆਂ ਸਭ ਸੰਭਾਵਨਾਵਾਂ ਸਰ ਨਾ ਹੋ ਜਾਣ, ਉਦੋਂ ਤੀਕ ਸੱਚਾਈ ਦੀ ਅਗਲੀ ਮੰਜ਼ਿਲ ਨਜ਼ਰ ਨਹੀਂ ਆਉਂਦੀ। ਪਹਾੜ ਦੀ ਇਕ ਚੋਟੀ 'ਤੇ ਚੜ੍ਹਨ ਨਾਲ ਹੀ ਅਗਲੀ ਚੋਟੀ ਦਿੱਸਣ ਲਗਦੀ ਹੈ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਵੈਦਿਕ ਕਾਲ ਦਾ ਧਨੁਸ਼ਧਾਰੀ ਚਰਵਾਹਾ ਪ੍ਰਮਾਣੂਆਂ ਨਾਲ ਖੇਡਦਾ ਹੁੰਦਾ ਤੇ ਪਦ-ਭ੍ਰਮਣ ਕਰਨ ਦੀ ਥਾਂ ਰਾਕਟਾਂ 'ਤੇ ਚੜ੍ਹਿਆ ਫਿਰਦਾ।

ਇਹ ਗੱਲ ਮੱਧ ਕਾਲ ਦੇ ਨਾਥ ਜੋਗੀਆਂ 'ਤੇ ਹੀ ਨਹੀਂ ਢੁੱਕਦੀ, ਅੱਜ ਕੱਲ ਦੇ ਨਵ-ਡੇਰਾਵਾਦੀਆਂ 'ਤੇ ਵੀ ਉਵੇਂ ਹੀ ਲਾਗੂ ਹੁੰਦੀ ਹੈ। ਕੋਈ ਇਹ ਸਮਝੇ ਕਿ ਗੁਰੂ ਸਾਹਿਬ ਦੇ ਸਬਰ ਸੰਤੋਖ ਵਾਲੇ ਪਾਠ ਨਾਲ ਅੱਗੋਂ ਸੰਤ ਪ੍ਰਣਾਲੀ ਖਤਮ ਹੋ ਗਈ ਹੈ, ਇਹ ਗਲਤ ਹੈ। ਇਹ ਉਵੇਂ ਹੀ ਚੱਲ ਰਹੀ ਹੈ, ਪਰ ਇਸ ਨੇ ਰੂਪ ਬਦਲ ਲਿਆ ਹੈ। ਚਿੱਟਾ ਚੋਲਾ, ਲੰਮਾ ਕਛਹਿਰਾ, ਗੋਲ ਦਸਤਾਰ, ਮਹਿੰਗੀ ਗੱਡੀ, ਨਗਦੀ ਭੇਟਾ, ਸੰਗਮਰਮਰੀ ਡੇਰਾ, ਸ਼ਰਧਾਲੂਆਂ ਦੀ ਭੀੜ, ਸਰਕਾਰੀ ਸੁਰੱਖਿਆ ਆਦਿ ਅਜੋਕੇ ਸੰਤਾਂ ਦੇ ਮੁੱਖ ਚਿੰਨ੍ਹ ਹਨ। ਕੀ ਸਿੱਖ ਪ੍ਰਣਾਲੀ ਦੇ ਇਨ੍ਹਾਂ ਸੰਤਾਂ ਨੇ 'ਮੁੰਦਾ ਸੰਤੋਖੁ' ਵਾਲੀ ਪਉੜੀ ਨਹੀਂ ਪੜ੍ਹੀ ਤੇ ਕੀ ਇਨ੍ਹਾਂ ਨੂੰ ਸਰਮੁ, ਪਤੁ ਤੇ ਝੋਲੀ ਦੇ ਅਰਥ ਨਹੀਂ ਪਤਾ? ਕੀ ਇਹ ਨਹੀਂ ਜਾਣਦੇ ਕਿ ਇਹ ਗੁਰੂ ਸਾਹਿਬ ਵਲੋਂ ਨਿਖੇਧੀਆਂ ਪ੍ਰਥਾਵਾਂ ਨੂੰ ਮੁੜ-ਸੁਰਜੀਤ ਕਰ ਰਹੇ ਹਨ? ਕੀ ਇਹ ਨਹੀਂ ਅਨੁਭਵ ਕਰਦੇ ਕਿ ਇਨ੍ਹਾਂ ਦੇ ਮਨ ਵਿਚੋਂ ਸੰਤੋਖ ਤੇ ਅਮਲ ਵਿਚੋਂ ਕਿਰਤ ਗਾਇਬ ਹੋ ਚੁਕੇ ਹਨ? ਜਾਣਦੇ ਤਾਂ ਉਹ ਹਨ, ਪਰ ਗੱਲ ਉਹੀ ਕਿ ਪਖੰਡ ਦੀ ਪ੍ਰਣਾਲੀ ਵਿਚ ਪੈ ਕੇ ਪਖੰਡ ਨਹੀਂ ਤਜਿਆ ਜਾ ਸਕਦਾ ਤੇ ਮਨ ਨੂੰ ਸਮਝਾਇਆਂ ਮਨ ਸਮਝਾਇਆ ਨਹੀਂ ਜਾ ਸਕਦਾ।

ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਉਸ ਵੇਲੇ ਦੇ ਸਾਧਾਂ ਸੰਤਾਂ ਨੂੰ ਉਸ ਮਨਸੂਈ ਪ੍ਰਣਾਲੀ ਦੇ ਸਮੂਹ ਚਿੰਨ ਤਿਆਗ ਕੇ ਬਾਹਰ ਆਉਣ ਲਈ ਕਿਹਾ ਸੀ। ਉਨ੍ਹਾਂ ਨੇ ਇੱਕਲੀ ਸੋਚ ਜਾਂ ਇੱਕਲੇ ਅਮਲ ਨੂੰ ਬਦਲਣ ਦੀ ਥਾਂ ਪੂਰੀ ਪਰੰਪਰਾ ਨੂੰ ਬਦਲਣ ਦੀ ਗੱਲ ਕੀਤੀ ਸੀ। ਉਨ੍ਹਾਂ ਨੇ ਸਮਾਜ ਦੇ ਤਿਆਗੀਆਂ ਨੂੰ ਇਕ ਨਵੀਂ ਜੁਗਤ ਦੇ ਕੇ ਇਕ ਨਵੇਂ ਸਦੀਵੀ ਤੇ ਸਿਰਜਣਾਤਮਕ ਕਰਤੇ ਨੂੰ ਲੱਭ ਕੇ 'ਆਦੇਸੁ' ਕਹਿਣ ਦਾ ਉਪਦੇਸ਼ ਦਿੱਤਾ ਸੀ। ਇਸ ਦਾ ਇਕ ਇਕ ਸੁਝਾਓ ਉਨ੍ਹਾਂ ਸੰਤਾਂ ਲਈ ਤੇ ਅਜੋਕੇ ਸੰਤਾਂ ਲਈ ਇਕੋ ਜਿਹੇ ਅਰਥ ਰੱਖਦਾ ਹੈ। ਇਹ ਪੂਰੀ ਪਉੜੀ ਤੇ ਇਸ ਦੀ ਵਿਆਖਿਆ ਹੇਠ ਦਿੱਤੀ ਗਈ ਹੈ:

> ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
> ਧਿਆਨ ਕੀ ਕਰਹਿ ਬਿਭੂਤਿ॥
> ਖਿੰਥਾ ਕਾਲੁ ਕੁਆਰੀ ਕਾਇਆ
> ਜੁਗਤਿ ਡੰਡਾ ਪਰਤੀਤਿ॥
> ਆਈ ਪੰਥੀ ਸਗਲ ਜਮਾਤੀ
> ਮਨਿ ਜੀਤੈ ਜਗੁ ਜੀਤੁ॥
> ਆਦੇਸੁ ਤਿਸੈ ਆਦੇਸੁ॥
> ਆਦਿ ਅਨੀਲੁ ਅਨਾਦਿ ਅਨਾਹਤਿ
> ਜੁਗੁ ਜੁਗੁ ਏਕੋ ਵੇਸੁ॥੨੮॥

ਇਸ ਪਉੜੀ ਵਿਚ ਗੁਰੂ ਸਾਹਿਬ ਨਾਥ ਜੋਗੀਆਂ ਤੇ ਸਿੱਧ ਪੁਰਖਾਂ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ ਕਿ ਜੇ ਤੁਸੀਂ ਸੰਤੋਖ ਦੇ ਪ੍ਰਤੀਕ ਵਜੋਂ ਕੰਨਾਂ ਵਿਚ ਪਾਈਆਂ ਮੁੰਦਰਾਂ ਦੀ ਥਾਂ ਮਨ ਵਿਚ ਸੱਚਾ ਸੰਤੋਖ ਜਾਂ ਸੰਤੁਸ਼ਟੀ ਪੈਦਾ ਕਰੋ; ਮੋਢਿਓਂ ਲਟਕਾਈ ਖੈਰਾਤ ਦੀ ਝੋਲੀ ਉਤਾਰ ਕੇ ਮਿਹਨਤ ਦੀ ਕਮਾਈ ਰੋਟੀ ਖਾਣਾ ਸ਼ੁਰੂ ਕਰੋ; ਜੇ ਰਾਖ ਦੀ 'ਬਿਭੂਤਿ' ਲਾਉਣ ਦੀ ਥਾਂ ਧਿਆਨ ਲਗਾਉ ਭਾਵ ਮਨ ਵਿਚ ਮਨਨ ਜਾਂ ਤਾਰਕਿਕ ਸੋਚ ਵਿਚਾਰ ਨਾਲ ਅਧਿਐਨ ਕਰੋ; ਜੇ ਜਨਮ-ਸਮੇਂ ਤੋਂ ਜਤ-ਸਤ ਨਾਲ ਸੰਭਾਲੀ ਦੇਹ ਨੂੰ ਉਸ ਖਸਤਾ ਗੋਦੜੀ ਵਾਂਗ ਵਰਤੋਂ ਜਿਸ ਨੂੰ ਪਹਿਨ ਪਹਿਨ ਕੇ ਘਸਾ ਰੱਖਿਆ ਹੈ, ਭਾਵ ਜਨਮ-ਕਾਲ ਤੋਂ ਸਾਂਭ ਕੇ ਰੱਖੇ ਹੱਟੇ ਕੱਟੇ ਸ਼ਰੀਰ ਨੂੰ ਗਫਲਤ ਦੀ ਪੁਰਾਣੀ ਰਜਾਈ ਵਿਚੋਂ ਕੱਢੋਂ ਤੇ ਇਸ ਨੂੰ ਮਿੱਟੀ ਨਾਲ ਮਿੱਟੀ ਕਰ ਕੇ ਹਥੀਂ ਕਿਰਤ ਲਈ ਵਰਤੋ; ਜੇ ਹੱਥ ਵਿਚ ਫੜੇ ਤਾਕਤ ਦੇ ਪ੍ਰਤੀਕ ਡੰਡੇ ਦੀ ਥਾਂ ਗਿਆਨ ਦੀ ਜੁਗਤ ਅਪਨਾਓ ਅਤੇ ਜੇ ਜੱਗ ਦੀਆਂ ਬਾਹਰਲੀਆਂ ਸ਼ਕਤੀਆਂ ਨੂੰ ਜਿੱਤਣ ਦੀ ਥਾਂ ਆਪਣੇ ਮਨ ਨੂੰ ਜਿੱਤੋਂ, ਤਾਂ ਤੁਹਾਨੂੰ ਸਭ ਨਾਥ ਜਮਾਤਾਂ ਭਾਵ ਸਾਰੇ ਡੇਰਿਆਂ ਦੀ ਪੰਥੀ ਅਰਥਾਤ ਸਿੱਖਿਆ ਆਪਣੇ ਆਪ ਆ ਜਾਵੇਗੀ। ਅਰਥਾਤ ਸਾਰੇ ਸਾਧੂ-ਸੰਤੀ ਫਿਰਕਿਆਂ ਤੇ ਸਿੱਧਾਂ-ਨਾਥਾਂ ਦੀਆਂ ਸਾਰੀਆਂ ਜਮਾਤਾਂ ਭਾਵ ਸ਼੍ਰੇਣੀਆਂ ਦੀ ਪੰਥੀ ਅਰਥਾਤ ਸਿਖਲਾਈ-ਪੜ੍ਹਾਈ ਦਾ ਸਾਰ ਆ ਜਾਵੇਗਾ। ਇਸ ਜੁਗਤ ਜਾਂ ਗੁਰ ਨੂੰ ਵਰਤ ਕੇ, ਸਿੱਧਾ ਉਸ ਪਰਮ-ਸਤਿ ਨੂੰ ਆਦੇਸ ਕਰੋ ਭਾਵ ਉਸ ਦੀ ਖੋਜ ਦਾ ਮਨਸੂਬਾ ਬਣਾਓ, ਜੋ ਇਸ ਕੁਦਰਤ ਵਿਚ ਸਦਾ ਤੋਂ ਇਕੋ ਰੰਗ ਰੂਪ ਤੇ ਇਕੋ ਵੇਸ ਵਿਚ ਵਸਿਆ ਹੋਇਆ ਹੈ। ਉਸ ਦੀ ਭਾਲ ਕਰੋ, ਜੋ ਵੱਖ ਵੱਖ ਮਾਯਾਵੀ ਪਿੰਡਾਂ ਤੇ ਸ਼ਕਤੀਆਂ ਪਿੱਛੇ ਇਕੋ ਨਿਰੋਲ ਤੇ ਸਦੀਵੀ ਅਵਸਥਾ ਵਿਚ ਨਿਰੰਤਰ ਵਿਚਰ ਰਿਹਾ ਹੈ।

ਇਹ ਪਉੜੀ ਜਪੁਜੀ ਦੀਆਂ ਪਿਛਲੀਆਂ ਪਉੜੀਆਂ ਨਾਲ ਘੱਟੋ ਘੱਟ ਦੋ ਮੁੱਖ ਪਹਿਲੂਆਂ ਤੋਂ ਜੁੜੀ ਹੋਈ ਹੈ। ਪਹਿਲਾ ਇਹ ਕਿ ਜਿਸ ਲੜੀ ਵਿਚ ਪਿਛਲੀਆਂ ਕੁਝ ਪਉੜੀਆਂ ਪਰੋਈਆਂ ਹੋਈਆਂ ਹਨ, ਇਹ ਉਨ੍ਹਾਂ ਦੀ ਹੀ ਅਗਲੀ ਕੜੀ ਹੈ। ਜੇ ਕੁਦਰਤ ਦਾ ਪਸਾਰਾ ਬੇਅੰਤ ਹੈ, ਉਸ ਦੇ ਅਮੁਲ ਭੰਡਾਰ ਹਨ ਤੇ ਉਹ ਹੁਣ ਤੀਕ ਦੀਆਂ ਸਭ ਕਲਪਿਤ ਤਾਕਤਾਂ ਤੋਂ ਉਪਰ ਹੈ, ਭਾਵ ਪਰ੍ਹੇ ਹੈ ਅਤੇ ਉਹ ਸਭ ਤਾਕਤਾਂ ਉਸ ਦਾ ਪਾਣੀ ਭਰਦੀਆਂ ਹਨ, ਤਾਂ ਉਸ ਨੂੰ ਖੋਜਣ ਜਾਂ ਲੱਭਣ ਦੀ ਕੋਈ ਵਿਉਂਤਬੰਦੀ ਕਰਨੀ ਹੋਵੇਗੀ। ਬੁੱਧੀਜੀਵੀਆਂ ਨੂੰ ਸਭ ਹੋਰ ਗੱਲਾਂ ਛੱਡ ਕੇ ਇਸ ਪਾਸੇ ਲੱਗਣਾ ਪਵੇਗਾ। ਇਹ ਪਉੜੀ ਉਸੇ ਯੋਜਨਾ ਦੀ ਇਕ ਛੋਟੀ ਜਿਹੀ ਝਲਕ ਹੈ। ਇਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਸੱਚ ਦੀ ਖੋਜ ਕਰਨ ਲਈ ਜੋਗੀ ਲੋਕ ਆਪਣੀ ਨਾਥ ਪ੍ਰਥਾ ਤੋਂ ਬਾਹਰ ਆਉਣ, ਕਿਉਂਕਿ ਕਿਸੇ ਪ੍ਰਥਾ ਵਿਚ ਰਹਿ ਕੇ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਕਾਰਜ ਲਈ ਉਹ ਆਪਣੀ ਪ੍ਰਥਾਵਾਂ ਦੇ ਚਿੰਨ੍ਹ ਤਿਆਗ ਕੇ ਖੋਜ-ਅਨੁਕੂਲ ਸੋਚ ਧਾਰਨ ਭਾਵ ਚਿੰਨ੍ਹਾਂ ਵਿਚ ਨਾ ਪੈ ਕੇ ਵਿਵੇਕੀ ਕਾਰਜ ਕਰਨ। ਮਨ ਦੇ ਵਿਕਾਰਾਂ ਭਾਵ ਤਿਲਕਾਊ (Distracting) ਰੁਚੀਆਂ ਤੇ ਸੰਜਮ ਰੱਖ ਕੇ ਉਸ ਸਦੀਵੀ ਕਰਤੇ ਦੇ ਗੁਣਾਂ ਦੀ ਭਾਲ ਵਿਚ ਜੁਟ ਜਾਣ, ਜੋ ਹਮੇਸ਼ਾ ਤੋਂ ਇਕੋ ਵੇਸ ਵਿਚ ਵਿਚਰ ਰਿਹਾ ਹੈ।

ਦੂਜੇ ਇਹ ਤਜਵੀਜ਼ ਉਨ੍ਹਾਂ ਦੀ ਪਹਿਲੀ ਪਉੜੀ ਦੇ ਮਨੋਰਥ ਨਾਲ ਜਾ ਜੁੜਦੀ ਹੈ, ਜਿਸ ਵਿਚ ਉਨ੍ਹਾਂ ਨੇ ਉਸ ਸਮੇਂ ਦੀਆਂ ਪ੍ਰਚਲਿਤ ਵਿਧੀਆਂ ਨੂੰ ਅਯੋਗ ਦੱਸਿਆ ਹੈ। ਉਸ ਪਉੜੀ ਵਿਚ ਉਨ੍ਹਾਂ ਨੇ ਫੋਕੇ ਸੋਚ-ਵਿਚਾਰਾਂ, ਮੋਨ ਵਰਤਾਂ, ਘੋਰ ਤਪਸਿਆਵਾਂ ਤੇ ਤਾਂਤਰਿਕ ਸਿਆਣਪਾਂ ਨੂੰ ਸੱਚ ਦੀ ਪ੍ਰਾਪਤੀ ਲਈ ਅਰਥਹੀਣ ਠਹਿਰਾਇਆ ਹੈ। ਹੁਣ ਉਹ ਉਨ੍ਹਾਂ ਵਿਧੀਆਂ ਨੂੰ ਅਪਨਾਉਣ ਵਾਲੇ ਸਿੱਧ ਪੁਰਖਾਂ ਤੇ ਨਾਥ ਜੋਗੀਆਂ ਨੂੰ ਆਪਣਾ ਰਾਹ ਤਿਆਗਣ ਲਈ ਜੋਰ ਦੇ ਰਹੇ ਹਨ ਤਾਂ ਜੋ ਉਹ ਸੱਚ ਦੇ ਰਸਤੇ 'ਤੇ ਆ ਕੇ ਵਿਗਿਆਨਕ ਵਿਧੀ ਦਾ ਪ੍ਰਯੋਗ ਕਰ ਸਕਣ। ਪਹਿਲੀ ਪਉੜੀ ਵਿਚ ਉਨ੍ਹਾਂ ਨੇ ਸੰਖੇਪ ਰੂਪ ਵਿਚ ਪਰੰਪਰਾਗਤ ਵਿਧੀਆਂ ਨੂੰ ਨਿਰਾਰਥਕ ਦੱਸਿਆ ਸੀ ਤੇ ਇਸ ਪਉੜੀ ਵਿਚ ਉਨ੍ਹਾਂ ਵਿਧੀਆਂ ਦੇ ਇਕ ਇਕ ਪਹਿਲੂ ਦਾ ਪ੍ਰਗਤੀਸ਼ੀਲ ਵਿਕਲਪ ਦੇ ਕੇ ਇਨ੍ਹਾਂ ਦੇ ਮੰਨਣਹਾਰਿਆਂ ਨੂੰ ਅਗਿਆਨ ਤੋਂ ਗਿਆਨ ਵਲ ਵਧਣ ਲਈ ਪ੍ਰੇਰਿਆ ਹੈ। ਗੁਰੂ ਸਾਹਿਬ ਦੀ ਬਾਣੀ ਦੀ ਸੁੱਚਜਤਾ ਤੇ ਉਚਮਤਾ ਇਸੇ ਗੱਲ ਵਿਚ ਹੈ ਕਿ ਜੋ ਕੁਝ ਉਹ ਪਹਿਲਾਂ ਇਕ ਥਾਂ ਲਿਖ ਦਿੰਦੇ ਹਨ, ਪਿੱਛੋਂ ਦੇ ਸਭ ਉਪਦੇਸ਼ ਉਸੇ ਨਾਲ ਮੇਲ ਖਾਂਦੇ ਹੋਏ ਚਲਦੇ ਹਨ। ਅਰਥਾਤ ਉਹ ਬਾਦ ਵਿਚ ਕੁਝ ਅਜਿਹਾ ਨਹੀਂ ਲਿਖਦੇ, ਜੋ ਪੂਰਵ ਲਿਖੇ ਦੇ ਅਨੁਕੂਲ ਨਾ ਹੋਵੇ। ਇਸ ਦਾ ਪ੍ਰਸੰਗਤ ਅਰਥ ਇਹ ਹੋਇਆ ਕਿ ਜੋ ਕੁਝ ਵੀ ਮੂਲਮੰਤਰ ਦੇ ੴ ਤੋਂ ਬਾਅਦ ਆਇਆ ਹੈ, ਉਸ ਦਾ ਅਰਥ ੴ ਦੀ ਸੇਧ ਵਿਚ ਹੋਵੇ ਭਾਵ ਮੂਲਮੰਤਰ ਤੇ ਜਪੁਜੀ ਦੇ ਅਰਥਾਂ ਅਨੁਸਾਰ ਹੋਵੇ।

ਇਸ ਪਉੜੀ ਵਿਚ ਮੁੱਖ ਤੌਰ 'ਤੇ ਛੋਟੀਆਂ ਗੱਲਾਂ ਵਿਚ ਨਾ ਪੈ ਕੇ ਵਿਗਿਆਨਕ ਵਿਧੀ ਅਖਤਿਆਰ ਕਰਨ ਦੀ ਗੱਲ ਕਹੀ ਗਈ ਹੈ। ਇਸ ਕਾਰਜ ਵਿਚ ਮੁੱਖ ਭੂਮਿਕਾ ਮਨੁੱਖੀ ਮਨ ਦੀ ਹੈ। ਜੇ ਮਨ ਛੋਟੀਆਂ ਗੱਲਾਂ ਤੋਂ ਉਪਰ ਉਠ ਕੇ ਸਾਪੇਖਿਕਤਾ ਨਾਲ ਕੰਮ ਕਰਨਾ ਸ਼ੁਰੂ ਕਰੇ ਤਾਂ ਸੱਚ ਦੀ ਸੇਧ ਮਿਲਦੀ ਹੈ। ਇਹ ਨਿੱਕੀਆਂ ਗੱਲਾਂ ਮਨੁੱਖ ਦੀ ਹੋਂਦ ਨਾਲ ਜੁੜੀਆਂ ਸਵਾਰਥੀ ਮਨੋਬਿਰਤੀਆਂ ਹਨ, ਜੋ ਕਾਸਾਵੇਂ ਢੰਗ ਨਾਲ ਪ੍ਰਵੇਸ਼ ਕਰ ਕੇ ਮਨ ਦੇ ਸਾਵੇਪਣ ਨੂੰ ਹਿਲਾਉਣ ਦਾ ਕੰਮ ਕਰਦੀਆਂ ਹਨ। ਇਨ੍ਹਾਂ ਵਿਚੋਂ ਪੰਜਾਂ ਦਾ ਜ਼ਿਕਰ ਬਾਣੀ ਵਿਚ ਥਾਂ ਥਾਂ ਕੀਤਾ ਗਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਇਹ ਮਨੋਭਾਵ ਮਨੁੱਖੀ ਸੋਚ ਦੀ ਨਿਰਲੇਪਤਾ ਭੰਗ ਕਰਦੇ ਹਨ। ਇਸ ਲਈ ਖੋਜ ਕਾਰਜ ਵਿਚ ਲੱਗੇ ਮਨ ਨੂੰ ਇਨ੍ਹਾਂ ਦੇ ਪ੍ਰਭਾਵ ਤੋਂ ਦੂਰ ਰੱਖਣ ਦੀ ਲੋੜ ਹੈ।

ਬਹੁਤੇ ਲੋਕ, ਜਿਨ੍ਹਾਂ ਵਿਚ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵੀ ਸ਼ਾਮਲ ਹਨ, ਇਹ ਸਮਝਦੇ ਹਨ ਕਿ ਇਹ ਪ੍ਰਵਿਰਤੀਆਂ ਮਨੁੱਖੀ ਵਿਕਾਰ ਹਨ। ਉਨ੍ਹਾਂ ਅਨੁਸਾਰ ਇਹ ਮਨੁੱਖ ਦੇ ਦੁਸ਼ਮਣ ਹਨ ਤੇ ਸੱਚੇ ਸਿੱਖ ਨੂੰ ਇਨ੍ਹਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ; ਪਰ ਅਜਿਹਾ ਸੋਚਣਾ ਗਲਤ ਹੈ। ਨਾ ਤਾਂ ਇਹ ਪ੍ਰਵਿਰਤੀਆਂ ਵਿਕਾਰ ਹਨ ਤੇ ਨਾ ਹੀ ਮਨੁੱਖ ਦੀਆਂ ਦੁਸ਼ਮਣ ਹਨ। ਇਹ ਲੜ ਕੇ ਜਾਂ ਕਿਸੇ ਹੋਰ ਸਾਧਨਾ ਨਾਲ ਮਨ ਵਿਚੋਂ ਕੱਢੀਆਂ ਨਹੀਂ ਜਾ ਸਕਦੀਆਂ। ਇਹ ਕੁਦਰਤ ਦੀ ਦੇਣ ਹਨ; ਮਨੁੱਖ ਦੇ ਨਾਲ ਬਣੀਆਂ ਹਨ, ਇਸ ਨਾਲ ਜੁੜੀਆਂ ਹਨ ਤੇ ਇਸ ਨਾਲ ਹੀ ਜਾਣਗੀਆਂ। ਸੱਚ ਤਾਂ ਇਹ ਹੈ ਕਿ ਇਹ ਸਭ ਪ੍ਰਵਿਰਤੀਆਂ ਮਨੁੱਖ ਦੀਆਂ ਹਿੱਤਕਾਰੀ ਹਨ। ਇਨ੍ਹਾਂ ਦੀ ਹੋਂਦ ਤੋਂ ਬਿਨਾ ਸੰਸਾਰ ਦੀ ਉਤਪਤੀ ਤੇ ਪ੍ਰਗਤੀ ਸੰਭਵ ਨਹੀਂ ਹੋ ਸਕਦੀ। ਕਾਮ ਉਤਪਤੀ, ਮੋਹ ਲਾਲਨ ਤੇ ਲੋਭ ਪਾਲਨ ਦੇ ਪ੍ਰਤੀਕ ਹਨ। ਇਸੇ ਤਰ੍ਹਾਂ ਕ੍ਰੋਧ ਅਨੁਸ਼ਾਸਨ ਅਤੇ ਹੰਕਾਰ ਗਤੀ ਦਾ ਪ੍ਰਤੀਨਿਧੀ ਹੈ। ਕਾਮ, ਲੋਭ ਤੇ ਮੋਹ ਮੂਲ ਰੂਪ ਵਿਚ ਜੀਵਾਂ ਨੂੰ ਜੋੜ ਕੇ ਰੱਖਣ ਵਾਲੇ ਉਦਗਾਰ ਹਨ ਤੇ ਕ੍ਰੋਧ ਤੇ ਹੰਕਾਰ ਇਨ੍ਹਾਂ ਨੂੰ ਥਾਂ ਸਿਰ ਰੱਖ ਕੇ ਅੱਗੇ ਲੈ ਜਾਣ ਵਾਲੇ ਭਾਵ ਹਨ। ਪਹਿਲੀਆਂ ਤਿੰਨੇ ਅੰਦਰਮੁਖੀ (Centrifugal) ਤੇ ਆਖਰੀ ਦੋ ਬਾਹਰਮੁਖੀ (Centripetal) ਤਾਕਤਾਂ ਹਨ। ਇਹ ਸ਼ਕਤੀਆਂ ਸਰਬ ਵਿਆਪਕ ਹਨ ਅਰਥਾਤ ਇਕੱਲੇ ਮਨੁੱਖ ਵਿਚ ਨਹੀਂ ਸਗੋਂ ਜੀਵ, ਬਨਾਸਪਤੀ ਤੇ ਬੰਜਰ ਕੁਦਰਤੀ ਪਦਾਰਥਾਂ ਵਿਚ ਵੀ ਮਿਲਦੀਆਂ ਹਨ।

ਚੁੰਬਕ ਦੇ ਦੋ ਸਿਰੇ ਵੀ ਇਨ੍ਹਾਂ ਦੋ ਪੱਖਾਂ ਨੂੰ ਦਰਸਾਉਂਦੇ ਹਨ। ਇਕ ਪਾਸਾ ਦੂਜੇ ਚੁੰਬਕ ਨੂੰ ਨੇੜੇ ਲਿਆਉਂਦਾ ਹੈ ਤੇ ਦੂਜਾ ਦੂਰ ਧੱਕਦਾ ਹੈ। ਬਿਜਲੀ ਦੇ ਧਨਾਤਮਕ ਤੇ ਰਿਣਾਤਮਕ ਕਰੰਟ ਵੀ ਇਹੋ ਜਿਹਾ ਹੀ ਸੁਭਾਅ ਰੱਖਦੇ ਹਨ। ਐਟਮ ਦੇ ਅੰਦਰ ਇਲੈਕਟ੍ਰਾਨਾਂ ਤੇ ਪ੍ਰੋਟਾਨਾਂ ਵਿਚ ਇਹ ਗੁਣ ਪਾਏ ਜਾਂਦੇ ਹਨ। ਧਨ ਚਾਰਜ ਵਾਲੇ ਪ੍ਰੋਟਾਨ ਨਿਊਕਲੀਅਸ ਵਿਚ ਜੁੜੇ ਹੁੰਦੇ ਹਨ ਤੇ ਰਿਣ ਚਾਰਜ ਵਾਲੇ ਇਲੈਕਟ੍ਰਾਨ ਅਲੱਗ ਹੋ ਕੇ ਇਨ੍ਹਾਂ ਦੁਆਲੇ ਘੁੰਮਦੇ ਰਹਿੰਦੇ ਹਨ। ਜੇ ਸੰਸਾਰ ਦੇ ਸਾਰੇ ਐਟਮਾਂ ਦੇ ਇਲੈਕਟ੍ਰਾਨ ਆਪਣਾ ਘੁੰਮਣਾ ਛੱਡ ਕੇ ਨਿਊਕਲੀਅਰ ਵਿਚ ਜਾ ਡਿੱਗਣ ਤਾਂ ਦੁਨੀਆਂ ਇਕ ਵੱਡੇ ਅਗਨ-ਧਮਾਕੇ ਨਾਲ ਖਿਨ ਵਿਚ ਫਿਸ ਜਾਵੇਗੀ। ਇਸ ਧਨ ਤੇ ਰਿਣ ਸ਼ਕਤੀਆਂ ਦੇ ਕੌਤਕ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਹ ਮਾਦਿਕ ਸੰਸਾਰ ਜਾਂ ਕੁਦਰਤੀ ਪਸਾਰੇ ਨਾਲ ਜਿਵੇਂ ਜੁੜੀਆਂ ਹਨ, ਉਵੇਂ ਹੀ ਰਹਿਣਗੀਆਂ। ਉਵੇਂ ਹੀ ਇਹ ਮਨੁੱਖ ਵਿਚ ਰਹਿਣਗੀਆਂ। ਕੁਦਰਤ ਦੇ ਇਸ ਸੰਸਾਰ-ਪੱਧਰੀ ਅਸੂਲ ਨੂੰ ਪਿੱਛੋਂ ਆ ਕੇ ਹੀਗਲ ਨੇ ਆਪਣੇ ਸਿਧਾਂਤ ਵਿਚ ਪਰਸਪਰ ਵਿਰੋਧਤਾਈਆਂ ਦੀ ਏਕਤਾ ਤੇ ਸੰਘਰਸ਼ (Unity and Struggle of the Opposites) ਦੇ ਨਿਯਮ ਵਜੋਂ ਮਾਨਤਾ ਦਿੱਤੀ ਹੈ। ਨਿਯਮੀ ਮਾਨਤਾ ਵਾਲੀਆਂ ਇਨ੍ਹਾਂ ਸ਼ਕਤੀਸ਼ਾਲੀ ਕੁਦਰਤੀ ਪ੍ਰਵਿਰਤੀਆਂ ਨੂੰ ਕੋਈ ਕਿਵੇਂ ਖਤਮ ਕਰ ਸਕਦਾ ਹੈ ਤੇ ਕਿਥੋਂ ਕਿਥੋਂ ਕੱਢ ਸਕਦਾ ਹੈ? ਇਸ ਲਈ ਇਨ੍ਹਾਂ ਨਾਲ ਲੜਨਾ ਵਿਅਰਥ ਹੈ। ਉਪਰੋਕਤ ਪਉੜੀ ਦਾ ਇਹ ਵੀ ਇਕ ਸਾਰ ਹੈ।

ਪਰ ਗੁਰੂ ਸਾਹਿਬ ਇਨ੍ਹਾਂ ਪ੍ਰਵਿਰਤੀਆਂ ਦੇ ਨਾਲ ਨਾਲ ਮਨ ਨੂੰ ਪ੍ਰਮੁਖ ਸਥਾਨ ਦਿੰਦੇ ਹਨ। ਮਨ ਵਿਚ ਚੀਜ਼ਾਂ ਨੂੰ ਲੜੀਬੱਧ ਜਾਂ ਨਿਯਮਬੱਧ ਕਰਨ ਦੀ ਸਮਰਥਾ ਹੈ, ਜੋ ਕੁਦਰਤ ਵਿਚ ਪਹਿਲਾਂ ਹੀ ਸਰਬਵਿਆਪਕ ਹੈ। ਇਸ ਨੂੰ ਸੰਜਮ 'ਤੇ ਲਿਆਉਣ ਨਾਲ ਇਸ ਵਿਚ ਉਹ ਸਮਰੱਥਾ ਆ ਸਕਦੀ ਹੈ, ਜਿਸ ਨਾਲ ਉਹ ਵੱਖ ਵੱਖ ਭਾਵਨਾਵਾਂ ਵਿਚ ਤਾਲਮੇਲ ਰੱਖ ਸਕੇ ਤੇ ਉਨ੍ਹਾਂ ਨੂੰ ਆਪਹੁਦਰੀ ਹੱਦ ਤੀਕ ਵਧਣ ਤੋਂ ਰੋਕੇ। ਉਨ੍ਹਾਂ ਅਨੁਸਾਰ ਮਨੁੱਖੀ ਮਨ ਰਾਹੀਂ ਇਸ ਤਰ੍ਹਾਂ ਵਰਤਾਏ ਸੰਤੋਖ ਰਾਹੀਂ ਕੋਈ ਮਨੋਬਿਰਤੀ ਸਤਿ ਦੀ ਖੋਜ ਵਿਚ ਰੁਕਾਵਟ ਨਹੀਂ ਬਣੇਗੀ ਤੇ ਧਿਆਨ ਕਾਰਜ ਨਿਰਵਿਘਨ ਚਲੇਗਾ। ਇਸ ਲਈ ਕਾਮ, ਕ੍ਰੋਧ ਆਦਿ ਨੂੰ ਖਤਮ ਕਰਨ ਦੀ ਥਾਂ ਇਨ੍ਹਾਂ ਵਿਚ ਮਨ ਦੇ ਜ਼ਾਬਤੇ ਰਾਹੀਂ ਤਾਲਮੇਲ ਤੇ ਸੰਜਮ ਪੈਦਾ ਕਰਨ ਦੀ ਲੋੜ ਹੈ। ਗੁਰੂ ਸਾਹਿਬ ਅਨੁਸਾਰ ਮਨ ਨੂੰ ਇਨ੍ਹਾਂ 'ਤੇ ਭਾਰੂ ਰੱਖਣਾ ਹੀ ਮਨੁੱਖ ਦੀ ਅਸਲ ਜੀਵਨ ਕਲਾ ਹੈ।

ਉਨ੍ਹਾਂ ਦੀ ਕਹੀ ਇਹ ਗੱਲ ਦਾਰਸ਼ਨਿਕ ਪੱਖ ਤੋਂ ਅਤਿ ਅਹਿਮ ਹੈ। ਪੁਰਾਤਨ ਯੂਨਾਨੀ ਫਿਲਾਸਫਰ ਪਲੈਟੋ ਨੇ ਵੀ ਇਸੇ ਤਰ੍ਹਾਂ ਦਾ ਸਿਧਾਂਤ ਦਿੱਤਾ ਸੀ, ਜਿਸ ਵਿਚ ਉਸ ਨੇ ਮਨੁੱਖੀ ਸੁਭਾਅ ਦੀਆਂ ਵਿਵੇਕ, ਬਲ ਤੇ ਤਮਾ ਦੀਆਂ ਪ੍ਰਵਿਰਤੀਆਂ ਨੂੰ ਸੰਜਮ (Justice) ਦੇ ਬੰਧੇਜ ਵਿਚ ਰੱਖਣ ਦੀ ਸਿਫਾਰਿਸ਼ ਕੀਤੀ ਸੀ; ਪਰ ਪਲੈਟੋ ਦੇ ਸਿਧਾਂਤ ਦਾ ਉਦੇਸ਼ ਸਮਾਜਕ ਤਾਲਮੇਲ ਸਥਾਪਤ ਕਰਨਾ ਸੀ, ਜਦੋਂ ਕਿ ਗੁਰੂ ਸਾਹਿਬ ਦਾ ਉਦੇਸ਼ ਉਸ ਤੋਂ ਕਿਤੇ ਉਚਾ ਤੇ ਸਰਬਵਿਆਪੀ ਸੀ। ਉਨ੍ਹਾਂ ਦਾ ਉਦੇਸ਼ ਇਸ ਬੰਧੇਜ ਰਾਹੀਂ ਕੁਦਰਤ ਦੀ ਪੜਤਾਲ ਸੰਭਵ ਕਰਨਾ ਸੀ ਤਾਂ ਜੋ ਇਸ ਦੇ ਪਿਛੋਕੜ ਵਾਲੀ ਕਾਰਜਕਾਰੀ ਸ਼ਕਤੀ ਦੀ ਨਿਰਪੱਖ ਨਿਸ਼ਾਨਦੇਹੀ ਕੀਤੀ ਜਾ ਸਕੇ।

ਪਰ ਅਜੋਕੇ ਸਿੱਖ ਵਿਦਵਾਨ ਇਸ ਪਉੜੀ ਦੇ ਅਰਥ ਵੀ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਹੀ ਕਰਦੇ ਹਨ। ਸੰਤ ਤੇਜਾ ਸਿੰਘ ਅੰਗਰੇਜ਼ੀ ਵਿਚ ਲਿਖਦਿਆਂ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਨਾਥ ਜੋਗੀਆਂ ਦੇ ਯੋਗ ਢਾਂਚੇ ਵਿਚ ਆਪਣੇ ਵਿਚਾਰ ਪਾ ਕੇ ਇਸ ਦੀ ਨਵ-ਉਸਾਰੀ ਕੀਤੀ ਹੈ ਤਾਂ ਜੋ ਪ੍ਰੇਮ-ਭਗਤੀ ਰਾਹੀਂ ਪ੍ਰਭੂ ਨਾਲ ਮਿਲਾਪ ਕੀਤਾ ਹੋ ਸਕੇ। ਉਨ੍ਹਾਂ ਅਨੁਸਾਰ ਕੰਨਾਂ ਵਿਚ ਮੁੰਦਰਾਂ ਦੀ ਥਾਂ ਸੰਤੋਖ ਭਾਵ ਪ੍ਰਭੂ ਅੱਗੇ ਪੂਰਾ ਸਮਰਪਣ ਕੀਤਾ ਜਾਵੇ ਅਤੇ ਖੱਪਰ ਤੇ ਝੋਲੀ ਦੀ ਥਾਂ ਨਿਮਰਤਾ ਤੇ ਹਲੀਮੀ ਲਿਆਂਦੀ ਜਾਵੇ। ਸਰੀਰ 'ਤੇ ਸਵਾਹ ਦੀ ਬਿਭੂਤੀ ਮਲਣ ਦੀ ਥਾਂ ਮਨ ਨੂੰ ਪ੍ਰਭੂ ਅਰਾਧਨਾ ਵਿਚ ਜੋੜਿਆ ਜਾਵੇ ਤੇ ਦੁਆਲੇ ਲੈਣ ਵਾਲੀ ਗੋਦੜੀ ਦੀ ਥਾਂ ਮਨ ਵਿਚ ਮੌਤ ਦਾ ਡਰ ਪੈਦਾ ਕੀਤਾ ਜਾਵੇ। ਸਾਫ ਸਵਾਸਥ ਦੇਹ ਨੂੰ ਬੁਰਾਈਆਂ ਤੇ ਵਿਕਾਰਾਂ ਤੋਂ ਉਤੇ ਰੱਖਣਾ ਰੱਬ ਨੂੰ ਮਿਲਣ ਦੀ ਸਹੀ ਜੁਗਤ ਹੈ। ਪ੍ਰਭੂ ਵਿਚ ਵਿਸ਼ਵਾਸ ਨੂੰ ਜੋਗੀਆਂ ਵਾਲਾ ਡੰਡਾ ਬਣਾਓ ਅਤੇ ਸੰਸਾਰ ਦੇ ਸਭ ਔਰਤਾਂ ਮਰਦਾਂ ਦੇ ਪਿਆਰ ਵਾਲੇ ਕੁਨਬੇ ਨੂੰ ਨਾਥ ਜੋਗੀਆਂ ਦੀ ਸਭ ਤੋ ਉਚੀ ਜਮਾਤ 'ਆਈ ਪੰਥ' ਵਾਂਗ ਬਣਾਓ। ਸਭ ਇੱਛਾਵਾਂ ਦਾ ਨਾਸ਼ ਕਰ ਕੇ ਇਕੋ ਚਿਰ-ਸਥਾਈ ਪ੍ਰਮੇਸ਼ਵਰ ਦੀ ਭਗਤੀ ਕਰੋ।

ਸੰਤ ਤੇਜਾ ਸਿੰਘ ਮੁੰਦਰਾਂ ਦਾ ਅਨੁਵਾਦ 'ਅਕਾਲਪੁਰਖ ਅੱਗੇ ਸਮਰਪਣ' ਕਰਦੇ ਹਨ ਤੇ ਸਰਮ ਦਾ ਅਰਥ 'ਹਲੀਮੀ', ਇਸੇ ਤਰ੍ਹਾਂ ਉਹ ਬਿਭੂਤੀ ਦੇ ਅਰਥ ਅਰਾਧਨਾ ਤੇ ਕਾਲ ਦੇ ਅਰਥ ਮੌਤ ਦਾ ਡਰ ਦੱਸਦੇ ਹਨ; ਪਰ ਨਾ ਇਹ ਇਨ੍ਹਾਂ ਸ਼ਬਦਾਂ ਦੇ ਅਰਥ ਹਨ ਤੇ ਨਾ ਹੀ ਕਿਸੇ ਤਰ੍ਹਾਂ ਬਣਾਏ ਜਾ ਸਕਦੇ ਹਨ। ਇਹ ਵਿਦਵਾਨ ਅਰਾਧਨਾ, ਭਗਤੀ, ਦੰਦਵਤ, ਸਮਰਪਣ, ਹਲੀਮੀ ਤੇ ਮੌਤ ਦੇ ਡਰ ਤੋਂ ਬਾਹਰ ਨਿਕਲ ਕੇ ਗੁਰੂ ਸਾਹਿਬ ਦੇ ਮੁੱਖ ਉਦੇਸ਼ ਨੂੰ ਨਹੀਂ ਵਿਚਾਰਦੇ। ਹੈਰਾਨੀ ਵਾਲੀ ਗੱਲ ਤਾਂ ਇਹ ਕਿ ਉਹ 'ਆਈ ਪੰਥੀ ਸਗਲ ਜਮਾਤੀ' ਜਿਹੇ ਆਮ ਬਿਆਨ ਨੂੰ ਵੀ ਨਾਥ ਜੋਗੀਆਂ ਦਾ ਇਕ ਫਿਰਕਾ ਮੰਨਦੇ ਹਨ। ਸਪਸ਼ਟ ਹੈ ਕਿ ਉਹ ਇਸ ਪਉੜੀ ਦੀ ਮਨ-ਭਾਉਂਦੀ ਵਿਆਖਿਆ ਕਰਕੇ ਇਸ ਨੂੰ ਇਸ ਦੇ ਸਹੀ ਅਰਥਾਂ ਤੋਂ ਦੂਰ ਲੈ ਗਏ ਹਨ।

ਪ੍ਰੋ. ਸਾਹਿਬ ਸਿੰਘ ਦੀ ਵਿਆਖਿਆ ਵੀ ਲਗਭਗ ਇਸੇ ਤਰ੍ਹਾਂ ਦੀ ਹੈ। ਉਹ ਲਿਖਦੇ ਹਨ, "(ਹੇ ਜੋਗੀ!) ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ, ਮਿਹਨਤ ਨੂੰ ਖੱਪਰ ਤੇ ਝੋਲੀ, ਅਤੇ ਅਕਾਲ ਪੁਰਖ ਦੇ ਧਿਆਨ ਦੀ ਸੁਆਹ (ਪਿੰਡੇ 'ਤੇ ਮਲੇਂ), ਮੌਤ (ਦਾ ਭਉ) ਤੇਰੀ ਗੋਦੜੀ ਹੋਵੇ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ ਤੇਰੇ ਲਈ ਜੋਗ ਦੀ ਰਹਿਤ ਹੋਵੇ ਅਤੇ ਸ਼ਰਧਾ ਨੂੰ ਡੰਡਾ ਬਣਾਵੇ (ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ)। ਜੇ ਮਨੁੱਖ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਸੱਜਣ-ਮਿੱਤਰ ਸਮਝਦਾ ਹੈ (ਅਸਲ ਵਿਚ) ਉਹ

***(ਬਾਕੀ ਅਗਲੇ ਸਫੇ 'ਤੇ)***

ਵਿਚਾਰ-ਚਰਚਾ

# ਗੁਰੂ ਨਾਨਕ ਦਾ ਸਿੱਖ ਸਮਰੱਥ ਹੈ, ਪਿਛਲੱਗੂ ਨਹੀਂ!

ਜਿਸ ਸਮੇਂ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ, ਉਸ ਵਕਤ ਹਿੰਦੁਸਤਾਨ ਵਿਚ ਧਰਮ ਦੇ ਨਾਮ 'ਤੇ ਜ਼ਬਰਦਸਤ ਜ਼ੁਲਮ ਅਤੇ ਭ੍ਰਿਸ਼ਟਾਚਾਰ ਦਾ ਦੌਰ ਚੱਲ ਰਿਹਾ ਸੀ। ਇਸਲਾਮ ਨੂੰ ਕਿਉਂਕਿ ਵਕਤ ਦੀਆਂ ਮੁਸਲਿਮ ਹਕੂਮਤਾਂ ਦਾ ਸਮਰਥਨ ਪ੍ਰਾਪਤ ਸੀ, ਇਸ ਲਈ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਰ ਅਨੈਤਿਕ ਢੰਗ ਵਰਤ ਰਹੇ ਸਨ, ਜੋ ਕਿ ਉਨ੍ਹਾਂ ਨੂੰ ਧਾਰਮਿਕ ਤੌਰ 'ਤੇ ਜਾਇਜ਼ ਅਤੇ ਆਪਣੇ 'ਖੁਦਾ' ਦੀ ਸੇਵਾ ਦਾ ਮਾਧਿਅਮ ਲੱਗਦਾ ਸੀ। ਮੁਸਲਮਾਨਾਂ ਵਿਚੋਂ ਕੁਝ ਵਰਗ ਇਸ ਤਰ੍ਹਾਂ ਦੀ ਕੱਟੜ ਧਾਰਮਿਕ ਪਹੁੰਚ ਦੇ ਖਿਲਾਫ ਸਨ।

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਦੂਜੇ ਪਾਸੇ 'ਹਿੰਦੂ' ਧਰਮ ਨੂੰ ਵੱਡੇ ਖੋਰੇ ਲੱਗਣ ਦੇ ਬਾਵਜੂਦ ਧਰਮ 'ਤੇ ਕਾਬਜ਼ ਬ੍ਰਾਹਮਣ ਵਰਗ ਵੱਲੋਂ ਜਾਤ-ਪਾਤ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਤ ਵਿਸ਼ੇਸ਼ ਪ੍ਰਬੰਧਨ ਹਿੰਦੂ ਧਰਮ ਦੇ ਸਭ ਤੋਂ ਵੱਡੇ ਅਤੇ ਅਣਗੌਲੇ ਹੇਠਲੇ ਤਬਕਿਆਂ ਉਤੇ ਧਰਮ ਦੇ ਨਾਮ 'ਤੇ ਅਣਮਨੁੱਖੀ ਵਿਹਾਰ ਕਰ ਰਿਹਾ ਸੀ। ਭਾਵ ਆਮ ਲੋਕ ਦੋਹਾਂ ਧਰਮਾਂ ਤੋਂ ਦੁਖੀ ਸਨ। ਦੋਹਾਂ ਧਰਮਾਂ ਦੇ ਕਮਜ਼ੋਰ ਵਰਗ ਧਾਰਮਿਕ ਭ੍ਰਿਸ਼ਟਾਚਾਰ 'ਚ ਜੀਵਨ ਔਖਾ ਮਹਿਸੂਸ ਕਰ ਰਹੇ ਸਨ। ਬ੍ਰਾਹਮਣਾਂ ਅਤੇ ਮੌਲਾਣਿਆਂ ਵੱਲੋਂ ਤਰਤੀਬਵਾਰ ਆਪਣੇ-ਆਪਣੇ ਧਰਮਾਂ ਦੇ ਦੇਵੀਆਂ-ਦੇਵਤਿਆਂ ਤੇ ਪੈਗੰਬਰਾਂ ਦੀਆਂ ਸ਼ਕਤੀਆਂ ਤੇ ਧਾਰਮਿਕ ਸ਼ਰਾਪਾਂ ਦੀ ਓਟ ਹੇਠ ਉਨ੍ਹਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਸੀ। ਲੋਕ ਜਿਉਂਦੇ ਜੀਅ ਧਰਮਾਂ ਦੀਆਂ ਰੀਤਾਂ ਤੇ ਸਮਾਜਕ ਤਾਣੇ-ਬਾਣੇ ਦੀ ਅਗਨੀ ਵਿਚ ਸੜ ਰਹੇ ਸਨ।

ਠੀਕ ਇਸੇ ਵੇਲੇ ਉਸ ਖਿੱਤੇ ਵਿਚ ਗੁਰੂ ਨਾਨਕ ਦਾ ਆਗਮਨ ਹੁੰਦਾ ਹੈ। ਉਹ ਕਿਉਂਕਿ ਹਿੰਦੂ ਪਰਿਵਾਰ ਵਿਚ ਪੈਦਾ ਹੋਏ ਸਨ, ਇਸ ਲਈ ਉਨ੍ਹਾਂ ਨੇ ਹਿੰਦੂ ਧਰਮ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਸ਼ੁਰੂਆਤ ਆਪਣੇ ਆਪ ਤੋਂ ਅਤੇ ਆਪਣੇ ਘਰ ਤੋਂ ਹੀ ਕੀਤੀ। ਉਨ੍ਹਾਂ ਨੇ ਜਨੇਊ ਦੀ ਮਹੱਤਤਾ ਦਾ ਖੰਡਨ ਕੀਤਾ ਤੇ ਉਸ ਨੂੰ ਧਾਰਨ ਤੋਂ ਇਨਕਾਰ ਕੀਤਾ। ਨਾਲ ਹੀ ਉਨ੍ਹਾਂ ਨੇ ਪਿਤਾ ਪੁਰਖੀ ਹਿੰਦੂ ਧਰਮ ਧਾਰਨ ਨਾ ਕੀਤਾ। ਹਿੰਦੂ ਧਰਮ ਦੀਆਂ ਰੀਤਾਂ ਦੇ ਖੰਡਨ ਲਈ ਉਨ੍ਹਾਂ ਨੇ ਹਰਿਦੁਆਰ ਵਿਖੇ ਹਿੰਦੂਆਂ ਵੱਲੋਂ ਸੂਰਜ ਨੂੰ ਜਲ/ਪਾਣੀ ਦੇਣ ਦੀ ਧਾਰਮਿਕ ਰੀਤੀ ਨੂੰ ਗਲਤ ਦੱਸਣ ਲਈ ਕਰਤਾਰਪੁਰ ਨੂੰ ਜਲ ਪਹੁੰਚਾਉਣ ਦਾ ਢੌਂਗ ਕੀਤਾ। ਉਨ੍ਹਾਂ ਬੇਖੌਫ ਦੱਸਿਆ ਕਿ ਇਹ ਸਭ ਕਰਮ-ਕਾਂਡ ਤੋਂ ਸਿਵਾਏ ਕੁਝ ਵੀ ਨਹੀਂ। ਹਿੰਦੂਆਂ ਵਿਚ ਪ੍ਰਚਲਿਤ ਸਵਰਗ-ਨਰਕ ਅਤੇ ਬਹੁ ਜਨਮਾਂ ਦੇ ਭੁਲੇਖੇ ਤੇ ਸਿੱਧੀਆਂ ਦੀ ਪ੍ਰਾਪਤੀ ਦਾ ਸੱਚ ਉਜਾਗਰ ਕਰਨ ਲਈ ਸਿੱਧਾਂ ਨਾਲ ਗੋਸ਼ਟੀ ਕੀਤੀ ਤੇ ਉਨ੍ਹਾਂ ਨੂੰ ਸਹੀ ਮਾਰਗ ਦੱਸਿਆ। ਗੁਰੂ ਨਾਨਕ ਨੇ ਕਦਮ-ਕਦਮ 'ਤੇ ਉਸ ਵੇਲੇ ਦੇ ਸਮਾਜ ਵਿਚ ਫੈਲੀਆਂ ਧਾਰਮਿਕ ਤੇ ਸਮਾਜਕ ਕੁਰਹਿਤਾਂ ਦਾ ਖੰਡਨ ਹੀ ਨਹੀਂ ਕੀਤਾ, ਸਗੋਂ ਸਹੀ ਮਾਰਗ ਵੀ ਦੱਸਿਆ। ਉਨ੍ਹਾਂ ਨੇ ਜਪੁਜੀ ਸਾਹਿਬ ਰਾਹੀਂ ਸਿੱਖਾਂ ਨੂੰ ਸਮਾਜਕ ਗਿਆਨ ਤੋਂ ਇਲਾਵਾ ਵਿਗਿਆਨ ਦੇ ਗਿਆਨ ਨਾਲ ਵੀ ਮਾਲਾ-ਮਾਲ ਕੀਤਾ। ਉਨ੍ਹਾਂ ਜਪੁਜੀ ਸਾਹਿਬ ਦੇ ਅੰਤਿਮ ਸਲੋਕ ਵਿਚ ਸਿੱਖ ਨੂੰ ਸੰਖੇਪ ਵਿਚ ਉਹ ਗਿਆਨ ਦਿੱਤਾ ਹੈ, ਜੋ ਕਈ ਸਮਕਾਲੀ ਗ੍ਰੰਥ ਪੜ੍ਹ ਕੇ ਵੀ ਪ੍ਰਾਪਤ ਨਹੀਂ ਹੋ ਸਕਦਾ।

ਸਿੱਖ ਧਰਮ ਅਤੇ ਸਿੱਖਾਂ ਦੇ ਬਾਨੀ ਗੁਰੂ ਨਾਨਕ ਦੀ ਜਦੋਂ ਜੀਵਨੀ ਪੜ੍ਹਦੇ ਤੇ ਵਾਚਦੇ ਹਾਂ ਤਾਂ ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ, ਜਦੋਂ ਉਨ੍ਹਾਂ ਨੇ ਮਨੁੱਖ ਦੀ ਜਾਤ ਨਾਲ ਧਰਮ ਅਤੇ ਸਮਾਜਕ ਤਾਣੇ-ਬਾਣੇ ਦੇ ਨਾਂ 'ਤੇ ਹੋ ਰਹੇ ਅਨਿਆਂ ਤੇ ਵਿਤਕਰੇ ਵਿਰੁੱਧ ਸੰਘਰਸ਼ ਦੌਰਾਨ ਕਿਤੇ ਵੀ ਧਰਮ ਦੀ ਜ਼ਰਾ ਜਿੰਨੀ ਵਰਤੋਂ ਕੀਤੀ ਹੋਵੇ ਜਾਂ ਕਿਸੇ ਵੀ ਧਾਰਮਿਕ ਗਿਆਨ ਦੀ ਓਟ ਲਈ ਹੋਵੇ। ਇਹ ਵੀ ਕਿਤੇ ਮਿਸਾਲ ਨਹੀਂ ਮਿਲਦੀ, ਉਨ੍ਹਾਂ ਕਿਸੇ ਔਕੜ ਜਾਂ ਸਮੱਸਿਆ ਆਉਣ 'ਤੇ ਕਿਸੇ ਦੇਵੀ ਜਾਂ ਦੇਵਤੇ ਦੀ ਭਗਤੀ ਜਾਂ ਉਪਾਸਨਾ ਕੀਤੀ ਹੋਵੇ। ਉਨ੍ਹਾਂ ਨੇ ਸੰਸਾਰ ਨੂੰ ਸਿਰਫ ਦੱਸਿਆ (ਗਿਆਨ) ਹੀ ਨਹੀਂ, ਸਗੋਂ ਆਪਣੇ ਆਪ ਉਨ੍ਹਾਂ 'ਤੇ ਚੱਲ ਕੇ ਵਿਖਾਇਆ ਕਿ ਨਜ਼ਰ ਨਾ ਆਉਣ ਵਾਲੇ 'ਕਰਤੇ' ਦੀਆਂ ਸ਼ਕਤੀਆਂ ਕਿੰਨੀਆਂ ਅਸੀਮ ਅਤੇ ਅਪਾਰ ਹਨ। ਉਨ੍ਹਾਂ ਨੇ 'ਜਪੁਜੀ ਸਾਹਿਬ' ਰਾਹੀਂ ਸਿੱਖ ਨੂੰ ਕਰਤੇ ਦੀ ਹੋਂਦ ਤੇ ਉਸ ਦੇ ਸਿਰਜੇ ਬ੍ਰਹਿਮੰਡਾਂ ਦੇ ਆਰ-ਪਾਰ ਦਾ ਗਿਆਨ ਵੀ ਦਿੱਤਾ। ਉਨ੍ਹਾਂ ਨੇ ਕੁਦਰਤ ਦੇ ਬਲਿਹਾਰੇ ਜਾ ਕੇ 'ਕਰਤੇ' ਦੀ ਸਿਫਤ ਸਾਲਾਹ ਕਰਦਿਆਂ ਉਸ ਨੂੰ 'ਵਾਹਿਗੁਰੂ' ਕਹਿ ਕੇ ਸੰਬੋਧਤ ਵੀ ਕੀਤਾ। ਉਨ੍ਹਾਂ ਨੇ ਭਟਕੀ ਹੋਈ ਲੋਕਾਈ ਨੂੰ ਸੱਚ ਦੇ ਮਾਰਗ 'ਤੇ ਚੱਲਦਿਆਂ ਖੁਦ ਗ੍ਰਹਿਸਥੀ ਬਣ ਕੇ ਜੀਵਨ ਜਾਚ ਸਿਖਾਈ। ਕਿਰਤ ਕਰਨ ਦੀ ਸਲਾਹ ਦਿੱਤੀ ਤਾਂ ਆਪ ਵੀ ਆਪਣੇ ਜੀਵਨ ਕਾਲ ਦੇ ਅੰਤਿਮ ਵਡੇਰੀ ਉਮਰ ਵਾਲੇ ਸਾਲਾਂ ਦੌਰਾਨ 'ਕਿਰਤ ਕਰਨ' ਵਜੋਂ ਖੇਤੀ ਦਾ ਕੰਮ ਕੀਤਾ।

ਗੁਰੂ ਨਾਨਕ ਸਾਹਿਬ ਨੇ ਭੈਣ ਨੂੰ ਬੇਬੇ ਨਾਨਕੀ ਬਣਾ ਕੇ ਫਿਰ ਸੁਲੱਖਣੀ ਜੀ ਨੂੰ ਧਰਮ ਪਤਨੀ ਬਣਾ ਕੇ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥' ਵਾਲਾ ਕਥਨ ਵੀ ਨਿਭਾਇਆ। ਉਨ੍ਹਾਂ ਨੇ ਬਾਲੇ ਤੇ ਮਰਦਾਨੇ ਨੂੰ ਆਪਣੇ ਸੰਗੀ ਬਣਾ ਕੇ ਉਚ-ਨੀਚ ਤੇ ਜਾਤ-ਪਾਤ ਦੇ ਬੰਧਨਾਂ ਨੂੰ ਤੋੜਿਆ, ਜੋ ਕਿ ਉਸ ਕਾਲ ਦੌਰਾਨ ਵੱਡੀ ਪੱਧਰ 'ਤੇ ਲੋਕਾਈ ਦਾ ਸ਼ੋਸ਼ਣ ਕਰ ਰਹੇ ਸਨ। ਉਨ੍ਹਾਂ ਨੇ ਭਾਈ ਲਾਲੋ ਦੀ ਪ੍ਰਾਹੁਣਾਚਾਰੀ ਸਵੀਕਾਰ ਕਰਕੇ ਸਮਾਜ ਦੇ 'ਨੀਚਾਂ ਸਿਉਂ ਦੋਸਤੀ' ਵਾਲਾ ਕਥਨ ਸੱਚ ਕਰਦਿਆਂ ਗਰੀਬ ਤਬਕੇ ਨੂੰ ਮਾਣ ਤੇ ਤਾਣ ਬਖਸ਼ਿਆ। ਮਲਕ ਭਾਗੋ ਦੇ ਸੱਦੇ ਨੂੰ ਠੁਕਰਾ ਕੇ ਉਨ੍ਹਾਂ ਨੇ ਜਰਵਾਣਿਆਂ ਤੋਂ ਨਾ ਡਰਦਿਆਂ ਆਪਣੀ 'ਜਿਨ ਸੱਚ ਪੱਲੇ ਹੋਇ' ਵਾਲੀ ਸ਼ਕਤੀ ਵਿਖਾਈ।

ਗੁਰੂ ਨਾਨਕ ਦੇ ਧਰਮ ਦੀ ਵਿਲੱਖਣ ਸਹਿਜਤਾ ਅਤੇ ਬਰਾਬਰੀ ਦੇ ਨਿਯਮਾਂ ਨੇ ਹਿੰਦੂ ਧਰਮ ਵੱਲੋਂ ਸ਼ੋਸ਼ਿਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਆਕਰਸ਼ਿਤ ਕੀਤਾ। ਮੁਸਲਮਾਨ ਵੀ ਉਨ੍ਹਾਂ ਦੇ ਮੁਰੀਦ ਬਣੇ। ਇਸ ਖਿੱਤੇ ਵਿਚ ਹੀ ਨਹੀਂ, ਗੁਰੂ ਨਾਨਕ ਨੇ ਉਦਾਸੀਆਂ ਦੌਰਾਨ ਜਿਨ੍ਹਾਂ ਦੇਸ਼ਾਂ ਦੀ ਯਾਤਰਾ ਕੀਤੀ, ਹਰ ਥਾਂ ਲੋਕਾਂ ਨੇ ਉਨ੍ਹਾਂ ਦੇ ਧਰਮ ਨੂੰ ਅਪਨਾਇਆ। ਇਹ ਗੱਲ ਵੱਖਰੀ ਹੈ ਕਿ ਗੁਰੂ ਨਾਨਕ ਦੇ ਉਤਰਾਧਿਕਾਰੀਆਂ ਨੇ ਦੁਰਾਡੇ ਦੇਸ਼ਾਂ ਵਿਚ ਫੈਲੇ ਸਿੱਖਾਂ ਨਾਲ ਸੰਪਰਕ ਨਹੀਂ ਬਣਾਇਆ। ਗੁਰੂ ਨਾਨਕ ਤੋਂ ਬਾਅਦ ਸਿੱਖ ਧਰਮ ਇਸ ਮਹਾਦੀਪ ਅੰਦਰ ਵਧੇਰੇ ਪ੍ਰਫੁਲਿਤ ਹੋਇਆ।

ਗੁਰੂ ਨਾਨਕ ਨੇ ਸਿੱਖ ਨੂੰ, ਭਾਵੇਂ ਕੋਈ ਵੀ ਹੋਵੇ, ਹਰ ਵਿਸ਼ੇ 'ਤੇ ਸੰਪੂਰਨ ਗਿਆਨ ਦਿੱਤਾ। ਕੋਈ ਵੀ ਅਜਿਹਾ ਵਿਸ਼ਾ ਨਹੀਂ ਛੱਡਿਆ, ਜਿਸ ਬਾਰੇ ਸਿੱਖ ਨੂੰ ਕਿਸੇ ਹੋਰ ਵੱਲ ਤੱਕਣਾ ਪਵੇ। ਅਫਸੋਸ! ਗੁਰੂ ਨਾਨਕ ਦਾ ਗਿਆਨਵਾਨ ਸਿੱਖ ਮੌਜੂਦਾ ਦੌਰ ਵਿਚ ਅਗਿਆਨ ਦੀ ਦਲ-ਦਲ ਵਿਚ ਇੰਨਾ ਖੁੱਭ ਗਿਆ ਹੈ ਕਿ ਉਸ ਨੂੰ ਹਰ ਕਦਮ 'ਤੇ ਬਾਬਿਆਂ ਅਤੇ ਗ੍ਰੰਥੀਆਂ ਤੋਂ ਸੇਧ ਦੀ ਲੋੜ ਪੈ ਰਹੀ ਹੈ! ਉਸ ਨੂੰ ਕਿਉਂ ਲੱਗ ਰਿਹਾ ਹੈ ਕਿ ਬਾਬਾ ਨਾਨਕ ਨਹੀਂ, ਅਖੌਤੀ ਬਾਬਿਆਂ ਦੇ ਝੁੰਡ ਵਿਚੋਂ ਹੀ ਕੋਈ ਬਾਬਾ ਉਸ ਦਾ ਪਾਰ ਉਤਾਰਾ ਕਰੇਗਾ? ਸਿੱਖ ਅੰਨੇ ਤੇ ਬੋਲੇ ਵਾਂਗ ਵਿਚਰ ਰਿਹਾ ਹੈ? ਸਿੱਖਾਂ ਦਾ ਬਹੁਤ ਵੱਡਾ ਹਿੱਸਾ ਮਲਕ ਭਾਗੋ ਤੋਂ ਕਿਤੇ ਅੱਗੇ ਵਧ ਗਿਆ ਹੈ ਅਤੇ ਭਾਈ ਲਾਲੋ ਸਰੀਖੇ ਸਿੱਖ ਸਮਾਜ ਵਿਚ ਹਾਸ਼ੀਏ 'ਤੇ ਪੁੱਜ ਗਏ ਹਨ, ਜਿਨ੍ਹਾਂ ਬਾਰੇ ਕੋਈ ਪਤਾ ਨਹੀਂ, ਕਦੋਂ ਮਲਕ ਭਾਗੋ ਜਿਹਿਆਂ ਵੱਲੋਂ ਉਸ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਵੇ।

ਸਿੱਖ ਗੁਰੂਆਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ 'ਤੇ ਹੁਣ ਸ਼ਾਇਦ ਸਿੱਖਾਂ ਨੂੰ ਭਰੋਸਾ ਨਹੀਂ ਰਿਹਾ। ਹਾਲਾਤ ਇਸ ਪੱਧਰ 'ਤੇ ਪੁੱਜ ਗਏ ਹਨ ਕਿ ਦੁਨੀਆਂ ਦੇ ਸਭ ਤੋਂ ਸਮਰੱਥ ਗੁਰੂ, ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਦਿਵਾਉਣ ਲਈ ਸਤਿਕਾਰ ਕਮੇਟੀਆਂ ਬਣ ਗਈਆਂ ਹਨ। ਲੱਗਦਾ ਹੈ, ਗੁਰੂ ਸਾਹਿਬਾਨ ਦੀ ਸ਼ਕਤੀ 'ਤੇ ਸਿੱਖਾਂ ਦੇ ਕੁਝ ਵਰਗਾਂ ਨੂੰ ਸ਼ੱਕ ਹੈ। ਵਰਨਾ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਦਿਵਾਉਣ ਲਈ ਕਮੇਟੀਆਂ ਬਣਾਉਣ ਦੀ ਹਿਮਾਕਤ ਕੌਣ ਕਰ ਸਕਦਾ ਹੈ? ਕਿਤੇ ਵੀ ਸਿੱਖ ਧਰਮ ਤੇ ਸਿੱਖ ਗੁਰੂਆਂ ਬਾਰੇ ਹੇਠੀ ਦੀ ਜ਼ਰਾ ਜਿਹੀ ਘਟਨਾ ਵਾਪਰ ਜਾਂਦੀ ਹੈ, ਸਿੱਖ ਫੌਰਨ ਖੁਦ ਹੀ ਫੈਸਲੇ ਲੈ ਲੈਂਦੇ ਹਨ। ਕੀ ਇਨ੍ਹਾਂ ਮੰਦੀਆਂ ਘਟਨਾਵਾਂ ਦੀ ਸਜ਼ਾ ਦੋਸ਼ੀਆਂ ਨੂੰ ਸਮਰੱਥ ਗੁਰੂ ਆਪ ਨਹੀਂ ਦੇ ਸਕਦੇ? ਜਦੋਂ ਗੁਰੂ ਦੇ ਨਾਮ 'ਤੇ ਅਸੀ ਆਪ ਫੈਸਲੇ ਲੈਂਦੇ ਹਾਂ, ਕੀ ਇਸ ਨਾਲ ਦੂਸਰਿਆਂ ਕੋਲ ਸਹੀ ਸੰਦੇਸ਼ ਜਾਵੇਗਾ?

ਜਿਵੇਂ ਅਸੀ ਹਰ ਰੋਜ ਅਰਦਾਸ ਵੇਲੇ ਸੁਣਦੇ ਹਾਂ ਕਿ 'ਵਾਹਿਗੁਰੂ ਆਪਣੇ ਪੰਥ ਦੇ ਆਪ ਸਹਾਈ...।' ਇਸ ਵਿਚ ਜ਼ਰਾ ਜਿਹੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਗੁਰੂ ਨਾਨਕ ਆਪ ਹੀ ਆਪਣੇ ਧਰਮ ਦਾ ਰਾਖਾ ਤੇ ਸਹਾਈ ਹੈ, ਵਰਨਾ ਪਿਛਲੇ ਕਈ ਦਹਾਕਿਆਂ ਤੋਂ ਸਿੱਖਾਂ ਦੀ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਨੇ ਤਾਂ ਸਿੱਖਾਂ ਅਤੇ ਸਿੱਖ ਧਰਮ ਦੀ ਹੇਠੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਵੱਡਾ ਵਰਗ ਸਿੱਖਾਂ ਦੀ ਮੌਜੂਦਾ ਸਥਿਤੀ ਤੋਂ ਮਾਯੂਸ ਹੈ, ਪਰ ਨਿਰਾਸ਼ ਨਹੀਂ? ਉਹ ਅੰਦਰੋਂ ਜਗ ਰਹੇ ਹਨ ਤੇ ਉਨ੍ਹਾਂ ਨੂੰ ਆਸ ਹੈ ਕਿ ਇਹ ਅਮਾਵਸ ਦੀ ਰਾਤ ਵੀ ਜਰੂਰ ਕੱਟੀ ਜਾਏਗੀ, ਕਿਉਂਕਿ ਉਨ੍ਹਾਂ ਨੂੰ ਯਕੀਨ ਹੈ ਕਿ ਗੁਰੂ ਨਾਨਕ ਨੇ ਸਿੱਖ ਨੂੰ ਸਮਰੱਥ ਬਣਾਇਆ ਹੈ, ਪਿਛਲੱਗੂ ਨਹੀਂ!

# ਮੁੰਦਾ ਸੰਤੋਖੁ ਸਰਮੁ ਪਤੁ ਝੋਲੀ

(ਬਾਕੀ ਅਗਲੇ ਸਫੇ 'ਤੇ)

ਆਈ ਪੰਥ ਵਾਲਾ ਹੈ। ਜੇ ਆਪਣਾ ਮਨ ਜਿੱਤਿਆ ਜਾਏ ਤਾਂ ਸਾਰਾ ਜਗਤ ਹੀ ਜਿੱਤਿਆ ਜਾਂਦਾ ਹੈ (ਭਾਵ, ਤਾਂ ਜਗਤ ਦੀ ਮਾਇਆ ਪਰਮਾਤਮਾ ਤੋਂ ਵਿਛੋੜ ਨਹੀਂ ਸਕਦੀ)। (ਸੋ, ਕੂੜ ਦੀ ਕੰਧ ਦੂਰ ਕਰਨ ਲਈ) ਕੇਵਲ ਉਸ (ਅਕਾਲ ਪੁਰਖ) ਨੂੰ ਪ੍ਰਣਾਮ ਕਰੋ, ਜੋ (ਸਭ ਦਾ) ਮੁੱਢ ਹੈ, ਜੋ ਸੁੱਧ-ਸਰੂਪ ਹੈ, ਜਿਸ ਦਾ ਕੋਈ ਮੁਢ ਨਹੀਂ (ਲੱਭ ਸਕਦਾ), ਜੋ ਨਾਸ-ਰਹਿਤ ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ।"

ਖੈਰ, ਅਕਾਲ ਪੁਰਖ ਤੇ ਵਾਹਿਗੁਰੂ ਦੇ ਜ਼ਿਕਰ ਤੋਂ ਬਿਨਾ ਤਾਂ ਇਸ ਵਿਦਵਾਨ ਦੀ ਵਿਆਖਿਆ ਚੱਲ ਹੀ ਨਹੀਂ ਸਕਦੀ, ਪਰ ਉਨ੍ਹਾਂ ਗੁਰੂ ਸਾਹਿਬ ਦੇ ਸੰਦੇਸ਼ ਨਾਲ ਇਨਸਾਫ ਨਹੀਂ ਕੀਤਾ। ਇਸ ਅਨੁਸਾਰ ਗੁਰੂ ਸਾਹਿਬ ਦਾ ਫੁਰਮਾਨ ਨਾਥ ਜੋਗੀਆਂ ਦੀ ਪ੍ਰਥਾ ਅਤੇ ਵਿਧੀ ਨਾਲ ਸਬੰਧਤ ਨਹੀਂ ਹੈ, ਸਗੋਂ ਉਨ੍ਹਾਂ ਦੇ ਸੰਕੇਤਾਂ ਤੇ ਸਰੋਕਾਰਾਂ ਨਾਲ ਹੈ। ਉਹ ਆਪਣਾ ਰਸਤਾ ਨਾ ਛੱਡਣ, ਪਰ ਮੁੰਦਰੀਆਂ, ਬਿਭੂਤੀ, ਝੋਲੀ, ਗੋਦੜੀ ਆਦਿ ਬਦਲ ਲੈਣ। ਇਸ ਤੋਂ ਉਲਟ ਗੁਰੂ ਸਾਹਿਬ ਉਨ੍ਹਾਂ ਦੇ ਸਮੁੱਚੇ ਪੰਥੀ ਢਾਂਚੇ ਤੇ ਵਿਧੀ ਵਿਧਾਨ ਨੂੰ ਤਿਆਗਣ ਦੀ ਗੱਲ ਕਹਿੰਦੇ ਹਨ। ਉਨ੍ਹਾਂ ਅਨੁਸਾਰ ਉਹ ਸਾਰੇ ਬਾਹਰੀ ਢਕਵੰਜ ਛੱਡ ਕੇ ਸੰਸਾਰੀ ਜੀਵ ਬਣਨ। ਫਿਰ ਗਿਆਨ ਧਿਆਨ ਸੰਤੋਖ ਤੇ ਵਿਗਿਆਨਕ ਵਿਧੀ ਦਾ ਰਸਤਾ ਚੁਣਨ, ਕਿਉਂਕਿ ਮਨ ਨੂੰ ਸਿਧਾਉਣਾ ਹੀ ਉਨ੍ਹਾਂ ਸਭ ਪੰਥੀਆਂ ਦਾ ਸਾਰ ਹੈ, ਜਿਨ੍ਹਾਂ ਲਈ ਉਹ ਸਾਧਾਂ ਦੇ ਡੇਰੇ ਜਾਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਕ ਇਕ ਮਾਯਾਵੀ ਸ਼ਕਤੀ ਨੂੰ ਸਾਧਣ ਦੀ ਥਾਂ ਸੰਪੂਰਨ ਪਰਮ-ਸਤਿ ਦੀ ਖੋਜ ਨੂੰ ਮਨੋਰਥ ਬਣਾਓ, ਜੋ ਆਦਿ ਕਾਲ ਤੋਂ ਹਰ ਵਰਤਾਰੇ ਵਿਚ ਕਾਰਜਸ਼ੀਲ ਹੈ। ਇਹ ਵਿਆਖਿਆਕਾਰ ਗੁਰੂ ਸਾਹਿਬ ਦੇ ਹਵਾਲੇ ਨਾਲ ਅੱਗੇ ਲਿਖਦਾ ਹੈ ਕਿ ਜੋਗ-ਸਿੱਧੀਆਂ ਵਾਲੇ ਸਾਧ ਆਪਣੇ ਸਰੀਰਾਂ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣ, ਪਰ ਇਹ ਵਿਕਲਪ ਤਾਂ ਹੋ ਹੀ ਨਹੀਂ ਸਕਦਾ। ਨਾਥ-ਪੰਥੀ ਤਾਂ ਪਹਿਲਾਂ ਹੀ ਜਤ-ਸਤ ਦੇ ਬੰਧੇਜ ਵਿਚ ਬੰਨ੍ਹ ਕੇ ਰਹਿੰਦੇ ਸਨ। ਉਨ੍ਹਾਂ ਦੇ ਸਰੀਰਾਂ ਨੂੰ ਵਿਕਾਰ-ਮੁਕਤ ਕਰਨ ਦਾ ਤਾਂ ਮੁੱਦਾ ਹੀ ਨਹੀਂ ਸੀ, ਗੱਲ ਤਾਂ ਮਾਨਸਿਕ ਸੇਧ ਦੀ ਸੀ। ਹੋਰ ਤਾਂ ਹੋਰ, ਇਹ ਵਿਦਵਾਨ ਵੀ ਮੌਤ ਦਾ ਡਰ ਪੈਦਾ ਕਰਨ ਦੀ ਗੱਲ ਕਰਦਾ ਹੈ, ਜੋ ਗੁਰੂ ਸਾਹਿਬ ਦੇ ਸਿਧਾਂਤ ਤੋਂ ਬਿਲਕੁਲ ਉਲਟ ਹੈ।

ਆਈ ਪੰਥੀ ਦਾ ਅਰਥ ਕਰਨ ਵੇਲੇ ਤਾਂ ਸਾਰੇ ਹੀ ਵਿਦਵਾਨ ਟਪਲਾ ਖਾਏ ਹੋਏ ਹਨ। ਉਨ੍ਹਾਂ ਅਨੁਸਾਰ ਇਹ ਜੋਗੀਆਂ ਦੇ ਕਿਸੇ ਵੱਡੇ ਫਿਰਕੇ ਦਾ ਨਾਂ ਸੀ। ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਛੋਟੇ-ਮੋਟੇ ਨਾਥਾਂ ਨੂੰ ਸਮਝਾਇਆ ਸੀ ਕਿ ਚੰਗੇ ਗੁਣ ਧਾਰਨ ਕਰਨ ਨਾਲ ਉਹ ਸਭ ਉਸ ਸਿਰਕੱਢ ਫਿਰਕੇ ਵਿਚ ਸ਼ਾਮਲ ਹੋ ਜਾਣਗੇ ਤੇ ਆਪਣੀ ਵੱਡੀ ਜਮਾਤ ਦੇ ਸਾਥੀਆਂ ਨਾਲ ਮਿਲਣ ਦਾ ਮਾਣ ਪ੍ਰਾਪਤ ਕਰ ਲੈਣਗੇ। ਇਕ ਵੀ ਗਿਆਨੀ ਇਸ ਦਾ ਇਹ ਬਣਦਾ ਅਰਥ ਨਹੀਂ ਕਰਦਾ ਕਿ "ਮਨ 'ਤੇ ਕਾਬੂ ਪਾਉਣ ਨਾਲ ਹੀ ਜੋਗ ਦੇ ਸਾਰੇ ਫਿਰਕਿਆਂ ਦੀ ਪੰਥੀ (ਸਿਖਿਆ) ਪੱਲੇ ਪੈ ਜਾਂਦੀ ਹੈ।" ਇਹ ਇਨ੍ਹਾਂ ਵਿਦਵਾਨਾਂ ਦੀ ਉਸ ਉਪ-ਬੋਲੀ ਤੇ ਉਸ ਦੇ ਮੁਹਾਵਰੇ ਤੋਂ ਅਣਜਾਣਤਾ ਸਿੱਧ ਕਰਦਾ ਹੈ, ਜਿਸ ਵਿਚ ਜਪੁਜੀ ਰਚਿਆ ਹੋਇਆ ਹੈ। ਅਜਿਹੇ ਥਾਂਈਂ ਉਨ੍ਹਾਂ ਦੀ 'ਗੁਰਬਾਣੀ ਵਿਆਕਰਣ' ਵੀ ਉਨ੍ਹਾਂ ਦੇ ਕਿਸੇ ਕੰਮ ਨਹੀਂ ਆਉਂਦੀ!

ਗੁਰਬਾਣੀ ਗਿਆਨ

# ਨਾਮ ਬਿਨਾ ਕੋ ਸਕੈ ਨ ਤਾਰਿ

ਰਾਮਕਲੀ ਮਹਲਾ ੫
ਰੈਣਿ ਦਿਨਸੁ ਜਪਉ ਹਰਿ ਨਾਉ॥
ਆਗੈ ਦਰਗਹ ਪਾਵਉ ਥਾਉ॥
ਸਦਾ ਅਨੰਦੁ ਨ ਹੋਵੀ ਸੋਗੁ॥
ਕਬਹੂ ਨ ਬਿਆਪੈ ਹਉਮੈ ਰੋਗੁ॥
ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ॥
ਬਿਸਮਨ ਬਿਸਮ ਭਏ ਬਿਸਮਾਦਾ
ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ॥ ਰਹਾਉ॥
ਗਨਿ ਮਿਨਿ ਦੇਖਹੁ ਸਗਲ ਬੀਚਾਰਿ॥
ਨਾਮ ਬਿਨਾ ਕੋ ਸਕੈ ਨ ਤਾਰਿ॥
ਸਗਲ ਉਪਾਵ ਨ ਚਾਲਹਿ ਸੰਗਿ॥
ਭਵਜਲੁ ਤਰੀਐ ਪ੍ਰਭ ਕੈ ਰੰਗਿ॥
ਦੇਹੀ ਧੋਇ ਨ ਉਤਰੈ ਮੈਲੁ॥
ਹਉਮੈ ਬਿਆਪੈ ਦੁਬਿਧਾ ਫੈਲੁ॥
ਹਰਿ ਹਰਿ ਅਉਖਧੁ ਜੋ ਜਨੁ ਖਾਇ॥
ਤਾ ਕਾ ਰੋਗੁ ਸਗਲ ਮਿਟਿ ਜਾਇ॥
ਕਰਿ ਕਿਰਪਾ ਪਾਰਬ੍ਰਹਮ ਦਇਆਲ॥
ਮਨ ਤੇ ਕਬਹੂ ਨ ਬਿਸਰੁ ਗੋੁਪਾਲ॥
ਤੇਰੇ ਦਾਸ ਕੀ ਹੋਵਾ ਧੂਰਿ॥
ਨਾਨਕ ਕੀ ਪ੍ਰਭ ਸਰਧਾ ਪੂਰਿ॥

ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਉਪਦੇਸ਼ ਕਰਦੇ ਹਨ, ਹੇ ਮੇਰੇ ਮਿਹਰਬਾਨ ਪ੍ਰੀਤਮ ਪ੍ਰਭ ਜੀ ਮਿਹਰ ਕਰੋ। ਮੈਂ ਰਾਤ-ਦਿਨ ਤੇਰਾ ਨਾਮ ਜਪਦਾ ਰਹਾਂ, ਤੇਰਾ ਨਾਮ ਜਪ ਕੇ ਮੈਂ ਅੱਗੇ ਤੇਰੀ ਦਰਗਾਹ ਪਰਲੋਕ ਵਿਚ ਥਾਂ ਹਾਸਲ ਕਰ ਲਵਾਂ; ਜਿਹੜਾ ਮਨੁੱਖ ਹਰੀ ਦਾ ਨਾਮ ਜਪਦਾ ਹੈ, ਉਸ ਨੂੰ ਕਦੀ ਸੋਗ ਚਿੰਤਾ ਨਹੀਂ ਹੁੰਦੀ ਸਦਾ ਹੀ ਅਨੰਦ ਬਣਿਆ ਰਹਿੰਦਾ ਹੈ ਅਤੇ ਹਉਮੈ ਦਾ ਰੋਗ ਵੀ ਕਦੇ ਉਸ ਉਤੇ ਅਣਾ ਜ਼ੋਰ ਨਹੀਂ ਪਾ ਸਕਦਾ।

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਤਿਗੁਰੂ ਪ੍ਰਭੂ ਦੇ ਪਿਆਰਿਆਂ ਨੂੰ ਅਵਾਜ਼ ਦਿੰਦੇ ਆਖ ਰਹੇ ਹਨ, ਉਸ ਪਰਮੇਸ਼ਰ ਨਾਲ ਡੂੰਘੀ ਪ੍ਰੀਤ ਰੱਖਣ ਵਾਲੇ ਹੇ ਸੰਤ ਜਨੋ! ਸਦਾ ਹੀ ਉਸ ਮਾਲਕ ਦੀ ਖੋਜ ਕਰਦੇ ਰਹੋ। ਹੇ ਪ੍ਰਾਣੀ, ਤੂੰ ਸਦਾ ਹੀ ਪਰਮਾਤਮਾ ਦਾ ਸਿਮਰਨ ਕਰਦਾ ਰਹੁ, ਸਿਮਰਨ ਦੀ ਬਰਕਤ ਨਾਲ ਬੜੀ ਹੀ ਹੈਰਾਨ ਕਰ ਦੇਣ ਵਾਲੀ ਅਸਚਰਜ ਆਤਮਕ ਅਵਸਥਾ ਬਣ ਜਾਵੇਗੀ, ਤੂੰ ਸਭ ਤੋਂ ਉਚੀ ਅਵਸਥਾ ਹਾਸਲ ਕਰ ਲਵੇਂਗਾ।

ਗੁਰੂਦੇਵ ਆਖ ਰਹੇ ਹਨ, ਹੇ ਸੰਤ ਜਨੋ! ਸਾਰੇ ਗਹੁ ਨਾਲ ਚੰਗੀ ਤਰ੍ਹਾਂ ਵਿਚਾਰ ਕਰ ਕੇ ਵੇਖ ਲਵੋ, ਪ੍ਰਭੂ ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਕਈ ਵੀ ਇਸ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘਾ ਸਕਦਾ; ਨਾਮ ਤੋਂ ਬਿਨਾ ਹੋਰ ਕੀਤੇ ਹੋਏ ਸਾਰੇ ਹੀਲੇ ਵਸੀਲੇ ਮਨੁੱਖ ਦੇ ਕਦੇ ਨਾਲ ਨਹੀਂ ਜਾਂਦੇ, ਕੋਈ ਮਦਦ ਨਹੀਂ ਕਰਦੇ। ਪ੍ਰਭੂ ਜੀ ਦੇ ਪ੍ਰੇਮ ਰੰਗ ਵਿਚ ਰਿਹਾਂ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ।

ਸਤਿਗੁਰੂ ਬਖਸ਼ਿਸ਼ ਕਰਦੇ ਆਖਦੇ ਹਨ, ਹੇ ਸੰਤ ਜਨੋ! ਤੀਰਥਾਂ 'ਤੇ ਜਾ ਕੇ ਦੇਹੀ ਸਰੀਰ ਨੂੰ ਧੋਣ ਨਾਲ ਮਨ ਦੇ ਵਿਕਾਰਾਂ ਦੀ ਮੈਲ ਕਦੇ ਵੀ ਨਹੀਂ ਉਤਰ ਸਕਦੀ, ਸਗੋਂ ਹਉਮੈ ਆਪਣਾ ਜ਼ੋਰ ਪਾ ਲੈਂਦੀ ਹੈ ਕਿ ਮੈਂ ਤੀਰਥਾਂ ਦੇ ਇਸ਼ਨਾਨ ਕਰ ਆਇਆ ਹਾਂ, ਬੰਦੇ ਦੇ ਅੰਦਰ ਅੰਦਰੋਂ ਹੋਰ ਅਤੇ ਬਾਹਰੋਂ ਹੋਰ ਹੋਣ ਦਾ ਪਸਾਰਾ ਪਸਰ ਜਾਂਦਾ ਹੈ, ਬੰਦਾ ਖੰਡ ਨਾਲ ਜੁੜ ਜਾਂਦਾ ਹੈ। ਹੇ ਸੰਤ ਜਨੋ! ਜੋ ਮਨੁੱਖ ਪ੍ਰਭੂ ਦੇ ਨਾਮ ਰੂਪੀ ਅਉਖਧ ਦਵਾਈ ਖਾਂਦਾ ਹੈ, ਉਸ ਮਨੁੱਖ ਦੇ ਸਾਰਾ ਹੀ ਮਾਨਸਿਕ ਰੋਗ ਮਿਟ ਭਾਵ ਮੁਕ ਜਾਂਦੇ ਹਨ।

ਕਰਿ ਕਿਰਪਾ ਪਾਰਬ੍ਰਹਮ ਦਇਆਲ॥
ਮਨ ਤੇ ਕਬਹੂ ਨ ਬਿਸਰੁ ਗੁਪਾਲ॥
ਤੇਰੇ ਦਾਸ ਕੀ ਹੋਵਾ ਧੂਰਿ॥
ਨਾਨਕ ਕੀ ਪ੍ਰਭ ਸਰਧਾ ਪੂਰਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਸਾਨੂੰ ਅਰਦਾਸ ਨਾਲ ਜੋੜਦੇ ਹੋਏ ਆਖਦੇ ਹਨ, ਹੇ ਮੇਰੇ ਪਾਰਬ੍ਰਹਮ ਪਿਤਾ! ਹੇ ਦਇਆ ਦੇ ਘਰ! ਮੇਰੇ ਉਤੇ ਆਪਣੀ ਕਿਰਪਾ ਕਰ। ਹੇ ਗੋਪਾਲ! ਤੂੰ ਮੇਰੇ ਮਨ ਤੋਂ ਕਦੀ ਵੀ ਨਾ ਵਿਸਰ, ਮੈਂ ਤੇਰੇ ਦਾਸਾਂ ਦੇ ਚਰਨਾਂ ਦੀ ਧੂੜ ਬਣਿਆ ਰਹਾਂ, ਤੇਰੇ ਚਰਨਾਂ ਨਾਲ ਜੁੜਿਆ ਰਹਾਂ। ਹੇ ਮੇਰੇ ਮਿਹਰਬਾਨ ਪ੍ਰਭੂ ਜੀ, ਨਾਨਕ ਦੀ ਇਹ ਲੋਚਾ ਭਾਵ ਤਾਂਘ ਆਸ ਪੂਰੀ ਕਰੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸੰਸਕ੍ਰਿਤੀ ਦਾ ਮਾਨਸਿਕਤਾ 'ਤੇ ਅਸਰ

ਮਨੋਵਿਗਿਆਨ ਦੇ ਇਕ ਜਨਰਲ ਵਿਚ ਛਪੀ ਖੋਜ ਮੁਤਾਬਿਕ ਇੱਕ ਮਨੋਵਿਗਿਆਨੀ ਦੇ ਕੀਤੇ ਗਏ ਪ੍ਰਯੋਗ ਵਿਚ ਕੁਝ ਲੋਕਾਂ ਦੇ ਸਮੂਹ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਸਮੂਹ ਨੂੰ ਚੌਕਲੇਟ ਦੇ ਕੇ, ਬਿਨਾ ਕਾਗਜ਼ ਉਤਾਰੇ ਦੋ ਹਿੱਸਿਆਂ ਵਿਚ ਤੋੜਨ ਲਈ ਕਿਹਾ ਗਿਆ ਅਤੇ ਫਿਰ ਦੋਹਾਂ ਹਿੱਸਿਆਂ ਨੂੰ ਇੱਕ-ਇੱਕ ਕਰਕੇ ਕਾਗਜ਼ ਉਤਾਰ ਕੇ ਖਾਣ ਲਈ ਕਿਹਾ ਗਿਆ।

ਦੂਜੇ ਸਮੂਹ ਨੂੰ ਚੌਕਲੇਟ ਦੇਣ ਉਪਰੰਤ ਕੁਝ ਦੇਰ ਅਰਾਮ ਕਰਕੇ ਕਿਸੇ ਵੀ ਤਰੀਕੇ ਨਾਲ ਚੌਕਲੇਟ ਖਾਣ ਲਈ ਕਿਹਾ ਗਿਆ।

ਇਸ ਉਪਰੰਤ ਇਹ ਦੇਖਿਆ ਗਿਆ ਕਿ ਪਹਿਲੇ ਸਮੂਹ ਦੇ ਭਾਗੀਦਾਰਾਂ ਨੇ ਚੌਕਲੇਟ ਨੂੰ ਦੂਜੇ ਸਮੂਹ ਦੇ ਭਾਗੀਦਾਰਾਂ ਦੇ ਮੁਕਾਬਲੇ ਜ਼ਿਆਦਾ ਸੁਆਦਿਸ਼ਟ ਦੱਸਿਆ ਅਤੇ ਉਹ ਦੂਜੇ ਸਮੂਹ ਦੇ ਭਾਗੀਦਾਰਾਂ ਦੇ ਮੁਕਾਬਲੇ ਜ਼ਿਆਦਾ ਕੰਮ ਕਰਨ ਲਈ ਤਿਆਰ ਹੋਏ। ਇਸ ਖੋਜ ਤੋਂ ਪਤਾ ਲਗਦਾ ਹੈ ਕਿ ਬਣਾਏ ਗਏ ਰੀਤੀ ਰਿਵਾਜਾਂ ਦਾ ਮਾਨਵ ਦੀ ਮਾਨਸਿਕਤਾ 'ਤੇ ਅਸਲੀਅਤ ਵਿਚ ਅਸਰ ਪੈਂਦਾ ਹੈ।

ਇਸ ਲਈ ਸਾਰੇ ਹੀ ਧਰਮਾਂ ਦੇ ਨਾਲ ਅਲੱਗ ਅਲੱਗ ਤਰ੍ਹਾਂ ਦੇ ਰੀਤੀ ਰਿਵਾਜਾਂ ਨੂੰ ਜੋੜਿਆ ਗਿਆ ਹੈ ਅਤੇ ਲੋਕ ਆਪਣੀ ਹੋਂਦ ਅਤੇ ਸੁਰੱਖਿਆ ਲਈ ਆਪਣੀਆਂ ਪਰੰਪਰਾਵਾਂ ਨਾਲ ਲੰਮੇ ਸਮੇਂ ਤੋਂ ਜੁੜੇ ਰਹੇ ਹਨ; ਪਰ ਅੱਜੋਕੇ ਯੁੱਗ ਵਿਚ ਪੱਛਮੀ ਸੱਭਿਅਤਾ ਦਾ ਅਸਰ ਮਨੁੱਖ ਦੀ ਮਾਨਸਿਕਤਾ 'ਤੇ ਬਹੁਤ ਗਹਿਰਾ ਪੈ ਰਿਹਾ ਹੈ।

ਮਨੋਵਿਗਿਆਨੀਆਂ ਨੇ ਖੋਜ ਦੌਰਾਨ ਪਾਇਆ ਕਿ ਮਨੁੱਖ ਆਪਣੀ ਇੱਛਾ ਨਾਲ ਦੂਜਿਆਂ ਦੇ ਰਿਵਾਜਾਂ ਦੀ ਨਕਲ ਕਰ ਰਿਹਾ ਹੈ ਅਤੇ ਉਹ ਇਸ ਨਾਲ ਜੁੜੇ ਖਤਰਨਾਕ ਨਤੀਜਿਆਂ ਤੋਂ ਡਰਦਾ ਵੀ ਹੈ।

ਉਪਰੋਕਤ ਖੋਜਾਂ ਦੇ ਆਧਾਰ 'ਤੇ ਇੱਕ ਮਿਸਾਲ ਦੇਣੀ ਚਾਹਾਂਗਾ ਕਿ ਬਹੁਤ ਸਾਰੇ ਧਰਮਾਂ ਵਿਚ ਬਹੁਤੇ ਸਮਾਗਮਾਂ ਦੌਰਾਨ ਸ਼ੁਰੂਆਤ ਲੱਡੂ ਵੰਡ ਕੇ ਕੀਤੀ ਜਾਂਦੀ ਰਹੀ ਹੈ। ਵਿਆਹ, ਜਨਮ ਦਿਨ, ਮਹੂਰਤ, ਯਾਤਰਾ ਦੀ ਸ਼ੁਰੂਆਤ ਆਦਿ ਲੱਡੂ ਵੰਡ ਕੇ ਕੀਤੀ ਜਾਂਦੀ ਰਹੀ ਹੈ, ਕਿਉਂਕਿ ਲੱਡੂ ਬੂੰਦੀ ਦੇ ਦਾਣੇ ਦਾਣੇ ਨੂੰ ਜੋੜ ਕੇ ਬਣਦੇ ਹਨ, ਇਸ ਲਈ ਲੱਡੂ ਵੰਡ ਕੇ ਮਨੁੱਖ ਅਤੇ ਮਨੁੱਖਤਾ ਨੂੰ ਜੋੜ ਕੇ ਰੱਖਣ ਲਈ ਇਹ ਪਰੰਪਰਾ ਮਨੁੱਖ ਦੀ ਮਾਨਸਿਕਤਾ 'ਤੇ ਸਕਾਰਾਤਮਕ ਅਸਰ ਪਾਉਂਦੀ ਆ ਰਹੀ ਹੈ।

ਪਰ ਅਜੋਕੇ ਯੁੱਗ ਵਿਚ ਲੱਡੂ ਦੀ ਥਾਂ ਕੇਕ ਨੇ ਲੈ ਲਈ ਹੈ, ਜਿਸ ਨੂੰ ਕੱਟ ਕੇ ਵੰਡਿਆ ਅਤੇ ਖਾਇਆ ਜਾਂਦਾ ਹੈ, ਇਹ 'ਵੰਡੋ ਅਤੇ ਰਾਜ ਕਰੋ' ਦੀ ਨੀਤੀ ਵਾਂਗ ਮਨੁੱਖ ਦੀ ਮਾਨਸਿਕਤਾ 'ਤੇ ਨਕਾਰਾਤਮਕ ਅਸਰ ਪਾ ਰਿਹਾ ਹੈ। ਅੱਜ ਦੇ ਯੁੱਗ ਵਿਚ ਕੇਕ ਕੱਟਣ ਦੀ ਰਸਮ ਸਿਰਫ ਦਿਖਾਵਾ ਬਣੀ ਹੋਈ ਹੈ, ਜੋ ਮਾਨਸਿਕਤਾ ਲਈ ਚੰਗੀ ਨਹੀਂ, ਇਸ ਲਈ ਆਪਾਂ ਸਭਨਾਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿੰਦਿਆਂ ਆਪਣੇ ਉਨ੍ਹਾਂ ਰਿਵਾਜਾਂ ਦੀ ਪਾਲਣਾ ਕਰਦੇ ਰਹਿਣਾ ਚਾਹੀਦਾ ਹੈ, ਜੋ ਮਨੁੱਖ ਨੂੰ ਜੋੜਨ ਦੀ ਪ੍ਰਵਿਰਤੀ ਰੱਖਦੇ ਹਨ ਅਤੇ ਉਨ੍ਹਾਂ ਰਿਵਾਜਾਂ ਨੂੰ ਤਿਆਗ ਦੇਣਾ ਚਾਹੀਦਾ ਹੈ, ਜੋ ਪੁਰਾਤਨ ਯੁੱਗ ਮੁਤਾਬਿਕ ਸਹੀ ਸਨ, ਪਰ ਅਜੋਕੇ ਆਧੁਨਿਕ ਯੁੱਗ ਵਿਚ ਨਹੀਂ।

*-ਵਿਨੋਦ ਗਰਗ, ਬਰਨਾਲਾ*
*ਫੋਨ: 91-98762-71788*

# ਹਰਿਭਜਨ ਸਿੰਘ: ਸੁਹਜਵਾਦ ਦਾ ਝੰਡਾਬਰਦਾਰ

**ਜਨਮ ਸ਼ਤਾਬਦੀ 'ਤੇ ਵਿਸ਼ੇਸ਼**

***ਪੰਜਾਬੀ ਸਾਹਿਤ ਜਗਤ ਵਿਚ ਨਿਵੇਕਲਾ ਮੁਕਾਮ ਹਾਸਲ ਕਰਨ ਵਾਲੇ ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਦਾ ਇਹ ਜਨਮ ਸ਼ਤਾਬਦੀ ਵਰ੍ਹਾ ਹੈ। ਕਵਿਤਾ, ਅਨੁਵਾਦ, ਆਲੋਚਨਾ ਅਤੇ ਅਧਿਆਪਨ ਦੇ ਖੇਤਰਾਂ ਵਿਚ ਉਨ੍ਹਾਂ ਨਵੀਆਂ ਲੀਹਾਂ ਪਾਈਆਂ। ਉਨ੍ਹਾਂ ਦੀ ਬੌਧਿਕਤਾ ਵਿਚ ਹਰ ਸ਼ਖਸ ਨੂੰ ਕਾਇਲ ਕਰਨ ਦੀ ਸਮਰੱਥਾ ਸੀ। ਪਿਛਲੇ ਅੰਕਾਂ ਵਿਚ ਅਸੀਂ ਪ੍ਰੋ. ਸੁਹਿੰਦਰ ਬੀਰ ਦਾ ਲੰਮਾ ਲੇਖ ਛਾਪਿਆ ਸੀ; ਐਤਕੀਂ ਡਾ. ਗੁਰੂਮੇਲ ਸਿੱਧੂ ਦਾ ਲੇਖ ਪਾਠਕਾਂ ਦੀ ਨਜ਼ਰ ਹੈ। ਇਸ ਲੇਖ ਵਿਚ ਡਾ. ਹਰਿਭਜਨ ਸਿੰਘ ਦੇ ਸਾਹਿਤ ਦੇ ਨਾਲ-ਨਾਲ ਉਨ੍ਹਾਂ ਦੀ ਹਯਾਤੀ ਬਾਰੇ ਭਰਵੀਂ ਚਰਚਾ ਕੀਤੀ ਗਈ ਹੈ। ਇਸ ਚਰਚਾ ਵਿਚੋਂ ਉਨ੍ਹਾਂ ਦੀ ਭਰਪੂਰ ਸ਼ਖਸੀਅਤ ਦੇ ਦਰਸ਼ਨ ਹੁੰਦੇ ਹਨ। -ਸੰਪਾਦਕ***

ਡਾ. ਹਰਿਭਜਨ ਸਿੰਘ ਨੂੰ ਮੈਂ ਪਹਿਲੀ ਵਾਰ ਉਸ ਦੇ 66 ਨਾਈਵਾਲਾ, ਕਰੋਲਬਾਗ, ਦਿੱਲੀ ਵਾਲੇ ਘਰ ਵਿਚ ਮਿਲਿਆ। ਉਸ ਵੇਲੇ ਮੈਂ ਵਿਦਿਆਰਥੀ ਸਾਂ ਅਤੇ ਆਪਣੇ ਖੋਜ-ਪ੍ਰਬੰਧ ਲਈ 'ਪੂਸਾ ਐਗਰੀਕਲਚਰਲ ਇੰਸਟੀਚਿਊਟ' ਦੀ ਲਾਇਬ੍ਰੇਰੀ ਵਿਚੋਂ ਹਵਾਲੇ ਇਕੱਠੇ ਕਰਨ ਗਿਆ ਸੀ। ਉਨ੍ਹਾਂ ਦਿਨਾਂ ਵਿਚ ਮੇਰੀ ਅਤੇ ਹਰਿਭਜਨ ਸਿੰਘ ਦੀ ਇਕ-ਇਕ ਨਜ਼ਮ ਨਾਵਲਕਾਰ ਨਾਨਕ ਸਿੰਘ ਦੇ ਮਾਹਵਾਰੀ ਰਸਾਲੇ 'ਲੋਕ ਸਾਹਿਤ' ਵਿਚ ਆਹਮੋ-ਸਾਹਮਣੇ ਸਫਿਆਂ 'ਤੇ ਛਪੀ ਸੀ। ਇਹ ਸਾਂਝ ਸਾਡੀ ਪਹਿਲੀ ਮਿਲਣੀ ਦਾ ਸਬੱਬ ਬਣੀ।

ਹਰਿਭਜਨ ਸਿੰਘ ਦੀ ਰਿਹਾਇਸ਼ ਦਾ ਪਤਾ ਕਰ ਕੇ ਮੈਂ ਬਿਨਾ ਦੱਸੇ ਉਸ ਦੇ ਘਰ ਪਹੁੰਚ ਗਿਆ। ਉਸ ਨੂੰ ਪਹਿਲੀ ਵਾਰ ਸਾਖਿਆਤ ਰੂਪ ਵਿਚ ਦੇਖ ਕੇ ਮੈਂ ਕਾਫੀ ਅਚੰਭਤ ਹੋਇਆ। ਮਿਲਣ ਤਾਂ ਮੈਂ ਇਹ ਕਿਆਸ ਕਰ ਕੇ ਗਿਆ ਸੀ ਕਿ ਉਹ ਮੇਰਾ ਹਾਣੀ ਪਰਵਾਣੀ ਹੋਵੇਗਾ ਪਰ ਉਹ ਮੇਰੇ ਨਾਲੋਂ ਉਮਰ ਵਿਚ ਕਾਫੀ ਵੱਡਾ ਲੱਗਿਆ। ਦੇਖਦਿਆਂ ਸਾਰ ਉਸ ਪ੍ਰਤੀ ਮੇਰਾ ਵਤੀਰਾ ਸ਼ਰਧਾ ਭਾਵਨਾ ਵਾਲਾ ਹੋ ਗਿਆ। ਉਸ ਦੀ 1956 ਵਿਚ ਛਪੀ

**ਡਾ. ਗੁਰੂਮੇਲ ਸਿੱਧੂ**
gurmel.sidhu@gmail.com

ਪਹਿਲੀ ਕਾਵਿ-ਪੁਸਤਕ 'ਲਾਸਾਂ' ਮੈਂ ਪੜ੍ਹ ਚੁਕਿਆ ਸੀ। ਪੜ੍ਹਨ ਉਪਰੰਤ ਮਹਿਸੂਸ ਹੋਇਆ ਸੀ ਕਿ ਇਸ ਦਾ ਲੇਖਕ ਕੋਈ ਸਿਧਿਆ ਹੋਇਆ ਕਵੀ ਹੋਵੇਗਾ, ਇਹ ਕਿਆਸ ਨਹੀਂ ਸੀ ਕੀਤਾ ਕਿ ਉਮਰ ਵਜੋਂ ਵੀ ਪ੍ਰੌੜ੍ਹ ਅਤੇ ਹੰਢਿਆ ਵਰਤਿਆ ਹੋਵੇਗਾ। ਆਲਮਾਂ ਵਰਗੀ ਦੇਖਣੀ-ਪਾਖਣੀ ਤੋਂ ਯਕੀਨ ਹੋ ਗਿਆ ਕਿ 'ਲਾਸਾਂ' ਵਾਕਈ ਉਸ ਦੀ ਹੀ ਲਿਖਤ ਹੋਵੇਗੀ। ਮਿਲਣ ਸਾਰ ਕਿਹਾ, "ਮੈਂ ਗੁਰਮੇਲ 'ਰਾਹੀ' ਹਾਂ।" ਮੁਸਕੜੀ ਹੱਸਦਾ, ਮਸਤ ਓਲੀਏ ਵਾਂਗ ਹੱਥ ਉਲਾਰ ਕੇ ਬੋਲਿਆ, "ਬਈ ਤੇਰੀ ਕਵਿਤਾ 'ਲੋਕ ਸਾਹਿਤ' ਵਿਚ ਪੜ੍ਹੀ ਸੀ।" ਮੈਂ ਕਿਹਾ, "ਜੀ, ਉਸੇ ਕਵਿਤਾ ਨੇ ਤੁਹਾਨੂੰ ਮਿਲਣ ਦਾ ਸਬੱਬ ਬਣਾਇਆ ਹੈ।"

ਘਰ ਵਿਚ ਬੱਚਿਆਂ ਦੀ ਚਹਿਲ-ਪਹਿਲ ਕਰ ਕੇ ਕੁਝ ਸ਼ੋਰ ਪੈ ਰਿਹਾ ਸੀ। "ਆਓ, ਕਾਫੀ ਹਾਊਸ ਚਲਦੇ ਹਾਂ।" ਹਰਿਭਜਨ ਨੇ ਬੜੀ ਬੇਬਾਕੀ ਨਾਲ ਕਿਹਾ। ਕਾਫੀ ਹਾਊਸ ਉਸ ਦੇ ਘਰ ਦੇ ਲਾਗੇ ਹੀ ਸੀ। ਕਾਫੀ ਮੰਗਵਾਈ ਤੇ ਅਸੀਂ ਗੱਲਾਂ ਵਿਚ ਰੁੱਝ ਗਏ। ਮੈਂ ਉਸ ਦੀ ਪਹਿਲੀ ਪੁਸਤਕ 'ਲਾਸਾਂ' ਦੀ ਸ਼ਲਾਘਾ ਕੀਤੀ। 'ਲਾਸਾਂ' ਵਿਚ ਭਾਵਪੂਰਤ ਪ੍ਰਗੀਤਕ ਨਜ਼ਮਾਂ ਅਤੇ ਸਾਹਿਤਕ ਗੀਤ ਹਨ; ਨਜ਼ਮਾਂ ਨਾਲੋਂ ਗੀਤ ਵਧੇਰੇ ਪ੍ਰਭਾਵਸ਼ਾਲੀ ਹਨ। ਕੁਝ ਗੀਤਾਂ ਦੀਆਂ ਮੁੱਢਲੀਆਂ ਪੰਕਤੀਆਂ ਮੈਨੂੰ ਯਾਦ ਸਨ: 'ਸਿੰਜਿਆ ਨੀ ਸਾਡੀ ਧਰਤੀ ਨੂੰ ਸਿੰਜਿਆ, ਸਰਘੀ ਦੀ ਨਿੰਮ੍ਹੀ ਨਿੰਮ੍ਹੀ ਲੋਅ', 'ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ', 'ਵੇਖੋ ਜੀ ਮੇਰੇ ਕਾਲੇ ਕਾਲੇ ਕੇਸ', 'ਮੈਂ ਕਰ ਕਰ ਜਤਨਾਂ ਹਾਰੀ ਰਾਮਾ ਨਹੀਂ ਮੁਕਦੀ ਫੁਲਕਾਰੀ'। ਉਸ ਨੇ ਗੀਤਾਂ ਦੀ ਪਿੱਠਭੂਮੀ ਬਾਰੇ ਦੱਸਿਆ ਤਾਂ ਉਨ੍ਹਾਂ ਦੀ ਸੁਭਾਵਕਤਾ, ਸੁਬ੍ਹਕਤਾ ਅਤੇ ਸਰਲਤਾ ਦਾ ਅਹਿਸਾਸ ਹੋਇਆ। ਖਾਸ ਕਰ ਕੇ ਗੀਤਾਂ ਦੀ ਪ੍ਰਗੀਤਕ ਸ਼ੈਲੀ ਅਤੇ ਸੁਹਜਮਈ ਸ਼ਬਦ-ਚੋਣ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ।

'ਲਾਸਾਂ' ਦੀ ਕਵਿਤਾ ਦਾ ਪ੍ਰਭਾਵ ਮੇਰੀ ਕਵਿਤਾ 'ਤੇ ਪਿਆ। 1966 ਵਿਚ ਛਪੀ ਮੇਰੀ ਪਹਿਲੀ ਕਾਵਿ-ਪੁਸਤਕ 'ਦੁਬਿਧਾ' ਦੇ ਇਕ-ਦੋ ਗੀਤਾਂ 'ਚੋਂ ਇਹ ਪ੍ਰਭਾਵ ਝਲਕਦਾ ਹੈ। ਉਦਾਹਰਨ ਵਜੋਂ 'ਮੈਂ ਕਰ ਕਰ ਜਤਨਾਂ ਹਾਰੀ, ਰਾਮਾ ਨਹੀਂ ਮੁਕਦੀ ਫੁਲਕਾਰੀ' ਦੀ ਭਾਅ ਮੇਰੇ ਹੇਠਲੇ ਗੀਤ 'ਚੋਂ ਪੈਂਦੀ ਹੈ:

ਅਸੀਂ ਵਣਜ ਕਰੇਂਦੇ ਦਿਲ ਦਾ,
ਨਹੀਂ ਕੋਈ ਵਿਉਪਾਰੀ ਮਿਲਦਾ
ਜਿੰਦ ਹੋਕਾ ਦੇ ਦੇ ਹਾਰੀ,
ਰਾਮਾ ਭੇਜ ਕੋਈ ਵਿਉਪਾਰੀ।

ਕਾਫੀ ਹਾਊਸ ਵਿਚ ਬੈਠਿਆਂ ਉਸ ਨੇ ਅਪਣੀ ਸਿਰਜਣ ਪ੍ਰਕਿਰਿਆ ਬਾਰੇ ਬਹੁਤ ਕੁਝ ਦੱਸਿਆ। ਮੈਨੂੰ ਇਉਂ ਮਹਿਸੂਸ ਹੋਇਆ, ਜਿਵੇਂ ਕੋਈ ਉਸਤਾਦ ਕਵੀ ਕਿਸੇ ਪੁੰਗਰਦੇ ਕਵੀ ਨੂੰ ਕਵਿਤਾ ਲਿਖਣ ਦੀ ਸਿੱਖਿਆ ਦੇ ਰਿਹਾ ਹੋਵੇ। ਉਸ ਦੀ ਗਿਆਨਵਾਨ ਵਾਰਤਾਲਾਪ ਨੂੰ ਧਿਆਨ ਨਾਲ ਸੁਣਦਿਆਂ ਮੈਂ ਹੈਰਾਨ ਹੋ ਰਿਹਾ ਸੀ-ਕੀ ਇਹ ਓਹੋ ਕਵੀ ਹੈ ਜਿਸ ਦੇ ਨਾਲ ਮੇਰੀ ਕਵਿਤਾ ਛਪੀ ਸੀ? ਉਸ ਵੇਲੇ ਤਕ ਹਰਿਭਜਨ ਅਜੇ ਪੰਜਾਬੀ ਦੇ ਰਸਾਲਿਆਂ ਵਿਚ ਬਹੁਤਾ ਨਹੀਂ ਸੀ ਛਪਿਆ। ਇਸ ਲਈ ਮੈਨੂੰ ਉਸ ਦੀ ਕਾਵਿ-ਸਮਰੱਥਾ ਦਾ ਪੂਰਾ ਅੰਦਾਜ਼ਾ ਨਹੀਂ ਸੀ।

ਕਾਫੀ ਹਾਊਸ 'ਚੋਂ ਬਾਹਰ ਨਿਕਲੇ ਤਾਂ ਹਰਿਭਜਨ ਕਵਿਤਾ ਬਾਰੇ ਗੱਲਾਂ ਕਰਦਾ ਹੋਇਆ, ਘਰ ਵਲ ਜਾਣ ਦੀ ਬਜਾਏ, ਮੈਨੂੰ ਛੋਟੇ ਜਿਹੇ ਪਹਾੜੀ ਕਿੱਕਰਾਂ ਦੇ ਜਖੀਰੇ ਵਲ ਲੈ ਗਿਆ। ਸਰਦੀਆਂ ਦੀ ਰੁੱਤ ਸੀ, ਕੋਸੀ ਕੋਸੀ ਧੁੱਪ ਪਿੰਡੇ ਨੂੰ ਨਿੱਘ ਦੇ ਰਹੀ ਸੀ। ਅਸੀਂ ਵੱਡੇ ਸਾਰੇ ਪੱਥਰ 'ਤੇ ਬਹਿ ਗਏ। ਉਸ ਨੇ ਪੱਗ ਉਤਾਰ ਕੇ ਲਾਗੇ ਰੱਖ ਲਈ ਅਤੇ ਲਟਬੌਰਾ ਜਿਹਾ ਹੋ ਕੇ ਕਵਿਤਾ ਦੀਆਂ ਪੰਗਤੀਆਂ ਉਚਾਰਨ ਲੱਗ ਪਿਆ। ਮੈਂ ਸੋਚਾਂ, ਇਹ ਬੰਦਾ ਕਿੰਨਾ ਮਸਤ ਮੌਲਾ ਹੈ, ਝਰਨੇ ਵਾਂਗ ਆਪਣੀ ਹੀ ਰੌਂਅ ਵਿਚ ਵਹੀ ਜਾਂਦਾ ਹੈ। ਵਿਚੋਂ ਟੋਕ ਕੇ ਮੈਂ ਪੁੱਛਿਆ, "ਪੰਜਾਬੀ ਵਿਚ ਤੁਸੀਂ ਹੋਰ ਕੀ ਕੁਝ ਲਿਖਿਆ ਹੈ?" ਉਸ ਨੇ ਦੱਸਿਆ ਕਿ ਪਿੱਛੇ ਜਿਹੇ ਇਕ ਕਾਵਿ-ਨਾਟਕ 'ਤਾਰ ਤੁਪਕਾ' (1957) ਛਪਿਆ ਹੈ। ਮੈਂ ਕਿਹਾ, "ਉਸ ਵਿਚੋਂ ਕੁਝ ਸੁਣਾਉ ਤਾਂ ਹਰਿਭਜਨ ਫਿਰ ਉਸੇ ਰੌਂਅ ਵਿਚ ਸ਼ੁਰੂ ਹੋ ਗਿਆ। ਉਸ ਦੇ ਮੂੰਹੋਂ ਸ਼ਬਦ ਇਉਂ ਕਿਰ ਰਹੇ ਸਨ, ਜਿਵੇਂ ਕੋਈ ਮੱਕੀ ਦੀ ਛੱਲੀ ਅਘੇਰ ਰਿਹਾ ਹੋਵੇ। ਮਸਤੀ ਵਿਚ ਉਹ ਕਾਵਿ-ਨਾਟ ਦਾ ਕਾਫੀ ਹਿੱਸਾ ਸੁਣਾ ਗਿਆ। ਖੁੱਲ੍ਹੀ ਕਵਿਤਾ ਵਿਚ ਲਿਖੇ ਕਾਵਿ-ਨਾਟਕ ਨੂੰ ਮੂੰਹ ਜ਼ੁਬਾਨੀ ਸੁਣਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਮੈਂ ਉਸ ਦੀ ਯਾਦਦਾਸ਼ਤ 'ਤੇ ਹੈਰਾਨ ਰਹਿ ਗਿਆ। ਨਾਟਕ ਦੇ ਵਿਸ਼ੇ ਦੀ ਉਸਾਰੀ ਵਿਚ ਪਾਤਰਾਂ ਦੀ ਵਾਰਤਾਲਾਪ ਮੰਜੇ ਦੀ ਦੌਣ ਵਾਂਗ ਕੱਸੀ ਹੋਈ ਸੀ ਅਤੇ ਸ਼ਬਦ ਮਾਲਾ ਦੇ ਮਣਕਿਆਂ ਨਿਆਈਂ ਪਰੋਏ ਹੋਏ ਸਨ। ਨਾਟਕ ਦੀ ਸ਼ਬਦਾਵਲੀ 'ਚੋਂ ਗੁਰਬਾਣੀ ਅਤੇ ਲੋਕ ਸਾਹਿਤ ਵਰਗੀ ਭਾਸ਼ਾ ਦੀ ਝਲਕ ਪੈਂਦੀ ਸੀ। ਥਾਂ-ਪੁਰ-ਥਾਂ ਸਮਾਸੀ ਸ਼ਬਦਾਂ, ਮੁਹਾਵਰਿਆਂ ਅਤੇ ਵਾਕੰਸ਼ਾਂ ਦੀ ਵਰਤੋਂ ਦੁਆਰਾ ਅਰਥਾਂ ਦੇ ਸੁਹਜਮਈ ਪੱਖ ਨੂੰ ਬੜੀ ਸ਼ਿੱਦਤ ਨਾਲ ਪ੍ਰਚੰਡ ਕੀਤਾ ਹੋਇਆ ਸੀ। ਕੁਝ ਉਦਾਹਰਨਾਂ ਹਾਜ਼ਰ ਹਨ:

ਚਿੱਕੜ-ਤੋਰ ਸਮਾਂ, ਹਉਕੇ-ਰੰਗਾ ਚਾਨਣ, ਬਹਿਆ ਤਜਰਬਾ, ਪੁਸ਼ਤਾਂ ਦੇ ਜਗਰਾਤੇ, ਅਣਭੰਨੀ ਆਕੜ, ਤਲਖੀ ਖੰਘਿਆਰਣਾ, ਦੁਖਦੇ ਹੱਡਾਂ ਨੂੰ ਮਿਹਣਾ, ਮਸਾਣ-ਪਤੀ, ਲਹੂ-ਜਿਹਾ ਥੁੱਕਣ, ਤੇਜ਼ਾਬੀ ਵਰਖਾ, ਮਾਨੁਖ-ਸਪ-ਹਤਿਆਰੇ, ਘੁੱਟ ਤੇਹ ਦਾ, ਕੌੜੀ-ਕਾਲਖ, ਸੂਹਾ ਚੁੰਬਨ, ਭੁਰ ਭੁਰ ਟੁੱਟਣ ਤਾਰੇ, ਉਡੀਕਾਂ-ਰੱਜੇ ਨੈਣ, ਚੀਕ-ਚਿਹਾੜਾ, ਕਾਤਰ-ਚੱਬ ਕੇ, ਨਿੰਦਿਆ ਦਾ ਸ਼ੌਕ, ਸਾਗਰ ਸਾਡੀ ਲਾਂਘ, ਦੁੱਧ-ਸੱਧਰ, ਆਦਮ ਬੋ ਦੀ ਦੁਰਗੰਧ, ਵਾਅਦੇ ਦੀ ਖੁਸ਼ਬੋ, ਆਦਿ।


'ਤਾਰ-ਤੁਪਕਾ' ਦੀ ਸ਼ਬਦਾਬਲੀ ਮੇਰੇ ਕੰਨਾਂ ਵਿਚ ਮਿਸ਼ਰੀ ਘੋਲ ਰਹੀ ਸੀ ਤਾਂ ਹਰਿਭਜਨ ਨੇ ਅਚਾਨਕ ਮੇਰੇ ਮੋਢੇ 'ਤੇ ਹੱਥ ਧਰਦਿਆਂ ਕਿਹਾ, "ਇਸ ਕਾਵਿ-ਨਾਟ ਦਾ ਅਖੰਡ ਪਾਠ ਮੈਂ ਯਾਰਾਂ ਦੋਸਤਾਂ ਨਾਲ ਕਈ ਵਾਰ ਕਰ ਚੁਕਿਆ ਹਾਂ। ਇਸ ਦਾ ਉਨ੍ਹਾਂ ਨੂੰ ਕੰਨ-ਰਸ ਪੈ ਚੁਕਿਆ ਹੈ।" ਇਹ ਨਾਟਕ ਵਾਕਈ ਉਸ ਦੇ ਦਿਲ ਦੇ ਬਹੁਤ ਕਰੀਬ ਸੀ। ਆਪਣੀ ਸਵੈ ਜੀਵਨੀ 'ਚੋਲਾ ਟਾਕੀਆਂ ਵਾਲਾ' ਵਿਚ ਉਹ ਲਿਖਦਾ ਹੈ, "ਆਪਣੀਆਂ ਹੋਰ ਵੀ ਨਜ਼ਮਾਂ 'ਤੇ ਬਹੁਤ ਪਿਆਰ ਆਉਂਦਾ ਹੈ ਪਰ 'ਤਾਰ ਤੁਪਕੇ' ਨੇ ਤਾਂ ਮੈਨੂੰ ਝੱਲਾ ਕੀਤਾ ਹੋਇਆ ਸੀ।"

ਹਨ੍ਹੇਰਾ ਹੋ ਰਿਹਾ ਸੀ, ਅਸੀਂ ਘਰ ਵਲ ਮੋੜੇ ਪਾਏ। ਮੈਂ ਆਪਣੇ ਹੋਸਟਲ ਮੁੜਨ ਲਈ ਵਿਦਾ ਮੰਗੀ ਤਾਂ ਹਰਿਭਜਨ ਨੇ ਕਿਹਾ, ਘਰ ਵਿਚ ਜੋ ਰੁੱਖੀ-ਸੁੱਕੀ ਹੈ, ਖਾ ਕੇ ਜਾਵੀਂ। ਰੋਟੀ ਖਾ ਕੇ ਰਿਕਸ਼ਾ ਫੜਿਆ ਅਤੇ ਅਲਵਿਦਾ ਕਹਿੰਦਿਆਂ ਵਿਦਾ ਲਈ। ਰਾਹ ਵਿਚ ਸੋਚਦਾ ਆਇਆ, ਹਰਿਭਜਨ ਸਿੰਘ ਵੱਡੀ ਸੰਭਾਵਨਾ ਵਾਲਾ ਕਵੀ ਹੈ। ਹੁਣ ਮੈਂ ਜਦ ਉਸ ਦੀ ਸਮੁੱਚੀ ਸਾਹਿਤਕ ਕਮਾਈ ਵਲ ਨਜ਼ਰ ਮਾਰਦਾ ਹਾਂ ਤਾਂ ਮਾਣ ਨਾਲ ਕਹਿ ਸਕਦਾ ਹਾਂ ਕਿ ਮੇਰੀ ਭਵਿਖਬਾਣੀ ਗਲਤ ਨਹੀਂ ਸੀ। ਹਰਿਭਜਨ ਬਿਨਾ ਸ਼ੱਕ, ਪੰਜਾਬੀ ਸਾਹਿਤ ਦਾ ਵਿਸ਼ੇਸ਼ ਅਤੇ ਵਸ਼ਿਸ਼ਟ ਹਸਤਾਖਰ ਹੈ; ਪੰਜਾਬੀ ਕਵਿਤਾ ਦੇ 'ਮੱਥੇ ਦਾ ਦੀਵਾ' ਹੈ।

---

ਹਰਿਭਜਨ ਦੀ ਕਵਿਤਾ ਅਤੇ ਵਾਰਤਕ ਦੋਵੇਂ ਅਲੱਗ, ਰੌਚਕ ਅਤੇ ਰਸਕ ਹਨ। ਇਨ੍ਹਾਂ ਵਿਚ ਖਾਸ ਕਿਸਮ ਦਾ ਸੁਹਜ ਅਤੇ ਸੁਆਦ ਹੈ। ਉਸ ਦੇ ਸ਼ਬਦ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਖਿਲਰੀ ਹੋਈ ਮੋਤੀਆਂ ਦੀ ਚੋਗੇ ਨਿਆਈਂ ਹਨ ਜਿਸ ਨੂੰ ਚੁਗਣ ਲਈ ਹਰ ਪ੍ਰਕਾਰ ਦੇ ਲੇਖਕ ਤੇ ਪਾਠਕ ਆਉਂਦੇ-ਜਾਂਦੇ ਰਹਿੰਦੇ ਹਨ। ਇਹ ਹਰਿਭਜਨ ਦੀ ਸੁਹਜਵਾਦੀ ਸ਼ਬਦਾਬਲੀ ਦਾ ਕ੍ਰਿਸ਼ਮਾ ਹੈ ਜਿਸ ਦੀ ਵਿਲੱਖਣਤਾ ਨੇ ਉਸ 'ਤੇ 'ਸੁਹਜਵਾਦੀ ਕਵੀ' ਦਾ ਲੇਬਲ ਲਾ ਦਿੱਤਾ। ਖੇਦ ਵਾਲੀ ਗੱਲ ਇਹ ਹੈ ਕਿ ਸਮਕਾਲੀ ਸਾਹਿਤਕਾਰਾਂ ਨੇ ਇਸ ਯੋਗਤਾ ਨੂੰ, ਬਕੌਲ ਹਰਿਭਜਨ, 'ਮਿਹਣੇ' ਵਜੋਂ ਵਰਤਿਆ। ਸਵਾਲ ਪੈਦਾ ਹੁੰਦਾ ਹੈ: ਕੀ ਸੁਹਜਵਾਦ ਸਾਹਿਤ ਦਾ ਵਾਕਈ ਨਿਗੂਣਾ ਗੁਣ ਹੈ? ਉਲਾਰਵਾਦੀ ਆਲੋਚਨਾ ਨੂੰ ਸਵੀਕਾਰ ਕਰਿਦਆਂ ਹਰਿਭਜਨ ਨੇ ਸੁਹਜਵਾਦ ਬਾਰੇ ਆਪਣਾ ਪੱਖ 'ਮੇਰੀ ਕਾਵਿ-ਯਾਤਰਾ' ਦੀ ਭੂਮਿਕਾ ਵਿਚ ਪੂਰਿਆ:

"ਮੇਰੇ ਕਾਵਿ ਪ੍ਰਕਾਸ਼ਨ ਦੇ ਪਹਿਲੇ ਪੜਾਅ ਉਪਰ ਹੀ ਮੈਨੂੰ ਸੁਹਜਵਾਦੀ ਕਿਹਾ ਜਾਣ ਲੱਗਾ। ਮੇਰੇ ਲਈ ਇਹ ਵਿਸ਼ੇਸ਼ਣ ਵੀ ਮਿਹਣੇ ਵਾਂਗ ਤਜਵੀਜ਼ ਹੋਇਆ, ਪਰ ਸੀ ਇਹ ਦਰੁਸਤ। ਵਾਸਤਵਿਕ-ਉਪਯੋਗਤਾ ਦੇ ਚਾਹਵਾਨ ਸਿਰਜਕ-ਵਿਚਾਰਕਾਂ ਨੂੰ ਸੁਹਜ ਆਪਣੇ ਵਿਰੁਧ ਬੇਪ੍ਰਤੀਤੀ ਦਾ ਮਤਾ ਜਾਪਦਾ ਹੈ। ਇਉਂ ਜਾਪਦਾ ਹੈ, ਜਿਵੇਂ ਕੋਈ ਕਿਸੇ ਦੇ ਪੈਰਾਂ ਹੇਠੋਂ ਠੋਸ ਧਰਤੀ ਖਿਚ ਰਿਹਾ ਹੋਵੇ ਤੇ ਉਹਨੂੰ ਨਿਰੋਲ ਹਵਾ ਵਿਚ ਲਟਕਣ ਤੇ ਮਜਬੂਰ ਕਰ ਰਿਹਾ ਹੋਵੇ। ਮੈਂ ਸੁਹਜਵਾਦੀ ਵਿਸ਼ੇਸ਼ਣ ਨੂੰ ਖੁਸ਼ੀ ਖੁਸ਼ੀ ਸਵੀਕਾਰ ਕੀਤਾ। ਮੈਂ ਸਗੋਂ ਸੁਹਜ ਦੇ ਵਿਸ਼ੇਸ਼ ਅਧਿਐਨ ਵਲ ਰੁਚਿਤ ਹੋਇਆ। ਪਹਿਲਾਂ ਇਹ ਮੇਰਾ ਅਚੇਤ ਅਨੁਭਵ ਸੀ, ਫਿਰ ਇਹ ਮੇਰਾ ਸੁਚੇਤ ਅਧਿਐਨ ਦੀ ਵਸਤ ਬਣ ਗਿਆ। ਕਾਵਿ-ਰਚਨਾ ਉਪਯੋਗਤਾ-ਸੁਹਜ ਦੀ ਪਹਿਲ ਦੂਜ ਨੂੰ ਬਦਲਣ ਦਾ ਉਦਮ ਹੈ। ਰਚਨਾ ਦੇ ਨਾਲੋ-ਨਾਲ ਵਾਪਰਦਾ ਵਿਰਚਨਾ ਦਾ ਕਾਰਜ। ਤਿਆਗਿਆ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਜਾਂਦਾ। ਉਪਯੋਗੀ ਵਾਸਤਵਿਕਤਾ ਆਪਣੀ ਥਾਵੇਂ ਟਿਕੀ ਰਹਿੰਦੀ ਹੈ। ਸਿਰਫ ਕਵੀ ਸੁਹਜ ਨੂੰ ਵਾਸਤਵਿਕਤਾ ਤੋਂ ਪਹਿਲਾਂ ਥਾਂ ਦੇ ਦਿੰਦਾ ਹੈ। ਕਵਿਤਾ ਉਸ ਕੋਝ ਦੇ ਵਿਰੁਧ ਬੇਪ੍ਰਤੀਤੀ ਦਾ ਮਤਾ ਹੈ ਜੋ ਵਾਸਤਵਿਕਤਾ ਦਾ ਲਾਜ਼ਮੀ ਅੰਗ ਹੈ। ਸਦਾਚਾਰ, ਪ੍ਰਗਤੀ, ਕ੍ਰਾਂਤੀ, ਇਹ ਸਭ ਆਪੋ-ਆਪਣੇ ਥਾਂ ਸੁਹਜ ਦੇ ਹੀ ਵਖੋ-ਵੱਖ ਮੁਹਾਂਦਰੇ ਹਨ। ਜੋ ਆਦਮੀ ਵਾਸਤਵਿਕਤਾ ਤੋਂ ਵਾਫਰ ਸੁਪਨੇ ਸਾਜਣਾ ਨਹੀਂ ਲੋਚਦਾ, ਉਸ ਨੂੰ ਸੁਹਜ ਦੀ ਕੋਈ ਸਾਰ ਨਹੀਂ। ਵਾਸਤਵਿਕਤਾ ਅਤੇ ਸੁਹਜ ਵਰਗਾ ਰਿਸ਼ਤਾ ਹੀ ਮੈਂ ਕਵਿਤਾ ਅਤੇ ਕਾਵਿ ਵਿਚ ਮਿਥਿਆ ਹੋਇਆ ਹੈ। ਨਿਰੋਲ ਕਵਿਤਾਵਾਂ ਜੋੜਦੇ ਰਹਿਣ ਵਿਚ ਮੈਨੂੰ ਦਿਲਚਸਪੀ ਨਹੀਂ, ਮੇਰਾ ਸ਼ੌਕ ਤਾਂ ਕਾਵਿ-ਸਿਰਜਣਾ ਹੈ। ਮੇਰੇ ਅੰਗ-ਸੰਗ ਵਸਦਾ ਮੇਰਾ ਆਪਣਾ ਬੇਲਿਹਾਜ਼ ਪਾਰਖੂ ਹੀ ਮੈਨੂੰ ਦਸਦਾ ਰਹਿੰਦਾ ਹੈ ਕਿ ਮੇਰੀ ਕਵਿਤਾ ਨੂੰ ਕਾਵਿ ਦੀ ਛੋਹ ਪ੍ਰਾਪਤ ਹੋਈ ਹੈ ਜਾਂ ਨਹੀਂ। ਮੇਰੀ ਪਹਿਲ ਕਾਵਿ ਲਈ ਹੈ। ਜੋ ਕੁਝ ਕਾਵਿ ਤੋਂ ਉਰ੍ਹਾਂ ਉਰ੍ਹਾਂ ਹੈ, ਉਸ ਨੂੰ ਤਿਆਗਦਿਆਂ ਮੈਨੂੰ ਸੰਕੋਚ ਨਹੀਂ ਹੁੰਦਾ। ਮੇਰੀ ਤਿਆਗੀ ਹੋਈ ਹੋਂਦ ਦੇ ਟੁਕੜੇ ਮੇਰੀ ਸਵੀਕਾਰੀ ਹੋਈ ਹੋਂਦ ਦੇ ਮੁਕਾਬਲੇ ਬਹੁਤ ਜ਼ਿਆਦਾ ਹਨ। ਮੇਰੀ ਕਾਵਿ-ਸਿਰਜਣਾ ਨਿਰੰਤਰ ਉਦਮ ਹੈ, ਆਪਣੇ ਵਿਚੋਂ ਬਹੁਤ ਕੁਝ ਨੂੰ ਤਿਆਗ ਕੇ ਆਪਣੀ ਨਜ਼ਰ ਵਿਚ ਆਪ ਸਵੀਕਾਰਨ ਜੋਗ ਬਣਨ ਦਾ। ਇਹੋ ਜਿਹਾ ਨਿਖੇੜਾ ਹੀ ਮੈਨੂੰ ਲੇਖਕ ਅਤੇ ਕਰਤੇ ਵਿਚਕਾਰ ਜਾਪਦਾ ਹੈ। ਲੇਖਕ ਨੂੰ ਉਲੰਘ ਕੇ ਕਰਤੇ ਤਕ ਪਹੁੰਚਣਾ, ਬਸ ਇਹੋ ਮੇਰੀ ਕਾਵਿ-ਯਾਤਰਾ ਦੀ ਦਿਸ਼ਾ ਅਤੇ ਲਕਸ਼ ਹੈ।"



*ਡਾ. ਗੁਰੂਮੇਲ ਸਿੱਧੂ ਅਤੇ ਡਾ. ਹਰਿਭਜਨ ਸਿੰਘ (ਇਹ ਤਸਵੀਰ ਵੈਨਕੂਵਰ, ਕੈਨੇਡਾ ਵਿਚ ਸੰਨ 1976 'ਚ ਖਿੱਚੀ ਗਈ ਸੀ)*

**ਹਰਿਭਜਨ ਦੀ ਕਵਿਤਾ ਅਤੇ ਵਾਰਤਕ ਦੋਵੇਂ ਅਲੱਗ, ਰੌਚਕ ਅਤੇ ਰਸਕ ਹਨ। ਇਨ੍ਹਾਂ ਵਿਚ ਖਾਸ ਕਿਸਮ ਦਾ ਸੁਹਜ ਅਤੇ ਸੁਆਦ ਹੈ। ਉਸ ਦੇ ਸ਼ਬਦ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਖਿਲਰੀ ਹੋਈ ਮੋਤੀਆਂ ਦੀ ਚੋਗੇ ਨਿਆਈਂ ਹਨ ਜਿਸ ਨੂੰ ਚੁਗਣ ਲਈ ਹਰ ਪ੍ਰਕਾਰ ਦੇ ਲੇਖਕ ਤੇ ਪਾਠਕ ਆਉਂਦੇ-ਜਾਂਦੇ ਰਹਿੰਦੇ ਹਨ। ਇਹ ਹਰਿਭਜਨ ਦੀ ਸੁਹਜਵਾਦੀ ਸ਼ਬਦਾਬਲੀ ਦਾ ਕ੍ਰਿਸ਼ਮਾ ਹੈ ਜਿਸ ਦੀ ਵਿਲੱਖਣਤਾ ਨੇ ਉਸ 'ਤੇ 'ਸੁਹਜਵਾਦੀ ਕਵੀ' ਦਾ ਲੇਬਲ ਲਾ ਦਿੱਤਾ। ਖੇਦ ਵਾਲੀ ਗੱਲ ਇਹ ਹੈ ਕਿ ਸਮਕਾਲੀ ਸਾਹਿਤਕਾਰਾਂ ਨੇ ਇਸ ਯੋਗਤਾ ਨੂੰ, ਬਕੌਲ ਹਰਿਭਜਨ, 'ਮਿਹਣੇ' ਵਜੋਂ ਵਰਤਿਆ।**

ਹਰਿਭਜਨ ਨੂੰ ਸੁਹਜਵਾਦ ਦੀ ਦੀਖਸ਼ਾ ਆਲੋਚਕ ਰਾਮਚੰਦਰ ਸ਼ੁਕਲਾ ਦੀ ਕਿਰਤ 'ਚਿੰਤਾਮਣੀ' ਦਾ ਅਧਿਐਨ ਕਰਨ ਉਪਰੰਤ ਮਿਲੀ। ਅਚਾਰੀਆ ਸ਼ੁਕਲਾ ਹਿੰਦੀ ਕਵਿਤਾ ਦੇ ਮੰਨੇ-ਪ੍ਰਮੰਨੇ ਆਲੋਚਕ ਸਨ। ਕਵਿਤਾ ਦੇ ਗੰਭੀਰ ਵਿਸ਼ਿਆਂ ਦਾ ਮੁਲੰਕਣ ਕਰਨ ਸਮੇਂ, ਉਹ ਕਵਿਤਾ ਦੇ ਰਸਕ ਪੱਖ ਨੂੰ ਅੱਖੋਂ-ਪਰੋਖੇ ਨਹੀਂ ਹੋਣ ਦਿੰਦੇ ਸਨ। ਹਰਿਭਜਨ ਦੇ ਸ਼ਬਦਾਂ ਵਿਚ, "ਅਚਾਰੀਆ ਸ਼ੁਕਲਾ ਤੋਂ ਮੈਂ ਕਾਵਿ-ਰਚਨਾ ਸੰਬੰਧੀ ਦੋ ਅੰਤਰਦ੍ਰਿਸ਼ਟੀਆਂ ਪ੍ਰਾਪਤ ਕੀਤੀਆਂ। ਇਕ, ਕਵਿਤਾ ਰਸਾਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਰਚਨਾ ਹੈ; ਦੂਜੇ, ਉਹ ਆਪਣੀ ਗੱਲ ਬਿੰਬਾਂ ਰਾਹੀਂ ਪ੍ਰਸਾਰਦੀ ਹੈ। ਇਹ ਅੰਤਰਦ੍ਰਿਸ਼ਟੀਆਂ ਮੈਨੂੰ ਬਹੁਤ ਵੇਲੇ ਸਿਰ ਪ੍ਰਾਪਤ ਹੋ ਗਈਆਂ। ਰਬ ਤਵੱਕਲ ਕਵਿਤਾ ਰਚਣ ਦੇ ਖੇਤਰ ਵਿਚੋਂ ਨਿਕਲ ਕੇ ਮੈਂ ਰਚਨਾਕਾਰੀ ਦੇ ਐਸੇ ਪੜਾਉ ਉਪਰ ਪਹੁੰਚਾ ਸਾਂ ਜਿੱਥੋਂ ਅਗਾਂਹ ਮੈਨੂੰ ਕਵਿਤਾ ਦੇ ਸੁਭਾਅ ਅਤੇ ਬਣਤਰ ਸੰਬੰਧੀ ਸੁਚੇਤ ਹੋਣ ਦੀ ਲੋੜ ਸੀ। ਮੈਨੂੰ ਪੈਰੋ-ਪੈਰ ਚਾਨਣ ਹੋ ਰਿਹਾ ਸੀ ਕਿ ਕਾਵਿ-ਰਚਨਾ ਕਾਫੀ ਸੂਖਮ ਕਲਾ ਹੈ ਤੇ ਇਸ ਵਾਸਤੇ ਮੈਨੂੰ ਭਰੋਸੇਯੋਗ ਦੀਖਿਆ ਦੀ ਲੋੜ ਹੈ। ਇਹ ਦੀਖਿਆ ਮੈਨੂੰ 'ਚਿੰਤਾਮਣੀ' ਨੇ ਦਿੱਤੀ।"

---

ਮੈਂ ਮੁੱਢ ਤੋਂ ਹੀ ਹਰਿਭਜਨ ਦੇ ਸੁਹਜਵਾਦ ਦਾ ਪ੍ਰਸੰਸਕ ਰਿਹਾ ਹਾਂ। ਅਚੇਤ ਜਾਂ ਸੁਚੇਤ ਤੌਰ 'ਤੇ ਉਸ ਦਾ ਪ੍ਰਭਾਵ ਵੀ ਕਬੂਲਿਆ ਹੈ। ਮੇਰੇ ਅੰਦਰ ਸੰਗੀਤ ਕੁਦਰਤਨ ਵਸਿਆ ਹੋਇਆ ਹੈ, ਇਸ ਲਈ ਸ਼ਬਦਾਂ ਦੀ ਧੁਨੀ ਦੇ ਸਰੋਦੀ ਪੱਖ ਨਾਲ ਮੈਨੂੰ ਬਹੁਤ ਲਗਾਓ ਹੈ। ਪਾਠਕ ਨੂੰ ਸਭ ਤੋਂ ਪਹਿਲਾਂ ਸ਼ਬਦਾਂ ਦੀ ਧੁਨੀ ਦਾ ਸਰੋਦੀ ਪੱਖ ਪੋਂਹਦਾ ਹੈ। ਧਿਆਨ ਖਿੱਚਣ ਲਈ ਇਹ ਪੱਖ ਠੁੰਮ੍ਹਣੇ (Catalyst) ਦਾ ਕਰਤਵ ਨਿਭਾਉਂਦਾ ਹੈ। ਇਸ ਦਾ ਲਾਭ ਵੀ ਤੇ ਹਾਨ ਵੀ ਹੈ; ਲਾਭ ਇਹ ਹੈ ਕਿ ਪਾਠਕ ਦੀ ਸਿਮ੍ਰਤੀ ਵਿਚ ਸਹਿਵਨ ਹੀ ਬੈਠ ਜਾਂਦਾ ਹੈ ਅਤੇ ਹਾਨ ਇਹ ਕਿ ਅਰਥਾਂ 'ਤੇ ਪਰਦਾ ਪਾ ਦਿੰਦਾ ਹੈ। ਫਲਸਰੂਪ, 'ਕਲਾ ਮਹਿਜ਼ ਕਲਾ ਲਈ' ਦਾ ਉਲ੍ਹਾਮਾ ਸਹੇੜਦੀ ਹੈ। ਇਹ ਪ੍ਰਵਿਰਤੀ ਸਾਹਿਤ ਦੇ ਸਮਾਜਿਕ ਪੱਖ ਤੋਂ ਅਣਭਿੱਜ ਰਹਿਣ ਦਾ ਕਾਰਨ ਬਣ ਜਾਂਦੀ ਹੈ। ਅਜਿਹੀ ਕਲਾ ਭਲੇ ਹੀ ਇੰਦਿਰਆਵੀ ਝਲਕਾਰਿਆਂ ਦਾ ਦਰਸ਼ਨ ਕਰਾਵੇ ਪਰ ਇਸ ਦੀ ਹੋਂਦ ਜੀਵਨ ਦੀ ਚਿਤਰਕਾਰੀ ਕਰ ਕੇ ਹੀ ਕੋਈ ਸਾਰਥਕ ਬਿੰਬ ਸਿਰਜਦੀ ਹੈ। ਵਾਸਤਵਿਕਤਾ ਜੀਵਨ ਦੀ ਉਪਯੋਗਤਾ ਨਾਲ ਬੱਝੀ ਹੋਈ ਹੈ। ਸੁਹਜਵਾਦ ਦਾ ਪੱਖ ਪੂਰਦਾ ਹੋਇਆ ਹਰਿਭਜਨ ਵਾਸਤਵਿਕ-ਉਪਯੋਗਤਾ ਦੇ ਧਾਰਨੀਆਂ ਨੂੰ ਸੁਹਜ ਦੇ ਵਿਰੁਧ ਬੇਪ੍ਰਤੀਤੀ ਦਾ ਮਤਾ ਦਸਦਾ ਹੈ। ਉਪਯੋਗਤਾ ਦੇ ਮੱਤ ਅਨੁਸਾਰ ਜੀਵਨ ਵਿਚ ਲਾਭਦਾਇਕ ਕਰਮ ਉਹ ਹੈ ਜੋ ਖੁਸ਼ੀ ਵਿਚ ਇਜ਼ਾਫਾ ਕਰੇ ਅਤੇ ਗਮੀ ਨੂੰ ਘਟਾਵੇ। ਇਸ ਕਰਮ ਦੇ ਸੁਹਜਵਾਦੀ ਪੱਖ ਨੂੰ ਜੀਵਨ ਦੇ ਪ੍ਰਤੀਕਰਮ ਤੋਂ ਪਛਾਣਿਆ ਜਾ ਸਕਦਾ ਹੈ। ਕਵਿਤਾ ਮਹਿਜ਼ ਉਪਯੋਗਤਾ-ਸੁਹਜ ਦੀ ਪਹਿਲ ਦੂਜ ਨੂੰ ਬਦਲਣ ਦਾ ਉਦਮ ਹੈ। ਉਪਯੋਗੀ ਪੱਖ ਦੀ ਅਸਲੀਅਤ ਨੂੰ ਸੁਹਜਵਾਦੀ ਪੁੱਠ ਚਾੜ੍ਹ ਕੇ ਪੇਸ਼ ਕਰਨਾ ਕਵੀ ਦਾ ਵਿਆਪਕ ਕਰਤਵ ਹੈ। ਜੀਵਨ ਦੇ ਕੁਹਜ ਨੂੰ ਸੁਹਜ ਵਿਚ ਰੰਗ ਕੇ ਪਾਠਕ ਦੇ ਧਿਆਨ ਗੋਚਰੇ ਲਿਆਉਣ ਦਾ ਕਰਤਵ ਵੀ ਕਵੀ ਨਿਭਾਉਂਦਾ ਹੈ। ਸਿੱਧੇ ਜਾਂ ਅਸਿੱਧੇ ਤੌਰ 'ਤੇ ਕੁਹਜ ਵਿਚ ਜੀਵਨ ਦੇ ਉਹ ਸਾਰੇ ਪੱਖ ਆ ਜਾਂਦੇ ਹਨ ਜਿਨ੍ਹਾਂ ਕਰ ਕੇ ਪ੍ਰਗਤੀ, ਕ੍ਰਾਂਤੀ ਜਾਂ ਭ੍ਰਾਂਤੀ ਦਾ ਜਨਮ ਹੁੰਦਾ ਹੈ। ਇਹ ਪੱਖ ਕੁਹਜ ਤੇ ਪ੍ਰਤੀਕਰਮ ਵਿਚੋਂ ਪੈਦਾ ਹੁੰਦੇ ਹਨ। ਇਸ ਲਈ ਹਰਿਭਜਨ ਸੁਹਜਵਾਦ ਨੂੰ ਨਿੰਦਣ ਯੋਗ ਨਹੀਂ ਸਗੋਂ ਸਲਾਹੁਣ ਯੋਗ ਬਣਾ ਕੇ ਪੇਸ਼ ਕਰਦਾ ਹੈ। ਉਸ ਦੀ ਇਸ ਦਲੀਲ ਨਾਲ ਮੇਰੀ ਸਹਿਮਤੀ ਹੈ। ਖਾਸ ਕਰ ਕੇ ਸਮਾਜ ਦੀ ਅਜੋਕੀ ਹਾਲਤ ਨੂੰ, ਜੋ ਮਾਨਸਿਕ ਤੌਰ ਤੇ ਰੁੱਖੀ, ਓਪਰੀ 'ਤੇ ਅਕਾਊ ਹੋ ਚੁਕੀ ਹੈ, ਸੁਹਜਵਾਦੀ ਸਾਹਿਤ ਦੀ ਵਧੇਰੇ ਲੋੜ ਹੈ। ਪ੍ਰਕਿਰਤੀ ਵੀ ਸੁਹਜ ਦਾ ਹੀ ਪ੍ਰਕਾਸ਼ ਹੈ। ਜੇ ਪ੍ਰਕਿਰਤੀ ਸੁਹਜ ਦਾ ਪ੍ਰਕਾਸ਼ ਹੈ ਅਤੇ ਕਵਿਤਾ, ਬਕੌਲ ਅਰਸਤੂ, ਇਸ ਦੀ ਨਕਲ ਹੈ ਤਾਂ ਕਵਿਤਾ ਦਾ ਸੁਹਜਵਾਦੀ ਹੋਣਾ ਬੜਾ ਸੁਭਾਵਕ ਹੈ। ਕੁਦਰਤ ਦੀ ਸੁਹੱਪਣ ਪ੍ਰਤੀ ਸਾਡਾ ਪ੍ਰਤੀਕਰਮ ਕਾਲਪਨਿਕ ਹੋਣ ਦੇ ਨਾਤੇ ਆਨੰਦਮਈ ਵੀ ਹੈ। ਇਸ ਲਈ ਕਵਿਤਾ, ਕਲਪਨਾ ਦੀ ਆਨੰਦਮਈ ਕਲਾ ਹੈ ਜੋ ਜੀਵਨ ਵਿਚ ਸੁਹਜ ਪੈਦਾ ਕਰਦੀ ਹੈ। ਇਤਿਹਾਸਕ ਤੌਰ 'ਤੇ ਹਰਿਭਜਨ ਦਾ ਸੁਹਜਵਾਦ ਬਹੁਤਾ ਵੱਖਰਾ ਨਹੀਂ, ਫਰਕ ਇਹ ਹੈ ਕਿ ਸੁਹਜਵਾਦ ਦੀ ਪ੍ਰੰਪਰਾਗਤ ਪਰਿਭਾਸ਼ਾ, ਸ਼ਬਦਾਂ ਦੇ ਸਰੋਦੀ ਪੱਖ 'ਤੇ ਹੀ ਕੇਂਦਰਤ ਨਹੀਂ, ਇਸ ਵਿਚ ਜੀਵਨ ਨੂੰ ਸੁਖਾਵਾਂ ਬਣਾਉਣ ਦੀ ਪ੍ਰਵਿਰਤੀ ਵੀ ਸ਼ਾਮਿਲ ਹੈ।

***(ਬਾਕੀ ਅਗਲੇ ਸਫੇ 'ਤੇ)***

# ਦੋ ਢਾਡੀਆਂ ਨੂੰ ਚੇਤੇ ਕਰਦਿਆਂ...

ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

7 ਅਗਸਤ ਨੂੰ ਸੋਹਣ ਸਿੰਘ ਸੀਤਲ ਦਾ ਇਕ ਸੌ ਗਿਆਰਵਾਂ ਜਨਮ ਦਿਨ ਸੀ। ਇਸੇ ਦਿਨ ਉਹ 1909 ਵਿਚ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਕਾਦੀਵਿੰਡ ਵਿਚ ਪਿਤਾ ਸ. ਖੁਸ਼ਹਾਲ ਸਿੰਘ ਦੇ ਘਰ ਮਾਂ ਸਰਦਾਰਨੀ ਦਿਆਲ ਕੌਰ ਦੀ ਕੁੱਖੋਂ ਪੈਦਾ ਹੋਏ ਸਨ। ਉਨ੍ਹਾਂ ਦੇ ਜਨਮ ਦਿਨ ਮੌਕੇ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਪਦਮਸ੍ਰੀ ਡਾ. ਸੁਰਜੀਤ ਪਾਤਰ ਨੇ ਆਖਿਆ ਕਿ ਸੀਤਲ ਜੀ ਦੀ ਪੰਜਾਬੀ ਸਾਹਿਤ ਤੇ ਸਭਿਆਚਾਰ ਵਾਸਤੇ ਘਾਲੀ ਘਾਲਣਾ ਅਭੁੱਲ ਹੈ। ਉਨ੍ਹਾਂ ਦੇ ਨਾਵਲ ਤੇ ਗਾਈਆਂ ਢਾਡੀ ਵਾਰਾਂ ਕਦੇ ਨਹੀਂ ਭੁਲਾਈਆਂ ਜਾ ਸਕਦੀਆਂ। ਪੰਜਾਬ ਕਲਾ ਪ੍ਰੀਸ਼ਦ ਵਲੋਂ ਢਾਡੀ ਸੀਤਲ ਦੇ ਪਰਿਵਾਰ ਨੂੰ ਇਸ ਮੌਕੇ ਮੁਬਾਰਕ ਭੇਜੀ ਗਈ। ਉਥੇ ਕਵੀ ਡਾ. ਲਖਵਿੰਦਰ ਜੌਹਲ ਨੇ ਦੂਰਦਰਸ਼ਨ ਜਲੰਧਰ ਵਿਖੇ ਕੰਮ ਕਰਦਿਆਂ ਉਨ੍ਹਾਂ ਨਾਲ ਲੰਬੀ ਦਸਤਾਵੇਜ਼ੀ ਮੁਲਾਕਾਤ ਰਿਕਾਰਡ ਕੀਤੀ ਸੀ।



ਸੋਹਣ ਸਿੰਘ ਸੀਤਲ

ਉਥੇ ਦੇਸ਼ ਭਗਤ ਤੇ ਸ਼ਾਇਰ ਮੁਨਸ਼ਾ ਸਿੰਘ ਦੁਖੀ ਦੀ ਪ੍ਰੇਰਨਾ ਸਦਕਾ ਸ. ਸੀਤਲ ਲਿਖਾਰੀ ਬਣੇ। ਉਨ੍ਹਾਂ ਦੇ ਨਾਵਲ 'ਤੂਤਾਂ ਵਾਲਾ ਖੂਹ' ਦੀ ਪ੍ਰਸਿੱਧੀ ਏਨੀ ਹੋਈ ਕਿ ਕਈ ਸਾਲ ਸਿਲੇਬਸਾਂ ਵਿਚ ਸ਼ਾਮਿਲ ਰਿਹਾ। ਅੱਜ ਵੀ ਇਹ ਨਾਵਲ ਪੰਜਾਬੀ ਪਾਠਕਾਂ ਦੇ ਮਨਾਂ ਵਿਚ ਵੱਸਿਆ ਹੋਇਆ ਹੈ। ਉਨ੍ਹਾਂ ਦੀਆਂ ਇਹ ਇਤਿਹਾਸਕ ਪੁਸਤਕਾਂ 'ਸਿੱਖ ਰਾਜ ਕਿਵੇਂ ਬਣਿਆ' ਤੇ 'ਸਿੱਖ ਰਾਜ ਕਿਵੇਂ ਗਿਆ' ਲੱਖਾਂ ਦੀ ਗਿਣਤੀ ਵਿਚ ਛਪੀਆਂ। ਲੇਖਣ ਕਾਰਜ ਦੇ ਨਾਲ ਨਾਲ ਉਹ ਢਾਡੀ ਕਲਾ ਰਾਹੀਂ ਵੀ ਪੰਜਾਬੀਆਂ ਦੀ ਸੇਵਾ ਵਿਚ ਅੰਤਲੇ ਸਾਹਾਂ ਤੀਕ ਜੁਟੇ ਰਹੇ। ਉਨ੍ਹਾਂ ਨੇ ਬਹੁਤ ਸਾਰੇ ਧਾਰਮਿਕ ਢਾਡੀ ਪ੍ਰਸੰਗ ਲਿਖੇ ਤੇ ਆਪਣੇ ਜਥੇ ਨਾਲ ਗਾਏ। ਉਨ੍ਹਾਂ ਦਾ ਭਾਸ਼ਣ ਜੋਸ਼ੀਲਾ ਤੇ ਸਰੋਤਿਆਂ ਨੂੰ ਕੀਲ ਲੈਣ ਵਾਲਾ ਹੁੰਦਾ ਸੀ। ਉਨ੍ਹਾਂ ਦਾ ਲਿਖਿਆ ਤੇ ਗਾਇਆ 'ਸਾਕਾ ਪੰਜਾ ਸਾਹਿਬ' ਬੜਾ ਮਸ਼ਹੂਰ ਹੋਇਆ, ਜਿਸ ਦੇ ਮੁੱਢਲੇ ਬੋਲ ਹਨ,

ਗੱਡੀ ਭਰ ਕੇ ਅੰਬਰਸਰੋਂ ਤੋਰੀ
ਪੰਜਾ ਸਾਹਿਬ ਜਾ ਖੜਦੀ,
ਵਿਚ ਸੀਗੇ, ਵਿਚ ਸੀਗੇ ਪੈਨਸ਼ਨੀਏ
ਸਾਰੇ ਕੈਦ ਕੀਤੇ ਗੁਰੂ ਬਾਗ 'ਚੋਂ।

ਇਸ ਤੋਂ ਇਲਾਵਾ ਉਨ੍ਹਾਂ ਵਾਰਾਂ ਵੀ ਗਾਈਆਂ। ਇਕ ਵਾਰ, ਜੋ ਅਕਾਸ਼ਵਾਣੀ ਕੇਂਦਰ ਜਲੰਧਰੋਂ ਪ੍ਰਸਾਰਿਤ ਹੁੰਦੀ ਰਹੀ, ਉਹਦੇ ਬੋਲ ਹਨ,


ਮਾਰੂ ਵੱਜਿਆ ਜੁਆਨ ਰਣ ਨਿੱਤਰੇ
ਗੁੱਸੇ ਵਿਚ ਆ ਤਿਉੜੀਆਂ ਪਾਈਆਂ।

ਸ. ਸੀਤਲ ਦਾ ਲਿਖਿਆ 'ਮਲਕੀ ਕੀਮਾ' ਲੋਕ ਗੀਤ ਦਾ ਰੂਪ ਧਾਰਨ ਕਰ ਗਿਆ, ਬੋਲ ਹਨ,

ਮਲਕੀ ਭਰਦੀ ਪਈ ਸੀ ਖੂਹ ਦੇ ਉਤੋਂ ਪਾਣੀ
ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ।

ਉਨ੍ਹਾਂ ਦੇ ਨਾਵਲਾਂ ਤੇ ਧਾਰਮਿਕ ਇਤਿਹਾਸਕ ਕਿਤਾਬਾਂ ਤੋਂ ਇਲਾਵਾ ਢਾਡੀ ਪ੍ਰਸੰਗਾਂ ਦੀਆਂ ਕਿਤਾਬਾਂ ਦੀ ਗਿਣਤੀ ਡੇਢ ਸੌ ਹੈ। ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੇ ਖੋਜਾਰਥੀਆਂ ਨੇ ਸ. ਸੀਤਲ ਦੀਆਂ ਕਿਤਾਬਾਂ ਉਤੇ ਐਮ. ਫਿਲ ਤੇ ਪੀਐਚ. ਡੀ. ਦੇ ਥੀਸਿਸ ਲਿਖੇ। ਉਹ ਰੇਡੀਓ ਜਲੰਧਰ ਤੇ ਦੂਰਦਰਸ਼ਨ ਜਲੰਧਰ ਤੋਂ ਵੀ ਲੰਬਾ ਸਮਾਂ ਗਾਉਂਦੇ ਰਹੇ। ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਉਨ੍ਹਾਂ ਦਾ 1982 ਵਿਚ 'ਸ਼੍ਰੋਮਣੀ ਢਾਡੀ ਪੁਰਸਕਾਰ' ਨਾਲ ਸਨਮਾਨ ਕੀਤਾ। ਸ਼੍ਰੋਮਣੀ ਕਮੇਟੀ ਨੇ 'ਸਿੱਖ ਢਾਡੀ ਗਾਇਕ' ਵਜੋਂ 1979 ਵਿਚ ਸਨਮਾਨਿਆ। ਉਨ੍ਹਾਂ ਦੇ ਨਾਵਲ 'ਜੁਗ ਬਦਲ ਗਿਆ' ਨੂੰ ਭਾਰਤੀ ਸਾਹਿਤ ਅਕਾਦਮੀ (1973) ਪੁਰਸਕਾਰ ਪ੍ਰਾਪਤ ਹੋਇਆ। ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਦੇਣ ਮਹਾਨ ਹੈ, ਜਿਸ ਦਾ ਲੇਖਾ-ਜੋਖਾ ਕਰਨਾ ਲੰਬੇ ਸਮੇਂ ਦੀ ਮੰਗ ਕਰਦਾ ਹੈ।

ਪੰਜਾਬ ਦੇ ਸਿਰਮੌਰ ਢਾਡੀ ਲੋਕ ਗਾਇਕ ਦੀਦਾਰ ਸਿੰਘ ਰਟੈਂਡਾ ਦੀ 9 ਅਗਸਤ ਨੂੰ ਬਰਸੀ ਸੀ। ਪੰਜਾਬ ਕਲਾ ਪ੍ਰੀਸ਼ਦ ਉਨ੍ਹਾਂ ਦੇ ਪਰਿਵਾਰ ਨੂੰ ਇਸ ਗੱਲ ਦਾ ਮਾਣ ਦਿੰਦਿਆਂ ਆਖਿਆ ਕਿ ਉਨ੍ਹਾਂ ਦੀ ਲੋਕ ਗਾਇਕੀ ਨੂੰ ਭੁਲਾਉਣਾ ਸੌਖਾ ਨਹੀਂ।



ਦੀਦਾਰ ਸਿੰਘ ਰਟੈਂਡਾ

ਉਹ ਆਪਣੀ ਕਲਾ ਆਸਰੇ ਅੱਜ ਵੀ ਜਿਉਂਦੇ ਨੇ। ਡਾ. ਸੁਰਜੀਤ ਪਾਤਰ ਨੇ ਸਵਰਗੀ ਰਟੈਂਡਾ ਨੂੰ ਚੇਤੇ ਕਰਦਿਆਂ ਪੰਜਾਬ ਦੇ ਲੋਕ ਸੰਗੀਤ ਨੂੰ ਦਿੱਤੀ ਉਨ੍ਹਾਂ ਦੀ ਵਡਮੁੱਲੀ ਦੇਣ ਨੂੰ ਪ੍ਰਣਾਮ ਕੀਤਾ ਹੈ। ਡਾ. ਪਾਤਰ ਕਹਿੰਦੇ ਹਨ ਕਿ ਦੀਦਾਰ ਸਿੰਘ ਰਟੈਂਡਾ ਦੀ ਲੋਕ ਗਾਇਕੀ ਰਾਹੀਂ ਪੰਜਾਬ ਦੀ ਸੱਚੀ ਸੁੱਚੀ ਲੋਕ ਗਾਇਕੀ ਦੇ ਸਾਵੇਂ ਦੇ ਸਾਵੇਂ ਦੀਦਾਰ ਹੁੰਦੇ ਸਨ। ਡਾ. ਲਖਵਿੰਦਰ ਜੌਹਲ ਨੇ ਜੋ ਗੱਲ ਆਖੀ, ਉਹ ਉਦਾਸ ਕਰਨ ਵਾਲੀ ਹੈ। ਉਨ੍ਹਾਂ ਦੂਰਦਰਸ਼ਨ ਕੇਂਦਰ ਜਲੰਧਰ ਵਾਸਤੇ ਸ. ਰਟੈਂਡਾ ਬਾਰੇ ਇੱਕ ਦਸਤਾਵੇਜ਼ੀ ਫਿਲਮ ਬਣਾਈ। ਜਦ ਉਹ ਜਲੰਧਰ ਤੋਂ ਬਦਲ ਗਏ ਤੇ ਕੁਝ ਸਾਲਾਂ ਬਾਅਦ ਵਾਪਸ ਆਏ ਤੇ ਲਘੂ ਫਿਲਮ ਡਿਲੀਟ ਕੀਤੀ ਜਾ ਚੁਕੀ ਸੀ। ਕਿੰਨਾ ਚੰਗਾ ਹੁੰਦਾ, ਜੇ ਮਹਾਨ ਫਨਕਾਰ ਦੀ ਯਾਦ ਅੱਜ ਸਾਡੇ ਕੋਲ ਹੁੰਦੀ!

ਢਾਡੀ ਰਟੈਂਡਾ ਨੇ ਪੰਜਾਬ ਦੇ ਗਮੰਤਰੀਆਂ 'ਚੋਂ ਸਭ ਤੋਂ ਲੰਮੇਰੀ ਉਮਰ ਭੋਗੀ। ਆਪਣਾ ਜਨਮ ਸਾਲ ਉਹ 1893 ਦਾ ਦਸਦੇ ਸਨ। ਉਨ੍ਹਾਂ ਦਾ ਪਿੰਡ ਬੰਗਾ ਨੇੜੇ ਰਟੈਂਡਾ ਸੀ ਤੇ ਪਹਿਲਾਂ ਉਹ ਗੁਣਾਚੌਰ ਰਹੇ ਸਨ। ਵੰਡ ਤੋਂ ਪਹਿਲਾਂ ਉਹ ਪਾਕਿਸਤਾਨ ਦੇ ਜੜ੍ਹਾਂ ਵਾਲਾ ਤਹਿਸੀਲ ਦੇ ਚੱਕ ਨੰਬਰ 65 ਵਿਚ ਰਹਿੰਦੇ ਸਨ। ਆਪਣਾ ਤਖੱਲਸ 'ਪੰਛੀ' ਵੀ ਰੱਖੀ ਰੱਖਿਆ ਤੇ ਪਿੰਡ ਦੇ ਮੋਹ ਨੇ ਹੀ ਉਨ੍ਹਾਂ ਦਾ ਤਖੱਲਸ ਰਟੈਂਡਾ ਰਖਵਾਇਆ। ਸੰਨ 1913 ਵਿਚ ਦੀਦਾਰ ਸਿੰਘ ਦਾ ਵਿਆਹ ਸੰਧਵਾਂ ਵਰਾਲੇ ਬੀਬੀ ਕਰਮ ਕੌਰ ਨਾਲ ਹੋਇਆ।

ਦਸਦੇ ਨੇ ਕਿ ਦੀਦਾਰ ਸਿੰਘ ਦੀ ਆਖਰੀ ਪਹਿਰ ਨਿਗ੍ਹਾ ਵੀ ਘਟ ਗਈ ਸੀ ਤੇ ਰੋਟੀ ਟੁਕ ਖਾ ਕੇ ਆਪਣੀ ਖੂੰਡੀ ਦੇ ਸਹਾਰੇ ਤੁਰਦਾ ਉਹ ਬਸ ਅੱਡੇ ਦੇ ਬੜ੍ਹੇ ਉਤੇ ਆ ਬੈਠਦਾ ਤੇ ਆਂਦੇ-ਜਾਂਦੇ ਲੋਕਾਂ ਨੂੰ ਦੇਖਦਾ ਰਹਿੰਦਾ। ਇਉਂ ਉਸ ਦਾ ਵਕਤ ਪਾਸ ਹੋ ਜਾਂਦਾ।

1912 'ਚ ਢਾਡੀ ਰਟੈਂਡਾ ਨੇ ਮੁਕਤਸਰ ਸਾਹਿਬ ਮੇਲੇ ਉਤੇ ਭਗਤੂ ਰਾਮਗੜ੍ਹੀਆ ਨੂੰ ਸਾਰੰਗੀ ਵਜਾਉਂਦਾ ਦੇਖਿਆ ਤੇ ਪ੍ਰਭਾਵਿਤ ਹੋਇਆ ਤੇ ਗੁਰੂ ਧਾਰ ਕੇ ਸਾਰੰਗੀ ਸਿੱਖ ਲਈ। 1929 ਵਿਚ ਉਹਦੇ ਰਿਕਾਰਡ ਭਰਵਾਉਣ ਦਾ ਸਿਲਸਿਲਾ ਐਚ. ਐਮ. ਵੀ. ਕੰਪਨੀ ਵਿਚ ਸ਼ੁਰੂ ਹੁੰਦਾ ਹੈ। ਕਲੀਆਂ ਤੇ ਲੋਕ ਗਾਥਾਵਾਂ ਦੀ ਰਿਕਾਰਡਿੰਗ ਹੁੰਦੇ ਸਾਰ ਪੰਜਾਬ ਭਰ ਦੇ ਪਿੰਡਾਂ ਵਿਚ ਉਨ੍ਹਾਂ ਦੇ ਬੋਲ ਗੂੰਜ ਉਠੇ। ਕਾਲੇ ਤਵਿਆਂ ਵਿਚ ਉਨ੍ਹਾਂ ਦੇ 32 ਰਿਕਾਰਡ ਭਰੇ ਗਏ। ਬਾਹਰਲੇ ਮੁਲਕਾਂ ਵਿਚ ਜਾਣ ਤੇ ਗਾਉਣ ਦਾ ਮੌਕਾ ਵੀ ਮਿਲਿਆ। ਉਨ੍ਹਾਂ ਆਪਣੀਆਂ ਢਾਡੀ ਰਚਨਾਵਾਂ ਦੀਆਂ ਕਈ ਕਿਤਾਬਾਂ ਛਪਵਾਈਆਂ। ਧੰਨਾ ਸਿੰਘ ਤੇ ਭਗਤ ਸਿੰਘ ਵੀ ਉਨ੍ਹਾਂ ਨਾਲ ਗਾਉਂਦੇ ਸਨ ਤੇ ਬਾਅਦ ਵਿਚ ਕਈ ਸਾਥੀ ਹੋਰ ਰਲੇ।

ਹਾਰ ਤੋੜ ਕੇ ਮਕਰ ਬਣਾ ਲਿਆ ਹੀਰ ਨੇ
ਮੋਤੀ ਇਕ ਇਕ ਕਰਕੇ
ਡੋਲੀ ਕੋਲ ਖਿੰਡਾਇਆ

ਇਹ ਬਹੁਤ ਮਸ਼ਹੂਰ ਹੋਇਆ ਸੀ। ਹੋਰ ਵੀ ਕਾਫੀ ਕਲੀਆਂ ਬਹੁਤ ਚੜ੍ਹੀਆਂ। 1942 ਵਿਚ ਦੀਦਾਰ ਸਿੰਘ ਰਟੈਂਡਾ ਦੇ ਮਿਹਦੇ ਵਿਚ ਕੋਈ ਨੁਕਸ ਬੈਠ ਗਿਆ। ਉਦੋਂ ਉਹ ਵਲੈਤ ਜਾ ਕੇ ਆਇਆ ਸੀ। ਖਾਧਾ ਪੀਤਾ ਹਜਮ ਹੋਣੋਂ ਹਟਣ ਲੱਗਾ। 9 ਅਗਸਤ 1989 ਦੇ ਦਿਨ ਉਹ ਵਿਛੜ ਗਿਆ। ਡਾ. ਸੁਰਜੀਤ ਪਾਤਰ ਆਖਦੇ ਨੇ ਕਿ ਰਟੈਂਡਾ ਦੀ ਢਾਡੀ ਗਾਇਕੀ ਅੱਜ ਵੀ ਜਿੰਦਾ ਹੈ ਤੇ ਅਣਗਿਣਤ ਸਰੋਤੇ ਉਹਨੂੰ ਪਿਆਰ ਕਰਨ ਵਾਲੇ ਹਨ।

# ਹਰਿਭਜਨ ਸਿੰਘ: ਸੁਹਜਵਾਦ ਦਾ ਝੰਡਾਬਰਦਾਰ

(ਪਿਛਲੇ ਸਫੇ ਦੀ ਬਾਕੀ)

### ਮੇਰੀ ਕਵਿਤਾ ਵਿਚ ਸੁਹਜ

ਮੇਰੀ ਕਵਿਤਾ 'ਤੇ ਹਰਿਭਜਨ ਦੀ ਰੀਤੀਬੱਧ ਸ਼ੈਲੀ ਅਤੇ ਸ਼ਬਦ ਚੋਣ ਦਾ ਕਾਫੀ ਅਸਰ ਪਿਆ। ਜਦ ਪ੍ਰੋ. ਮੋਹਨ ਸਿੰਘ ਨੇ ਪਹਿਲੀ ਵਾਰ ਮੇਰੀਆਂ ਕੁਝ ਕਵਿਤਾਵਾਂ 'ਪੰਜ ਦਰਿਆ' ਵਿਚ ਛਾਪੀਆਂ ਸਨ ਤਾਂ ਅਤਰ ਸਿੰਘ ਨੇ ਅੰਗਰੇਜ਼ੀ ਵਿਚ ਮੇਰੇ ਬਾਰੇ ਸੰਖੇਪ ਜਿਹੀ ਟਿਪਣੀ ਕੀਤੀ ਸੀ: "Your poems portray mannerism." ਉਦੋਂ ਮੈਨੂੰ Mannerism ਦੇ ਅਰਥ ਨਹੀਂ ਸਨ ਆਉਂਦੇ, ਪਰ ਇਸ ਦੀ ਧੁਨੀ ਬੜੀ ਚੰਗੀ ਲੱਗੀ। ਕਿਆਸ ਕਰ ਲਿਆ ਕਿ ਬੜੀ ਤਾਰੀਫ ਕੀਤੀ ਹੋਈ ਹੈ। ਕੁਝ ਦਿਨਾਂ ਬਾਅਦ ਹਰਿਭਜਨ ਨਾਲ ਮੁਲਾਕਾਤ ਹੋਈ ਤਾਂ ਮੈਂ ਚਾਈਂ ਚਾਈਂ ਉਸ ਨੂੰ ਦੱਸਿਆ ਕਿ ਅਤਰ ਸਿੰਘ ਅਨੁਸਾਰ ਮੇਰੀ ਕਵਿਤਾ ਵਿਚ 'ਮੈਨਿਰਿਜ਼ਮ' ਹੈ। ਹਰਿਭਜਨ ਨੇ ਕੇਵਲ ਇੰਨਾ ਕਿਹਾ, "ਅਤਰ ਸਿੰਘ ਨੂੰ ਜਦ ਕੋਈ ਅੰਗਰੇਜ਼ੀ ਦਾ ਨਵਾਂ ਸ਼ਬਦ ਭਾਉਂਦਾ ਹੈ ਤਾਂ ਉਹ ਪੰਜਾਬੀ ਕਵਿਤਾ 'ਤੇ ਢੁਕਾਅ ਦਿੰਦਾ ਹੈ।" ਹਰਿਭਜਨ ਦੇ ਕਹਿਣ ਦੇ ਲਹਿਜੇ ਤੋਂ ਪ੍ਰਤੀਤ ਹੋਇਆ ਕਿ ਉਸ ਨੂੰ ਜਾਂ ਤਾਂ ਅਤਰ ਸਿੰਘ ਨਾਲ ਕੋਈ ਚਿੜ ਸੀ ਜਾਂ 'ਮੈਨਿਰਿਜ਼ਮ' ਬੁਰਾ ਸ਼ਬਦ ਸੀ। ਸਾਹਿਤ ਅਧਿਐਨ ਤੋਂ ਪਤਾ ਲੱਗਾ ਕਿ ਕਵਿਤਾ ਵਿਚ ਮੈਨਿਰਿਜ਼ਮ ਇਕ ਪ੍ਰਕਾਰ ਦੀ ਸ਼ੈਲੀ ਹੈ ਜੋ ਵਿਚਾਰ ਨੂੰ ਮਿੱਠੇ ਅਤੇ ਸੁਰੀਲੇ ਸ਼ਬਦਾਂ ਰਾਹੀਂ ਪੇਸ਼ ਕਰਦੀ ਹੈ। ਇਸ ਸ਼ੈਲੀ ਦਾ ਉਲਾਰੂ ਪੱਖ ਇਹ ਹੈ ਕਿ ਵਿਸ਼ੇ ਵਸਤੂ ਦਾ ਯਥਾਰਥਕ ਪੱਖ ਮੱਠਾ ਪੈ ਜਾਂਦਾ ਹੈ ਤੇ ਭਾਵਕਤਾ ਭਾਰੂ ਹੋ ਜਾਂਦੀ ਹੈ। ਇਹ ਭਾਵੇਂ ਸ਼ੈਲੀ ਵਿਚਾਰ ਦੇ ਯਥਾਰਥਕ ਪੱਖ ਨੂੰ ਉਜਾਗਰ ਹੋਣ ਵਿਚ ਬਾਧਕ ਸਿੱਧ ਹੁੰਦੀ ਹੈ, ਪਰ ਇਸ ਨੂੰ ਅਪਨਾਉਣ ਲਈ ਬੌਧਿਕਤਾ ਅਤੇ ਸਿਆਣਪ ਦੀ ਲੋੜ ਹੈ। ਦੂਜੇ ਸ਼ਬਦਾਂ ਵਿਚ ਵਿਚਾਰ ਨੂੰ ਕਾਰਗਰ ਬਣਾਉਣ ਲਈ ਸਰੋਦੀ ਸ਼ਬਦਾਂ ਦੀ ਚੋਣ ਅਤੇ ਸੁਰ-ਬੱਧਤਾ ਲਈ ਬੌਧਿਕ ਕਲਾ ਕੌਸ਼ਲਤਾ ਲੋੜੀਂਦੀ ਹੈ। ਅਜਿਹਾ ਉਹ ਸਾਹਿਤਕਾਰ ਹੀ ਕਰ ਸਕਦਾ ਹੈ ਜਿਸ ਪਾਸ ਸੁਰ ਦੀ ਸਮਝ ਹੋਵੇ, ਸ਼ਬਦਾਵਲੀ ਦਾ ਚੋਖਾ ਭੰਡਾਰ ਹੋਵੇ ਅਤੇ ਕਾਵਿ-ਕਲਾ ਦੀ ਸੂਝ ਹੋਵੇ। ਹਰਿਭਜਨ ਇਨ੍ਹਾਂ ਪੱਖਾਂ ਵਿਚ ਮਾਹਿਰ ਸੀ। ਉਸ ਦੇ ਸ਼ਬਦਾਂ ਦੀ ਜਾਦੂਗਰੀ ਦਾ ਪ੍ਰਭਾਵ ਕਈ ਨਵੇਂ ਅਤੇ ਪੁਰਾਣੇ ਕਵੀਆਂ 'ਤੇ ਪਿਆ।

ਵਿਗਿਆਨਕ ਪਿੱਠਭੂਮੀ ਹੋਣ ਦੇ ਨਾਤੇ ਮੇਰੀ ਕਵਿਤਾ 'ਚੋਂ ਵਿਚਾਰ ਦੀ ਅਹਿਮੀਅਤ ਅਤੇ ਭਾਵ ਦੀ ਇਕਾਗਰਤਾ ਕਦੇ ਗੈਰਹਾਜ਼ਰ ਨਹੀਂ ਹੁੰਦੇ। ਮੈਨੂੰ ਇਸ ਗੱਲ ਦਾ ਵੀ ਗਿਆਨ ਹੈ ਕਿ ਵਿਚਾਰ ਨੂੰ ਪਾਠਕ ਤੱਕ ਪਹੁੰਚਾਉਣ ਲਈ ਸ਼ਬਦਾਬਲੀ ਦਾ ਤਲਿਸਮ ਬਹੁਤ ਜ਼ਰੂਰੀ ਹੈ। ਇਸ ਲਈ ਮੈਂ ਕਵਿਤਾਵਾਂ ਵਿਚ ਉਚੇਚ ਨਾਲ ਸੂਖਮ ਸ਼ਬਦ ਵਰਤਣ ਦੀ ਕੋਸ਼ਿਸ਼ ਕਰਦਾ ਹਾਂ। ਕਈ ਵਾਰੀ ਇਹ ਉਚੇਚ ਸ਼ਬਦ ਅਡੰਬਰ ਬਣ ਜਾਣ ਦਾ ਖਦਸ਼ਾ ਸਹੇੜਦੀ ਹੈ।

### ਸੁਹਜਵਾਦ ਅਤੇ ਸ਼ਬਦ ਅਡੰਬਰ

ਕਵਿਤਾ ਵਿਚ ਸੁਹਜਵਾਦੀ ਸ਼ਬਦਾਂ ਦੀ ਭਰਮਾਰ, ਸ਼ਬਦ ਅਡੰਬਰ (Bombast) ਬਣ ਜਾਣ ਦਾ ਖਦਸ਼ਾ ਸਹੇੜਦੀ ਹੈ। ਉਚੇਚ ਨਾਲ ਵਰਤੇ ਸੁਹਜਵਾਦੀ ਸ਼ਬਦ ਬੋਝਲ ਅਤੇ ਅਕਾਊ ਲੱਗਣ ਲੱਗ ਪੈਂਦੇ ਹਨ; ਜਿਵੇਂ ਬਾਹਲਾ ਮਿੱਠਾ ਖਾਣ ਨਾਲ ਜੀਅ ਭਗਲ ਜਾਂਦਾ ਹੈ, ਉਸੇ ਤਰ੍ਹਾਂ ਸੁਹਜਵਾਦੀ ਸ਼ਬਦਾਂ ਦੀ ਬਹੁਤਾਤ ਅਲਕਾਣ ਪੈਦਾ ਕਰ ਸਕਦੀ ਹੈ। ਪੰਜਾਬੀ ਦੇ ਕੁਝ ਆਲੋਚਕਾਂ ਵਲੋਂ ਹਰਿਭਜਨ ਦੀ ਕਵਿਤਾ 'ਤੇ ਸੁਹਜਵਾਦੀ ਸ਼ਬਦ ਅਡੰਬਰ ਦਾ ਦੋਸ਼ ਲਗਦਾ ਰਿਹਾ ਹੈ। ਇਕ ਵਾਰ ਮੈਂ ਇਸ ਵਿਸ਼ੇ 'ਤੇ ਹਰਿਭਜਨ ਨਾਲ ਮੱਥਾ ਡਾਹ ਬੈਠਾ।

**ਮੈਂ:** ਮੈਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਤੇਰੇ ਸ਼ਬਦਾਂ ਦੀ ਚੋਣ ਅਤੇ ਚਿਣਤ ਇੰਨੀ ਸ਼ਕਤੀਸ਼ਾਲੀ ਹੈ ਕਿ ਪੜ੍ਹਨ-ਸੁਣਨ ਵਾਲਾ ਇਨ੍ਹਾਂ ਦੀ ਜਾਦੂਗਰੀ 'ਚ ਉਲਝ ਕੇ ਰਹਿ ਜਾਂਦਾ ਹੈ, ਵਿਸ਼ੇ ਦੀ ਮਹੱਤਤਾ ਅੱਖੋਂ-ਪਰੋਖੇ ਹੋ ਜਾਂਦੀ ਹੈ। ਇਸ ਲਈ ਤੇਰੇ 'ਤੇ ਸ਼ਬਦ ਅਡੰਬਰ ਦਾ ਦੋਸ਼ ਲਾਇਆ ਜਾਂਦਾ ਹੈ।

**ਹਰਿਭਜਨ:** ਕੀ ਤੂੰ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾਂ, ਮੇਰੀ ਕਵਿਤਾ ਵਿਚ ਵਿਸ਼ਾ-ਵਸਤੂ ਨਹੀਂ ਹੁੰਦੇ?

**ਮੈਂ:** ਮੇਰੇ ਕਹਿਣ ਦਾ ਇਹ ਭਾਵ ਨਹੀਂ...

**ਹਰਿਭਜਨ:** (ਵਿਚੋਂ ਟੋਕਦਿਆਂ) ਜੇ ਮੇਰੀ ਸ਼ਬਦਾਵਲੀ ਵਿਚ ਰਸ ਹੈ ਤਾਂ ਹੀ ਸਰੋਤੇ ਪੜ੍ਹਦੇ ਸੁਣਦੇ ਹਨ, ਜੇ ਇਹ ਨਾ ਹੋਵੇ ਤਾਂ ਕਾਹਨੂੰ ਧਿਆਨ ਦੇਣਗੇ; ਪਾਠਕ ਗੱਲ ਨੂੰ ਸੁਣਨਗੇ ਤਾਂ ਹੀ ਸਮਝਣਗੇ।

**ਮੈਂ:** ਤੇਰੇ ਤੋਂ ਪਹਿਲਾਂ ਭਾਈ ਵੀਰ ਸਿੰਘ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਨੂੰ ਲੋਕ ਸ਼ੌਕ ਨਾਲ ਪੜ੍ਹਦੇ-ਸੁਣਦੇ ਸਨ। ਉਹ ਵੀ ਸੂਖਮ ਸ਼ਬਦ ਵਰਤਦੇ ਸਨ, ਪਰ ਕਿਰਸ ਨਾਲ। ਉਨ੍ਹਾਂ ਨੂੰ ਵਿਸ਼ੇ ਦੀ ਮਹੱਤਤਾ ਕਰ ਕੇ ਸਲਾਹਿਆ ਜਾਂਦਾ ਸੀ।

**ਹਰਿਭਜਨ:** ਤੇਰੀ ਗੱਲ ਦਰੁਸਤ ਹੈ, ਪਰ ਕਿੰਨੇ ਕੁ ਲੋਕਾਂ ਨੂੰ ਉਨ੍ਹਾਂ ਦੀਆਂ ਨਜ਼ਮਾਂ ਮੂੰਹ ਜ਼ੁਬਾਨੀ ਯਾਦ ਹਨ?

**ਮੈਂ:** ਤੇਰੀ ਗੱਲ ਵਿਚ ਦਮ ਹੈ ਪਰ ਵਿਸ਼ੇ ਦੀ ਪੁਖਤਗੀ ਤੋਂ ਵਗੈਰ ਸਾਹਿਤ ਸਮੇਂ ਦੀ ਗਰਦ ਹੇਠਾਂ ਗੁੰਮ ਗੁਆਚ ਜਾਂਦਾ ਹੈ।

**ਹਰਿਭਜਨ:** ਕਵਿਤਾ 'ਤੇ ਇਹ ਗੱਲ ਬਹੁਤੀ ਨਹੀਂ ਢੁੱਕਦੀ, ਨਾਵਲ ਅਤੇ ਕਹਾਣੀ 'ਤੇ ਢੁੱਕਦੀ ਹੈ। ਕਵਿਤਾ ਸਰਵਣੀ ਕਲਾ ਹੈ, ਕੰਨ-ਰਸ ਦੀ ਅਭਿਲਾਸ਼ੀ। ਸ਼ਬਦਾਂ ਰਾਹੀਂ ਜੋ ਰਸ ਕਵਿਤਾ ਵਿਚ ਪੈਦਾ ਕੀਤਾ ਜਾਂਦਾ ਹੈ, ਉਹ ਵਾਰਤਕ ਰਾਹੀਂ ਪੈਦਾ ਕਰਨਾ ਮੁਸ਼ਕਿਲ ਹੈ।

**ਮੈਂ:** ਰਚਨ-ਪ੍ਰਕਿਰਿਆ ਸਮੇਂ, ਵਿਸ਼ਾ ਪਹਿਲਾਂ ਕਿ ਰੂਪ, ਉਜਾਗਰ ਹੁੰਦਾ ਹੈ?

**ਹਰਿਭਜਨ:** ਵਿਸ਼ਾ ਆਪਣਾ ਰੂਪ ਨਾਲ ਲੈ ਕੇ ਆਉਂਦਾ ਹੈ, ਉਸੇ ਤਰ੍ਹਾਂ ਜਿਵੇਂ ਪਾਣੀ ਦਾ ਵਹਾ ਆਪੇ ਰਾਹ ਬਣਾ ਲੈਂਦਾ ਹੈ।

**ਮੈਂ:** ਤੇਰੀਆਂ ਕਈ ਕਵਿਤਾਵਾਂ ਦੇ ਵਿਸ਼ੇ ਮਿਥ ਕੇ ਉਚੇਚ ਨਾਲ ਕਿਸੇ ਖਾਸ ਰੂਪ ਵਿਚ ਢਾਲੇ ਹੋਏ ਹਨ ਜਿਵੇਂ, ਪੁਸਤਕ 'ਸੜਕ ਦੇ ਸਫੇ ਉਤੇ' ਦੀਆਂ ਕਵਿਤਾਵਾਂ। ਇਹ ਕਸਬ ਛੰਨੇ ਜਾਂ ਗਲਾਸ ਵਿਚ ਪਾਣੀ ਪਾਉਣ ਵਾਂਗ ਹੈ, ਅਰਥਾਤ, ਪਾਣੀ ਵਰਤਣ ਦਾ ਰੂਪ ਧਾਰ ਲੈਂਦਾ ਹੈ।

**ਹਰਿਭਜਨ:** ਕੁਝ ਕਵਿਤਾਵਾਂ ਦੇ ਆਧਾਰ 'ਤੇ ਤੂੰ ਮੇਰੀ ਸਾਰੀ ਕਵਿਤਾ ਨੂੰ ਇਕੋ ਰੱਸੇ ਨਹੀਂ ਬੰਨ੍ਹ ਸਕਦਾ। ਸਮੁੱਚੀ ਕਵਿਤਾ ਪੜ੍ਹਨ ਉਪਰੰਤ ਪਤਾ ਲੱਗੇਗਾ ਕਿ ਵਿਸ਼ੇ ਅਤੇ ਰੂਪ ਦਾ ਨਾਤਾ, ਹੱਥ ਅਤੇ ਦਸਤਾਨੇ ਵਾਂਗ ਹੈ। ਤੇਰੀ ਉਦਾਹਰਨ ਦੇ ਉਤਰ ਵਿਚ ਮੈਂ ਇਹ ਕਹਾਂਗਾ ਕਿ ਇਹ ਪਾਣੀ ਦੀ ਮਾਤਰਾ ਤੈਅ ਕਰਦੀ ਹੈ ਕਿ ਇਸ ਨੂੰ ਸਮਾਉਣ ਲਈ ਛੰਨਾ ਲੋੜੀਂਦਾ ਹੈ ਜਾਂ ਗਲਾਸ।

ਉਸ ਦੇ ਇਸ ਉਤਰ ਨੇ ਮੈਨੂੰ ਨਿਰਉਤਰ ਕਰ ਦਿੱਤਾ। ਨਾਲੇ ਮੈਂ ਗੱਲ ਨੂੰ ਬਹੁਤਾ ਲਮਕਾਉਣਾ ਵੀ ਨਹੀਂ ਸੀ ਚਾਹੁੰਦਾ। ਇਸ ਬਹਿਸ ਤੋਂ ਬਾਅਦ ਹਰਿਭਜਨ ਨੇ ਮੈਨੂੰ ਵਡਿਆਉਣ ਜਾਂ ਪਿੱਛਾ ਛੁਡਾਉਣ ਲਈ ਕਿਹਾ, "ਤੇਰੀ ਆਲੋਚਨਾ ਦੀ ਸੂਝ-ਬੂਝ ਨਿੱਖਰ ਰਹੀ ਹੈ।"

ਮੈਂ ਕਿਹਾ, "ਆਪ ਹੀ ਕੀ ਕਿਰਪਾ ਸੇ ਸਜੇ ਹਮ ਹਾਂ।"

(ਬਾਕੀ ਅਗਲੇ ਅੰਕ ਵਿਚ)

## ਡਾ. ਹਰਿਭਜਨ ਸਿੰਘ ਦੀਆਂ ਦੋ ਕਵਿਤਾਵਾਂ

(1)

### ਹਸਨਾ ਹਸਨਾ ਹਸਨਾ

ਜੇ ਨਾਂ ਤੇਰਾ ਮਾਇਆ ਨੇ ਧਰਿਆ
ਉਹ ਨਾਂ ਭਾਵੇਂ ਦਸ ਨਾ
ਜਿਸ ਨਾਂ ਤੈਨੂੰ ਕੰਤ ਬੁਲਾਵੇ
ਸਾਡੀ ਜੀਭ ਨ ਵਸਣਾ
ਅਸਾਂ ਤਾਂ ਦਿਲ ਦੀ ਬੀੜ ਖੋਲ੍ਹ ਕੇ
ਹੋਰ ਨਾਉਂ ਤੇਰਾ ਰਖਣਾ
ਵਾਕ ਲਿਆ ਤਾਂ ਸ਼ਬਦ ਨਿਕਲਿਆ
ਹਸਨਾ ਪ੍ਰਭ ਜੀ ਹਸਨਾ

ਕਦੀ ਤੂੰ ਹਸਦੀ ਏਂ ਕਿਣਮਿਣ
ਕਦੀ ਤੂੰ ਵਾਛੜ ਵਸਣਾ
ਮੱਥਾ ਵੀ ਹਸਦਾ ਏ ਬੁੱਲ੍ਹ ਵੀ ਹਸਦੇ ਨੇ
ਤੇ ਚੁੱਪ ਰਹਿੰਦੀ ਅੱਖ ਨਾ
ਲੂੰ ਲੂੰ ਤੇਰਾ ਕਿਰਨ ਕਿਰਨ ਹੈ
ਹਾਸੇ ਤੋਂ ਕੁਝ ਵਖ ਨਾ
ਸ਼ਾਲਾ ਸਦਾ ਸਲਾਮਤ ਥੀਵੇ
ਹਾਸਾ ਹੋਵੇ ਬਸ ਨਾ

ਇਹ ਹਾਸਾ ਤਾਂ ਧੁਰ ਤੋਂ ਆਇਆ
ਇਸ ਦੇ ਜੇਡ ਨ ਕੋਈ
ਇਹ ਹਾਸਾ ਤਾਂ ਰੱਬ ਦੀ ਬਾਣੀ
ਨਿਰੀ ਪੁਰੀ ਖੁਸ਼ਬੋਈ
ਮੈਂ ਜੋਗੀ ਇਕ ਕਿਣਕਾ ਦੇ ਕੇ
ਮੈਨੂੰ ਜੋਗ ਕੀਤੋਈ
ਇਹ ਕਿਣਕਾ ਮੈਂ ਥਾਂ ਥਾਂ ਵੰਡਣਾ
ਆਪਣੇ ਪਾਸ ਨ ਰਖਣਾ

(2)

### ਅਪ੍ਰਮਾਣਿਕ

ਹਰ ਰਾਤ ਗਲੀ ਵਿਚ
ਮੈਂ ਤੇ ਤਾਰੇ 'ਕੱਠੇ ਸੌਂਦੇ ਹਾਂ
ਇਕ ਦੂਜੇ ਦੇ ਨਿਸਤੇਜ
ਸੁਲਗਦੇ ਅੰਗਾਂ ਦੇ ਸਾਖੀ
ਇਕ ਦੂਜੇ ਦੀ ਨੀਂਦਰ ਵਿਚ ਵੀ
ਆਵਣ ਤੋਂ ਸੰਗਦੇ ਹਾਂ

ਹਰ ਸਵੇਰ ਜਦੋਂ ਮੈਨੂੰ
ਅਖਬਾਰੀ ਆਣ ਜਗਾਉਂਦਾ ਹੈ
ਮੈਂ ਖੂਬ ਸਮਝਦਾ ਹਾਂ
ਮੇਰੇ ਘਰ ਸੂਰਜ ਆਇਆ ਹੈ
ਸਭ ਤਾਰੇ ਗਏ ਬੁਹਾਰੇ
ਹੁਣ ਮੇਰੀ ਹੀ ਵਾਰੀ
ਤੇ, ਜਦੋਂ ਬੁਹਾਰੀ ਆਣ
ਖਰਖਰਾ ਏਸ ਗਲੀ ਦੀ
ਪਿੱਠ 'ਤੇ ਕਰਦੀ ਹੈ
ਮੈਂ ਖੂਬ ਸਮਝਦਾ ਹਾਂ
ਗਲੀ ਹੁਣ ਸਰਪਟ ਦੌੜੇਗੀ
ਮੈਂ ਉਠ ਬੈਠਾਂ
ਨਹੀਂ ਤਾਂ ਮੈਂ ਚੀਣਾ ਚੀਣਾ
ਹੋ ਕੇ ਡਿਗ-ਭੁਲ ਜਾਵਾਂਗਾ
ਯਾ ਕਿਸੇ ਨਜ਼ਰ ਦੇ
ਤੇਜ਼ ਤਿਮੂੰਹੇ ਕਾਂਟੇ ਵਿਚ ਵਿਝ ਜਾਵਾਂਗਾ
ਬੋਟੀ ਮਾਸ ਜਿਹਾ, ਨੰਗਾ, ਅਧ-ਕੱਚਾ
ਜਿਸ ਨੂੰ ਨਾ ਕੋਈ ਖਾਵੇਗਾ
ਨਾ ਤੇਜ਼ ਤਿਮੂੰਹੇ ਕਾਂਟੇ ਦੀ
ਸੂਲੀ ਤੋਂ ਹੇਠਾਂ ਲਾਹੇਗਾ

ਮੇਰਾ ਦਰਵਾਜ਼ਾ
ਇਕ ਉਬਾਸੀ ਵਾਂਗ ਖੁਲ੍ਹਦਾ ਹੈ
ਮੈਂ ਆਪਣਾ ਆਪ
ਹੂੰਝ ਗਲੀ 'ਚੋਂ ਅੰਦਰ ਸੁਟਦਾ ਹਾਂ
ਮੈਨੂੰ ਹੁੰਮਸ ਦਾ ਪਰਦਾ ਹੈ
ਮੈਂ ਸਦਾ ਪੂਰੇ ਵਿਚ ਨੰਗਾ ਹਾਂ

ਮੇਰੀ ਘਰ ਵਾਲੀ ਘਰ ਦਾ ਕੂੜਾ ਹੂੰਝ
ਗਲੀ ਵਿਚ ਬਾਹਰ ਸੁਟਦੀ ਹੈ
ਮੈਂ ਡਰਦਾ ਹਾਂ
ਮੇਰੀ ਘਰ ਵਾਲੀ ਮੈਨੂੰ ਕਿਤੇ ਨ ਵੇਖ ਲਏ।

## ਰਾਜਸਥਾਨੀ ਲੋਕ ਕਹਾਣੀਆਂ-8




ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਅਨੋਖਾ ਦਰਖਤ

*ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਅਨੋਖਾ ਦਰਖਤ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ*



ਇੱਕ ਸੀ ਗਰੀਬ ਵਿਧਵਾ ਮਾਂ, ਇੱਕ ਸੀ ਉਸ ਦਾ ਪੁੱਤਰ। ਸੁਹਣਾ, ਗੋਰਾ, ਗੋਲ-ਮਟੋਲ, ਮੋਟੀਆਂ ਮੋਟੀਆਂ ਅੱਖਾਂ, ਤਿੱਖਾ ਨੱਕ, ਮੋਤੀਆਂ ਵਰਗੇ ਦੰਦ, ਗੁਲਾਬੀ ਮਸੂੜੇ, ਲੰਮੀ ਗਰਦਨ, ਮਿੱਠੀ ਬੋਲੀ। ਸਿਰ ਉਪਰ ਕਾਲੇ ਸਿਆਹ ਮੁਲਾਇਮ ਵਾਲਾਂ ਦਾ ਜੂੜਾ। ਸਵੇਰੇ ਉਠਣ ਸਾਰ ਮਾਂ ਜ਼ਮੀਨ ਉਪਰ ਤਿੰਨ ਵਾਰ ਥੁੱਕਦੀ ਕਿ ਕਿਤੇ ਨਜ਼ਰ ਨਾ ਲੱਗ ਜਾਏ। ਕੱਜਲ ਦੀ ਡੱਬੀ ਕੱਢ ਕੇ ਕੰਨ ਉਪਰ ਕਾਲਾ ਟਿੱਕਾ ਲਾਉਂਦੀ। ਜਿਹੜੇ ਜਿਹੜੇ ਆਉਂਦੇ, ਹੋਰ ਵੀ ਟੂਣੇ ਟੋਟਕੇ ਕਰਦੀ।

ਇੱਕ ਦਿਨ ਮਾਂ ਨੇ ਵਰਤ ਰੱਖਿਆ। ਪੁੱਤਰ ਨੇ ਸੋਚਿਆ, ਵਰਤ ਕੋਈ ਚੰਗੀ ਚੀਜ਼ ਹੁੰਦੀ ਹੈ, ਮਾਂ ਦੀ ਦੇਖਾ-ਦੇਖੀ ਕਹਿੰਦਾ-ਮੈਂ ਵੀ ਵਰਤ ਰੱਖਣਾ ਹੈ। ਮਾਂ ਨੇ ਕਿਹਾ-ਨਹੀਂ ਮੇਰੇ ਲਾਡਲੇ, ਤੈਨੂੰ ਵਰਤ ਰੱਖਣ ਦੀ ਲੋੜ ਨਹੀਂ। ਤੂੰ ਅਜੇ ਨਿੱਕਾ ਹੈਂ, ਵਰਤ ਕਾਰਨ ਤੇਰਾ ਚਿਹਰਾ ਕੁਮਲਾ ਜਾਏਗਾ। ਪੁੱਤਰ ਨੇ ਪੁੱਛਿਆ-ਤੂੰ ਕਿਉਂ ਵਰਤ ਰੱਖਦੀ ਹੈ ਮਾਂ? ਤੂੰ ਤਾਂ ਮੈਥੋਂ ਵੀ ਕਿਤੇ ਵਧੀਕ ਪਤਲੀ ਹੈਂ, ਕਮਜ਼ੋਰ ਹੈਂ। ਪੁਚਕਾਰਦਿਆਂ ਮਾਂ ਨੇ ਕਿਹਾ-ਮੇਰਾ ਕੀ ਹੈ? ਮੈਂ ਤਾਂ ਬਚਿਆ ਖੁਚਿਆ ਖਾ ਲਿਆ ਕਰਦੀ ਹਾਂ। ਤੇਰੀ ਸ਼ਕਲ ਦੇਖ ਦੇਖ ਜਿਉਂਦੀ ਹਾਂ। ਇਹ ਜਨਮ ਤਾਂ ਵਿਗੜਿਆ ਸੋ ਵਿਗੜਿਆ, ਅਗਲਾ ਜਨਮ ਤਾਂ ਸੁਧਰੇ, ਉਸ ਪਾਸੇ ਧਿਆਨ ਹੈ ਮੇਰਾ।

ਪੁੱਤਰ ਨੇ ਕਿਹਾ-ਫਿਰ ਮੇਰਾ ਅਗਲਾ ਜਨਮ ਕਿਉਂ ਵਿਗੜੇ? ਮੈਂ ਵੀ ਸੁਧਾਰੂੰਗਾ। ਮਾਂ ਨੇ ਉਸ ਦੀਆਂ ਬਲਾਵਾਂ ਆਪਣੇ ਸਿਰ ਲੈਂਦਿਆਂ ਕਿਹਾ-ਪੁੱਤਰ, ਤੇਰਾ ਤਾਂ ਇਹ ਜਨਮ ਵੀ ਹਜ਼ਾਰ ਜਨਮਾਂ ਵਰਗਾ ਹੈ, ਤੈਨੂੰ ਅਗਲੇ ਜਨਮਾਂ ਦਾ ਫਿਕਰ ਕਰਨ ਦੀ ਲੋੜ ਨਹੀਂ।

ਮਾਂ ਜਾਣਦੀ ਸੀ, ਪੁੱਤਰ ਗੁਲਗੁਲੇ ਖਾਣ ਦਾ ਸ਼ੁਕੀਨ ਹੈ। ਵਰਤ ਦੀ ਜ਼ਿੱਦ ਭੁਲਾਉਣ ਲਈ ਕਹਿਣ ਲੱਗੀ-ਮੇਰਾ ਰਾਜਾ ਪੁੱਤਰ ਕਿੰਨਾ ਸਿਆਣਾ ਹੈ। ਵਰਤ ਦੀ ਗੱਲ ਛੱਡ, ਤੈਨੂੰ ਗੁਲਗੁਲੇ ਪਕਾ ਕੇ ਖੁਆਊਂਗੀ, ਏਨੇ ਸੁਆਦ, ਤੇਰਾ ਦਿਲ ਕਰੇਗਾ ਗੁਲਗੁਲਿਆਂ ਨਾਲ ਛੁਹਾਈਆਂ ਉਂਗਲੀਆਂ ਵੀ ਖਾ ਜਾਏਂ।

ਗੁਲਗੁਲਿਆਂ ਦੀ ਗੱਲ ਸੁਣਨ ਸਾਰ ਮੁੰਡਾ ਵਰਤ ਰੱਖਣਾ ਭੁੱਲ ਕੇ ਗੁਲਗੁਲਿਆਂ ਦੀ ਰਟ ਲਾਉਣ ਲੱਗਾ। ਮਾਂ ਨੇ ਛੋਟੀ ਪਰਾਤ ਵਿਚ ਗੁੜ ਘੋਲਿਆ, ਫਿਰ ਉਸ ਵਿਚ ਆਟਾ ਰਲਾਇਆ। ਚੁਲ੍ਹੇ ਉਪਰ ਕੜਾਹੀ ਵਿਚ ਤੋਤੇ ਦੇ ਖੰਭ ਰੰਗਾ ਤਿਲਾਂ ਦਾ ਤੇਲ ਕੜ੍ਹਨ ਲਈ ਰੱਖ ਦਿੱਤਾ। ਸੱਤ ਗੁਲਗੁਲੇ ਪਕਾਏ। ਪੁੱਤਰ ਨੂੰ ਤਾਂ ਜਿਵੇਂ ਖਜ਼ਾਨਾ ਮਿਲ ਗਿਆ ਹੋਵੇ। ਵਿਹੜੇ ਵਿਚ ਭੱਜਦਾ ਨੱਠਦਾ ਛੇ ਗੁਲਗੁਲੇ ਖਾ ਗਿਆ। ਇੱਕ ਗੁਲਗੁਲਾ ਜੇਬ ਵਿਚ ਪਾ ਕੇ ਸਿੱਧਾ ਪਿੰਡ ਦੇ ਬਾਹਰ ਤਲਾਬ ਉਪਰ ਗਿਆ। ਹੱਥਾਂ ਨਾਲ ਮਿੱਟੀ ਪੁੱਟੀ ਤੇ ਟੋਆ ਬਣਾ ਲਿਆ। ਫਿਰ ਉਸ ਵਿਚ ਉਂਜਲੀਆਂ ਨਾਲ ਪਾਣੀ ਪਾਇਆ। ਗੁਲਗੁਲੇ ਨੂੰ ਗਿੱਠ ਕੁ ਹੇਠਾਂ ਦੱਬ ਕੇ ਕਹਿੰਦਾ-ਗੁਲਗੁਲੇ ਓ ਗੁਲਗੁਲੇ, ਕੱਲ੍ਹ ਤੱਕ ਉਗ ਆਵੀਂ, ਨਹੀਂ ਤਾਂ ਪੁੱਟ ਕੇ ਸਾਵੀ ਗਾਂ ਨੂੰ ਖੁਆ ਦੂੰਗਾ।

ਗੁਲਗੁਲੇ ਨੇ ਮੁੰਡੇ ਦੀ ਗੱਲ ਟਾਲੀ ਨਹੀਂ, ਅਗਲੇ ਦਿਨ ਉਥੇ ਬੂਟਾ ਉਗਿਆ ਖਲੋਤਾ ਦਿਸਿਆ। ਮੁੰਡੇ ਨੇ ਫਿਰ ਉਂਜਲੀਆਂ ਭਰ ਭਰ ਪਾਣੀ ਦਿੱਤਾ ਤੇ ਕਿਹਾ-ਗੁਲਗੁਲੇ ਓ ਗੁਲਗੁਲੇ, ਕੱਲ੍ਹ ਤੱਕ ਟਾਹਣੀਆਂ ਨਿਕਲ ਆਉਣੀਆਂ ਚਾਹੀਦੀਆਂ ਨੇ; ਨਹੀਂ ਤਾਂ ਪੁੱਟ ਕੇ ਗਾਂ ਨੂੰ ਖੁਆ ਦਿਊਂਗਾ।

ਦੂਜੇ ਦਿਨ ਜਾ ਕੇ ਦੇਖਿਆ, ਕਮਾਲ! ਬੂਟਾ ਟਹਿਣੀਆਂ ਸਮੇਤ ਲਹਿਰਾ ਰਿਹਾ ਸੀ। ਮੁੰਡਾ ਬੜਾ ਖੁਸ਼। ਕਿਹਾ-ਗੁਲਗੁਲੇ ਓ ਗੁਲਗੁਲੇ, ਕੱਲ੍ਹ ਨੂੰ ਫੇਰ ਆ ਕੇ ਦੇਖੂੰਗਾ, ਤੇਰੇ ਫੁੱਲ ਲੱਗ ਜਾਣੇ ਚਾਹੀਦੇ ਨੇ। ਸਮਝਿਆ? ਫੁੱਲ ਨਾ ਲੱਗੇ ਤਾਂ ਮੈਂ ਪੁੱਟ ਕੇ ਗਾਂ ਨੂੰ ਖੁਆ ਦਿਊਂਗਾ। ਫੇਰ ਨਾ ਦੋਸ਼ ਦੇਈਂ।

ਅਗਲੇ ਦਿਨ ਗਿਆ, ਕੀ ਦੇਖਿਆ, ਗੁਲਗੁਲਾ ਫੁੱਲਾਂ ਨਾਲ ਲੱਦਿਆ ਖਲੋਤਾ ਝੂਮ ਰਿਹਾ ਸੀ। ਮੁੰਡੇ ਨੇ ਖੁਸ਼ੀ ਵਿਚ ਦੌੜਾਂ ਲਾਈਆਂ, ਛਾਲਾਂ ਮਾਰੀਆਂ, ਉਲਟਬਾਜ਼ੀਆਂ ਖਾਧੀਆਂ। ਦਰੱਖਤ ਉਪਰ ਕਈ ਵਾਰ ਚੜ੍ਹਿਆ, ਉਤਰਿਆ। ਉਂਜਲੇ ਭਰ ਭਰ ਪਾਣੀ ਸਿੰਜਿਆ। ਫਿਰ ਘਰ ਜਾਣ ਤੋਂ ਪਹਿਲਾਂ ਕਿਹਾ-ਗੁਲਗੁਲੇ ਓ ਗੁਲਗੁਲੇ, ਤੇਰੀ ਪੂਰੀ ਸੇਵਾ ਕੀਤੀ। ਕੱਲ੍ਹ ਨੂੰ ਤੇਰੇ ਫਲ ਲੱਗਣੇ ਚਾਹੀਦੇ ਨੇ, ਗੁਲਗੁਲੇ ਨਾਲ ਗੁਲਗੁਲਾ ਜੁੜਿਆ ਹੋਵੇ, ਗੁਲਗੁਲਿਆਂ ਦੇ ਗੁੱਛੇ। ਸਮਝਿਆ? ਜੇ ਨਾ ਲੱਗੇ, ਟੋਟੇ ਕਰ ਕੇ ਮੈ ਤੈਨੂੰ ਗਾਂ ਅੱਗੇ ਖਾਣ ਵਾਸਤੇ ਸੁੱਟ ਦਿਆਂਗਾ।

ਸਾਰੀ ਰਾਤ ਮੁੰਡੇ ਨੂੰ ਨੀਂਦ ਨਾ ਆਈ। ਪੂਰਨਮਾਸ਼ੀ ਸੀ। ਉਸ ਨੇ ਤਾਂ ਦਿਨ ਚੜ੍ਹਨ ਦੀ ਉਡੀਕ ਵੀ ਨਾ ਕੀਤੀ। ਅੱਧੀ ਰਾਤ ਤਲਾਬ ਵੱਲ ਤੁਰ ਪਿਆ। ਮਾਂ ਵਾਰ-ਵਾਰ ਪੁੱਛਦੀ-ਕਿੱਧਰ ਚੱਲਿਐਂ? ਕੁਝ ਨਹੀਂ ਦੱਸਿਆ। ਬਸ ਏਨਾ ਕਿਹਾ-ਸਬਰ ਰੱਖ ਮਾਂ, ਤੈਨੂੰ ਆਪੇ ਪਤਾ ਲੱਗ ਜਾਊਗਾ।

ਦੂਰੋਂ ਹੀ ਗੁਲਗੁਲਿਆਂ ਦੀ ਖੁਸ਼ਬੂ ਆ ਗਈ, ਜਿਵੇਂ ਗੋਕੇ ਘਿਉ ਵਿਚ ਤਲੇ ਹੋਏ ਹੋਣ! ਗੁਲਗੁਲਿਆਂ ਦੇ ਗੁੱਛਿਆਂ ਦੇ ਗੁੱਛੇ। ਮੂੰਹ ਵਿਚ ਪਾਣੀ ਭਰ ਆਇਆ। ਚਾਨਣੀ ਰਾਤ ਵਿਚ ਚਮਕ ਰਹੇ! ਤਲਾਬ ਵੀ ਹਜ਼ਾਰ ਗੁਣਾਂ ਸੁਹਣਾ ਹੋ ਗਿਆ। ਇੰਨੀ ਦੇਰ ਤੱਕ ਮੂੰਹ ਉਪਰ ਚੁੱਕੀ ਦੇਖਦਾ ਰਿਹਾ ਕਿ ਮੁੰਡੇ ਦੀ ਗਰਦਨ ਦੁਖਣ ਲੱਗ ਪਈ, ਜਿਵੇਂ ਹੈਰਾਨੀ ਨਾਲ ਕਮਲਾ ਹੋ ਗਿਆ ਹੋਵੇ।

ਸਵੇਰੇ ਸੂਰਜ ਨਿਕਲਿਆ, ਕਿਰਨਾਂ ਨਾਲ ਗੁਲਗੁਲੇ ਸੁਨਹਿਰੀ ਹੋ ਗਏ। ਮੁੰਡੇ ਤੋਂ ਹੁਣ ਨਹੀਂ ਰਿਹਾ ਗਿਆ। ਪਲ ਭਰ ਦੀ ਢਿੱਲ ਨਹੀਂ ਦਿਖਾਈ। ਦਰਖਤ 'ਤੇ ਚੜ੍ਹ ਗਿਆ। ਦੋਵੇਂ ਹੱਥਾਂ ਨਾਲ ਤੋੜ ਤੋੜ ਗੁਲਗੁਲੇ ਖਾਣ ਲੱਗਾ; ਜਿਵੇਂ ਮੱਖਣ ਤੇ ਮਿਸਰੀ ਦੀਆਂ ਡਲੀਆਂ ਹੋਣ! ਦੰਦਾਂ ਨਾਲ ਚਬਾਣ ਦੀ ਕੀ ਲੋੜ? ਏਨੇ ਤਾਂ ਪੋਲੇ ਨੇ। ਇਸੇ ਤਰ੍ਹਾਂ ਨਿਗਲਦਾ ਗਿਆ। ਮਾਂ ਨੇ ਤਾਂ ਇਹੋ ਜਿਹੇ ਗੁਲਗੁਲੇ ਕਦੀ ਬਣਾਏ ਈ ਨੀ ਸੀ। ਇੱਕ ਕਮਾਲ ਹੋਰ ਹੋਈ। ਜਿਥੋਂ ਗੁਲਗੁਲਾ ਤੋੜਦਾ, ਉਸੇ ਵਕਤ ਉਥੇ ਉਸ ਦੀ ਥਾਂ ਹੋਰ ਲੱਗ ਜਾਂਦਾ। ਜਿੰਨੇ ਗੁਲਗੁਲੇ ਚਾਰ ਮੁਸ਼ਟੰਡੇ ਖਾ ਸਕਦੇ ਸਨ, ਇੰਨੇ ਉਹ ਇਕੱਲਾ ਖਾ ਗਿਆ। ਉਸ ਨੂੰ ਲੱਗਾ, ਉਸ ਵਰਗੀ ਕਿਸਮਤ ਹੋਰ ਕਿਸੇ ਦੀ ਨਹੀਂ।

ਢਿੱਡ ਭਰ ਗਿਆ, ਡਕਾਰਾਂ ਲਈਆਂ। ਦੇਖਿਆ, ਦਰਖਤ ਹੇਠ ਦੀ ਦੋ ਔਰਤਾਂ ਲੰਘੀਆਂ-ਇੱਕ ਬੁੱਢੀ, ਦੂਜੀ ਉਸ ਦੀ ਧੀ। ਮਾਂ ਬਹੁਤ ਬਿਰਧ ਸੀ, ਧੀ ਗੁਲਗੁਲੇ ਦੇ ਦਰਖਤ ਉਪਰ ਚੜ੍ਹੇ ਮੁੰਡੇ ਦੀ ਹਮਉਮਰ। ਪਤਲੀ, ਗੋਰੀ, ਚੁਸਤ, ਸੁਹਣੀ। ਬੁੱਢੀ ਕੁੱਬੀ ਸੀ। ਹੱਥ ਵਿਚ ਸੋਟੀ। ਲੱਕ ਰਤਾ ਕੁ ਸਿੱਧਾ ਕਰ ਕੇ, ਅੱਖਾਂ ਉਪਰ ਹੱਥ ਦਾ ਛੱਜਾ ਬਣਾ ਕੇ ਬੁੱਢੀ ਨੇ ਮੁੰਡੇ ਨੂੰ ਕਿਹਾ-ਪੁੱਤਰ, ਇਹ ਕਿਹੜਾ ਰੁੱਖ ਹੈ? ਸਵਾ ਸੌ ਸਾਲ ਉਮਰ ਹੋ ਗਈ ਐ ਮੇਰੀ, ਬੜੇ ਦੇਸ ਦੇਖੇ, ਇਹੋ ਜਿਹਾ ਰੁੱਖ ਨਾ ਕਦੀ ਅੱਖੀਂ ਦੇਖਿਆ, ਨਾ ਕੰਨੀਂ ਸੁਣਿਆ।

ਦਰਖਤ ਦੇ ਟਾਹਣੇ 'ਤੇ ਬੈਠਾ ਪੈਰ ਹਿਲਾਉਂਦਾ ਮੁੰਡਾ ਕਹਿਣ ਲੱਗਾ-ਅੰਮਾ, ਤੂੰ ਅਜੇ ਤੱਕ ਦੇਖਿਆ ਹੀ ਕੀ ਹੈ? ਇਹ ਹੈ ਗੁਲਗੁਲਿਆਂ ਦਾ ਦਰਖਤ। ਮੇਰੇ ਹੱਥੀਂ ਬੀਜਿਆ, ਮੇਰੇ ਹੱਥੀਂ ਸਿੰਜਿਆ। ਬੁੱਢੀ ਬੋਲੀ-ਵਾਹ ਓ ਛੋਕਰੇ, ਮਜ਼ਾਕ ਕਰਨ ਵਾਸਤੇ ਇਹ ਬੁੱਢੀ ਹੀ ਮਿਲੀ ਤੈਨੂੰ? ਕਦੀ ਗੁਲਗੁਲਿਆਂ ਦਾ ਵੀ ਦਰਖਤ ਹੁੰਦੈ? ਉਮਰ ਤੋਂ ਪਹਿਲਾਂ ਹੀ ਤੇਰੀ ਅਕਲ ਕਿਤੇ ਜਵਾਬ ਤਾਂ ਨਹੀਂ ਦੇ ਗਈ? ਮੁੰਡੇ ਨੇ ਕਿਹਾ-ਦਿਸ ਨਹੀਂ ਰਿਹਾ? ਅਣਗਿਣਤ ਗੁਲਗੁਲੇ ਤਾਂ ਲਟਕ ਰਹੇ ਨੇ। ਬੁੱਢੀ ਬੋਲੀ-ਉਮਰ ਸਦਕਾ ਠੀਕ ਦਿਸਦਾ ਵੀ ਤਾਂ ਨਹੀਂ, ਦਿਸੇ ਨਹੀਂ ਤਾਂ ਹੀ ਤੈਨੂੰ ਪੁੱਛਿਐ। ਵਿਚੋਂ ਟੋਕ ਕੇ ਮੁੰਡੇ ਨੇ ਕਿਹਾ-ਤੈਨੂੰ ਨਹੀਂ ਦਿਸਦਾ ਨਾ ਸਹੀ, ਆਪਣੀ ਧੀ ਨੂੰ ਪੁੱਛ ਲੈ। ਇਸ ਦੀਆਂ ਅੱਖਾਂ ਤਾਂ ਇੱਲ ਦੇ ਆਂਡੇ ਜਿਡੀਆਂ ਜਿਡੀਆਂ ਨੇ!

ਬੁੱਢੀ ਨੇ ਕੁੜੀ ਨੂੰ ਪੁੱਛਿਆ, ਕੁੜੀ ਨੇ ਕਿਹਾ-ਲਗਦੇ ਤਾਂ ਗੁਲਗੁਲਿਆਂ ਵਰਗੇ ਫਲ ਈ ਨੇ। ਮੂੰਹ ਵਿਚ ਭਰ ਆਏ ਪਾਣੀ ਨੂੰ ਅੰਦਰ ਨਿਗਲਦੀ ਹੋਈ ਬੁੱਢੀ ਨੇ ਕਿਹਾ-ਪੁੱਤਰ, ਰਾਮ ਤੇਰੀ ਹਜਾਰੀਂ ਉਮਰ ਕਰੇ। ਸਾਨੂੰ ਵੀ ਦੇ ਦੇ ਥੋੜ੍ਹੇ ਕੁ ਗੁਲਗੁਲੇ। ਇਕੱਲਾ ਖਾ ਖਾ ਕੇ ਕਿਹੜਾ ਤੂੰ ਅਮਰ ਹੋ ਜਾਏਂਗਾ? ਮੁੰਡਾ ਖੁਸ਼ੀ ਅਤੇ ਮਸਤੀ ਵਿਚ ਸੀ, ਬੋਲਿਆ-ਦਰਖਤ 'ਤੇ ਲਟਕਦੇ ਗੁਲਗੁਲਿਆਂ ਦੀ ਕੀ ਗਿਣਤੀ? ਤੂੰ ਜਿੰਨੇ ਕਹੇਂ, ਤੋੜ ਕੇ ਦੇ ਦਿੰਨਾ। ਨਾਲੇ ਇਹ ਕਿਹੜਾ ਘਟਦੇ ਨੇ? ਜਿੰਨੇ ਤੋੜੋ, ਉਨੇ ਹੋਰ ਲੱਗ ਜਾਂਦੇ ਨੇ।

ਬੁੱਢੀ ਨੇ ਸਿਰ ਉਪਰ ਟੋਕਰਾ ਚੁੱਕਿਆ ਹੋਇਆ ਸੀ। ਸੂਲਾਂ ਨਾਲ ਭਰਿਆ ਹੋਇਆ। ਮੁੰਡੇ ਨੇ ਕਿਹਾ-ਮੇਰੇ ਠੀਕ ਹੇਠਾਂ ਇਹ ਟੋਕਰਾ ਰੱਖ ਦੇ, ਮੈਂ ਗੁਲਗੁਲਿਆਂ ਨਾਲ ਹੁਣੇ ਭਰ ਦਿੰਨਾ। ਬੁੱਢੀ ਨਾਂਹ ਵਿਚ ਟਚਕਾਰੀ ਮਾਰਦੀ ਬੋਲੀ-ਨਹੀਂ ਪੁੱਤਰ, ਟੋਕਰਾ ਸੂਲਾਂ ਨਾਲ ਭਰਿਆ ਹੋਇਆ ਹੈ। ਡਿੱਗਣ ਸਾਰ ਗੁਲਗੁਲੇ ਫੁੱਟ ਜਾਣਗੇ।

ਮੁੰਡੇ ਨੇ ਕਿਹਾ-ਫੇਰ ਕੋਈ ਬੋਰੀ ਲੈ ਆ।

ਭਲਾ ਮੇਰੇ ਕੋਲ ਬੋਰੀ ਕਿੱਥੇ?

ਤਾਂ ਆਪਣੇ ਦੁਪੱਟੇ ਦਾ ਪੱਲਾ ਕਰ।

ਦੁਪੱਟਾ ਥਿੰਦਾ ਹੋ ਜਾਏਗਾ ਪੁੱਤਰ।

ਗੁਲਗੁਲਾ ਤੋੜਦਿਆਂ ਮੁੰਡੇ ਨੇ ਕਿਹਾ-ਚੱਲ ਇਉਂ ਕਰ, ਹੇਠਾਂ ਹੱਥ ਫੈਲਾ ਦੇ। ਮੇਰਾ ਨਿਸ਼ਾਨਾ ਪੱਕਾ ਹੈ, ਸਿੱਧਾ ਹੱਥ ਵਿਚ ਆਏਗਾ। ਬੁੱਢੀ ਨੇ ਕਿਹਾ-ਪੁੱਤਰ, ਬਹੁਤ ਗਰਮ ਲਗਦੇ ਨੇ ਗੁਲਗੁਲੇ। ਹੱਥ ਜਲ ਜਾਣਗੇ। ਮੁੰਡੇ ਨੇ ਕਿਹਾ-ਫੇਰ ਮੇਰੇ ਕੀ ਵਸ। ਤੂੰ ਇਨਕਾਰ ਹੀ ਕਰੀ ਜਾਨੀ ਐਂ। ਹੋਰ ਰਸਤਾ ਦਸਦੀ ਨਹੀਂ ਕੋਈ।

ਕਾਲੇ ਕਾਲੇ ਦੰਦਾਂ 'ਤੇ ਜੀਭ ਫੇਰਦਿਆਂ ਬੁੱਢੀ ਬੋਲੀ-ਪੁੱਤਰ ਦੰਦ ਨਾਸ਼ੁਕਰੇ ਹੋ ਸਕਦੇ ਨੇ, ਆਂਦਰਾਂ ਨਾਸ਼ੁਕਰੀਆਂ ਨਹੀਂ ਹੁੰਦੀਆਂ। ਮਰਨ ਬਾਅਦ ਵੀ ਮੇਰੀਆਂ ਆਂਦਰਾਂ ਤੇਰੇ ਗੁਣ ਗਾਇਆ ਕਰਨਗੀਆਂ। ਆਪਣੇ ਸਾਫੇ ਦੇ ਪੱਲੇ ਵਿਚ ਬੰਨ੍ਹ ਕੇ ਹੇਠਾਂ ਲਟਕਾ ਦੇ। ਰੱਬ ਤੇਰਾ ਭਲਾ ਕਰੇ!

ਸੁਣਦਿਆਂ ਹੀ ਮੁੰਡਾ ਮੰਨ ਗਿਆ। ਗੁਲਗੁਲੇ ਦੇ ਦਰਖਤ ਉਪਰ ਬੈਠਾ ਕਿਸੇ ਬਾਦਸ਼ਾਹ ਤੋਂ ਕੀ ਘੱਟ? ਪੱਗ ਦੇ ਪੱਲੇ ਵਿਚ ਜਿੰਨੇ ਆ ਸਕਦੇ ਸਨ, ਬੰਨ੍ਹ ਕੇ ਗੁਲਗੁਲੇ ਹੇਠ ਲਟਕਾ ਦਿੱਤੇ। ਦੂਜਾ ਪੱਲਾ ਮਜ਼ਬੂਤੀ ਨਾਲ ਫੜੀ ਰੱਖਿਆ। ਬੁੱਢੀ ਨੇ ਗੁਲਗੁਲਿਆਂ ਵਾਲਾ ਸਿਰਾ ਫੜਦਿਆਂ ਹੀ ਪੱਗ ਨੂੰ ਹੇਠਾਂ ਵੱਲ ਝਟਕਾ ਮਾਰਿਆ ਤੇ ਅਚਾਨਕ ਮੁੰਡਾ ਵੀ ਹੇਠ ਆ ਡਿੱਗਿਆ। ਹੋਸ਼ ਆਉਣ ਤੋਂ ਪਹਿਲੋਂ ਮੁੰਡੇ ਨੂੰ ਟੋਕਰੇ ਵਿਚ ਸੁੱਟ ਕੇ ਬੰਨ੍ਹ ਲਿਆ ਅਤੇ ਸਿਰ 'ਤੇ ਟੋਕਰਾ ਚੁੱਕ ਕੇ ਮਾਂ ਧੀ ਤੁਰ ਪਈਆਂ। ਹੋਸ਼ ਆਈ ਤਾਂ ਮੁੰਡਾ ਚੀਕਾਂ ਮਾਰਨ ਲੱਗਾ। ਸੂਲਾਂ ਵਿੰਨ੍ਹ ਰਹੀਆਂ ਸਨ। ਬੜੇ ਵਾਸਤੇ ਪਾਏ ਪਰ ਬੁੱਢੀ ਨੇ ਇੱਕ ਨਾ ਸੁਣੀ। ਦੰਦ ਪੀਂਹਦੀ ਬੋਲੀ-ਚੁੱਪ ਕਰੇਂਗਾ ਕਿ ਕੱਚੇ ਨੂੰ ਚੱਬ ਜਾਵਾਂ? ਪਤੈ ਕੌਣ ਆਂ ਮੈਂ? ਡੈਣ ਆਂ ਡੈਣ।

ਮੁੰਡੇ ਨੇ ਰੋਣਾ ਬੰਦ ਕਰ ਕੇ ਕਿਹਾ-ਤੂੰ ਆਖਦੀ ਸੀ ਦੰਦ ਨਾਸ਼ੁਕਰੇ ਹੋ ਸਕਦੇ ਨੇ, ਆਂਦਰਾਂ ਨਹੀਂ। ਤੈਨੂੰ ਗੁਲਗੁਲੇ ਦਿੱਤੇ, ਹੁਣ ਇਹ ਉਪਕਾਰ ਕਰ ਰਹੀ ਹੈਂ?

ਬੁੱਢੀ ਬੋਲੀ-ਤੂੰ ਘੱਟ ਚੰਡਾਲ ਨਹੀਂ। ਤੇਰੇ ਗੁਲਗੁਲੇ ਨੂੰ ਤਾਂ ਅਜੇ ਦੰਦ ਨਾਲ ਛੂਹਿਆ ਵੀ ਨਹੀਂ, ਫਿਰ ਪੇਟ ਦੀ ਆਂਦਰ ਕਿਵੇਂ ਸ਼ੁਕਰਗੁਜ਼ਾਰ ਹੋਵੇ? ਨਾਲੇ ਇਹ ਦਰਖਤ ਤੇਰੇ ਪਿਉ ਦਾ ਤਾਂ ਨਹੀਂ। ਜਿੰਨੇ ਗੁਲਗੁਲੇ ਚਾਹੂੰਗੀ ਖਾਊਂਗੀ, ਤੂੰ ਕਿਵੇਂ ਰੋਕ ਸਕਦੈਂ? ਮੁੰਡਾ ਸਮਝ ਗਿਆ ਕਿ ਇਸ ਨਾਲ ਗੱਲਾਂ ਕਰਨਾ ਥੁੱਕ ਸੁੱਟਣ ਵਾਂਗ ਬੇਕਾਰ ਹੈ। ਮੌਕੇ 'ਤੇ ਆਪੇ ਕੋਈ ਨਾ ਕੋਈ ਬਚਾਓ ਦਾ ਤਰੀਕਾ ਨਿਕਲ ਆਊਗਾ। ਮੁੰਡੇ ਨੇ ਕਿਹਾ-ਮੈਨੂੰ ਖਾਣ ਨਾਲ ਤੇਰੀਆਂ ਆਂਦਰਾਂ ਖੁਸ਼ ਹੁੰਦੀਆਂ ਨੇ ਤਾਂ ਫੇਰ ਠੀਕ। ਮਰਨ ਪਿੱਛੋਂ ਅੱਗ ਵਿਚ ਜਲ ਜਾਣ ਨਾਲੋਂ ਤਾਂ ਚੰਗੈ, ਬੰਦੇ ਦਾ ਮਾਸ ਕਿਸੇ ਦੀ ਭੁੱਖ ਮਿਟਾ ਸਕੇ। ਮੈਨੂੰ ਤਾਂ ਗੁਰੂ ਮਹਾਰਾਜ ਨੇ ਇਹੀ ਸਿੱਖਿਆ ਦਿੱਤੀ ਹੈ।

ਮੁੰਡੇ ਦੀਆਂ ਗੱਲਾਂ ਬੁੱਢੀ ਨੂੰ ਚੰਗੀਆਂ ਲੱਗੀਆਂ ਤੇ ਉਹ ਕਾਫੀ ਹੱਦ ਤੱਕ ਬੇਫਿਕਰ ਹੋ ਗਈ। ਖੁਸ਼ ਹੋ ਕੇ ਬੋਲੀ-ਬੜੇ ਵਧੀਆ ਗੁਰੂ ਮਿਲੇ ਤੈਨੂੰ, ਵਧੀਆ ਸਿੱਖਿਆ ਦਿੱਤੀ।

ਮੁੰਡੇ ਦੀ ਨਿਡਰਤਾ ਤੋਂ ਵੀ ਖੁਸ਼ ਹੋਈ। ਨਿਡਰ ਮੁੰਡਿਆਂ ਦਾ ਮਾਸ ਬੜਾ ਜ਼ਾਇਕੇਦਾਰ ਹੁੰਦੈ। ਡਰਪੋਕ ਤਾਂ ਫਿੱਕੇ, ਬੇਸੁਆਦੇ ਹੁੰਦੇ। ਮਾਂ ਧੀ ਕਈ ਮਹੀਨਿਆਂ ਬਾਅਦ ਅੱਜ ਮਨੁੱਖੀ ਮਾਸ ਦਾ ਜ਼ਾਇਕਾ ਲੈਣਗੀਆਂ। ਮਾਂ ਧੀ ਦੀਆਂ ਗੱਲਾਂ ਸੁਣਦਿਆਂ ਸੂਲਾਂ ਉਪਰ ਲੇਟੇ ਮੁੰਡੇ ਨੂੰ ਪਤਾ ਲੱਗ ਗਿਆ ਕਿ ਉਹ ਕਿਸੇ ਤਲਾਬ ਨੇੜਿਉਂ ਲੰਘ ਰਹੀਆਂ ਹਨ। ਉਸ ਨੇ ਨਿਮਰਤਾ ਨਾਲ ਕਿਹਾ-ਡੈਣ ਮਾਂ, ਬੜੀ ਪਿਆਸ ਲੱਗੀ ਹੈ, ਖੂਨ ਸੁੱਕ ਗਿਆ ਹੈ, ਪਾਣੀ ਪਿਲਾ ਦੇ।

ਡੈਣ ਆਪਣੀ ਧੀ ਨੂੰ ਕਹਿੰਦੀ-ਚੰਗਾ ਹੋਇਆ ਇੱਥੇ ਹੀ ਪਾਣੀ ਮੰਗ ਲਿਆ, ਅੱਗੇ ਜਾ ਕੇ ਮੰਗ ਲੈਂਦਾ, ਆਪਾਂ ਨੂੰ ਵਾਪਸ ਆਉਣਾ ਪੈਂਦਾ। ਤਲਾਬ ਕਿਨਾਰੇ ਟੋਕਰਾ ਉਤਾਰਦੀ ਬੋਲੀ-ਪੀ ਲੈ, ਰੱਜ ਕੇ ਪਾਣੀ ਪੀ। ਇਹੋ ਜਿਹਾ ਨਿਰਮਲ ਤੇ ਠੰਢਾ ਪਾਣੀ ਤੂੰ ਕਦੀ ਨੀ ਪੀਤਾ ਹੋਣਾ। ਮੁੰਡੇ ਨੇ ਕਿਹਾ-ਸੂਲਾਂ ਵਿਚੋਂ ਉਠਾਂ ਕਿਵੇਂ? ਤੂੰ ਹੀ ਲਿਆ ਕੇ ਪਿਲਾ ਦੇ। ਜ਼ਮੀਨ 'ਤੇ ਸੋਟੀ ਮਾਰ ਕੇ, ਪੈਰ ਪਟਕ ਕੇ ਬੁੱਢੀ ਬੋਲੀ-ਬਦਮਾਸ਼ ਸਾਡੇ ਉਪਰ ਹੀ ਹੁਕਮ ਚਲਾ ਰਿਹੈਂ? ਉਠ ਕੇ ਆਪਣੇ ਆਪ ਹੀ ਪੀ ਆ, ਨਹੀਂ ਤੇਰੀ ਮਰਜ਼ੀ। ਸਾਡੇ ਵੱਲ ਦੇਖਦਾ ਦੇਖਦਾ ਪਿਆਸਾ ਮਰ ਜਾਏਂਗਾ।

ਡੈਣ ਤੇ ਧੀ ਨੇ ਹੱਥ ਫੜ ਕੇ ਖੜ੍ਹਾ ਕੀਤਾ। ਥਾਂ ਥਾਂ ਸੂਲਾਂ ਚੁਭੀਆਂ ਹੋਈਆਂ ਪਰ ਮੁੰਡੇ ਨੇ ਸੀ ਨਹੀਂ ਕੀਤੀ। ਟੋਭੇ ਅੰਦਰ ਪਾਣੀ ਪੀਣ ਵੜ ਗਿਆ ਤਾਂ ਅੰਦਰ ਹੀ ਅੰਦਰ ਤੁਰਦਾ ਗਿਆ। ਗਲ ਤੱਕ ਪਾਣੀ ਆ ਗਿਆ, ਡੁਬਕੀ ਮਾਰੀ, ਅੱਖੋਂ ਓਹਲੇ ਹੋ ਗਿਆ। ਧੀ ਨੇ ਮਾਂ ਕੋਲ ਸ਼ਿਕਾਇਤ ਕੀਤੀ ਤਾਂ ਬੁੱਢੀ ਗੱਜੀ-ਓ ਗੁਲਗੁਲਿਆਂ ਵਾਲੇ ਛੋਕਰੇ, ਆਖਾ ਮੰਨ ਕੇ ਵਾਪਸ ਆ ਜਾ, ਨਹੀਂ ਬੁਰੀ ਕਰਾਂਗੇ ਅਸੀਂ।

ਬੁੱਢੀ ਚੀਕਦੀ ਰਹੀ, ਉਹ ਤਲਾਬ ਦੇ ਪਰਲੇ ਕਿਨਾਰੇ ਨਿਕਲ ਕੇ ਦੌੜ ਪਿਆ। ਤਲਾਬ ਕਿਹੜਾ ਛੋਟਾ ਜਿਹਾ ਸੀ! ਦੂਰ ਦੂਰ ਤੱਕ ਫੈਲਿਆ ਹੋਇਆ। ਬੁੱਢੀ ਵਾਜਾਂ ਮਾਰਦੀ ਰਹੀ, ਉਹ ਦੌੜਦਾ ਗਿਆ ਤੇ ਗੁਲਗੁਲੇ ਦੇ ਦਰਖਤ ਕੋਲ ਪਹੁੰਚ ਗਿਆ। ਚੜ੍ਹ ਕੇ ਫਿਰ ਗੁਲਗੁਲੇ ਖਾਣ ਲੱਗਾ।

ਡੈਣ ਨੇ ਸੁੰਘ ਕੇ ਪਤਾ ਕਰ ਲਿਆ ਕਿ ਮੁੰਡਾ ਦਰਖਤ 'ਤੇ ਬੈਠਾ ਗੁਲਗੁਲੇ ਖਾ ਰਿਹੈ ਮੌਜ ਨਾਲ। ਧੀ ਨੂੰ ਘਰ ਭੇਜ ਕੇ ਆਪ ਭੇਸ ਬਦਲ ਕੇ ਉਸੇ ਦਰਖਤ ਹੇਠ ਜਾ ਖਲੋਤੀ। ਬੁਢਾਪਾ ਅਤੇ ਕੁੱਬ ਤਾਂ ਓਵੇਂ ਜਿਵੇਂ ਸਨ ਪਰ ਸ਼ਕਲ ਬਦਲ ਲਈ, ਬੋਲੀ ਬਦਲ ਲਈ। ਕਿਹਾ-ਪੁੱਤਰ, ਇਹ ਕੋਈ ਨਵਾਂ ਰੁੱਖ ਹੈ? ਮੈਂ ਤਾਂ ਕਦੀ ਇਹੋ ਜਿਹਾ ਰੁੱਖ ਦੇਖਿਆ ਨਹੀਂ ਅੱਜ ਤੱਕ!

ਮੁੰਡਾ ਕੜਕ ਕੇ ਬੋਲਿਆ-ਅੱਖਾਂ ਫੁੱਟੀਆਂ ਹੋਈਆਂ ਨੇ? ਦਿਸਦਾ ਨੀ ਇਹ ਗੁਲਗੁਲਿਆਂ ਦਾ ਦਰਖਤ ਹੈ? ਬੁੱਢੀ ਬੋਲੀ-ਅੱਖਾਂ ਤੋਂ ਦਿਸਦਾ ਹੁੰਦਾ, ਫੇਰ ਵੀ ਕੀ ਫਰਕ? ਗੁਲਗੁਲਿਆਂ ਦਾ ਦਰਖਤ ਤਾਂ ਰੱਬ ਨੇ ਵੀ ਨੀ ਦੇਖਿਆ ਹੋਣਾ। ਦੋ ਚਾਰ ਖੁਆ ਈ ਦੇ, ਭੁੱਖ ਲੱਗੀ ਹੈ, ਪੁੰਨ ਹੋਊਗਾ।

ਗੁੱਸੇ ਵਿਚ ਮੁੰਡਾ ਬੋਲਿਆ-ਸ਼ੈਤਾਨ ਡੈਣ, ਤੇਰਾ ਮੂੰਹ ਕਾਲਾ, ਦਫਾ ਹੋ ਜਾ। ਹੁਣ ਤੇਰੀਆਂ ਗੱਲਾਂ ਵਿਚ ਨੀ ਆਉਣਾ ਮੈਂ। ਮੇਰਾ ਮਾਸ ਖਾਣ ਦੀ ਥਾਂ ਲੱਕੜਾਂ ਖਾ ਲੈ। ਅਨਜਾਣ ਬਣ ਕੇ ਬੁੱਢੀ ਨੇ ਕੰਨਾਂ ਵਿਚ ਉਂਗਲਾਂ ਦੇ ਲਈਆਂ, ਕਹਿਣ ਲੱਗੀ-ਰਾਮ, ਰਾਮ, ਇਹ ਕੀ ਕਹਿ ਰਿਹੈਂ ਪੁੱਤਰ? ਇਸ ਤਲਾਬ ਕਿਨਾਰੇ ਮੈਂ ਤਾਂ ਅੱਜ ਪਹਿਲੀ ਵਾਰ ਆਈ ਹਾਂ। ਮੇਰੀ ਬੱਕਰੀ ਨੀ ਲੱਭਦੀ, ਤਾਂ ਆ ਗਈ। ਤੂੰ ਕਹਿਨੈ ਤਾਂ ਵਾਪਸ ਚਲੀ ਜਾਨੀ ਆਂ ਪਰ ਇਉਂ ਦੁਰਬਚਨ ਤਾਂ ਨਾ ਬੋਲ!

ਮੁੰਡੇ ਨੇ ਟਿਕਟਿਕੀ ਲਾ ਕੇ ਧਿਆਨ ਨਾਲ ਦੇਖਿਆ। ਮੋਢੇ ਨਾਲ ਪਾਣੀ ਦਾ ਭਰਿਆ ਕਸੋਰਾ ਲਟਕ ਰਿਹਾ ਸੀ। ਸ਼ਕਲ ਵੀ ਹੋਰ ਸੀ ਕੋਈ। ਕੁੱਬੀਆਂ ਬੁੱਢੀਆਂ ਤਾਂ ਬਹੁਤ ਨੇ। ਰਤਾ ਧੀਮੀ ਆਵਾਜ਼ ਵਿਚ ਬੋਲਿਆ-ਇੱਕ ਡੈਣ ਆਈ ਸੀ ਇੱਥੇ ਪਹਿਲਾਂ। ਤੇਰੇ ਵਰਗੀ ਸੀ।

ਮੁਸਕਰਾ ਕੇ ਬੁੱਢੀ ਬੋਲੀ-ਪੁੱਤਰ ਤੂੰ ਤਾਂ ਬਿਲਕੁਲ ਨਿੱਕੇ ਬੱਚਿਆਂ ਵਾਂਗ ਗੱਲਾਂ ਕਰ ਰਿਹੈਂ। ਮੇਰੀਆਂ ਸਾਰੀਆਂ ਭੇਡਾਂ ਇਕੋ ਜਿਹੀਆਂ ਲਗਦੀਆਂ ਨੇ ਪਰ ਹੈਨ ਤਾਂ ਸਭ ਵੱਖੋ ਵੱਖ! ਗਾਲਾਂ ਕਿਉਂ ਕਢਦੈਂ, ਨਹੀਂ ਦੇਣੇ ਗੁਲਗੁਲੇ ਨਾ ਸਹੀ, ਮੈਂ ਚਲੀ ਜਾਨੀ ਆਂ। ਬੱਕਰੀ ਨਾ ਲੱਭੀ ਨਾ ਸਹੀ। ਇਹ ਕਹਿ ਕੇ ਬੁੱਢੀ ਸੋਟੀ ਨਾਲ ਠੱਕ ਠੱਕ ਕਰਦੀ ਤੁਰ ਪਈ। ਮੁੰਡੇ ਨੂੰ ਯਕੀਨ ਹੋ ਗਿਆ, ਇਹ ਪਹਿਲਾਂ ਵਾਲੀ ਡੈਣ ਨਹੀਂ। ਵਾਜ ਮਾਰੀ-ਦਾਦੀ ਅੰਮਾ, ਜਾਹ ਨਾ। ਇੱਥੇ ਗੁਲਗੁਲਿਆਂ ਦਾ ਕੀ ਘਾਟਾ? ਜਿੰਨੇ ਦਿਲ ਕਰਦੈ ਖਾ।

ਬੁੱਢੀ ਨੇ ਗੱਲ ਸਾਫ ਸੁਣ ਲਈ, ਫੇਰ ਵੀ ਤੁਰਦੀ ਗਈ। ਮੁੰਡੇ ਨੇ ਫਿਰ ਆਵਾਜ਼ ਮਾਰੀ ਤਾਂ ਕਿਤੇ ਵਾਪਸ ਆਈ। ਮੁੰਡੇ ਨੇ ਕਿਹਾ-ਪਛਾਣਨ ਵਿਚ ਭੁੱਲ ਲੱਗ ਗਈ। ਉਸ ਡੈਣ ਨੇ ਮੇਰੇ ਨਾਲ ਬੁਰੀ ਕੀਤੀ ਸੀ, ਤਾਂ ਮੈਨੂੰ ਗੁੱਸਾ ਆਇਆ। ਪਾਣੀ ਵਾਲੀ ਮਟਕੀ ਦਾ ਢੱਕਣ ਚੱਕ, ਗੁਲਗੁਲਿਆਂ ਨਾਲ ਭਰ ਦਿੰਨਾ।

ਬੁੱਢੀ ਬੋਲੀ-ਮਟਕੀ ਦਾ ਮੂੰਹ ਛੋਟਾ ਹੈ, ਬਾਹਰ ਗਿਰ ਜਾਣਗੇ। ਮੁੰਡੇ ਨੇ ਕਿਹਾ-ਮੇਰਾ ਨਿਸ਼ਾਨਾ ਗਜ਼ਬ ਦਾ ਹੈ, ਇੱਕ ਗੁਲਗੁਲਾ ਵੀ ਬਾਹਰ ਨਹੀਂ ਡਿੱਗੇਗਾ। ਮਟਕੀ ਦਾ ਮੂੰਹ ਜਿੰਨਾ ਮਰਜ਼ੀ ਛੋਟਾ ਹੋਵੇ, ਗੁਲਗੁਲੇ ਤੋਂ ਤਾਂ ਵੱਡਾ ਹੀ ਹੈ।

ਬੁੱਢੀ ਨੇ ਕਿਹਾ-ਪਰ ਦੂਰ ਦਾ ਸਫਰ ਹੈ, ਮਟਕੀ ਵਿਚ ਪਾਣੀ ਹੈ, ਫਿਰ ਮੈਂ ਪਿਆਸੀ ਮਰ ਜਾਂਗੀ।

ਤਾਂ ਫਿਰ ਚੁੰਨੀ ਵਿਛਾ ਦੇ।

ਮੇਰੀ ਚੁੰਨੀ ਪੁਰਾਣੀ ਘਸੀ ਹੋਈ ਹੈ। ਗੁਲਗੁਲੇ ਇਸ ਵਿਚ ਬੰਨ੍ਹ ਲਏ ਤਾਂ ਪਾਟ ਜਾਵੇਗੀ।

ਠੀਕ ਹੈ, ਹੱਥ ਕਰ ਫੇਰ।

ਗੁਲਗੁਲੇ ਗਰਮ ਨੇ। ਹੱਥ ਜਲ ਜਾਏਗਾ।

ਤਾਂ ਫੇਰ ਮੇਰੇ ਵਾਂਗੂੰ ਉਪਰ ਚੜ੍ਹ ਆ ਤੇ ਖਾ ਲੈ।

ਬੁੱਢੀ ਹੱਸ ਕੇ ਕਹਿਣ ਲੱਗੀ-ਤੇਰੀ ਉਮਰ ਵਿਚ ਤਾਂ ਇੰਨਾ ਹੌਸਲਾ ਹੁੰਦਾ ਸੀ ਕਿ ਚੰਦ ਫੜ ਲਵਾਂ, ਹੁਣ ਤਾਂ ਦੇਹਲੀ ਪਾਰ ਨੀ ਕੀਤੀ ਜਾਂਦੀ। ਦਰਖਤ ਉਪਰ ਚੜ੍ਹਨ ਦੀ ਗੱਲ ਖੂਬ ਕੀਤੀ। ਮਜ਼ਾਕ ਕਰਨ ਲਈ ਮੈਂ ਈ ਲੱਭੀ ਆਂ ਤੈਨੂੰ?

ਮੁੰਡਾ ਨਰਮ ਪੈ ਕੇ ਬੋਲਿਆ-ਫੇਰ ਮੈਂ ਕੀ ਕਰਾਂ, ਦੱਸ। ਨਾਂਹ ਤੇ ਨਾਂਹ ਤਾਂ ਕਰੀ ਜਾਨੀ ਐਂ, ਕੋਈ ਤਰੀਕਾ ਵੀ ਦੱਸੇਂ? ਬੁੱਢੀ ਨੇ ਕਿਹਾ-ਜੇ ਖੁਆਣੇ ਹੀ ਚਾਹੁੰਨੈ ਤਾਂ ਫਿਰ ਪੱਗ ਦੇ ਪੱਲੇ ਨਾਲ ਬੰਨ੍ਹ ਕੇ ਹੇਠਾਂ ਲਟਕਾ ਦੇ। ਮੁੰਡੇ ਨੂੰ ਕੋਈ ਇਤਰਾਜ਼ ਨਾ ਹੋਇਆ। ਗੱਠ ਖੋਲ੍ਹਣ ਦੇ ਬਹਾਨੇ ਜਦੋਂ ਬੁੱਢੀ ਨੇ ਪੱਗ ਦੀ ਗੰਢ ਫੜੀ, ਤੁਰੰਤ ਝਟਕਾ ਮਾਰਿਆ, ਮੁੰਡਾ ਧੜੱਮ ਕਰਦਾ ਹੇਠ ਆ ਡਿੱਗਾ। ਅਜੇ ਹੋਸ਼ ਨਹੀਂ ਸੀ ਆਈ ਕਿ ਬੁੱਢੀ ਨੇ ਮਟਕੀ ਵਿਚ ਬੰਦ ਕਰ ਕੇ ਕੱਸ ਕੇ ਢੱਕਣ ਬੰਦ ਕਰ ਦਿੱਤਾ। ਮੋਢੇ ਨਾਲ ਮਟਕੀ ਲਟਕਾਈ ਘਰ ਵੱਲ ਭੱਜੀ। ਘਰ ਪੁੱਜਣ ਸਾਰ ਅੰਦਰ ਆ ਕੇ ਦਰਵਾਜ਼ੇ ਦਾ ਕੁੰਡਾ ਬੰਦ ਕਰ ਲਿਆ। ਜੂੜਾ ਫੜ ਕੇ, ਖਿੱਚ ਕੇ ਮੁੰਡਾ ਮਟਕੀ ਵਿਚੋਂ ਬਾਹਰ ਕੱਢਿਆ। ਕੜਕ ਕੇ ਬੋਲੀ-ਪਿਆਸ ਦਾ ਬਹਾਨਾ ਲਾ ਕੇ ਭੱਜ ਗਿਆ ਸੀ, ਹੁਣ ਦੱਸ ਕਿੱਥੇ ਜਾਏਂਗਾ। ਥੋੜ੍ਹੀ ਦੇਰ ਰੁਕ। ਹੁਣੇ ਇਹੋ ਜਿਹਾ ਪਾਣੀ ਪਿਲਾਊਂਗੀ ਕਿ ਉਮਰ ਭਰ ਯਾਦ ਰੱਖੇਂਗਾ, ਕਦੀ ਤ੍ਰੇਹ ਨਹੀਂ ਲੱਗੇਗੀ। ਆਪਣੀ ਧੀ ਨੂੰ ਕਿਹਾ-ਇਸ ਮੁੰਡੇ ਨੂੰ ਉਖਲੀ ਵਿਚ ਪਾ ਕੇ ਮਸਾਲਿਆਂ ਸਣੇ ਬਰੀਕ ਕੁੱਟ ਲੈ। ਫੇਰ ਪਕਾ ਕੇ ਖਾਵਾਂਗੀਆਂ। ਮੈਂ ਚੱਲੀ ਹਾਂ ਕਲਾਲ ਦੀ ਦੁਕਾਨ ਤੋਂ ਸ਼ਰਾਬ ਦੀ ਮਟਕੀ ਲਿਆਣ। ਅੱਜ ਵਧੀਆ ਜਸ਼ਨ ਮਨਾਵਾਂਗੇ।

ਕਲਾਲ ਦੀ ਦੁਕਾਨ ਪੰਜ ਕੋਹ ਦੂਰ ਸੀ। ਸੋਟੀ ਫੜ ਕੇ ਠੱਕ ਠੱਕ ਕਰਦੀ ਬੁੱਢੀ ਤੁਰ ਪਈ। ਬੁੱਢੀ ਦੇ ਜਾਣ ਪਿੱਛੋਂ ਮੁੰਡਾ ਹੱਸਣ ਲੱਗਾ, ਦੇਰ ਤੱਕ ਹੱਸਦਾ ਰਿਹਾ। ਕੁੜੀ ਉਲਝਣ ਵਿਚ ਪੈ ਗਈ

*(ਬਾਕੀ ਅਗਲੇ ਸਫੇ 'ਤੇ)*

# 'ਚੁੱਪ ਦੇ ਬਹਾਨੇ' ਚੁੱਪ ਵਿਚ ਉਤਰਦਿਆਂ...

**ਡਾ. ਗੁਰਬਖਸ਼ ਸਿੰਘ ਭੰਡਾਲ**

ਚੁੱਪ ਸਾਡੇ ਆਲੇ ਦੁਆਲੇ ਪਸਰੀ। ਕਦੇ ਬੋਲਾਂ ਰਾਹੀਂ ਸੰਵਾਦ ਰਚਾਉਂਦੀ, ਕਦੇ ਮੂਕ। ਕਦੇ ਸਾਨੂੰ ਚੁੱਪ ਕਰਾਉਂਦੀ, ਕਦੇ ਸਾਡੇ ਹੋਠਾਂ 'ਤੇ ਬੋਲ ਉਗਾਉਂਦੀ। ਕਦੇ ਵਰਕਿਆਂ 'ਤੇ ਸੁੰਨ ਧਰਦੀ ਅਤੇ ਕਦੇ ਵਰਕਿਆਂ 'ਤੇ ਉਕਰੇ ਹਰਫਾਂ ਰਾਹੀਂ ਆਪਣੀ ਹੋਂਦ ਤੇ ਹਾਸਲ ਨੂੰ ਨਵੀਂ ਅਵਾਜ਼ ਤੇ ਅੰਦਾਜ਼ ਦਿੰਦੀ। ਇਸ ਚੁੱਪ ਨੂੰ ਸੁਣਨਾ, ਅੰਤਰੀਵ ਵਿਚ ਉਤਾਰਨਾ ਅਤੇ ਇਸ ਦੀਆਂ ਪਰਤਾਂ ਫਰੋਲਣਾ, ਬਹੁਤ ਹੀ ਸੂਖਮ, ਸੰਵੇਦਨਸ਼ੀਲ ਅਤੇ ਸੰਜੀਦਾ ਕਾਰਜ। ਖਾਸ ਕਰਕੇ ਜਦੋਂ ਇਸ ਵਿਚੋਂ ਉਨ੍ਹਾਂ ਅਰਥਾਂ ਦੀ ਲੋਅ ਨੂੰ ਉਜਾਗਰ ਕਰਨਾ ਹੁੰਦਾ, ਜਿਨ੍ਹਾਂ ਨੇ ਜੀਵਨ ਦੀ ਤੰਗ ਗਲੀਆਂ ਨੂੰ ਵਿਸਥਾਰਨਾ ਅਤੇ ਜ਼ਿੰਦਗੀ ਦੀਆਂ ਕਾਲ-ਕੋਠੜੀਆਂ ਵਿਚ ਚਾਨਣ ਦੀ ਕਾਤਰ ਧਰਨੀ ਹੁੰਦੀ। ਮਲਵਿੰਦਰ ਸੰਜੀਦਾ ਤੇ ਸਮਰੱਥ ਸ਼ਾਇਰ ਹੈ, ਜਿਸ ਨੇ ਚੁੱਪ ਦੀਆਂ ਪਰਤਾਂ ਨੂੰ ਫਰੋਲਣ ਲਈ ਚੁੱਪ ਵਿਚ ਉਤਰਨ ਅਤੇ ਇਸ ਨਾਲ ਸ਼ਬਦ-ਸੰਵਾਦ ਰਾਹੀਂ ਸੰਚਾਰ ਪੈਦਾ ਕਰ, ਇਸ ਨੂੰ ਹਮਰੁੱਤਬਾ ਬਣਾਉਣ ਦਾ ਹੀਆ ਕੀਤਾ ਹੈ।

ਇਕ ਨੁਕਤੇ ਨੂੰ ਲੰਮੇਰੀ ਕਵਿਤਾ ਦਾ ਵਿਸਥਾਰ ਦੇਣਾ ਅਤੇ ਇਸ ਵਿਚੋਂ ਸੁਹਜ, ਸਹਿਜਤਾ ਅਤੇ ਸਾਰਥਕਤਾ ਨੂੰ ਅਲੋਪ ਹੋਣ ਤੋਂ ਬਚਾਈ ਰੱਖਣਾ ਬਹੁਤ ਕਠਿਨ ਕਾਰਜ ਹੁੰਦਾ, ਪਰ ਇਸ ਦੀ ਪੂਰਨਤਾ ਲਈ ਮਲਵਿੰਦਰ ਵਧਾਈ ਦਾ ਪਾਤਰ ਹੈ। 2012 ਵਿਚ ਪੰਜਾਬੀ ਕਵਿਤਾ ਬਾਰੇ ਸਾਲਾਨਾ ਵਿਸ਼ਲੇਸ਼ਣ ਵਿਚ ਮੇਰੀ ਲੰਬੀ ਕਵਿਤਾ 'ਜ਼ਿੰਦਗੀ' ਬਾਰੇ ਆਲੋਚਕ ਡਾ. ਉਮਿੰਦਰ ਜੌਹਲ ਦਾ ਕਹਿਣਾ ਸੀ ਕਿ ਅਕਸਰ ਲੰਮੇਰੀ ਕਵਿਤਾ ਕਿਸੇ ਮਿਥਿਹਾਸਕ ਜਾਂ ਇਤਿਹਾਸਕ ਪਾਤਰਾਂ ਰਾਹੀਂ ਸਿਰਜੀ ਜਾਂਦੀ ਹੈ, ਪਰ ਜ਼ਿੰਦਗੀ ਨੂੰ ਲੈ ਕੇ ਲਿਖੀ ਗਈ ਇਹ ਕਵਿਤਾ ਵਿਲੱਖਣ, ਨਿਵੇਕਲਾ ਤੇ ਨਰੋਇਆ ਸ਼ੁਭ-ਅਰੰਭ ਹੈ, ਪੰਜਾਬੀ ਦੇ ਕਾਵਿ-ਮੁਹਾਵਰੇ ਦਾ। ਕੁਝ ਐਸਾ ਹੀ ਮਲਵਿੰਦਰ ਨੇ 'ਚੁੱਪ ਦੇ ਬਹਾਨੇ' ਚੁੱਪ ਦੀਆਂ ਬਾਰੀਕੀਆਂ, ਬੰਦਿਸ਼ਾਂ ਅਤੇ ਬਹੁਪ੍ਰਤੀਤੀਆਂ ਨੂੰ ਆਪਣੇ ਸ਼ਬਦਾਂ ਦੇ ਆਗੋਸ਼ ਵਿਚ ਲੈ ਕੇ ਇਸ 'ਚੋਂ ਨਰੋਏ ਅਰਥਾਂ ਦੀ ਸਿਰਜਣਾ ਕੀਤੀ ਹੈ। ਉਹ ਜਦ ਲਿਖਦਾ ਕਿ

'ਚੁੱਪ
ਧੁੱਪ ਦੀ ਕਾਤਰ ਨੂੰ ਤਰਸਦੇ
ਕਮਰੇ ਅੰਦਰਲੇ ਹਨੇਰੇ ਦੀ
ਸਦੀਵੀ ਉਡੀਕ ਹੁੰਦੀ'

ਤਾਂ ਕਮਰਿਆਂ ਦੀ ਸੁੰਨ ਨੂੰ ਮੁਖਾਤਬ ਹੋਣਾ ਬਹੁਤ ਔਖਾ ਹੁੰਦਾ। ਇਹ ਸੁੰਨ, ਇਕੱਲ ਅਤੇ ਹਨੇਰ ਜਦ ਅੰਦਰ ਉਤਰਦਾ ਤਾਂ ਅੰਤਰੀਵ ਵਿਚ ਫੈਲੇ ਹਨੇਰੇ ਦੀ ਬੰਦ-ਖਲਾਸੀ ਲਈ ਚੁੱਪ ਇਕ ਹੂਕ ਦਾ ਰੂਪ ਧਾਰਦੀ।

ਰੁਤਬਿਆਂ, ਸਨਮਾਨਾਂ ਜਾਂ ਮੈਡਲਾਂ ਦਾ ਮਾਣ ਬਣ ਕੇ ਕਾਵਿਤਾ ਦੇ ਰਚੈਤੇ ਜਦ ਕਵਿਤਾ ਤੋਂ ਹੀ ਮੁੱਨਕਰ ਹੋ ਜਾਂਦੇ ਤਾਂ ਮਲਵਿੰਦਰ ਦੀ ਖਾਮੋਸ਼ੀ ਨੂੰ ਚੁੱਪ ਦਾ ਆਸਰਾ ਲੈਣਾ ਪੈਂਦਾ, ਜਿਸ ਕਾਰਨ ਉਸ ਦੇ ਹਰਫ ਕੂਕਦੇ,

ਸਨਮਾਨਿਤ ਕਵੀਆਂ ਦੀ
ਮਰ ਰਹੀ ਕਵਿਤਾ ਦਾ ਵਿਰਲਾਪ ਹੁੰਦੀ
ਚੁੱਪ।

ਪਰ ਜਦ ਇਹ ਚੁੱਪ ਗੈਰ-ਹਾਜ਼ਰ ਕਵੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਤਾਂ ਕਵਿਤਾ ਪੁੰਗਰਦੀ ਅਤੇ ਇਸ ਚੁੱਪ ਨੂੰ ਅਦਬ ਤੇ ਅੰਦਾਜ਼ ਮਿਲਦਾ; ਪਰ ਤੇ ਪਰਵਾਜ਼ ਵੀ ਬਣਦੀ ਇਹ ਚੁੱਪ।

ਇਹ ਗੈਰਹਾਜ਼ਰ ਕਵੀ ਕੋਲ
ਕਵਿਤਾ ਦੇ ਨਕਸ਼ ਹੁੰਦੇ।

ਬੰਦੇ ਲਈ ਸਭ ਤੋਂ ਔਖਾ ਹੁੰਦਾ ਏ ਕਬਰਾਂ 'ਤੇ ਹਟਕੋਰੇ ਭਰਦੇ ਦੀਵੇ ਦਾ ਦਰਦ। ਜਦ ਇਹ ਦੀਦਿਆਂ ਵਿਚ ਉਤਰਦਾ ਤਾਂ ਚੁੱਪ ਚੀਖ ਚੀਖ ਕੇ ਕਬਰਾਂ ਵੀ ਬੋਲਣ ਲਾਉਂਦੀ। ਚੁੱਪ ਸ਼ਬਦਾਂ ਦਾ ਲਿਬਾਸ ਪਾਉਂਦੀ, "ਕਬਰਾਂ ਦੇ ਦੀਵੇ ਕੋਲ ਹੁੰਦੀ ਚੁੱਪ।" ਇਹ ਸ਼ਬਦ ਚੁੱਪ ਦੇ ਅਰਥਾਂ ਨੂੰ ਵਸੀਹਤਾ ਪ੍ਰਧਾਨ ਕਰਦੇ।




ਚੁੱਪ ਵਿਅਕਤੀ ਦੇ ਅੰਦਰ ਵੱਸਦੀ, ਜਦ ਉਸ ਨੂੰ ਆਪਣੀ ਇਕੱਲ ਨਾਲ ਯੁੱਧ ਕਰਨਾ ਪੈਂਦਾ ਅਤੇ ਇਸ ਇਕੱਲ ਵਿਚੋਂ ਉਦਾਸ ਰੁੱਤ ਦਾ ਅੰਦਰ ਉਤਰਨਾ ਅਤੇ ਅੰਤਰੀਵ ਦਾ ਰੁਆਂਸੇ ਜਾਣਾ ਵੀ ਚੁੱਪ ਵਿਚ ਪਰਗਟਦਾ ਕਿਉਂਕਿ, "ਸੱਖਣੀ ਦੇਹ ਕੋਲ ਹੁੰਦੀ ਚੁੱਪ।"

ਜਿਸ ਨੂੰ ਸਿਖਰ ਦੁਪਹਿਰੇ ਜਾਂ ਢਲਦੀ ਸ਼ਾਮ ਵੇਲੇ ਬਿਆਨ ਕਰਨਾ ਅਤਿ ਕਠਨ ਅਤੇ ਮਰਨਹਾਰਾ ਹੁੰਦਾ।

ਬੋਲ ਜਦ ਡੁੱਸਕਣ ਲੱਗ ਪੈਣ, ਗੱਲਬਾਤ ਜਦ ਖਾਮੋਸ਼ੀ ਧਾਰ ਲਵੇ ਅਤੇ ਆਪਸੀ ਸੰਵਾਦ ਤੇ ਸੰਵੇਦਨਾ ਮੜੀਆਂ ਵੱਲ ਨੂੰ ਤੁਰ ਪਵੇ ਤਾਂ ਬਹੁਤ ਕੁਝ ਇਨਸਾਨ ਦੇ ਅੰਦਰ ਮਰ ਜਾਂਦਾ। ਇਸ ਨਾਲ ਅੰਦਰ ਤਾਰੀ ਹੁੰਦੀ ਏ ਇਕ ਅਜਿਹੀ ਚੁੱਪ, ਜਿਸ ਨੂੰ ਵਿਸਥਾਰ ਦਿੰਦਿਆਂ ਬੰਦਾ ਸਿਵਿਆਂ ਵੱਲ ਨੂੰ ਹੀ ਪੁਲਾਂਘ ਪੁੱਟਦਾ ਏ, ਤਾਂ ਹੀ ਕਵੀ ਕਹਿੰਦਾ ਏ,

ਔਰਤ-ਮਰਦ ਦੇ ਸੰਵਾਦ ਦੀ
ਖੜੋਤ ਵਿਚ ਹੁੰਦੀ ਚੁੱਪ।

ਘਰ ਜਦ ਗੁੰਮਸੁਦੀ ਹੰਢਾਉਂਦਾ, ਘਰ ਵਾਲੇ ਘਰ ਨੂੰ ਬੇਗਾਨਗੀ ਹੰਢਾਉਣ ਲਈ ਮਜਬੂਰ ਕਰਦੇ ਤਾਂ ਇਕ ਚੁੱਪ ਘਰ ਦੇ ਦਰਾਂ 'ਤੇ ਚਿੱਪਕੀ ਰਹਿੰਦੀ। ਇਸ ਚੁੱਪ ਨੂੰ ਉਲਥਾਉਣਾ ਲਈ ਦਸਤਕ ਦੇਣੀ ਹੁੰਦੀ ਕਿਉਂਕਿ ਦਸਤਕ ਰਾਹੀਂ ਦਰਾਂ ਨੂੰ ਖੋਲ੍ਹਣ ਤੋਂ ਪਹਿਲਾਂ ਦਰਾਂ ਵਿਚ ਦੁੱਬਕੀ ਬੈਠੀ ਚੁੱਪ ਨੂੰ ਵਰਾਉਣ ਦੀ ਲੋੜ ਹੁੰਦੀ। ਮਲਵਿੰਦਰ ਲਿਖਦਾ ਏ,

ਬੂਹੇ 'ਤੇ ਟੰਗੀ ਨੇਮ-ਪਲੇਟ 'ਚ
ਛੁੱਪੀ ਪਹਿਚਾਣ ਹੁੰਦੀ ਚੁੱਪ।

ਚੁੱਪ ਉਸ ਸਮੇਂ ਸੰਘਣੀ ਧੁੰਦ ਦਾ ਰੂਪ ਧਾਰਦੀ, ਜਦ ਉਦਾਸ ਸਮਿਆਂ ਵਿਚ ਆਪਣੇ ਆਪ ਤੋਂ ਵੀ ਨਮੋਸ਼ੀ ਆਉਣ ਲੱਗ ਪਵੇ। ਕਿਰਦਾਰ ਦੇ ਨਕਸ਼ ਹੋਣ, ਤਦ ਤਿੜਕਦੇ ਭਰਮ ਵਿਚੋਂ ਇਕ ਚੀਸ ਪੈਦਾ ਹੁੰਦੀ, ਜਿਸ ਨੂੰ ਚੁੱਪ ਦਾ ਨਾਮ ਦਿੰਦਿਆਂ ਕਵੀ ਕਹਿੰਦਾ ਏ, "ਚੁੱਪ ਉਦਾਸ ਸਮਿਆਂ ਅੰਦਰ।"

ਇਨ੍ਹਾਂ ਉਦਾਸ ਅਤੇ ਕਾਲਖੀ ਸਮਿਆਂ ਵਿਚ ਚੁੱਪ ਨੂੰ ਮਹਿਸੂਸ ਕਰਨ ਅਤੇ ਇਸ ਦੀਆਂ ਅਸੀਮ ਪਰਤਾਂ ਵਿਚੋਂ ਚਾਨਣ ਦੀ ਝੀਤ ਨੂੰ ਵਿਸਥਾਰਨ ਤੇ ਵਿਚਾਰਨ ਲਈ ਨਾਨਕ-ਸੋਚ ਦੀ ਲੋਚਾ ਮਨ ਵਿਚ ਪਾਲਦਾ ਕਵੀ ਗੁਰ-ਸ਼ਬਦ ਵਿਚੋਂ ਹੀ ਮਨੁੱਖੀ ਸੋਚ, ਸਹਿਜ, ਸੁੰਦਰਤਾ ਅਤੇ ਸਦੀਵਤਾ ਨੂੰ ਪਛਾਣਦਾ। ਇਸ ਦੀ ਪਾਕੀਜ਼ਗੀ ਵਿਚੋਂ ਪਰਮ-ਮਨੁੱਖ ਬਣਨ ਵੰਨੀਂ ਕਦਮ ਉਠਾਉਣ ਲਈ ਅਹੁਲਦਾ, ਮਲਵਿੰਦਰ ਪਾਠਕ ਨੂੰ ਚਾਨਣ ਦੇ ਲੜ ਲਾਉਂਦਿਆ ਕਹਿੰਦਾ ਹੈ,

ਚੁੱਪ
ਸਿਰ 'ਤੇ ਮਹਿਸੂਸ ਕੀਤਾ
ਨਾਨਕ ਦਾ ਹੱਥ ਹੁੰਦੀ
ਜਾਂ
ਚੁੱਪ ਇਕ ਰਹਿਮਤ ਹੁੰਦੀ
ਜਿਸ ਦੀ ਪ੍ਰਾਪਤੀ ਲਈ ਬੁੱਧ ਬਣਨਾ ਪੈਂਦਾ।

ਇਸ ਰਹਿਮਤ ਅਤੇ ਬਰਕਤ ਲਈ ਬੁੱਧ ਬਣਨਾ ਬਹੁਤ ਜਰੂਰੀ। ਬੋਧ-ਬਾਣੀ ਵਿਚੋਂ ਮਨੁੱਖੀ ਵਿਚਾਰ, ਅਚਾਰ, ਵਿਹਾਰ ਤੇ ਸਦਾਚਾਰ ਨੂੰ ਸੁਚਾਰੂ ਅਤੇ ਉਸਾਰੂ ਸੇਧ ਦੇਣ ਤੇ ਸੁਪਨਾ ਵਣਜਣ ਵੰਨੀਂ ਤੋਰਨਾ ਲਾਜ਼ਮੀ ਹੁੰਦਾ। ਲੋੜ ਹੈ ਕਿ 'ਚੁੱਪ ਦੇ ਬਹਾਨੇ' ਨਾਲ ਆਪਣੀ ਚੁੱਪ ਦੇ ਰੂਬਰੂ ਹੋ, ਇਸ ਦੀਆਂ ਸੁਰਖ ਤੇ ਸੰਜੀਦਾ ਪਰਤਾਂ ਰਾਹੀਂ ਚਿੰਤਾ ਨੂੰ ਚਿੰਤਨ ਤੇ ਫਿਕਰ ਵਿਚੋਂ ਫੱਕਰਤਾ ਨੂੰ ਅੰਤਰੀਵ ਦੇ ਨਾਮ ਕਰੀਏ। ਇਸ ਨਾਲ ਜੀਵਨ-ਪੈੜਾਂ ਵਿਚ ਚਾਨਣ ਦੀਆਂ ਕਣੀਆਂ ਬਰਸਣਗੀਆਂ, ਜਿਸ ਮਾਲ ਜ਼ਿੰਦਗੀ ਨੂੰ ਉਚੀ ਅਤੇ ਸੁੱਚੀ ਤਸ਼ਬੀਹ ਦਿੱਤੀ ਜਾ ਸਕਦੀ ਹੈ।

ਇਹ ਕਵਿਤਾ ਚੁੱਪ ਤੋਂ ਚੁੱਪ ਤੀਕ ਦੇ ਸਫਰ ਦਾ ਸ਼ਬਦ-ਯੋਗ ਹੈ।

ਮਲਵਿੰਦਰ ਨੂੰ 'ਚੁੱਪ ਦੇ ਬਹਾਨੇ' ਜਿਹੀ ਕਾਵਿਕ ਰਚਨਾ ਲਈ ਢੇਰ ਸਾਰੀਆਂ ਮੁਬਾਰਕਾਂ!

# ਅਨੋਖਾ ਦਰਖਤ

*(ਪਿਛਲੇ ਸਫੇ ਦੀ ਬਾਕੀ)*

ਇਹ ਪਾਗਲ ਮਰਨ ਤੋਂ ਪਹਿਲਾਂ ਹੱਸ ਕਿਉਂ ਰਿਹੈ। ਉਸ ਦੇ ਮੂੰਹ ਵੱਲ ਦੇਖਣ ਲੱਗੀ-ਮੋਤੀਆਂ ਵਰਗੇ ਦੰਦ, ਭੰਵਰੇ ਵਰਗੇ ਕਾਲੇ ਕੇਸ। ਨਜ਼ਰ ਤਿਲਕਦੀ ਜਾਵੇ। ਡੈਣ ਦੀ ਧੀ ਦੇ ਦੰਦ ਬਿਲਕੁਲ ਪੀਲੇ। ਵਾਲ ਵੀ ਰੁੱਖੇ ਤੇ ਛੋਟੇ। ਬੜੀਆਂ ਬੂਟੀਆਂ ਲਾਈਆਂ ਪਰ ਨਾ ਦੰਦ ਚਿੱਟੇ ਹੋਏ, ਨਾ ਵਾਲ ਲੰਮੇ ਤੇ ਮੁਲਾਇਮ। ਮੁੰਡੇ ਨਾਲ ਈਰਖਾ ਹੋਈ। ਨੇੜੇ ਆ ਕੇ ਕਹਿੰਦੀ-ਤੇਰੇ ਦੰਦ ਇੰਨੇ ਚਮਕਦੇ ਕਿਵੇਂ ਹੋ ਗਏ? ਤੇਰੇ ਕੇਸ ਇੰਨੇ ਲੰਮੇ ਤੇ ਲਿਸ਼ਕਦੇ ਕਿਵੇਂ ਹੋ ਗਏ?

ਮੁੰਡੇ ਨੇ ਹੱਸਦਿਆਂ ਕਿਹਾ-ਅਜੇ ਕੀ ਦੇਖਿਆ ਤੂੰ? ਦੰਦ ਹੋਰ ਸਫੈਦ ਹੋਣਗੇ ਤੇ ਵਾਲ ਹੋਰ ਕਾਲੇ ਹੋਣਗੇ। ਮੇਰੀ ਮਾਂ ਹਮੇਸ਼ਾਂ ਇੱਕੋ ਇਲਾਜ ਕਰਦੀ ਹੈ। ਤੇਰੀ ਮਾਂ ਤੇ ਮੇਰੀ ਮਾਂ ਇੱਕੋ ਜਿਹੀਆਂ ਨੇ। ਜੇ ਉਹ ਹਰ ਰੋਜ਼ ਉਖਲੀ ਵਿਚ ਪਾ ਕੇ ਮੇਰਾ ਸਿਰ ਮੂਹਲੇ ਨਾਲ ਨਾ ਕੁੱਟਦੀ, ਫੇਰ ਮੇਰੇ ਦੰਦ ਕਿਵੇਂ ਸਾਫ ਹੁੰਦੇ, ਫੇਰ ਮੇਰੇ ਵਾਲ ਕਿਵੇਂ ਕਾਲੇ ਹੁੰਦੇ? ਮੇਰੇ ਦੰਦ ਤਾਂ ਤੈਥੋਂ ਵੀ ਵੱਧ ਪੀਲੇ ਸਨ। ਵਾਲ ਤਾਂ ਮੇਰੇ ਨਾਰੀਅਲ ਦਾ ਪਿੰਨਾ ਸਨ!

ਹੈਰਾਨ ਹੋ ਕੇ ਕੁੜੀ ਨੇ ਪੁੱਛਿਆ-ਕੀ ਕਿਹਾ? ਤੇਰੇ ਦੰਦ ਮੈਥੋਂ ਵਧ ਪੀਲੇ ਸਨ? ਮੁੰਡੇ ਨੇ ਕਿਹਾ-ਹੋਰ ਕੀ? ਬਹੁਤ ਜ਼ਿਆਦਾ ਪੀਲੇ! ਤੇਰਾ ਖਿਆਲ ਐ ਮੈਂ ਝੂਠ ਬੋਲਦਾਂ? ਕੁੜੀ ਉਤੇਜਤ ਹੋ ਕੇ ਬੋਲੀ-ਫੇਰ ਬੈਠਾ ਕਿਸ ਵਾਸਤੇ ਹੈਂ? ਮੇਰੇ ਵਾਸਤੇ ਵੀ ਇਹੀ ਟੂਣਾ ਕਰਦੇ। ਮੁੰਡੇ ਨੇ ਕਿਹਾ-ਇਹ ਟੂਣਾ ਕਰਨ ਵਾਸਤੇ ਤੂੰ ਮੁੰਡੇ ਦੇ ਕੱਪੜੇ ਪਹਿਨ, ਮੈਂ ਕੁੜੀ ਦੇ ਪਹਿਨ ਲੈਂਦਾ ਹਾਂ। ਕੁੜੀ ਬੋਲੀ-ਫਿਰ ਤਾਂ ਸੌਖਾ ਹੈ ਕੰਮ, ਤੂੰ ਮੇਰੇ ਕੱਪੜੇ ਪਹਿਨ ਲੈ, ਮੈਂ ਤੇਰੇ ਪਹਿਨ ਲੈਨੀਂ ਆਂ।

ਮੁੰਡੇ ਨੂੰ ਲਗਦਾ ਨਹੀਂ ਸੀ ਮਸਲਾ ਇੰਨੀ ਆਸਾਨੀ ਨਾਲ ਹੱਲ ਹੋ ਜਾਏਗਾ। ਦੰਦ ਅਤੇ ਵਾਲ ਸੁਹਣੇ ਕਰਵਾਉਣ ਦੇ ਲੋਭ ਵਿਚ ਕੁੜੀ ਨੇ ਮੁੰਡੇ ਨਾਲ ਕੱਪੜੇ ਬਦਲ ਲਏ। ਆਪਣੇ ਗਹਿਣੇ ਵੀ ਮੁੰਡੇ ਨੂੰ ਪਹਿਨਾ ਦਿੱਤੇ। ਮੁੰਡੇ ਨੇ ਕਿਹਾ-ਮੇਰਾ ਸਿਰ ਵੀ ਕੁੜੀਆਂ ਵਾਂਗ ਗੁੰਦ। ਕੁੜੀ ਨੇ ਕਿਹਾ-ਤੇਰੇ ਨਖਰੇ ਵੀ ਅਸਮਾਨੀ ਚੜ੍ਹੇ ਹੋਏ ਨੇ। ਚਲ ਛੇਤੀ ਕਰ। ਹੇਠਾਂ ਬੈਠ ਤਾਂ ਸਹੀ, ਤੇਰਾ ਸਿਰ ਗੁੰਦ ਦਿੰਨੀ ਆਂ।

ਸਿਰ ਗੁੰਦਣ ਬੈਠ ਗਈ। ਰੇਸ਼ਮ ਵਰਗੇ ਚਮਕੀਲੇ ਤੇ ਮੁਲਾਇਮ ਵਾਲ! ਕੁੜੀ ਦਾ ਸਬਰ ਟੁੱਟ ਰਿਹਾ ਸੀ, ਇੱਕ ਇੱਕ ਪਲ ਲੰਮਾ ਲੱਗ ਰਿਹਾ ਸੀ। ਉਸ ਦਾ ਮੂੰਹ ਦੇਖ ਕੇ ਕਹਿੰਦੀ-ਮਾਂ ਤਾਂ ਮਾਂ, ਮੈਨੂੰ ਵੀ ਨੀ ਪਛਾਣ ਆਉਂਦੀ ਕਿ ਤੂੰ ਮੁੰਡਾ ਹੈਂ ਕਿ ਕੁੜੀ। ਬਸ ਮੇਰੇ ਦੰਦ ਅਤੇ ਵਾਲ ਤੇਰੇ ਵਰਗੇ ਹੋ ਜਾਣ ਫਿਰ ਕਿਆ ਕਹਿਣੇ, ਮਾਂ ਦੇਖਦੀ ਰਹਿ ਜਾਊਗੀ, ਕਿਹੜਾ ਮੁੰਡੈ ਤੇ ਕਿਹੜੀ ਕੁੜੀ!

ਫਿਰ ਭੱਜ ਕੇ ਆਪੇ ਮੂਹਲੀ ਲੈ ਆਈ, ਮੁੰਡੇ ਦੇ ਹੱਥ ਮੂਹਲੀ ਫੜਾ ਕੇ ਆਪੇ ਆਪਣਾ ਸਿਰ ਉਖਲੀ ਵਿਚ ਪਾ ਦਿੱਤਾ। ਮੁੰਡਾ ਕਿਉਂ ਢਿੱਲ ਵਰਤਦਾ ਹੁਣ? ਵਧੀਆ ਮੌਕਾ ਮਿਲਣ ਸਾਰ ਮੁੰਡੇ ਨੇ ਮੂਹਲੇ ਦਾ ਜ਼ਬਰਦਸਤ ਵਾਰ ਸਿਰ ਉਤੇ ਕੀਤਾ ਕਿ ਇੱਕੋ ਚੀਕ ਨਾਲ ਕੁੜੀ ਦੇ ਪ੍ਰਾਣ ਉਡ ਗਏ। ਸਾਰੇ ਸਰੀਰ ਨੂੰ ਕੱਟ ਕੱਟ ਕੇ ਕੜਾਹੇ ਵਿਚ ਤਲਣ ਲਈ ਅੱਗ ਉਪਰ ਰੱਖ ਦਿੱਤਾ। ਖੂਬ ਘਿਉ ਮਸਾਲੇ ਪਾਏ।

ਡੈਣ ਤਾਂ ਕਲਾਲ ਦੀ ਦੁਕਾਨ ਤੋਂ ਸ਼ਰਾਬ ਦੀ ਮਟਕੀ ਲੈਣ ਸਾਰ ਪੀਣ ਲੱਗ ਪਈ ਸੀ। ਗੇੜੇ ਖਾਂਦੀ ਖਾਂਦੀ ਘਰ ਪੁੱਜੀ, ਪਹੁੰਚਣ ਸਾਰ ਮਟਕੀ ਮੂੰਹ ਨੂੰ ਲਾਈ, ਬਿਨਾਂ ਪਾਣੀ ਮਿਲਾਏ ਗਟਾ ਗਟ ਅੱਧੀ ਖਾਲੀ ਕਰ ਦਿੱਤੀ। ਲੱਗੀ ਝੂਮਣ, ਲੱਗੀ ਗੀਤ ਗਾਉਣ। ਫਿਰ ਯਾਦ ਆਇਆ, ਪੁੱਛਿਆ-ਧੀਏ ਉਸ ਬੇਵਕੂਫ ਦਾ ਮੀਟ ਰਿੱਝ ਗਿਆ? ਧੀ ਦੇ ਹਾਂ ਆਖਦਿਆਂ ਹੀ ਉਹ ਪਰਾਤ ਲੈ ਕੇ ਬੈਠ ਗਈ, ਕਹਿੰਦੀ ਪੂਰੀਆਂ ਦੋ ਪਰਾਤਾਂ ਭਰ ਕੇ ਖਾਊਂਗੀ ਅੱਜ ਤਾਂ। ਕਈ ਦਿਨਾਂ ਬਾਅਦ ਢਿੱਡ ਦੇ ਵਲ ਅੱਜ ਨਿਕਲਣਗੇ।

ਧੀ ਨੇ ਕੜਾਹਾ ਟੇਢਾ ਕਰ ਕੇ ਪਰਾਤ ਮੀਟ ਨਾਲ ਭਰ ਦਿੱਤੀ। ਬੁੱਢੀ ਨੇ ਤਾਂ ਇਹ ਵੀ ਨਹੀਂ ਉਡੀਕਿਆ ਕਿ ਠੰਢਾ ਈ ਹੋ ਜਾਣ ਦਿਆਂ। ਦੇਖਦੇ ਦੇਖਦੇ ਗਰਮਾ ਗਰਮ ਚੱਟਮ ਕਰ ਗਈ। ਦੂਜੀ ਵਾਰ ਪਰਾਤ ਭਰਵਾ ਕੇ ਖਾਣ ਲੱਗੀ ਤਾਂ ਸੁੰਘਦੀ ਸੁੰਘਦੀ ਬਿੱਲੀ ਅੰਦਰ ਆ ਗਈ। ਬਿੱਲੀ ਕਹਿਣ ਲੱਗੀ:

ਹਾਏ ਨੀ ਹਾਏ, ਮਾਂ ਧੀ ਨੂੰ ਖਾਵੇ।
ਬੋਟੀਆਂ ਕੁ ਬੋਟੀਆਂ, ਮੈਨੂੰ ਵੀ ਚਖਾਵੇ।

ਬੁੱਢੀ ਨਸ਼ੇ ਵਿਚ ਬੇਸੁਰਤ, ਬਿੱਲੀ ਦੀ ਆਵਾਜ਼ ਤਾਂ ਸੁਣੀ ਪਰ ਉਸ ਨੇ ਕਿਹਾ ਕੀ, ਸਮਝੀ ਨਹੀਂ। ਖਾਂਦੇ ਖਾਂਦੇ ਇੱਕ ਉਂਗਲੀ ਹੱਥ ਵਿਚ ਆਈ। ਹੈਂ? ਚਾਰ ਉਂਗਲਾਂ ਲੰਮਾ ਨਹੁੰ ਤਾਂ ਮੇਰੀ ਧੀ ਦਾ ਹੈ? ਹੈਰਾਨੀ ਵਿਚ ਪੈ ਗਈ, ਧੀ ਤਾਂ ਸਾਹਮਣੇ ਖੜ੍ਹੀ ਖਾਣਾ ਪਰੋਸ ਰਹੀ ਹੈ? ਕੀ ਪਤਾ ਉਸ ਮੁੰਡੇ ਦਾ ਨਹੁੰ ਏਡਾ ਵੱਡਾ ਹੋਵੇ! ਰੱਜ ਪੁੱਜ ਕੇ ਡੈਣ ਉਥੇ ਹੀ ਲੁੜ੍ਹਕ ਗਈ ਤੇ ਫਿਰ ਸੌਂ ਗਈ। ਅੱਧੀ ਰਾਤ ਨੀਂਦ ਖੁੱਲ੍ਹੀ ਤਾਂ ਧੀ ਨੂੰ ਕਿਹਾ-ਸਵੇਰੇ ਤੇਰੇ ਸਹੁਰਿਆਂ ਵਾਲੇ ਪ੍ਰਾਹੁਣੇ ਆਉਣਗੇ। ਮੈਂ ਦੇਰ ਤੱਕ ਸੌਣਾ ਹੈ, ਤੂੰ ਆਪੇ ਉਨ੍ਹਾਂ ਦੀ ਆਉ ਭਗਤ ਕਰ ਦੇਈਂ। ਕਿਸੇ ਕਿਸਮ ਦੀ ਕਮੀ ਨਾ ਰਹੇ।

ਬੇਸ਼ੱਕ ਡੈਣ ਹੋਵੇ, ਧੀ ਦੇ ਸੁੱਖ ਦਾ ਖਿਆਲ ਹਰ ਮਾਂ ਨੂੰ ਰਹਿੰਦੈ।

ਸਵੇਰ ਸਾਰ ਧੀ ਦੇ ਸਹੁਰੇ ਆ ਗਏ। ਤਿਆਰੀ ਬਿਆਰੀ ਕਰ ਕੇ ਦੁਪਹਿਰੇ ਤੋਰ ਦਿੱਤੀ। ਧੀ ਵਿਦਾ ਕਰਨ ਵੇਲੇ ਗਲਾ ਭਰ ਆਇਆ, ਰੋ ਪਈ। ਕੁੜੀ ਨੂੰ ਬਿਠਾ ਕੇ ਗੱਡੀ ਤੁਰ ਪਈ।

ਰਸਤੇ ਵਿਚ ਇੱਕ ਥਾਂ ਦੁਲਹਨ ਨੇ ਬਲਦ ਪੁਚਕਾਰੇ। ਗੱਡੀ ਰੁਕ ਗਈ। ਦੁਲਹਨ ਚੁੱਪ-ਚਾਪ ਗੱਡਿਓਂ ਹੇਠ ਉਤਰੀ, ਕਿਸੇ ਨਾਲ ਕੋਈ ਗੱਲ ਨਹੀਂ ਕੀਤੀ, ਇੱਕ ਪਾਸੇ ਤੁਰਦੀ ਗਈ, ਤੁਰਦੀ ਗਈ। ਕਿਸੇ ਨੇ ਕੁਝ ਪੁੱਛਿਆ ਨਹੀਂ। ਪੁੱਛਣ ਵਾਲੀ ਗੱਲ ਹੈ ਵੀ ਨਹੀਂ ਸੀ ਕੋਈ, ਪਰ ਜਦੋਂ ਦੇਰ ਤੱਕ ਉਡੀਕਣ ਬਾਅਦ ਵਾਪਸ ਨਹੀਂ ਆਈ ਤਾਂ ਬੇਚੈਨੀ ਹੋਣੀ ਹੀ ਸੀ। ਚਾਰੇ ਪਾਸੇ ਲੱਭਣ ਵਾਸਤੇ ਨਿਕਲ ਤੁਰੇ। ਲੱਭਦੇ ਲੱਭਦੇ ਵਣ ਦੇ ਇੱਕ ਦਰੱਖਤ ਹੇਠ



ਕੱਪੜੇ ਪਏ ਦੇਖੇ। ਕੱਪੜੇ ਤਾਂ ਦੁਲਹਨ ਦੇ ਹੀ ਨੇ ਪਰ ਕਿੱਧਰ ਗਈ? ਅਗਲੇ ਦਿਨ ਪੰਜ ਦੈਂਤ ਬੁੱਢੀ ਦੇ ਘਰ ਗਏ ਕਿ ਕਿਤੇ ਵਾਪਸ ਘਰ ਤਾਂ ਨਹੀਂ ਆ ਗਈ?

ਬੁੱਢੀ ਖਿਝ ਗਈ, ਕਹਿੰਦੀ-ਨਾਲਾਇਕੋ ਮੈਨੂੰ ਪੁੱਛਣ ਆਏ ਹੋ? ਆਪਣੇ ਹੱਥੀਂ ਸਿੱਖਿਆ ਦੇ ਕੇ ਕੱਲ੍ਹ ਦੁਪਹਿਰ ਤੁਹਾਡੇ ਨਾਲ ਤੋਰੀ ਨਹੀਂ ਸੀ? ਕਿਤੇ ਤੁਸੀਂ ਮਾਰ ਤਾਂ ਨਹੀਂ ਦਿੱਤੀ ਕਿਧਰੇ?

ਬੁੱਢੀ ਦੇ ਹੋਠਾਂ 'ਤੇ ਜਦੋਂ ਮੌਤ ਸ਼ਬਦ ਆਇਆ, ਉਸ ਦੀ ਦੇਹ ਵਿਚ ਕਾਂਬਾ ਜਿਹਾ ਛਿੜਿਆ। ਨਸ਼ਾ ਉਤਰ ਚੁੱਕਿਆ ਸੀ, ਰਾਤ ਵੇਲੇ ਦੇ ਦ੍ਰਿਸ਼ ਯਾਦ ਆਏ। ਉਂਗਲੀ ਦਾ ਚਾਰ ਉਂਗਲ ਲੰਮਾ ਚਿੱਟਾ ਨਹੁੰ ਅੱਖਾਂ ਵਿਚ ਚੁਭਣ ਲੱਗਿਆ। ਵਾਕਈ ਉਹ ਉਂਗਲੀ ਤਾਂ ਮੇਰੀ ਧੀ ਦੀ ਸੀ! ਚੰਡਾਲ, ਮਾਂ ਨੂੰ ਧੀ ਦਾ ਮੀਟ ਖੁਆ ਕੇ ਆਪ ਭੱਜ ਗਿਆ।

ਡੈਣ ਨੂੰ ਉਲਟੀ ਆਉਣ ਲੱਗੀ। ਗੁਲਗੁਲਿਆਂ ਵਾਲੇ ਛੋਕਰੇ ਨੂੰ ਖਾਏ ਬਿਨ ਉਸ ਨੂੰ ਚੈਨ ਨਹੀਂ ਮਿਲੇਗਾ। ਧੋਖਾ ਦੂਜੀ ਵਾਰ ਕਰ ਗਿਆ, ਨਾਲੇ ਮੇਰੀ ਧੀ ਨੂੰ ਮਾਰ ਗਿਆ। ਉਸ ਨੂੰ ਪਤਾ ਸੀ ਗੁਲਗੁਲੇ ਦੇ ਦਰਖਤ ਉਪਰ ਬੈਠਾ ਹੋਣੈ, ਹੋਰ ਕਿਧਰੇ ਜਾ ਈ ਨੀ ਸਕਦਾ। ਭੇਖ ਬਦਲ ਕੇ, ਦੋਵੇਂ ਹੱਥਾਂ ਵਿਚ ਦੋ ਸੋਟੀਆਂ ਲੈ ਕੇ ਉਹ ਸਿੱਧੀ ਉਸੇ ਦਰਖਤ ਕੋਲ ਪੁੱਜੀ। ਦੁਸ਼ਟ ਟਾਹਣੇ 'ਤੇ ਬੈਠਾ ਮਜ਼ੇ ਨਾਲ ਗੁਲਗੁਲੇ ਖਾ ਰਿਹਾ ਸੀ। ਰੁਕੀ, ਪੁੱਛਿਆ-ਇਹ ਕਿਹੋ ਜਿਹਾ ਅਨੋਖਾ ਦਰੱਖਤ ਹੈ ਬੱਚੇ? ਦੇਖਣਾ ਤਾਂ ਦੂਰ, ਮੈਂ ਤਾਂ ਸੁਣਿਆ ਵੀ ਨਹੀਂ ਕਿ ਗੁਲਗੁਲਿਆਂ ਦਾ ਦਰਖਤ ਹੁੰਦੈ।

ਮੁੰਡੇ ਨੇ ਗੁੱਸਾ ਪੀ ਲਿਆ, ਮਿੱਠੀ ਬੋਲੀ ਵਿਚ ਕਿਹਾ-ਮਾਂ ਇਹ ਗੁਲਗੁਲਿਆਂ ਦਾ ਦਰਖਤ ਹੈ। ਬੁੱਢੀ ਨੇ ਅੱਖਾਂ ਉਪਰ ਹੱਥ ਦਾ ਛੱਜਾ ਬਣਾ ਕੇ ਕਿਹਾ-ਪੁੱਤਰ, ਇਸ ਦੇ ਗੁਲਗੁਲੇ ਲਗਦੇ ਵੀ ਹੁੰਦੇ ਨੇ?

ਹਾਂ ਮਾਂ। ਗੁਲਗੁਲੇ ਵੀ ਐਵੇਂ ਕਿਵੇਂ ਦੇ ਨਹੀਂ, ਗੋਕੇ ਘਿਉ ਵਿਚ ਤਲੇ ਹੋਏ। ਤੋੜ ਕੇ ਜਿੰਨੇ ਮਰਜ਼ੀ ਖਾ ਲੈ, ਮੁਕਦੇ ਨਹੀਂ, ਹੋਰ ਲੱਗ ਜਾਂਦੇ ਨੇ।

ਪੁੱਤਰ, ਰਾਮ ਤੇਰੀ ਉਮਰ ਹਜ਼ਾਰ ਸਾਲ ਲੰਮੀ ਕਰੇ। ਖਾਣੇ ਤਾਂ ਕੀ, ਮੈਂ ਤਾਂ ਅੱਜ ਤੱਕ ਗੁਲਗੁਲਿਆਂ ਦਾ ਨਾਮ ਵੀ ਨਹੀਂ ਸੁਣਿਆ। ਵੀਹ ਗੁਲਗੁਲੇ ਖੁਆ ਦਏਂ ਤਾਂ ਮੈਂ ਤਾਂ ਤੇਰੇ ਨਾਮ ਦੀ ਮਾਲਾ ਜਪਿਆ ਕਰਾਂ।

ਵੀਹ ਕਿਉਂ? ਚਾਹੇ ਹਜ਼ਾਰ ਗੁਲਗੁਲੇ ਖਾਹ। ਮੈਂ ਕਿਹੜਾ ਨਾਂਹ ਕਰਦਾਂ।

ਹਜ਼ਾਰ ਨਹੀਂ, ਵੀਹ ਬਹੁਤ ਨੇ। ਲਾਲਚ ਕਰਨਾ ਸੋਭਦਾ ਨਹੀਂ।

ਮੁੰਡੇ ਨੇ ਦੇਖਿਆ, ਬੁੱਢੀ ਨੇ ਮੋਢੇ ਉਪਰ ਬਗਲੀ ਲਟਕਾ ਰੱਖੀ ਸੀ। ਕਿਹਾ-ਲੈ ਤੂੰ ਆਪਣੀ ਬਗਲੀ ਦਾ ਮੂੰਹ ਖੋਲ੍ਹ। ਪੂਰੀ ਭਰ ਦਿੰਨਾ।

ਬੁੱਢੀ ਨੇ ਕਿਹਾ-ਨਾ ਪੁੱਤਰ, ਮੇਰੀ ਕੋਰੀ ਬਗਲੀ ਥਿੰਦੀ ਹੋ ਜਾਊਗੀ।

ਤਾਂ ਫੇਰ ਚੁੰਨੀ ਦਾ ਪੱਲਾ ਕਰ।

ਨਾ ਪੁੱਤਰ ਚੁੰਨੀ ਮੈਲੀ ਹੈ, ਗੁਲਗੁਲੇ ਮੈਲੇ ਹੋ ਜਾਣਗੇ।

ਚੰਗਾ ਹੱਥ ਕਰ।

ਗਰਮ ਨੇ ਪੁੱਤਰ, ਹੱਥ ਜਲ ਜਾਣਗੇ, ਛਾਲੇ ਪੈ ਜਾਣਗੇ।

ਮੁੰਡੇ ਨੂੰ ਸਾਰੀ ਕਰਤੂਤ ਦਾ ਪਤਾ ਸੀ ਪਰ ਜਾਣ ਕੇ ਅਨਜਾਣ ਬਣਦਿਆਂ ਕਿਹਾ: ਇਹ ਵੀ ਨਹੀਂ, ਉਹ ਵੀ ਨਹੀਂ, ਫਿਰ ਗੁਲਗੁਲੇ ਖਾਏਂਗੀ ਕਿਸ ਤਰ੍ਹਾਂ?

ਬੁੱਢੀ ਨੂੰ ਲੱਗਾ, ਮੁੰਡਾ ਸਿਰੇ ਦਾ ਮੂਰਖ ਹੈ, ਇਹ ਤਾਂ ਆਪੇ ਫਸ ਰਿਹੈ। ਝੱਟ ਬੋਲੀ-ਪੁੱਤਰ, ਜੇ ਗੁਲਗੁਲੇ ਖੁਆਣੇ ਈ ਏ ਨਾ, ਤਾਂ ਆਪਣੀ ਪੱਗ ਦੇ ਇੱਕ ਸਿਰੇ ਨਾਲ ਬੰਨ੍ਹ ਕੇ ਹੇਠਾਂ ਲਟਕਾ ਦੇ। ਗੱਠ ਖੋਲ੍ਹ ਕੇ ਖਾ ਲਊਂਗੀ। ਚੰਗੇ ਹੋਏ ਤਾਂ ਆਂਢ ਗੁਆਂਢ ਸਭ ਨੂੰ ਦੱਸਾਂਗੀ, ਤੇਰੀ ਵਿਕਰੀ ਬਹੁਤ ਵਧੇਗੀ।

ਮੁੰਡੇ ਨੇ ਕਿਹਾ-ਮਾਂ ਤੇਰੀਆਂ ਅਸੀਸਾਂ ਨਾਲੋਂ ਵੱਧ ਚੰਗਾ ਮੇਰਾ ਸਾਫਾ ਥੋੜ੍ਹਾ ਹੀ ਹੈ। ਆਜਾ, ਮੇਰੇ ਬਿਲਕੁਲ ਹੇਠ ਆ ਕੇ ਖਲੋ ਜਾ। ਪੱਕੇ ਪੱਕੇ ਗੁਲਗੁਲੇ ਤੋੜ ਤੋੜ ਖੁਆਵਾਂ। ਮੁੰਡੇ ਦਾ ਏਨਾ ਆਖਣਾ ਸੀ ਕਿ ਦੋਵੇਂ ਸੋਟੀਆਂ ਦੇ ਸਹਾਰੇ ਟੱਪ ਟੱਪ ਦੀ ਆਵਾਜ਼ ਕਰਦੀ ਬੁੱਢੀ ਮੁੰਡੇ ਦੇ ਐਨ ਹੇਠ ਆ ਕੇ ਖਲੋ ਗਈ। ਮੁੰਡਾ ਉਸ ਨੂੰ ਗੁਲਗੁਲੇ ਖੁਆਉਣ ਲਈ ਤਿਆਰ ਹੀ ਬੈਠਾ ਸੀ, ਜ਼ੋਰ ਦੀ ਬੋਲਿਆ-ਲੈ ਅੰਮਾ ਲੈ। ਬੁੱਢੀ ਨੇ ਨਾਲ ਆਵਾਜ਼ ਮਿਲਾ ਕੇ ਕਿਹਾ-ਲਿਆ ਪੁੱਤਰ ਲਿਆ! ਮੁੰਡਾ ਆਪਣੇ ਕੋਲ ਪੱਥਰ ਦੀ ਭਾਰੀ ਸਲੇਟ ਰੱਖੀ ਬੈਠਾ ਸੀ। ਉਸ ਨੇ ਤੁਰੰਤ ਸਲੇਟ ਇਸ ਤਰ੍ਹਾਂ ਸਰਕਾਈ ਕਿ ਸਿੱਧੀ ਬੁੱਢੀ ਦੇ ਸਿਰ ਵਿਚ ਲੱਗੀ, ਸਿਰ ਦੋ-ਫਾੜ ਹੋ ਗਿਆ। ਮੁੰਡਾ ਤੇਜ਼ੀ ਨਾਲ ਹੇਠ ਉਤਰਿਆ ਤੇ ਰਹਿੰਦੀ ਸਹਿੰਦੀ ਕਸਰ ਹੱਥਾਂ ਨਾਲ ਕੱਢ ਦਿੱਤੀ। ਘੜੀਸ ਕੇ ਪਰ੍ਹੇ ਦੂਰ ਟੋਏ ਵਿਚ ਸੁੱਟ ਦਿੱਤੀ। ਹੱਥ ਧੋ ਕੇ ਫੇਰ ਦਰਖਤ 'ਤੇ ਚੜ੍ਹ ਗਿਆ।

ਲੱਭਦੀ ਲੱਭਦੀ ਮੁੰਡੇ ਦੀ ਮਾਂ ਉਥੇ ਆ ਗਈ। ਦਰਖਤ ਉਪਰ ਬੈਠਾ ਦੇਖ ਕੇ ਬੜੀ ਖੁਸ਼ ਹੋਈ, ਬੋਲੀ-ਓ ਬਾਂਦਰ, ਤੂੰ ਇੱਥੇ ਬੈਠੈਂ ਮੌਜ ਨਾਲ, ਲੱਭਦੀ ਲੱਭਦੀ ਦੀਆਂ ਮੇਰੀਆਂ ਲੱਤਾਂ ਥੱਕ ਗਈਆਂ। ਸਮੇਂ ਸਿਰ ਰੋਟੀ ਤਾਂ ਖਾ ਲਿਆ ਕਰ!

ਝੋਲੀ ਭਰ ਕੇ ਗੁਲਗੁਲਿਆਂ ਦੀ ਪੁੱਤਰ ਹੇਠ ਉਤਰਿਆ। ਬੋਲਿਆ-ਏਨੇ ਸੁਆਦ ਗੁਲਗੁਲੇ ਛੱਡ ਕੇ ਰੁੱਖੇ ਟੁਕੜੇ ਕੌਣ ਖਾਵੇ ਮਾਂ? ਤੈਨੂੰ ਹੁਣ ਖਾਣਾ ਪਕਾਣ ਦੀ ਲੋੜ ਵੀ ਨੀ। ਦੇਖ ਤੇਰੇ ਲਾਡਲੇ ਨੇ ਗੁਲਗੁਲਿਆਂ ਦਾ ਕਿਹੋ ਜਿਹਾ ਦਰਖਤ ਉਗਾਇਆ!

ਹੈਰਾਨ ਹੋ ਕੇ ਮਾਂ ਨੇ ਕਿਹਾ-ਓ ਮੂਰਖ, ਗੁਲਗੁਲੇ ਕਦੀ ਦਰਖਤਾਂ 'ਤੇ ਲੱਗੇ ਨੇ? ਮਾਂ ਦੇ ਮੂੰਹ ਵਿਚ ਗਰਮ ਗੁਲਗੁਲੇ ਪਾ ਕੇ ਕਹਿਣ ਲੱਗਾ-ਮਾਂ ਦੇ ਹੱਥੀਂ ਬਣੇ ਗੁਲਗੁਲਿਆਂ ਦੀ ਕੋਈ ਰੀਸ ਤਾਂ ਨਹੀਂ ਪਰ ਪੁੱਤਰ ਦੇ ਗੁਲਗੁਲੇ ਵੀ ਬੇਸੁਆਦੇ ਨਹੀਂ।

ਗੁਲਗੁਲਾ ਖਾਂਦੀ ਮਾਂ ਬੋਲੀ-ਵਾਹ, ਇਹੋ ਜਿਹੇ ਮਿੱਠੇ ਸੁਆਦ ਗੁਲਗੁਲੇ ਤਾਂ ਮੈਂ ਅੱਜ ਤੱਕ ਖਾਧੇ ਨਹੀਂ ਕਦੀ।

ਉਹ ਦਿਨ ਤੇ ਅੱਜ ਦਾ ਦਿਨ। ਦੋਵੇਂ ਮਾਂ ਪੁੱਤ ਪਚਾਕੇ ਮਾਰ ਮਾਰ ਰੋਜ਼ ਗੁਲਗੁਲੇ ਖਾਂਦੇ, ਸਾਰੇ ਪਿੰਡ 'ਚ ਵੰਡਦੇ। ਦਰਖਤ ਵੀ ਖੁਸ਼, ਪਿੰਡ ਵੀ ਖੁਸ਼।

## ਲੋਕਾਂ ਦੇ ਉਜਾੜੇ ਦੀਆਂ ਚੀਸਾਂ ਦਾ ਦਰਦ

# 'ਬੁੱਢੇ ਥੇਹ ਦੀ ਹੂਕ: ਸੰਨ 1947'

15 ਅਗਸਤ 1947 ਦੇ ਦਿਨ ਬ੍ਰਿਟਿਸ਼ ਹਕੂਮਤ ਵੱਲੋਂ ਭਾਰਤ ਨੂੰ ਸੌਂਪੀ ਗਈ ਆਜ਼ਾਦੀ ਜਿੱਥੇ ਇਸ ਦੇ ਬਹੁਤੇ ਲੋਕਾਂ ਲਈ ਖੁਸ਼ੀ ਮਨਾਉਣ ਦਾ ਮੌਕਾ ਸੀ, ਉੱਥੇ ਅੰਗਰੇਜ਼ ਸਰਕਾਰ ਵੱਲੋਂ ਪੰਜਾਬ ਅਤੇ ਬੰਗਾਲ ਦੀ ਬੁਰੀ ਤਰ੍ਹਾਂ ਕੀਤੀ ਗਈ ਵੰਡ ਇਨ੍ਹਾਂ ਦੋਹਾਂ ਸੂਬਿਆਂ ਦੇ ਲੋਕਾਂ ਲਈ ਡੂੰਘੇ ਸੰਤਾਪ ਦਾ ਵੱਡਾ ਕਾਰਨ ਬਣੀ। ਆਬਾਦੀ ਦੇ ਨਾਂ 'ਤੇ ਇਨ੍ਹਾਂ ਸੂਬਿਆਂ ਵਿਚ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਦੀ ਹੋਈ ਹਿਜਰਤ ਵਿਚ ਲੱਖਾਂ ਹੀ ਲੋਕਾਂ ਦੀਆਂ ਜਾਨਾਂ ਗਈਆਂ ਤੇ ਹੋਰ ਕਈ ਲੱਖਾਂ ਦੀ ਗਿਣਤੀ ਵਿਚ ਘਰੋਂ ਬੇ-ਘਰ ਹੋ ਗਏ। ਉਨ੍ਹਾਂ ਵਿਚੋਂ ਵੀ ਬਹੁਤ ਸਾਰੇ ਸਿਰਫ ਆਪਣੀਆਂ ਜਾਨਾਂ ਬਚਾ ਕੇ ਹੀ ਦੋਹਾਂ ਦੇਸ਼ਾਂ ਦੀਆਂ ਬਣੀਆਂ ਨਵੀਆਂ ਸਰਹੱਦਾਂ ਨੂੰ ਪਾਰ ਕਰ ਸਕੇ ਅਤੇ ਉਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ, ਘਰਾਂ ਦਾ ਬੇਸ਼-ਕੀਮਤੀ ਸਾਜ਼ੋ-ਸਮਾਨ ਤੇ ਮਾਲ-ਡੰਗਰ ਉੱਥੇ ਘਰਾਂ ਵਿਚ ਹੀ ਰਹਿ ਗਏ। ਕਈਆਂ ਨੇ ਆਉਣ ਲੱਗਿਆਂ ਆਪਣੇ ਪਸ਼ੂਆਂ ਦੇ ਰੱਸੇ ਤੇ ਸੰਗਲ ਖੋਲ੍ਹ ਦਿੱਤੇ ਅਤੇ ਉਹ ਵਿਚਾਰੇ ਬੇ-ਜ਼ੁਬਾਨੇ ਬੈਲ-ਗੱਡਿਆਂ 'ਤੇ ਲੱਦੇ ਸਮਾਨ ਦੇ ਨਾਲ ਨਾਲ ਕਈ ਮੀਲ ਤੁਰਦੇ


**ਡਾ. ਸੁਖਦੇਵ ਸਿੰਘ ਝੰਡ**
ਫੋਨ: 647-567-9128

ਆਏ। ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਪਿਛਾਂਹ ਮੋੜਿਆ ਗਿਆ।

ਇਹ ਮੰਨਿਆ ਜਾਂਦਾ ਹੈ ਕਿ 80 ਲੱਖ ਲੋਕਾਂ ਨੇ ਇਹ ਸੰਤਾਪ ਆਪਣੇ ਹੱਡੀਂ ਹੰਢਾਇਆ। ਸਰਕਾਰੀ ਅੰਕੜਿਆਂ ਅਨੁਸਾਰ 10 ਲੱਖ ਤੋਂ ਵੱਧ ਲੋਕ ਇਸ ਦੌਰਾਨ ਆਪਣੀਆਂ ਜਾਨਾਂ ਗੁਆ ਬੈਠੇ। ਸੰਤਾਪ ਦੇ ਮਾਰੇ ਲੋਕਾਂ ਨਾਲ ਭਰੀਆਂ ਰੇਲ ਗੱਡੀਆਂ ਵੱਢੀਆਂ ਗਈਆਂ ਅਤੇ ਇਕ ਲੱਖ ਤੋਂ ਵੱਧ ਧੀਆਂ-ਭੈਣਾਂ ਉਧਾਲੇ ਤੇ ਬੇਹੁਰਮਤੀ ਦਾ ਸ਼ਿਕਾਰ ਹੋਈਆਂ। ਅੱਜ ਦੇ ਪੱਛਮੀ ਪੰਜਾਬ (ਪਾਕਿਸਤਾਨ) ਦੇ 'ਸਾਂਦਲ ਬਾਰ', 'ਨੀਲੀ ਬਾਰ' ਤੇ 'ਗੰਜੀ ਬਾਰ' ਦੇ ਇਲਾਕੇ ਦੇ ਜੰਗਲਾਂ ਨੂੰ ਜੱਟਾਂ-ਜ਼ਿਮੀਂਦਾਰਾਂ ਵੱਲੋਂ ਆਪਣੇ ਹੱਥਾਂ ਨਾਲ ਪੁੱਟ-ਪੁੱਟ ਕੇ ਬੜੀ ਮਿਹਨਤ ਤੇ ਮੁਸ਼ੱਕਤ ਨਾਲ ਬਣਾਈਆਂ ਹੋਈਆਂ ਨਹਿਰਾਂ ਨਾਲ ਸਿੰਜੀਆਂ ਜਾਣ ਵਾਲੀਆਂ ਬੇਹੱਦ ਜ਼ਰਖੇਜ਼ ਜ਼ਮੀਨਾਂ ਉੱਥੇ ਹੀ ਰਹਿ ਗਈਆਂ ਅਤੇ ਉਨ੍ਹਾਂ ਦੇ ਇਵਜ਼ ਵਿਚ ਕਈ ਸਾਲਾਂ ਬਾਅਦ ਬਹੁਤ ਥੋੜ੍ਹੀਆਂ ਤੇ ਘੱਟ-ਉਪਜਾਊ ਜ਼ਮੀਨਾਂ ਹੀ ਉਨ੍ਹਾਂ ਨੂੰ ਨਸੀਬ ਹੋ ਸਕੀਆਂ।

ਇਸ ਵੱਡੇ ਸੰਤਾਪ ਦਾ ਇਕ ਹਿੱਸਾ ਮੇਰੇ ਪਰਿਵਾਰ ਦੇ ਵਡੇਰਿਆਂ ਨੇ ਵੀ ਹੰਢਾਇਆ, ਜਦੋਂ ਭਾਰਤ ਦੀ ਕਥਿਤ 'ਆਜ਼ਾਦੀ' ਦੇ ਤਿੰਨ ਦਿਨ ਬਾਅਦ 18 ਅਗਸਤ 1947 ਨੂੰ ਉਨ੍ਹਾਂ ਨੂੰ ਵੀ ਲੱਖਾਂ ਹੋਰਨਾਂ ਵਾਂਗ ਸਭ ਛੱਡ ਛਡਾ ਕੇ ਬੈਲ-ਗੱਡਿਆਂ ਦੇ ਇਨ੍ਹਾਂ ਕਾਫਲਿਆਂ ਵਿਚ ਸ਼ਾਮਲ ਹੋਣਾ ਪਿਆ। ਉਹ ਜਿਨ੍ਹਾਂ ਮੁਸ਼ਕਿਲਾਂ ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਦੇ ਹੋਏ ਲਾਇਲਪੁਰ (ਅੱਜ ਕੱਲ੍ਹ ਫੈਸਲਾਬਾਦ) ਜ਼ਿਲੇ ਦੇ ਚੱਕ ਨੰਬਰ 202 (ਪਿੰਡ ਗੱਟੀ) ਤੋਂ ਚੱਲ ਕੇ ਬੱਲੋਕੀ ਹੈੱਡ ਵਰਕਸ, ਚੀਚੋਕੀ ਮੱਲ੍ਹੀਆਂ ਵਾਲੀ ਨਹਿਰ ਦੇ ਕੰਢੇ-ਕੰਢੇ, ਭਾਈ ਫੇਰੂ ਸ਼ਹਿਰ, ਮੋਗਾ, ਲੁਧਿਆਣਾ, ਫਗਵਾੜਾ ਤੇ ਜਲੰਧਰ ਜੀ. ਟੀ. ਰੋਡ ਦੇ ਨਾਲ-ਨਾਲ ਖੱਜਲ-ਖੁਆਰ ਹੁੰਦੇ ਹੋਏ 33 ਦਿਨਾਂ ਦੇ ਲੰਮੇ, ਅਕਾਊ ਤੇ ਥਕਾਊ ਸਫਰ ਪਿੱਛੋਂ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਤਲਵਾਂ (ਅੱਜ ਕੱਲ੍ਹ ਤਾਰਾਗੜ੍ਹ) ਪਹੁੰਚਣ ਦਾ ਜ਼ਿਕਰ ਜਦੋਂ ਮੇਰੇ ਪਿਤਾ ਜੀ ਕਰਿਆ ਕਰਦੇ ਸਨ ਤਾਂ ਉਨ੍ਹਾਂ ਦੇ ਨਾਲ ਸਾਡੀਆਂ ਵੀ ਅੱਖਾਂ ਵਿਚੋਂ ਅੱਥਰੂ ਪਰਲ-ਪਰਲ ਵਗਣ ਲੱਗ ਪੈਂਦੇ ਸਨ। ਉਹ ਦੱਸਦੇ ਸਨ ਕਿ ਕਾਫਲਿਆਂ ਦੇ ਰੂਪ ਵਿਚ ਉਸ ਅਤਿ-ਬਿਖੜੇ ਰਸਤੇ ਵਿਚ ਆਉਂਦਿਆਂ ਮੁਸਲਿਮ ਲੁਟੇਰਿਆਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਕੇ ਕਈਆਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ ਅਤੇ ਰਾਹ ਵਿਚ ਛੱਪੜਾਂ ਤੇ ਨਾਲਿਆਂ ਦਾ ਗੰਦਾ ਪਾਣੀ ਪੀਣ ਨਾਲ ਹੈਜ਼ਾ ਫੈਲਣ ਕਰਕੇ ਕਈ ਲੋਕ ਮਾਰੇ ਗਏ, ਜਿਨ੍ਹਾਂ ਵਿਚ ਮੇਰਾ ਇਕ ਤਾਇਆ ਤੇ ਇਕ ਚਾਚਾ ਵੀ ਸ਼ਾਮਲ ਸਨ। ਮੇਰੇ ਪਰਿਵਾਰ ਦੇ ਜੀਆਂ ਨੂੰ ਉਨ੍ਹਾਂ ਦੀਆਂ ਮ੍ਰਿਤਕ-ਦੇਹਾਂ ਦਾ ਅੰਤਿਮ ਸਸਕਾਰ ਕਰਨ ਦਾ ਵੀ ਮੌਕਾ ਨਾ ਮਿਲਿਆ ਅਤੇ ਇਕ ਨੂੰ ਤਾਂ ਰਸਤੇ ਵਿਚ ਧਰਤੀ 'ਚ ਦਫਨਾ ਦਿੱਤਾ ਗਿਆ ਤੇ ਦੂਜੇ ਨੂੰ ਮੰਜੇ ਨਾਲ ਬੰਨ੍ਹ ਕੇ ਸਤਲੁਜ ਦੇ ਵਗਦੇ ਪਾਣੀ ਵਿਚ ਡੱਡੂਆਂ-ਮੱਛੀਆਂ ਦੇ ਹਵਾਲੇ ਕਰ ਦਿੱਤਾ ਗਿਆ।

ਜਿੱਥੇ ਬਹੁਤ ਸਾਰੇ ਲੋਕ, ਜਿਨ੍ਹਾਂ ਦੇ ਸਿਰਾਂ 'ਤੇ ਉਦੋਂ ਉਸ ਸਮੇਂ ਧਾਰਮਿਕ ਜਨੂੰਨ ਸਵਾਰ ਸੀ, ਨੇ ਰਾਹ ਜਾਂਦੇ ਕਾਫਲਿਆਂ ਨੂੰ ਲੁੱਟਣ ਅਤੇ ਉਨ੍ਹਾਂ ਵਿਚਲੇ ਲੋਕਾਂ ਦੀ ਮਾਰ-ਧਾੜ ਕੀਤੀ, ਉੱਥੇ ਕਈ ਭਲੇ-ਪੁਰਸ਼ਾਂ ਨੇ ਮੌਤ ਦੀ ਪ੍ਰਵਾਹ ਨਾ ਕਰਦਿਆਂ ਸਿਰਾਂ 'ਤੇ ਕਫਨ ਬੰਨ੍ਹ ਕੇ ਆਪਣੇ ਸੁਹਿਰਦ ਯਤਨਾਂ ਨਾਲ ਇਹ ਸੰਤਾਪ ਭੋਗ ਰਹੇ ਲੋਕਾਂ ਨੂੰ ਵੱਖ-ਵੱਖ ਥਾਂਵਾਂ 'ਤੇ ਲੱਗੇ ਸਰਕਾਰੀ ਰਾਹਤ-ਕੈਂਪਾਂ ਤੀਕ ਸੁਰੱਖਿਅਤ ਵੀ ਪਹੁੰਚਾਇਆ। ਇਨ੍ਹਾਂ ਵਿਚ ਕਈ ਹੋਰਨਾਂ ਸਮੇਤ ਇਸ ਪੁਸਤਕ ਦੀ ਸੰਪਾਦਕ ਇਕਬਾਲ ਕੌਰ ਦੇ ਪਿਤਾ (ਸ਼ਹੀਦ) ਗਹਿਲ ਸਿੰਘ ਛੱਜਲਵੱਡੀ ਵੀ ਸ਼ਾਮਲ ਹਨ। ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੀਆਂ ਬੇਟੀਆਂ ਵੱਲੋਂ ਅੰਮ੍ਰਿਤਸਰ ਤੋਂ 22 ਕਿਲੋਮੀਟਰ ਦੂਰ ਰਈਆ/ਖਿਲਚੀਆਂ ਵਾਲੇ ਪਾਸੇ ਜੀ. ਟੀ. ਰੋਡ (ਨੈਸ਼ਨਲ ਹਾਈਵੇਅ ਨੰ. 1) ਦੇ ਦੋਵੇਂ ਪਾਸੇ ਵੱਸੇ ਵੱਡੇ ਪਿੰਡ ਟਾਂਗਰਾ ਵਿਖੇ 'ਸ਼ਹੀਦ ਗਹਿਲ ਸਿੰਘ ਮੈਮੋਰੀਅਲ ਸਕੂਲ' ਸਥਾਪਿਤ ਕੀਤਾ ਗਿਆ ਅਤੇ ਉੱਥੇ ਹਰ ਸਾਲ ਉਨ੍ਹਾਂ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ। ਸਕੂਲ ਪੜ੍ਹਦੇ ਸਮੇਂ ਮੈਂ ਕਈ ਵਾਰ ਉਨ੍ਹਾਂ ਮੌਕਿਆਂ 'ਤੇ ਹੋਏ ਬਰਸੀ ਸਮਾਗਮਾਂ ਵਿਚ ਸ਼ਾਮਲ ਹੋਇਆ ਹਾਂ। ਮੈਡਮ ਇਕਬਾਲ ਕੌਰ ਸੌਂਦ, ਉਨ੍ਹਾਂ ਦੀ ਵੱਡੀ ਭੈਣ ਬੀਰ ਕਲਸੀ ਤੇ ਛੋਟੀਆਂ ਭੈਣਾਂ




ਇਨ੍ਹਾਂ ਸ਼ਹੀਦੀ ਸਮਾਗਮਾਂ ਦੀਆਂ 'ਰੂਹੇ-ਰਵਾਂ' ਹੁੰਦੀਆਂ ਸਨ।

ਡਾ. ਇਕਬਾਲ ਕੌਰ ਸੌਂਦ ਨੇ ਇਸ ਸੰਤਾਪ ਨੂੰ ਵੱਖ-ਵੱਖ ਲੇਖਕਾਂ ਵੱਲੋਂ ਕਲਮਬੰਦ ਕੀਤੀਆਂ ਗਈਆਂ ਸੱਚੀਆਂ ਘਟਨਾਵਾਂ ਨੂੰ 35 ਕਹਾਣੀਆਂ ਦੇ ਰੂਪ ਵਿਚ ਇਸ ਪੁਸਤਕ ਵਿਚ ਬੜੇ ਖ਼ੂਬਸੂਰਤ ਢੰਗ ਨਾਲ ਸੰਪਾਦਿਤ ਕੀਤਾ ਹੈ। ਪੁਸਤਕ ਵਿਚ ਕਹਾਣੀਕਾਰ ਅਤਰਜੀਤ ਦੀ ਪਹਿਲੀ ਕਹਾਣੀ 'ਚੰਦਰੀ ਹਵਾ' ਦੀ ਸ਼ੁਰੂਆਤ ਲਾਹੌਰ ਵੱਲੋਂ ਆਈ ਲੋਥਾਂ ਨਾਲ ਭਰੀ ਗੱਡੀ ਨਾਲ ਹੁੰਦੀ ਹੈ, ਜਿਸ ਦੇ ਵਿਰੋਧ ਵਿਚ ਨਿਹੰਗੀ-ਭੇਸ ਵਿਚ ਕਈ ਵੈਲੀ ਕਿਸਮ ਦੇ ਲੋਕ ਬਰਛਿਆਂ, ਟਕੂਏ ਤੇ ਤਲਵਾਰਾਂ ਆਦਿ ਨਾਲ ਪਿੰਡੋ-ਪਿੰਡੀ ਜਾ ਕੇ ਮੁਸਲਮਾਨਾਂ ਨੂੰ ਬੇਰਹਿਮੀ ਨਾਲ ਕਤਲ ਕਰਨ ਲਈ ਤੁਰ ਪੈਂਦੇ ਹਨ। ਇਨ੍ਹਾਂ ਵਿਚ ਸ਼ਾਮਲ 'ਸਰਦਾਰੇ' ਜਿਹੇ ਕਈ ਬਦਮਾਸ਼ਾਂ ਨੇ 'ਜੈਨਾ' ਵਰਗੀਆਂ ਬਹੁਤ ਸਾਰੀਆਂ ਮਾਸੂਮ ਮੁਸਲਿਮ ਲੜਕੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਅਤੇ ਜ਼ਬਰਦਸਤੀ ਉਨ੍ਹਾਂ ਦਾ ਧਰਮ ਬਦਲ ਕੇ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਵਸਾਇਆ।

ਦੂਜੀ ਕਹਾਣੀ 'ਬਟਵਾਰਾ' ਵਿਚ ਪੁਸਤਕ ਦੀ ਸੰਪਾਦਕ ਡਾ. ਇਕਬਾਲ ਕੌਰ ਨੇ ਵੀ ਅਜਿਹੇ ਹੀ ਇਕ ਪਾਤਰ


ਡਾ. ਇਕਬਾਲ ਕੌਰ

'ਸਰਪੰਚ' ਦਾ ਬਾਖ਼ੂਬੀ ਜ਼ਿਕਰ ਕੀਤਾ ਹੈ, ਜੋ ਰਾਹ ਜਾਂਦੇ ਕਾਫਲੇ ਵਿਚੋਂ ਪਾਣੀ ਪੀਣ ਲਈ ਇਕ ਪਾਸੇ ਹੋਈ ਮੁਸਲਿਮ ਜਵਾਨ ਲੜਕੀ ਨੂੰ ਧੂਹ ਕੇ ਆਪਣੇ ਘਰ ਲੈ ਆਉਂਦਾ ਹੈ। ਇਸ ਕਹਾਣੀ ਵਿਚ ਉਹ ਲੱਭੂ ਘੁਮਿਆਰ ਦੇ ਜਨੂੰਨੀਆਂ ਦੇ ਹੱਥੋਂ ਬੇਰਹਿਮੀ ਨਾਲ ਵੱਢੇ-ਟੁੱਕੇ ਜਾਣ ਬਾਰੇ ਵੀ ਦੱਸਦੇ ਹਨ। ਕਹਾਣੀ ਦਾ ਮੁੱਖ ਪਾਤਰ ਇਕ ਭਲਾ-ਪੁਰਸ਼ 'ਸਰਦਾਰ' ਆਪਣੇ ਪਿੰਡ ਦੇ ਸਾਥੀਆਂ ਨਾਲ ਮੁਸਲਿਮ ਕਾਫਲੇ ਨੂੰ ਸੁਰੱਖਿਅਤ ਕੈਂਪ ਤੱਕ ਪਹੁੰਚਾਉਂਦਾ ਹੈ। ਅਗਲੀ ਕਹਾਣੀ 'ਵਿਛੜਨ ਰਾਤ ਨਾ ਆਵੇ' ਵਿਚ ਡਾ. ਇੰਦਰਾ ਵਿਰਕ ਨੇ ਮੁੱਖ ਪਾਤਰ ਇਕਬਾਲ ਦੇ ਆਪਣੇ ਪਿਤਾ ਦੇ ਵਿਛੜਨ ਅਤੇ ਫਿਰ ਆਪਣੀ ਮਾਂ, ਚਾਚੇ, ਦਾਦੇ ਤੇ ਦਾਦੀ ਨਾਲ ਕਈ ਦੁੱਖ, ਤਕਲੀਫਾਂ ਸਹਿੰਦੇ ਹੋਏ ਇਧਰਲੇ ਪੰਜਾਬ ਵਿਚ ਪਹੁੰਚਣ ਅਤੇ ਚਾਚੇ ਦੇ ਰਸਤੇ ਵਿਚ ਹੀ ਸਾਥ ਛੱਡ ਜਾਣ ਦਾ ਜ਼ਿਕਰ ਕੀਤਾ ਹੈ।

ਕਹਾਣੀਆਂ ਦਾ ਸਿਲਸਿਲਾ ਇੰਜ ਅੱਗੇ ਤੁਰਦਾ ਹੈ ਅਤੇ ਪਾਠਕ ਨੂੰ ਪ੍ਰਿੰ. ਸੁਜਾਨ ਸਿੰਘ ਦੀ ਕਹਾਣੀ 'ਮਨੁੱਖ ਤੇ ਪਸ਼ੂ', 'ਸਵਰਨ ਕੌਰ ਬੱਲ ਦੀ 'ਸ਼ਰੀਫਾਂ', ਸਤਨਾਮ ਚੌਹਾਨ ਦੀ 'ਤੈਂ ਕੀ ਦਰਦ ਨਾ ਆਇਆ', ਸੁਰਿੰਦਰ ਖਹਿਰਾ ਪੱਖੋਕੇ ਦੀ 'ਨਿਸ਼ਾਨੀ', ਡਾ. ਸ. ਸ. ਛੀਨਾ ਦੀ 'ਭਾਵਨਾਵਾਂ ਦੇ ਸ਼ਬਦ ਨਹੀਂ ਹੁੰਦੇ', ਹਰਸਿਮਰਨ ਕੌਰ ਦੀ 'ਸ਼ਰਨਾਰਥੀ', ਪ੍ਰੋ. ਕਰਨੈਲ ਸਿੰਘ ਥਿੰਦ ਦੀ 'ਚਾਚਾ ਜੁੰਮਾ', ਪ੍ਰਿੰ. ਕੁਲਦੀਪ ਕੌਰ ਦੀ 'ਪੰਦਰਾਂ ਅਗਸਤ', ਕੀਰਤ ਸਿੰਘ ਪੰਨੂੰ ਦੀ 'ਫੈਸਲਾ', ਗੁਰਦਿਆਲ ਸਿੰਘ ਬੱਲ ਦੀ 'ਘੁਣ', ਗੁਰਮੇਜ ਸਿੰਘ ਢਿੱਲੋਂ ਦੀ 'ਬੁੱਢੇ ਥੇਹ ਦੀ ਹੂਕ', ਦੀਪ ਦਵਿੰਦਰ ਸਿੰਘ ਦੀ 'ਵੇਲਾ ਕੁਵੇਲਾ', ਦਰਸ਼ਨ ਦਰਦ ਦੀ 'ਆਜ਼ਾਦ ਲਾਹੌਰੀਆ' ਤੇ ਕਈ ਹੋਰ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਉਹ ਜਿਉਂ-ਜਿਉਂ ਇਹ ਕਹਾਣੀਆਂ ਪੜ੍ਹਦਾ ਹੈ, ਉਸ ਦੀ ਇੱਛਾ ਇਸ ਮਨੁੱਖੀ-ਘੱਲੂਘਾਰੇ ਬਾਰੇ ਹੋਰ ਜਾਣਨ ਦੀ ਬਣਦੀ ਜਾਂਦੀ ਹੈ ਅਤੇ ਉਹ ਬੜੀ ਉਤਸੁਕਤਾ ਨਾਲ ਇਨ੍ਹਾਂ ਵਿਚ ਗਵਾਚ ਜਾਂਦਾ ਹੈ।

ਮੈਨੂੰ ਮਾਣ ਹੈ ਕਿ ਇਨ੍ਹਾਂ ਕਹਾਣੀਆਂ ਦੇ ਨਾਲ ਮੇਰੇ ਪਿਤਾ ਜੀ ਦੀ ਹੱਡ-ਬੀਤੀ ਵੀ, ਸੰਪਾਦਕ ਵੱਲੋਂ ਇਸ ਪੁਸਤਕ ਦੇ ਅਖੀਰ ਵਿਚ ਕਹਾਣੀ ਰੂਪ ਵਿਚ ਸ਼ਾਮਲ ਕੀਤੀ ਗਈ ਹੈ। ਉਹ ਇਸ ਵਿਚ ਕੁਝ ਆਪਣੇ ਬਾਰੇ ਤੇ ਕੁਝ ਬਾਰਾਂ ਦੇ ਇਲਾਕੇ ਦੇ ਆਬਾਦ ਹੋਣ ਅਤੇ ਫਿਰ ਉੱਥੋਂ ਆਪਣੇ ਤੇ ਹੋਰ ਪਰਿਵਾਰਾਂ ਦੇ ਉਜੜਨ ਬਾਰੇ ਬਾਖ਼ੂਬੀ ਬਿਆਨ ਕਰਦੇ ਹਨ। ਉਹ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੂੰ ਉੱਥੋਂ ਚੱਲ ਕੇ ਇਧਰ ਆਪਣੇ ਜੱਦੀ ਪਿੰਡ ਪਹੁੰਚਣ ਲਈ ਰਸਤੇ ਵਿਚ ਕਿਨ੍ਹਾਂ-ਕਿਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਡਾ. ਇਕਬਾਲ ਕੌਰ ਨੇ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਇਹ ਪੁਸਤਕ ਪਾ ਕੇ ਭਾਰਤ ਦੀ 1947 ਦੀ ਹੋਈ ਦਰਦਨਾਕ ਵੰਡ ਨਾਲ ਜੁੜੇ ਇਤਿਹਾਸ ਦੇ ਖ਼ੂਨੀ ਕਾਂਡ ਵਿਚ ਨਿੱਗਰ ਵਾਧਾ ਕੀਤਾ ਹੈ। ਪੁਸਤਕ ਵਿਚਲੀਆਂ ਇਹ ਕਹਾਣੀਆਂ ਨਿਰੀਆਂ ਕਹਾਣੀਆਂ ਹੀ ਨਹੀਂ ਹਨ, ਸਗੋਂ ਇਹ ਇਨ੍ਹਾਂ ਵਿਚਲੇ ਪਾਤਰਾਂ ਦਾ ਹੱਡੀਂ ਹੰਢਾਇਆ ਸੰਤਾਪ ਹੈ, ਜਿਸ ਨੂੰ ਕਹਾਣੀਕਾਰਾਂ ਨੇ ਕਲਮੀ ਰੂਪ ਦਿੱਤਾ ਹੈ। ਉਂਘੇ ਪੰਜਾਬੀ ਕਵੀ ਨਿਰਮਲ ਅਰਪਨ ਦਾ ਲਿਖਿਆ ਮੁੱਖਬੰਦ 'ਦਾਗ-ਦਾਗ ਉਜਾਲਾ' ਪੁਸਤਕ ਨੂੰ ਹੋਰ ਵੀ ਚਾਰ ਚੰਨ ਲਾਉਂਦਾ ਹੈ। ਪੰਜਾਬੀ ਸੱਥ ਲਾਂਬੜਾ ਦੇ ਸੇਵਾਦਾਰ ਡਾ. ਨਿਰਮਲ ਸਿੰਘ ਅਤੇ ਮੋਤਾ ਸਿੰਘ ਸਰਾਏ, ਸੰਚਾਲਕ ਯੂਰਪੀ ਪੰਜਾਬੀ ਸੱਥ ਦੇ ਮੁੱਢਲ ਸ਼ਬਦ 'ਹੱਡੀਂ ਹੰਢਾਏ ਦਰਦਾਂ ਦੀਆਂ ਦਾਸਤਾਨਾਂ' ਇਸ ਦਾ ਅਹਿਮ ਹਾਸਲ ਹਨ। ਪੁਸਤਕ ਦਾ ਟਾਈਟਲ 'ਬੁੱਢੇ ਥੇਹ ਦੀ ਹੂਕ: ਸੰਨ 1947' ਇਸ ਵਿਚਲੀਆਂ ਕਹਾਣੀਆਂ ਦੀ ਸਹੀ ਤਰਜਮਾਨੀ ਕਰਦਾ ਹੈ।

ਆਜ਼ਾਦ ਬੁੱਕ ਡਿਪੋ, ਅੰਮ੍ਰਿਤਸਰ ਪੁਸਤਕ ਨੂੰ ਇਸ ਰੂਪ ਵਿਚ ਲਿਆਉਣ ਲਈ ਵਧਾਈ ਦਾ ਹੱਕਦਾਰ ਹੈ।

# ਕੈਨੇਡਾ ਵਿਚਲੇ ਗੈਰ-ਕਾਨੂੰਨੀ ਖੇਤੀ ਕਾਮਿਆਂ ਦੇ ਦੁੱਖਾਂ ਦੀ ਪੇਸ਼ਕਾਰੀ 'ਜ਼ਰਖੇਜ਼'

ਭਗਵੰਤ ਰਸੂਲਪੁਰੀ ਕਹਾਣੀਕਾਰ ਹੈ, ਜਿਸ ਨੇ 'ਕਸੂਰਵਾਰ', 'ਆਦਿ ਡੰਕਾ', 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਅਤੇ 'ਰੰਗਾਂ ਦਾ ਸਮਾਜ ਵਿਗਿਆਨ' ਸਮੇਤ ਬਹੁਤ ਸਾਰੀਆਂ ਜਾਨਦਾਰ ਕਹਾਣੀਆਂ ਲਿਖੀਆਂ ਹਨ। ਵਧੀਆ ਸੰਪਾਦਕ ਹੈ। 'ਕਹਾਣੀਧਾਰਾ' ਉਸ ਦੀ ਸੰਪਾਦਨ ਕਲਾ ਦਾ ਸ਼ਾਨਦਾਰ ਨਮੂਨਾ ਹੈ। ਉਸ ਨੇ ਬਹੁਤ

**ਗੁਰਮੀਤ ਕੜਿਆਲਵੀ**
ਫੋਨ: 91-98726-40994

ਸਾਰੀਆਂ ਅਹਿਮ ਰਚਨਾਵਾਂ ਵੀ ਦੂਜੀਆਂ ਭਾਸ਼ਾਵਾਂ 'ਚੋਂ ਅਨੁਵਾਦ ਕਰਕੇ ਪੰਜਾਬੀ 'ਚ ਲਿਆਂਦੀਆਂ ਹਨ।

'ਜ਼ਰਖੇਜ਼' ਉਸ ਦਾ ਪਲੇਠਾ ਨਾਵਲ ਹੈ। ਇਹ ਭਗਵੰਤ ਦੇ ਹੱਡੀਂ ਹੰਢਾਏ ਸੱਚ ਦਾ ਗਲਪੀਕਰਨ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਕੁੜੀਆਂ-ਮੁੰਡੇ ਵਹੀਰਾਂ ਘੱਤ ਕੇ ਕੈਨੇਡਾ 'ਚ ਪੜ੍ਹਨ ਦੇ ਬਹਾਨੇ ਸੈਟਲ ਹੋਣ ਵਾਸਤੇ ਪਰਵਾਸ ਕਰ ਰਹੇ ਹਨ। ਇਨ੍ਹਾਂ ਦੇ ਪਿੱਛੇ ਪਿੱਛੇ ਇਨ੍ਹਾਂ ਸਟੂਡੈਂਟਾਂ ਦੇ ਮਾਪੇ ਵੀ ਵਿਜ਼ਿਟਰ ਵਜੋਂ ਜਾ ਰਹੇ ਹਨ। ਬੱਚਿਆਂ ਦੀਆਂ ਫੀਸਾਂ ਕੱਢਣ ਲਈ ਤੇ ਆਪਣੇ ਜਾਣ-ਆਉਣ 'ਤੇ ਹੋਣ ਵਾਲੇ ਖਰਚੇ ਨੂੰ ਕੱਢਣ ਲਈ ਇਹ ਮਾਪੇ ਗੈਰ-ਕਾਨੂੰਨੀ ਤੌਰ 'ਤੇ ਫਾਰਮਾਂ, ਸਟੋਰਾਂ ਜਾਂ ਘਰਾਂ 'ਚ ਕੰਮ ਕਰਦੇ ਹਨ। ਉਨ੍ਹਾਂ ਦੀ ਕਿਹੋ ਜਿਹੀ ਹਾਲਤ ਹੁੰਦੀ ਹੈ, ਕੈਸ਼ 'ਤੇ ਕੰਮ ਕਰਨ ਵਾਲੇ ਵਿਜ਼ਿਟਰਾਂ, ਸਟੂਡੈਂਟਾਂ, ਵਰਕ ਪਰਮਿਟ ਵਾਲਿਆਂ ਜਾਂ ਸੁਪਰ ਵੀਜ਼ੇ 'ਤੇ ਆਏ ਲੋਕਾਂ ਦਾ ਇੰਪਲਾਇਰਾਂ ਵਲੋਂ ਕਿਵੇਂ ਸ਼ੋਸ਼ਣ ਕੀਤਾ ਜਾਂਦਾ ਹੈ, ਇਸ ਦੀ ਵਿਸਥਾਰ ਪੂਰਵਕ ਜਾਣਕਾਰੀ ਇਹ ਨਾਵਲ ਮੁਹੱਈਆ ਕਰਵਾਉਂਦਾ ਹੈ।

ਇਹ ਨਾਵਲ 'ਮੈਂ' ਪਾਤਰ ਦੀਆਂ ਚਾਰ ਕੈਨੇਡਾ ਫੇਰੀਆਂ 'ਤੇ ਆਧਾਰਿਤ ਹੈ। ਇਨ੍ਹਾਂ ਚਾਰੇ ਫੇਰੀਆਂ 'ਚ ਬਿਰਤਾਂਤਕ ਨੂੰ ਜੋ


ਭਗਵੰਤ ਰਸੂਲਪੁਰੀ

ਨਿਵੇਕਲੇ ਅਨੁਭਵ ਪ੍ਰਾਪਤ ਹੁੰਦੇ ਹਨ, ਉਸ ਨੇ ਨਾਵਲੀ ਰੂਪ 'ਚ ਬਿਆਨ ਕੀਤੇ ਹਨ। ਪਹਿਲੀ ਫੇਰੀ ਐਪਲ ਫਾਰਮਾਂ 'ਚ ਕੀਤੇ ਜਾਂਦੇ ਕੰਮ ਐਪਲ ਤੋੜਨ ਨਾਲ ਸਬੰਧਤ ਹੈ। ਇਸ ਫੇਰੀ ਵਾਲੇ ਹਿੱਸੇ 'ਚ ਨਾਵਲਕਾਰ ਨੇ ਸੇਬਾਂ ਦੇ ਫਾਰਮਾਂ ਅਤੇ ਚੈਰੀ ਦੇ ਫਾਰਮਾਂ ਬਾਰੇ ਵਸੀਹ ਜਾਣਕਾਰੀ ਪਾਠਕਾਂ ਨੂੰ ਦਿੱਤੀ ਹੈ। ਨਾਵਲਕਾਰ ਨੇ ਫਾਰਮਾਂ 'ਚ




ਸੇਬ ਅਤੇ ਚੈਰੀ ਤੋੜਨ ਵਾਲੇ ਕਾਮਿਆਂ ਦੀ ਹੁੰਦੀ ਦੁਰਗਤੀ ਤੇ ਸ਼ੋਸ਼ਣ ਬਾਰੇ ਹੀ ਨਹੀਂ ਲਿਖਿਆ, ਨਾਲ ਦੀ ਨਾਲ ਵੱਡੇ ਵੱਡੇ ਫਾਰਮਰਾਂ ਵਲੋਂ ਕੋ-ਅੱਪ ਦੀ ਸ਼ਕਤੀ ਆਪਣੇ ਹੱਥਾਂ 'ਚ ਕੇਂਦ੍ਰਿਤ ਕਰਕੇ ਛੋਟੇ ਫਾਰਮਰਾਂ ਨੂੰ ਦਬਾਉਣ ਦੀਆਂ ਚਾਲਾਂ ਵੀ ਬੇਪਰਦ ਕੀਤੀਆਂ ਹਨ।

ਕੈਨੇਡੀਅਨ ਸਰਕਾਰ ਵਲੋਂ ਫਰੂਟ ਦਾ ਉਤਪਾਦਨ ਕਰਨ ਵਾਲੇ ਫਾਰਮਰਾਂ ਨੂੰ ਹੌਸਲਾਸ਼ੇਰੀ ਦਿੱਤੀ ਜਾਂਦੀ ਹੈ ਤੇ ਕਰਜ਼ੇ ਆਦਿ ਦੀਆਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ, ਪਰ ਉਹ ਫਰੂਟ ਨਹੀਂ ਖਰੀਦਦੀ। ਇਸ ਲਈ ਫਾਰਮਰ ਰਲ ਕੇ ਕੋਅਪ੍ਰੇਟਿਵ ਸੁਸਾਇਟੀਆਂ ਬਣਾ ਲੈਂਦੇ ਹਨ। ਪਾਠਕ ਜਾਣ ਕੇ ਹੈਰਾਨ ਰਹਿ ਜਾਂਦਾ ਹੈ ਕਿ ਭਾਰਤੀ ਵਿਵਸਥਾ ਵਾਂਗ ਕੈਨੇਡੀਅਨ ਕੋਅਪ੍ਰੇਟਿਵ ਸੁਸਾਇਟੀਆਂ 'ਤੇ ਵੀ ਵੱਡੇ ਫਾਰਮਰ ਹੀ ਕਾਬਜ਼ ਹੋ ਜਾਂਦੇ ਹਨ। ਕੋਈ ਵੀ ਫਾਰਮਰ ਇਸ ਕੋ-ਅੱਪ ਤੋਂ ਬਾਹਰ ਫਰੂਟ ਨਹੀਂ ਵੇਚ ਸਕਦਾ। ਛੋਟੇ ਫਾਰਮਰਾਂ ਦਾ ਸ਼ੋਸ਼ਣ ਹੁੰਦਾ ਹੈ। ਪਾਠਕ ਨੂੰ ਹੋਰ ਗੱਲ ਦਾ ਵੀ ਪਤਾ ਲੱਗਦਾ ਹੈ ਕਿ ਆਪਣੇ ਦੇਸ਼ ਵਾਂਗ ਉੱਥੇ ਵੱਧ ਪੈਦਾਵਾਰ ਲੈਣ ਲਈ ਸਬਜ਼ੀਆਂ ਅਤੇ ਫਰੂਟਾਂ 'ਤੇ ਸਪਰੇਆਂ ਦੇ ਰੂਪ 'ਚ ਬਹੁਤ ਜ਼ਿਆਦਾ ਜ਼ਹਿਰਾਂ ਪਾਈਆਂ ਜਾਂਦੀਆਂ ਹਨ।

ਇਸ ਨਾਵਲ 'ਚ ਇਕ ਪਾਤਰ ਦਾ ਕਹਿਣਾ ਦਰੁਸਤ ਹੈ, "ਮੈਂ ਤੈਨੂੰ ਦੱਸਾਂ ਇਹ ਭੋਇੰ ਵੇਖਣ ਨੂੰ ਭਾਵੇਂ ਪਥਰੀਲੀ ਏ, ਸਖਤ ਏ, ਪਰ ਹੈਗੀ ਜ਼ਰਖੇਜ਼ ਏ। ਦੁਨੀਆਂ ਦੇ ਹਰ ਕੋਨੇ ਤੋਂ ਬੇਰੁਜ਼ਗਾਰੀ ਨਾਲ ਝੰਬੇ ਬੰਦੇ ਦੀਆਂ ਏਸ ਭੋਇੰ 'ਚ ਜੜ੍ਹਾਂ ਲੱਗਦੀਆਂ ਨੇ ਤਾਂ ਉਹਦੇ ਹੱਥਾਂ ਨੂੰ ਡਾਲਰ ਲੱਗਣ ਲੱਗ ਪੈਂਦੇ ਨੇ...। ਏਸ ਭੋਇੰ ਦੇ ਹਰ ਕੋਨੇ 'ਤੇ ਭਾਂਤ-ਸੁਭਾਂਤੇ ਬੰਦਿਆਂ ਨੇ ਆਪਣੀਆਂ ਜੜ੍ਹਾਂ ਐਨੀਆਂ ਡੂੰਘੀਆਂ ਲਾ ਲਈਆਂ ਨੇ ਕਿ ਅਗਲੀਆਂ ਪੀੜ੍ਹੀਆਂ ਕੋਲੋਂ ਵੀ ਪੁੱਟਣੀਆਂ ਮੁਸ਼ਕਿਲ ਨੇ।"

ਏਜੰਟਾਂ ਦੀਆਂ ਠੱਗੀਆਂ, ਰਿਸ਼ਤਿਆਂ ਵਿਚ ਆਈ ਬੇਗਾਨਗੀ, ਵਕੀਲਾਂ ਵਲੋਂ ਸਟੂਡੈਂਟਸ ਦੀ ਕੀਤੀ ਜਾਂਦੀ ਲੁੱਟ, ਵਿਗੜੇ ਵਿਦਿਆਰਥੀਆਂ ਵਲੋਂ ਗੰਦ ਪਾ ਕੇ ਸਮੁੱਚੇ ਭਾਈਚਾਰੇ ਦੇ ਨਾਮ ਨੂੰ ਦਾਗੀ ਕਰਨ ਜਿਹੀਆਂ ਅਨੇਕਾਂ ਸਮੱਸਿਆਵਾਂ ਨੂੰ ਨਾਵਲ ਦਾ ਵਿਸ਼ਾ ਵਸਤੂ ਬਣਾਇਆ ਗਿਆ ਹੈ। ਕੈਨੇਡਾ 'ਚ ਰਹਿੰਦੇ ਪੰਜਾਬੀਆਂ ਅੰਦਰਲੇ ਜਾਤੀ ਕੋਹੜ ਨੂੰ ਵੀ ਨਿਸ਼ਾਨੇ 'ਤੇ ਲਿਆ ਹੈ। ਸਟੂਡੈਂਟਾਂ ਨੂੰ ਪੱਕੇ ਹੋਣ ਲਈ ਕਿਵੇਂ ਥਾਂ ਥਾਂ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ, ਭਗਵੰਤ ਨੇ ਇਸ ਦੇ ਕੁਝ ਪੱਖ ਵੀ ਸਾਹਮਣੇ ਲਿਆਂਦੇ ਹਨ। ਇਸ ਦੇ ਬਾਵਜੂਦ ਲੇਖਕ ਇਹ ਵਿਚਾਰ ਸਥਾਪਿਤ ਕਰਦਾ ਹੈ ਕਿ ਕੈਨੇਡਾ ਦੀ ਧਰਤੀ ਬਹੁਤ ਸਾਰੇ ਲੋਕਾਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣ ਲਈ ਬਹੁਤ ਹੀ ਜ਼ਰਖੇਜ਼ ਹੈ।


ਪਰਵਾਜ਼ ਪ੍ਰਕਾਸ਼ਨ, ਜਲੰਧਰ ਵਲੋਂ ਛਾਪੇ ਗਏ ਇਸ ਨਾਵਲ ਦਾ ਆਕਾਰ ਬਹੁਤਾ ਵੱਡਾ ਨਹੀਂ ਹੈ। ਲੇਖਕ ਨੇ ਕੇਵਲ 144 ਪੰਨਿਆਂ ਰਾਹੀਂ ਕੈਨੇਡੀਅਨ ਧਰਤੀ 'ਤੇ ਸੰਤਾਪ ਭੋਗਦੇ ਗੈਰ-ਕਾਨੂੰਨੀ ਖੇਤੀ ਕਾਮਿਆਂ, ਵਰਕ ਪਰਮਿਟ 'ਤੇ ਕੰਮ ਕਰਦੇ ਵਰਕਰਾਂ, ਵਿਦਿਆਰਥੀਆਂ, ਛੋਟੇ ਫਾਰਮਰਾਂ ਅਤੇ ਅਜਿਹੇ ਹੋਰ ਲੋਕਾਂ ਦੀ ਸਰੀਰਕ, ਆਰਥਕ ਤੇ ਮਾਨਸਿਕ ਪੀੜਾ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ।

# ਮੰਡੀ ਚੂਹੜਕਾਣਾ, ਜਿਥੇ ਸੱਚਾ ਸੌਦਾ ਹੋਇਆ

***ਸੁਵਰਨ ਸਿੰਘ ਵਿਰਕ ਸਾਲ 1998 ਦੇ ਅਖੀਰ ਵਿਚ ਸਿੱਖ ਜਥੇ ਦੇ ਮੈਂਬਰ ਵਜੋਂ ਲਹਿੰਦੇ ਪੰਜਾਬ ਗਏ ਸਨ। ਆਪਣੀ ਇਸ ਯਾਤਰਾ ਬਾਰੇ ਉਨ੍ਹਾਂ ਕਿਤਾਬ 'ਪੱਛਮੀ ਪੰਜਾਬ ਵਿਚ ਕੁਝ ਦਿਨ' ਵੀ ਛਪਵਾਈ ਹੈ। ਇਸ ਲੇਖ ਵਿਚ ਉਨ੍ਹਾਂ ਮੰਡੀ ਚੂਹੜਕਾਣਾ ਦਾ ਜ਼ਿਕਰ ਕੀਤਾ ਹੈ ਜਿਥੇ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਨੇ 'ਸੱਚਾ ਸੌਦਾ' ਕੀਤਾ ਸੀ। ਇਸ ਮੰਡੀ ਦਾ ਨਾਂ ਅੱਜਕੱਲ੍ਹ ਫਰੂਖਾਬਾਦ ਹੈ। ਲੇਖਕ ਨੇ ਗੁਰਦੁਆਰਾ ਸੱਚਾ ਸੌਦਾ ਦੇ ਨਾਲ-ਨਾਲ ਆਲੇ-ਦੁਆਲੇ ਦੇ ਮਾਹੌਲ ਦਾ ਵੀ ਨਕਸ਼ਾ ਖਿੱਚਿਆ ਹੈ ਅਤੇ ਨੇੜੇ ਹੀ ਵੱਸਦੇ ਆਪਣੇ ਵਡਾਰੂਆਂ ਦੇ ਪਿੰਡ ਝੱਬਰ ਦਾ ਵੀ ਜ਼ਿਕਰ ਕੀਤਾ ਹੈ ਜਿਥੇ ਉਹ ਚਾਹੁਣ ਦੇ ਬਾਵਜੂਦ ਜਾ ਨਹੀਂ ਸਕਿਆ। -ਸੰਪਾਦਕ***

ਬੱਸਾਂ ਦੁਆਰਾ ਕੋਈ ਸਾਢੇ ਕੁ ਦਸ ਵਜੇ ਅਸੀਂ ਗੁਰਦੁਆਰਾ ਸੱਚਾ ਸੌਦਾ ਜਿਹਨੂੰ 'ਖਰਾ ਸੌਦਾ ਬਾਰ' ਵੀ ਕਿਹਾ ਜਾਂਦਾ ਹੈ, ਲਈ ਚੱਲ ਪਏ। ਸੜਕ ਇਕਹਿਰੀ ਜਿਹੀ ਸੀ ਅਤੇ ਜਿਹੋ ਜਿਹੀ ਧੂੜ ਸਾਡੇ ਇਲਾਕੇ ਦੀਆਂ ਨਾਲੀ (ਘੱਗਰ) ਵਾਲੀਆਂ ਪੈਲੀਆਂ ਵਲ ਉਡਦੀ ਹੈ, ਉਹੋ ਜਿਹੀ ਹੀ ਧੂੜ, ਬਰੀਕ ਘੱਟਾ ਇੱਧਰ ਉਡ ਰਿਹਾ ਸੀ ਪਰ ਇਹ ਆਪਣੇ ਪੁਰਖਿਆਂ ਦੇ ਵਤਨ ਦੀ ਧੂੜ ਸੀ, ਇਸ ਲਈ ਮਾੜੀ ਨਹੀਂ ਲੱਗ ਰਹੀ ਸੀ। ਇਸ ਧੂੜ 'ਤੇ ਲੇਟਣ ਨੂੰ ਜੀਅ ਕਰਦਾ ਸੀ।

ਕੋਈ ਨੌਂ ਕੁ ਸਦੀਆਂ ਪਹਿਲਾਂ ਜੰਮੂ ਤੋਂ ਉਤਰ ਕੇ ਵਿਰਕਾਂ ਦੇ ਵਡੇਰੇ ਇੱਧਰ ਆਏ ਸਨ ਅਤੇ ਇਹ ਇਲਾਕਾ ਸਾਰਾ ਭੱਟੀਆਂ ਤੋਂ ਖੋਹ-ਖਿੰਜ ਕੇ ਇਥੇ ਉਨ੍ਹਾਂ ਡੇਢ ਸੌ ਦੇ ਕਰੀਬ ਪਿੰਡਾਂ ਵਿਚ ਆਪਣੇ ਪੈਰ ਹੌਲੇ-ਹੌਲੇ ਪਸਾਰ ਲਏ ਸਨ। ਸਾਡੀ ਬੱਸ ਵਾਰਬਰਟਨ ਦੀ ਮੰਡੀ ਤੋਂ ਬਾਅਦ ਉਸੇ ਵਿਰਕੈਤ ਦੇ ਪਿੰਡਾਂ ਵਿਚੋਂ ਲੰਘ ਰਹੀ ਸੀ। ਕੁਝ ਜ਼ਿਆਦਾ ਧਰਮ-ਭੀਰੂ ਯਾਤਰੀ 'ਸਤਿਨਾਮ ਵਹਿਗੁਰੂ' ਦਾ ਉਚਾਰਨ ਕਰਕੇ ਬੱਸ ਸਿਰ 'ਤੇ ਚੁੱਕ ਰਹੇ ਸਨ। ਬੱਸ ਜਦੋਂ ਕਿਸੇ ਪਿੰਡ ਵਿਚੋਂ ਲੰਘਦੀ ਸੀ ਤਾਂ ਮੈਂ ਬਾਹਰਲੇ ਲੋਕਾਂ ਤੋਂ ਉਹਦਾ ਨਾਂ ਪੁੱਛਣਾ ਚਾਹੁੰਦਾ ਸਾਂ ਪਰ ਇਹ ਵਾਹਿਗੁਰੂ ਦੀ ਹੇਕ ਵਾਲੇ ਬੇਲੀ ਕੁਝ ਸੁਣਨ ਨਹੀਂ ਦਿੰਦੇ ਸਨ। ਇਕ ਦੋ ਥਾਵਾਂ 'ਤੇ ਮੇਰੀ ਬੇਨਤੀ ਮੰਨ ਕੇ ਉਹ ਚੁੱਪ ਹੋਏ। ਉਦੋਂ ਅਸੀਂ ਮੱਕੀ ਪਿੰਡ ਵਿਚੋਂ ਲੰਘ ਰਹੇ ਸਾਂ। ਉਨ੍ਹਾਂ ਫਿਰ ਉਹੋ ਚਾਲਾ ਫੜ ਲਿਆ।



**ਸੁਵਰਨ ਸਿੰਘ ਵਿਰਕ**

ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਹੋਈ ਕਿ ਧਾਰਮਿਕ ਯਾਤਰਾ ਨਾਲੋਂ ਜੇ ਸਰਕਾਰ 5-10 ਜਣਿਆਂ ਦੇ ਗਰੁਪ ਨੂੰ ਮਨਜ਼ੂਰੀ ਦੇਵੇ ਤਾਂ ਇਕ ਦੂਜੇ ਮੁਲਕ ਦੀ ਅਜਿਹੀ ਸਭਿਆਚਾਰਕ ਯਾਤਰਾ, ਦੋਸਤੀ ਦੀਆਂ ਗੰਢਾਂ ਪੀਡੀਆਂ ਕਰਨ ਵਿਚ ਜ਼ਿਆਦਾ ਸਹਾਈ ਹੋ ਸਕਦੀ ਹੈ। ਇਕ ਦੂਜੇ ਮੁਲਕ ਪ੍ਰਤੀ ਲੋਕਾਂ ਦੀ ਦੁਪਾਸੀ ਖਿੱਚ ਚੋਖੀ ਏ। ਇਹ ਅਸਲ ਵਿਚ ਮਿੱਟੀ ਦਾ ਮੋਹ ਹੈ, ਜਿਸ ਵਿਚੋਂ ਲੋਕ ਉਠ ਕੇ ਇੱਧਰ ਉਧਰ ਗਏ ਹਨ। ਮੈਂ ਇਸ ਯਾਤਰਾ ਦੌਰਾਨ ਅਨੇਕਾਂ ਮੁਸਲਮਾਨਾਂ ਨੂੰ ਭਾਰਤੀ ਪੰਜਾਬ ਵਿਚਲੀ ਆਪਣੀ ਜਨਮ ਭੂਮੀ ਲਈ ਹੌਕੇ ਭਰਦਿਆਂ ਦੇਖਿਆ ਹੈ। ਅੱਧੀ ਸਦੀ ਬੀਤਣ ਬਾਅਦ ਵੀ ਉਹ ਇਸ ਭੂ-ਹੇਰਵੇ ਤੋਂ ਮੁਕਤ ਨਹੀਂ ਹੋ ਸਕੇ; ਜਿਵੇਂ ਅੱਜ ਚੂਹੜਕਾਣੇ ਨੂੰ ਜਾਂਦਿਆਂ ਅਸੀਂ ਮਹਿਸੂਸ ਕਰ ਰਹੇ ਸਾਂ ਕਿ ਸ਼ਾਇਦ ਇਥੋਂ ਹੀ ਆਪਣਾ ਪੁਰਾਣਾ ਪਿੰਡ ਦੇਖ ਸਕੀਏ!

ਰੇਲ ਪਟੜੀ ਲੰਘ ਕੇ ਮੰਡੀ ਚੂਹੜਕਾਣਾ ਆ ਗਈ ਜਿਸ ਦਾ ਨਵਾਂ ਨਾਂ ਹੁਣ ਫਰੂਖਾਬਾਦ ਹੈ। ਇਹ ਨਾਂ ਬਦਲਣ ਦੀ ਸਾਜ਼ਿਸ਼ ਵੀ ਦੁਪਾਸੀ ਬੰਦ ਹੋਣੀ ਚਾਹੀਦੀ ਹੈ। ਇਹ ਉਹੀ ਰੇਲ ਪਟੜੀ ਹੈ ਜਿਸ ਦੇ ਦੋਹੀਂ ਬੰਨੀ ਬੈਠੇ ਹਿੰਦੂ ਸਿੱਖ (1947 ਦੀ ਵੰਡ ਵੇਲੇ) ਮਿਲਟਰੀ ਦੀਆਂ ਗੋਲੀਆਂ ਨਾਲ ਜੋ ਉਹ ਚਲਦੀ ਗੱਡੀ ਵਿਚੋਂ ਚਲਾਉਂਦੇ ਗਏ, ਦਾਣਿਆਂ ਵਾਂਗ ਭੁੰਨੇ ਗਏ ਸਨ। ਸੱਚੇ ਸੌਦੇ ਗੁਰਦੁਆਰੇ ਦੇ ਅਹਾਤੇ ਵਿਚ ਇਸ ਇਲਾਕੇ ਦੇ ਲੋਕਾਂ ਦਾ ਭਾਰੀ ਕੈਂਪ ਸੀ ਜੋ ਭਾਰਤ ਜਾਣ ਤੋਂ ਪਹਿਲਾਂ ਤਕਰੀਬਨ ਡੇਢ ਦੋ ਮਹੀਨੇ ਇਥੇ ਬੈਠੇ ਰਹੇ। ਇਨ੍ਹਾਂ ਵਿਚੋਂ ਚੋਖੇ ਲੋਕ ਇਥੇ ਮਾਰੇ ਗਏ, ਕਈ ਰਾਹ ਵਿਚ ਮਾਰੇ ਗਏ। ਗੋਲੀਆਂ ਨਾਲ ਮਰਨ ਵਾਲੀ ਭੀੜ ਵਿਚ ਬਾਪੂ ਜੀ ਵੀ ਬੈਠੇ ਸਨ। ਉਨ੍ਹਾਂ ਦਾ ਵਾਲ ਵਿੰਗਾ ਨਹੀਂ ਸੀ ਹੋਇਆ। ਇਸ ਲਈ ਜਦੋਂ ਉਹ ਵੰਡ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਮੁਤਾਬਿਕ ਭੈਣੀ ਸਾਹਿਬ ਪੁੱਜੇ ਸਨ ਤਾਂ ਕਿਹਾ ਕਰਦੇ ਸਨ- "ਇਕ ਵਾਰ ਤਾਂ ਬਲਦੀਆਂ ਅੱਗਾਂ ਤੇ ਵਰ੍ਹਦੀਆਂ ਗੋਲੀਆਂ ਵਿਚੋਂ ਕੱਢ ਲਿਆਏ ਹੋ, ਹੁਣ ਇਹ ਜਿਹੜੀ ਬਾਕੀ ਉਮਰ ਹੈ, ਉਹ ਮੇਰੀ ਨਹੀਂ, ਸਤਿਗੁਰੂ ਪ੍ਰਤਾਪ ਸਿੰਘ ਦੀ ਹੀ ਬਖਸ਼ਿਸ਼ ਹੈ।" ਆਪੋ ਆਪਣੇ ਧਾਰਮਿਕ ਅਕੀਦਿਆਂ ਵਾਲੇ ਲੋਕ ਅਕਸਰ ਇਸ ਤਰ੍ਹਾਂ ਹੀ ਸੋਚਿਆ ਕਰਦੇ ਹਨ।

ਤੇ ਹੁਣ ਅਸੀਂ ਗੁਰਦੁਆਰਾ ਸੱਚਾ ਸੌਦਾ ਦੇ ਵਿਸ਼ਾਲ ਅਹਾਤੇ ਵਿਚ ਖਲੋਤੇ ਸਾਂ। ਆਲੇ ਦੁਆਲੇ ਦੇ ਪਿੰਡਾਂ ਤੋਂ ਆਏ ਲੋਕਾਂ ਨੂੰ ਦੂਰ ਭਜਾਉਣ ਲਈ ਪੁਲਿਸ ਇਥੇ ਵੀ ਮੁਸਤੈਦੀ ਦਿਖਾ ਰਹੀ ਸੀ। ਗੁਰਦੁਆਰਾ ਵਾਹਵਾ ਉਚੇ ਚਬੂਤਰੇ 'ਤੇ ਬਣਿਆ ਸੀ। ਇਸ ਦੇ ਦਰਸ਼ਨ ਕਰਨ ਤੋਂ ਪਹਿਲਾਂ ਸੰਗਤ ਲੰਗਰ 'ਤੇ ਟੁੱਟ ਕੇ ਪੈ ਗਈ ਸੀ ਜੋ ਵਲੈਤ ਦੀ ਸਿੱਖ ਸੰਗਤ ਨੇ ਲਾਇਆ ਸੀ ਅਤੇ ਇਸ ਯਾਤਰਾ ਦੌਰਾਨ ਆਪਣੀ ਕਿਸਮ ਦਾ ਵਧੀਆ ਲੰਗਰ ਸੀ। ਲੰਗਰ ਮੌਜਾਂ ਨਾਲ ਖਲੋ ਕੇ ਪਲੇਟਾਂ ਵਿਚ ਛਕਿਆ ਜਾ ਰਿਹਾ ਸੀ।

ਚੂਹੜਕਾਣਾ ਵਿਰਕਾਂ ਦਾ ਇਸ ਇਲਾਕੇ ਵਿਚ ਪਹਿਲਾ ਪਿੰਡ ਸੀ। ਇਹ ਪੁਰਾਣੀ ਮੰਡੀ ਸੀ। ਉਦੋਂ ਅਜੇ ਸ਼ੇਖੂਪੁਰਾ ਵੀ ਆਬਾਦ ਨਹੀਂ ਸੀ ਹੋਇਆ। ਇਸ ਲਈ ਗੁਰੂ ਨਾਨਕ ਬਾਲੇ ਸੰਧੂ ਨੂੰ ਨਾਲ ਲੈ ਕੇ ਇਥੋਂ ਹੀ ਰਸਦ ਖਰੀਦ ਕੇ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਸੱਚਾ ਸੌਦਾ ਕਰ ਗਿਆ ਸੀ, ਬਾਲ ਉਮਰ ਵਿਚ ਹੀ। ਵਾਪਸ ਤਲਵੰਡੀ ਜਾ ਕੇ ਬਾਪੂ ਕਾਲੂ ਤੋਂ ਚਪੇੜਾਂ ਖਾਧੀਆਂ:

ਚਾਂਦੀ ਦੀਆਂ ਛਿੱਲਾਂ ਕੁੱਲ ਵੀਹ ਸੀ ਨਕਾਰੀਆਂ,
ਨਿੱਕੇ ਜਿਹੇ ਰੱਬ ਨੂੰ ਚਪੇੜਾਂ ਕਾਹਤੋਂ ਮਾਰੀਆਂ।

ਪਰ ਵੀਹ ਰੁਪਈਏ ਉਦੋਂ ਇੰਨੇ ਥੋੜ੍ਹੇ ਨਹੀਂ ਸਨ ਹੁੰਦੇ ਜਿਨ੍ਹਾਂ ਨਾਲ ਭੁੱਖੇ ਸਾਧਾਂ ਦੀ ਪੂਰੀ ਪਲਟਣ ਰੱਜ ਗਈ ਸੀ।

ਸਾਡੇ ਕੂਕਿਆਂ ਦੇ ਇਤਿਹਾਸ ਵਿਚ ਵੀ ਮੰਡੀ ਚੂਹੜਕਾਣਾ ਅਤੇ ਇਸ ਪਿੰਡ ਦਾ ਵਾਹਵਾ ਜ਼ਿਕਰ ਏ। ਮੈਂ ਸਮਝਦਾ ਹਾਂ ਕਿ ਪਹਿਲਾ ਕੂਕਾ ਜੋ ਝਨਾਂ ਤੋਂ ਵਾਪਸ ਆਉਂਦਿਆਂ ਗੁਰੂ ਰਾਮ ਸਿੰਘ ਨੇ ਬਣਾਇਆ, ਉਹ ਇਸੇ ਪਿੰਡ ਦਾ ਅਮਰੀਕ ਸਿੰਘ ਵਿਰਕ ਸੀ। ਇਥੋਂ ਦਾ ਬੁੱਧ ਸਿੰਘ ਬਜਾਜ ਵੀ ਪ੍ਰਸਿੱਧ ਨਾਮਧਾਰੀ ਸੀ ਜਿਸ ਦੇ ਗੁਜ਼ਰ ਜਾਣ ਬਾਅਦ ਉਸ ਦੀ ਵਿਧਵਾ ਬੀਬੀ ਸਾਹਿਬ ਕੌਰ ਅਤੇ ਛੋਟੇ ਬੱਚਿਆਂ (ਜੋ ਬਾਅਦ ਵਿਚ ਸੇਠ ਗੁਰਚਰਨ ਸਿੰਘ ਤੇ ਸੇਠ ਵਰਿਆਮ ਸਿੰਘ ਥਾਈਲੈਂਡ ਵਾਲੇ ਬਣੇ) ਦੀ ਪ੍ਰਿਤਪਾਲਣਾ ਲਈ ਵਰਨ ਪਿੰਡ ਦੇ ਪ੍ਰਸਿੱਧ ਕੂਕੇ ਸੰਤ ਆਲਾ ਸਿੰਘ ਨੇ ਬੜੀਆਂ ਘਾਲਣਾ ਘਾਲੀਆਂ ਸਨ। ਵਰਨ ਤਾਂ ਇਥੋਂ ਚਾਰ ਕੁ ਕਿਲੋਮੀਟਰ 'ਤੇ ਹੀ ਹੈ ਅਤੇ ਮੇਰਾ ਪਿੰਡ ਝੱਬਰ ਕੋਈ 8-10 ਕਿਲੋਮੀਟਰ ਦੂਰ ਇਸ ਤੋਂ ਪਹਾੜ ਅਤੇ ਚੜ੍ਹਦੇ ਦੀ ਗੁੱਠ ਵਿਚ ਸੀ। ਇਸ ਨੂੰ ਸਿਰਫ ਦੂਰੋਂ ਹੀ ਦੇਖਿਆ ਜਾ ਸਕਦਾ ਸੀ। ਇਥੋਂ ਪਿੰਡ ਜਾਣ ਦੀ ਹੋਰ ਕੋਈ ਸਬੀਲ ਨਹੀਂ ਸੀ ਬਣ ਰਹੀ।

ਇਸੇ ਮੰਡੀ ਚੂਹੜਕਾਣਾ ਵਿਚ ਪ੍ਰਸਿੱਧ ਕੂਕਾ ਪ੍ਰਚਾਰਕ ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਜਿਸ ਨੂੰ ਭੂਤਨਾ ਵੀ ਆਖਿਆ ਜਾਂਦਾ ਸੀ, ਦੇਸ਼ ਭਗਤੀ ਦੀਆਂ ਗਤੀਵਿਧੀਆਂ ਸਦਕਾ ਜਦੋਂ ਜੂਹ-ਬੰਦ ਕੀਤਾ ਗਿਆ ਤਾਂ ਉਹ ਆਪਣੀਆਂ ਖੁੱਲ੍ਹਾਂ ਮੁੜ ਮਾਣਨ ਲਈ ਕੁਝ ਸਮੇਂ ਲਈ ਨਾਟਕੀ ਢੰਗ ਨਾਲ ਇਸਾਈ ਬਣ ਕੇ, ਪਾਦਰੀ ਦੇ ਬੰਗਲੇ ਵਿਚ ਵੀ ਰਹਿੰਦਾ ਰਿਹਾ ਸੀ। ਇੱਥੇ ਹੀ ਸੰਤਾਂ ਦੀ ਸੇਵਕ ਬੀਬੀ ਕੇਸਰੋ ਰਹਿੰਦੀ ਸੀ ਜੋ ਉਨ੍ਹਾਂ ਲਈ ਲੰਗਰ-ਪਾਣੀ ਦੀ ਸੇਵਾ ਕਰਦੀ ਸੀ। ਪਹਿਲਾਂ ਤਾਂ ਲੋਕਾਂ ਨੂੰ ਬੜੀ ਹੈਰਾਨੀ ਹੋਈ ਕਿ ਮੰਗਲ ਸਿੰਘ ਕੀ ਤੇ ਇਸਾਈ ਕੀ? ਬੀਬੀ ਕੇਸਰੋ ਸਭ ਨੂੰ ਇਹੋ ਕਹਿੰਦੀ ਹੁੰਦੀ ਸੀ ਕਿ ਇਹ ਵੀ ਸੰਤਾਂ ਦਾ ਕੋਈ ਕੌਤਕ ਹੀ ਹੈ, ਤੇ ਇਵੇਂ ਹੀ ਹੋਇਆ ਜਦੋਂ ਨਜ਼ਰਬੰਦੀ ਦੇ ਸਮੇਂ ਦੀ ਮਿਆਦ ਲੰਘ ਗਈ ਤਾਂ ਸੰਤ ਛਾਲ ਮਾਰ ਕੇ ਬੰਗਲੇ ਵਿਚੋਂ ਬਾਹਰ ਆ ਗਏ ਅਤੇ ਮੁੜ ਨਾਮਧਾਰੀ ਪੰਥ ਅਤੇ ਕਾਂਗਰਸ ਦੇ ਪ੍ਰਚਾਰ ਵਿਚ ਜੁੱਟ ਗਏ।



*ਗੁਰਦੁਆਰਾ ਸੱਚਾ ਸੌਦਾ।*

ਚੂਹੜਕਾਣੇ ਆ ਕੇ ਫਿਰ ਇਕ ਵਾਰ ਵਡਾਰੂਆਂ ਦੀ ਭੋਇੰ ਦੇਖਣ ਦੀ ਰੀਝ ਨੇ ਮਨ ਵਿਚ ਕੜਵੱਲ ਪਾਉਣੇ ਸ਼ੁਰੂ ਕਰ ਦਿੱਤੇ। ਅਸਾਂ ਇਕ-ਦੂੰਹ ਨੂੰ ਪੁੱਛਿਆ ਕਿ ਝੱਬਰੀਂ ਜਾਣਾ ਚਾਹੁੰਦੇ ਹਾਂ, ਕੋਈ ਸਬੀਲ ਬਣੇ। ਇਕ ਆਂਹਦਾ, "ਆਹ ਝੱਬਰ ਖਲੇ ਨੇ", ਪਰ ਟੈਕਸੀ ਵਾਲਾ ਕੋਈ ਡਰਦਾ ਜਾਣ ਨੂੰ ਨਾ ਮੰਨੇ। ਇੰਨੇ ਨੂੰ ਕਿਸੇ ਸਾਨੂੰ ਇਹ ਜਾਣ ਕੇ ਕਿ ਅਸੀਂ ਵਿਰਕ ਹਾਂ, ਦੱਸਿਆ ਕਿ ਇਥੇ ਮਹਿਕਮਾ ਮਾਲ ਵਿਚ ਚੂਹੜਕਾਣੇ ਦੇ ਹੀ ਦੋ ਵਿਰਕ ਮੁਲਾਜ਼ਮ ਨੇ, ਤੁਹਾਨੂੰ ਹੁਣੇ ਮਿਲਾਉਂਦੇ ਹਾਂ; ਤੇ ਉਹ ਦੋ ਜਣਿਆਂ ਨੂੰ ਲੈ ਆਇਆ। ਇਕ ਰਤਾ ਪਤਲੇ ਜੁੱਸੇ ਵਾਲਾ ਤੇ ਦੂਜਾ ਥੋੜ੍ਹਾ ਭਰਵਾਂ ਸਰੀਰ। ਉਮਰ ਦੋਹਾਂ ਦੀ 35-36 ਸਾਲ ਦੇ ਨੇੜੇ। ਪਤਲਾ ਪਟਵਾਰੀ ਸੀ ਤੇ ਭਾਰਾ ਕਾਨੂੰਗੋ। ਦੋਵੇਂ ਚਾਚੇ-ਤਾਇਆਂ ਦੇ ਪੁੱਤਰ। ਵਾਹਵਾ ਮਿਲਾਪੜੇ ਸੁਭਾਅ, ਬਣਦੇ-ਫੱਬਦੇ ਮੁੰਡੇ। ਸਾਡੇ ਮੁੰਡਿਆਂ ਵਿਚ ਉਹ ਝੱਟ ਘੁਲ-ਮਿਲ ਗਏ। ਅਸੀਂ ਆਪਣਾ ਪੁਰਾਣਾ ਸਵਾਲ ਵਾਹਿਆ ਕਿ ਕੋਈ ਟੈਕਸੀ ਲੱਭੋ, ਆਪਣੇ ਪਿੰਡ, ਤੇ ਫਿਰ ਸੱਯਦ ਵਾਰਿਸ ਸ਼ਾਹ ਦੀ ਦਰਗਾਹ ਦੀ ਜ਼ਿਆਰਤ ਕਰ ਆਈਏ। ਉਹ ਕਹਿਣ ਲੱਗੇ ਕਿ ਗੱਡੀਆਂ ਤਾਂ ਆਪਣੀਆਂ ਵੀ ਤੁਹਾਨੂੰ ਦੇ ਸਕਦੇ ਹਾਂ, ਬਿਰਾਦਰੀ ਦਾ ਕੁਝ ਵੰਡਿਆ ਥੋੜ੍ਹਾ ਹੁੰਦਾ ਹੈ? ਪਰ ਸਖਤੀ ਬੜੀ ਏ। ਕਮਿਸ਼ਨਰ ਸਾਹਿਬ ਆਏ ਹੋਏ ਹਨ। ਸ਼ਿਕਾਇਤ ਹੋ ਜਾਵੇਗੀ। ਅਸੀਂ ਹੁਣ ਬਿਰਾਦਰੀ ਦੀ ਸ਼ਿਕਾਇਤ ਕਰਵਾਉਣ ਤੋਂ ਗੁਰੇਜ਼ ਕੀਤਾ ਅਤੇ ਪੁਰਾਣਾ ਪਿੰਡ ਦੇਖਣ ਦਾ ਇਰਾਦਾ ਆਉਣ ਵਾਲੇ ਸਮੇਂ 'ਤੇ ਛੱਡ ਦਿੱਤਾ। ਪਿੰਡ ਨਾਲੋਂ ਵੀ ਜ਼ਿਆਦਾ ਰੀਝ, ਹੀਰ ਦੇ ਸ਼ਾਇਰ ਵਾਰਿਸ ਸ਼ਾਹ ਦਾ ਸਥਾਨ ਦੇਖਣ ਦੀ ਸੀ। ਇਸ ਮਿੱਟੀ 'ਤੇ ਵਾਰਿਸ ਦੀਆਂ ਪੈੜਾਂ ਕਦੇ ਪਈਆਂ ਹੋਣਗੀਆਂ! ਕੋਈ ਢਾਈ ਕੁ ਸੌ ਵਰ੍ਹਾ ਪਹਿਲਾਂ! ਉਹ ਮਿੱਟੀ ਆਪਣੇ ਮੱਥੇ ਨਾਲ ਛੁਹਾ ਕੇ ਕਵਿਤਾ-ਰਿਣ ਤੋਂ ਮੁਕਤ ਹੋਣਾ ਚਾਹੁੰਦਾ ਸਾਂ। ਵਾਰਿਸ ਸ਼ਾਹ ਨੇ ਜੋ ਆਪਣੇ ਪਿੰਡ ਬਾਰੇ ਲਿਖਿਆ ਹੈ, ਉਹ ਜੰਡਿਆਲਾ ਸ਼ੇਰ ਖਾਂ, ਮੇਰਾ ਗੁਆਂਢੀ ਪਿੰਡ ਸੀ ਤੇ ਇਥੋਂ ਲਾਗੇ ਹੀ ਸੀ:

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ,
ਤੇ ਸ਼ਾਗਿਰਦ ਮਖਦੂਮ ਕਸੂਰ ਦਾ ਈ।

ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਵੇਲੇ ਜੰਡਿਆਲੇ ਦੇ ਲੁੱਟੇ-ਪੁੱਟੇ ਜਾਣ ਤੋਂ ਬਚਣ ਵਾਸਤੇ ਵੀ ਵਾਰਿਸ ਨੇ ਲਿਖਿਆ ਸੀ:

ਅਹਿਮਦ ਸ਼ਾਹ ਅਜਗੈਬ ਥੀਂ ਆਣ ਪੌਸੀ,
ਰੱਬ-ਰੱਖ ਜੰਡਿਆਲੇ ਨੂੰ ਜਾਸੀਆ ਵੇ।

ਉਹ ਰੱਬ ਦੀਆਂ ਰੱਖਾਂ ਵਾਲਾ ਪਿੰਡ ਦੇਖਣ ਦਾ ਸੁਪਨਾ ਨੈਣਾਂ ਵਿਚ ਹੀ ਲਟਕਦਾ ਰਿਹਾ। ਸਾਨੂੰ ਠੰਢੇ ਪਿਆ ਕੇ ਮਾਲ ਮੁਲਾਜ਼ਮਾਂ ਨੇ ਕਿਹਾ ਕਿ ਇਕ ਸਾਡਾ ਚਾਚਾ ਏ ਪੁਰਾਣਾ ਬਜ਼ੁਰਗ, ਉਹਨੂੰ ਬੁਲਾਉਂਦੇ ਹਾਂ; ਉਹ ਤੁਹਾਨੂੰ ਵਿਰਕਾਂ ਦੀਆਂ ਪੁਰਾਣੀਆਂ ਗੱਲਾਂ ਸ਼ਾਇਦ ਕੁਝ ਦੱਸ ਸਕੇਗਾ।

ਬਜ਼ੁਰਗਾਂ ਦਾ ਨਾਂ ਰਫੀਕ ਵਿਰਕ ਸੀ। ਉਮਰ 75-76 ਵਰ੍ਹਿਆਂ ਦੀ, ਛੀਟਕਾ ਜਿਹਾ ਸਰੀਰ। ਅੱਖਾਂ ਤਿੱਖੀਆਂ ਨਜ਼ਰਾਂ ਵਾਲੀਆਂ ਤੇ ਛੋਟੀਆਂ-ਛੋਟੀਆਂ, ਜਿਹੋ ਜਿਹੀਆਂ ਟਕਸਾਲੀ ਵਿਰਕਾਂ ਦੀਆਂ ਹੁੰਦੀਆਂ ਹਨ। ਅਸੀਂ ਪੁੱਛਿਆ, "ਸੁਣਾਓ ਬਜ਼ੁਰਗੋ ਹਾਲ ਚਾਲ", ਤੇ ਗੋਡੀਂ ਹੱਥ ਲਾਇਆ। ਬੋਲੇ, "ਰੰਗ ਲੱਗੇ ਹੋਏ ਨੇ", ਅਤੇ ਨਾਲ ਆਏ ਚੂਹੜਕਾਣੇ ਦੇ ਇਕ ਹੋਰ ਸ਼ਖਸ ਵਲ ਦੇਖ ਕੇ ਮਿੰਨ੍ਹਾ-ਮਿੰਨ੍ਹਾ ਮੁਸਕਰਾਏ ਤੇ ਫਿਰ ਆਪੇ ਬੋਲ ਪਏ, "ਰੰਗ ਹੀ ਆਖਦਾ ਬਣਦਾ ਏ। ਪੁੱਤਰ ਇਕੋ-ਇਕ ਈ ਸੀ। ਗੱਭਰੂ ਜੁਆਨ। ਥਾਣੇਦਾਰ ਲੱਗਿਆ। ਉਹ ਸਾਈਂ ਨੂੰ ਪਿਆਰਾ ਹੋ ਗਿਆ ਏ।" ਦੋ ਕੁ ਮਿੰਟ ਦੀ ਖਾਮੋਸ਼ੀ ਤੋਂ ਬਾਅਦ ਬਾਬੇ ਨੇ ਆਪਣੀ ਵਾਰਤਾ ਸੁਣਾਉਣੀ ਸ਼ੁਰੂ ਕਰ ਦਿੱਤੀ:

"ਅਸੀਂ 9 ਕੁ ਪੀੜ੍ਹੀਆਂ ਤੋਂ ਹੀ ਮੁਸਲਮਾਨ ਬਣੇ ਹਾਂ, ਪਹਿਲਾਂ ਹਿੰਦੂ ਜਾਂ ਸਿੱਖ ਹੋਵਾਂਗੇ। ਹੋਇਆ ਇੰਜ ਕਿ ਸਾਡਾ ਚੂਹੜਕਾਣੇ ਵਾਲਿਆਂ ਵਿਰਕਾਂ ਦਾ ਕੁਝ ਝਗੜਾ ਰਹਿੰਦਾ ਸੀ, ਗੁਆਂਢੀ ਜੰਡਿਆਲੇ ਸ਼ੇਰ ਖਾਂ ਵਾਲਿਆਂ ਪਠਾਣਾਂ ਨਾਲ। ਉਨ੍ਹਾਂ ਸਾਡਾ ਇਕ ਬੰਦਾ ਮਾਰ ਘੱਤਿਆ। ਕੁਝ ਸਮਾਂ ਪਾ ਕੇ ਉਹਦੀ ਸੁਆਣੀ ਨੰਗੇ ਮੂੰਹ ਪਿੰਡ ਦੀ ਜਿਥੇ ਪਰ੍ਹੇ ਬੈਠੀ ਸੀ, ਉਥੋਂ ਲੰਘ ਟੁਰੀ। ਪੈਂਚਾਂ ਦੇ ਪੁੱਛਣ 'ਤੇ ਉਸ ਦੱਸਿਆ ਕਿ ਮੇਰਾ ਬੰਦਾ ਉਨ੍ਹਾਂ ਮਾਰ ਦਿੱਤਾ ਹੈ, ਹੁਣ ਕਿਸੇ ਦਿਨ ਮੈਨੂੰ ਵੀ ਹਿੱਕ ਲਿਜਾਣਗੇ, ਮੈਨੂੰ ਹੁਣ ਪਰ੍ਹੇ ਦੀਆਂ ਕਾਹਦੀਆਂ ਸ਼ਰਮਾਂ? ਕਾਵੜ ਲੱਗੀਓ ਨੇ। ਜਿਉਂ ਪਏ ਸਾਡੇ ਬੰਦੇ ਉਨ੍ਹਾਂ ਜੰਡਿਆਲੇ ਆਲਿਆਂ ਦੇ 5-6 ਬੰਦੇ ਵੱਢ ਘੱਤੇ। ਸਮਾਂ ਪਾ ਕੇ ਜੰਡਿਆਲੇ ਦਾ ਕੋਈ ਪਠਾਣ ਫੌਜ ਵਿਚ ਵੱਡਾ ਅਫਸਰ ਬਣ ਗਿਆ ਤੇ ਇਕ ਦਿਨ ਫੌਜ ਦੀ ਧਾੜ ਲੈ ਕੇ ਜੰਡਿਆਲੇ ਦੇ ਹੀ ਕੁਝ ਲੋਕਾਂ ਨੂੰ ਡਰਾਉਣ ਆ ਪਿਆ। ਉਨ੍ਹਾਂ ਪਿੰਡ ਵਾਲਿਆਂ ਆਖਿਆ, ਪਈ ਏਡਾ ਹੀ ਜੇ ਵੱਡਾ ਰੋਅਬ ਵਾਲਾ ਏਂ ਤਾਂ ਸਾਨੂੰ ਕਿਉਂ ਡਰਾਨਾ ਏਂ? ਆਹ ਚੂਹੜਕਾਣੀਏ ਈ ਜਿਨ੍ਹਾਂ ਆਪਣੇ ਬੰਦੇ ਮਾਰੇ ਨੇ। ਉਸ ਸਾਰੀ ਸ਼ਾਹੀ ਧਾੜ ਲੈ ਕੇ, ਹਜ਼ਾਰਾਂ ਬੰਦੇ, ਸਾਡੇ ਪਿੰਡ ਨੂੰ ਆ ਘੇਰਾ ਘੱਤਿਆ। ਸਾਡੇ ਨੌਂ ਵੀਹਾਂ ਬੰਦੇ ਉਨ੍ਹਾਂ ਕੈਦ ਕਰ ਲਏ। ਸਾਰਿਆਂ ਨੂੰ ਲਿਜਾ ਕੇ ਗਾਂ ਚਾ ਖੁਆਈਓ ਨੇ। ਫਿਰ ਕੁਝ ਦਿਨਾਂ ਬਾਅਦ ਜਦੋਂ ਧਾੜ ਮੁੜ ਗਈ, ਸਾਡੇ ਬੰਦੇ ਵੀ ਘਰ ਆ ਗਏ ਸਾਰੇ। ਹੁਣ ਜਦੋਂ ਉਨ੍ਹਾਂ ਨੂੰ ਬਾਕੀ ਪਿੰਡ ਵਾਲਿਆਂ ਪੁੱਛਿਆ, ਪਈ ਤੁਹਾਨੂੰ ਉਨ੍ਹਾਂ ਗਾਂ ਖੁਆਈ ਏ? ਤਾਂ ਸਾਰੇ ਮੁੱਕਰ ਗਏ। ਸਿਰਫ ਜਿਹੜੇ ਸਾਡੇ ਵਡੇਰੇ ਸਨ, ਉਹ ਨਾ ਮੁੱਕਰੇ। ਉਨ੍ਹਾਂ ਆਖਿਆ, ਪਈ ਅਸੀਂ ਤਾਂ ਖਾਧੀ ਏ, ਝੂਠ ਕਿਉਂ ਬੋਲੀਏ। ਦੂਜਿਆਂ ਨੂੰ ਉਨ੍ਹਾਂ ਰਲਾ ਲਿਆ ਪਰ ਸਾਡੇ ਇਸੇ ਕਰ ਕੇ ਨਾ ਰਲਾਏ ਤੇ ਉਨ੍ਹਾਂ ਆਖਿਆ- ਚੰਗਾ ਫਿਰ ਤੁਹਾਡੀ ਮਰਜ਼ੀ ਤੇ ਉਹ ਦੀਨਦਾਰ ਬਣ ਗਏ।" ਹਿੰਦੂ ਧਰਮ ਦਾ ਕਠੋਰ ਸਮਾਜੀ ਪ੍ਰਬੰਧ ਹੀ ਇਸ ਦੀ ਅਧੋਗਤੀ ਦਾ ਜ਼ਿੰਮੇਵਾਰ ਸੀ।

ਫਿਰ ਜਦੋਂ ਝੱਬਰ ਪਿੰਡ ਦੇ ਪੁਰਾਣੇ ਬੰਦਿਆਂ ਬਾਰੇ ਉਸ ਤੋਂ ਪੁੱਛਿਆ ਤਾਂ ਚੌਧਰੀ ਰਫੀਕ ਨੇ ਜ਼ੈਲਦਾਰ ਨਿਪਾਲ ਸਿੰਘ ਦਾ ਨਾਂ ਲਿਆ। ਪੁੱਛਣ 'ਤੇ ਉਸ ਦੱਸਿਆ ਕਿ ਕਰਤਾਰ ਸਿੰਘ ਝੱਬਰ ਦਾ ਨਾਂ ਵੀ ਸੁਣਿਆ ਸੀ। ਗੁਰਦੁਆਰੇ ਵਿਚ ਇਥੇ ਵੀ ਆਉਂਦਾ ਹੁੰਦਾ ਸੀ। ਹੋਰਨਾਂ ਨਾਲ ਉਹਦੀ ਏਨੀ ਵਾਹ ਨਹੀਂ ਸੀ। ਜ਼ੈਲਦਾਰ ਨਿਪਾਲ ਸਿੰਘ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਸਾਬਕਾ ਚੇਅਰਮੈਨ ਕੁਲਦੀਪ ਸਿੰਘ ਵਿਰਕ ਦੇ ਪਿਤਾ ਸਨ। ਮੇਰੇ ਪਿਤਾ ਜੀ ਦੇ ਇਕ ਚਾਚੇ ਘਸੀਟਾ ਸਿੰਘ ਦੀ ਘਰ ਦੀ ਮਾਈ ਪ੍ਰੇਮ ਕੌਰ ਰੌਲੇ ਤੋਂ ਕੁਝ ਸਮਾਂ ਪਹਿਲਾਂ ਝੱਬਰਾਂ ਵਿਚ ਹੀ ਗੁਜ਼ਰ ਗਈ ਸੀ। ਉਲਾਦ ਨਹੀਂ ਸੀ ਤੇ ਇਹ ਬਾਬਾ ਆਖੇ ਕਿ ਮੈਂ ਹਿੰਦੁਸਤਾਨ ਜਾ ਕੇ ਕੀ ਕਰਨਾ ਹੈ, ਮੈਨੂੰ ਇਥੇ ਹੀ ਰਹਿਣ ਦਿਉ। ਮੈਂ ਆਪਣੇ ਪਿੰਡ ਦੇ ਜੁਲਾਹਿਆਂ ਦੇ ਘਰੋਂ ਰੋਟੀ ਖਾ ਲਿਆ ਕਰਾਂਗਾ। ਇਹ ਕੈਂਪ ਵਿਚ ਚੂਹੜਕਾਣੇ ਨਾ ਆਇਆ। ਫਿਰ ਬਾਪੂ ਜੀ ਘੋੜੀ ਲੈ ਕੇ ਗਏ ਅਤੇ ਇਹਨੂੰ ਲੱਦ ਕੇ ਲਿਆਏ ਕਿ ਚਾਚਾ, ਤੈਨੂੰ ਇਥੇ ਛੱਡ ਕੇ ਜਾਂਦੇ ਅਸੀਂ ਚੰਗੇ ਲੱਗਾਂਗੇ? ਇਹ 1961 ਵਿਚ ਸਾਡੇ ਪਿੰਡ ਕਰੀਵਾਲੇ (ਜ਼ਿਲ੍ਹਾ ਸਿਰਸਾ) ਵਿਚ ਹੁਕਮ-ਸੱਤ ਹੋਏ। ਸੌ ਵਰ੍ਹਿਆਂ ਦੇ ਕਰੀਬ ਉਮਰ ਭੋਗੀ।

ਬਾਬੇ ਰਫੀਕ ਨਾਲ ਗੱਲਾਂ ਕਰਦਿਆਂ ਕਰਦਿਆਂ ਮੁੜਨ ਦਾ ਸਮਾਂ ਹੋ ਗਿਆ ਅਤੇ ਆਪੋ-ਆਪਣੀਆਂ ਬੱਸਾਂ ਵਿਚ ਜਾ ਸਵਾਰ ਹੋਏ। ਇਉਂ ਪਿੰਡ ਦੇ ਦਰਸ਼ਨ ਦੀਦਾਰ ਦੀ ਸਿੱਕ ਮਨ ਵਿਚ ਲੈ ਕੇ ਸ਼ਾਮੀਂ ਵਾਪਸ ਨਾਨਕਾਣਾ ਸਾਹਿਬ ਗੁਰਦੁਆਰੇ ਪੁੱਜ ਗਏ। ਚਲੋ ਫਿਰ ਕਦੇ ਸਮਾਂ ਮਿਲਿਆ ਤਾਂ ਦੇਖਾਂਗੇ! ਵਾਰਿਸ ਸ਼ਾਹ ਦਾ ਕਥਨ ਹੈ:

ਅਸਾਂ ਜਦੋਂ ਕਦੇ ਉਨ੍ਹਾਂ ਪਾਸ ਜਾਣਾ,
ਜਿਹੜੇ ਮਹਿਰਮ ਅਸਾਡੜੇ ਹਾਲ ਦੇ ਨੀ।



*ਫਾਰੂਖਾਬਾਦ ਦਾ ਰੇਲਵੇ ਸਟੇਸ਼ਨ ਜੋ ਅੰਗਰੇਜ਼ਾਂ ਨੇ 19ਵੀਂ ਸਦੀ ਵਿਚ ਬਣਾਇਆ ਸੀ।*

***ਚੂਹੜਕਾਣਾ ਵਿਰਕਾਂ ਦਾ ਪਿੰਡ ਸੀ। ਇਹ ਪੁਰਾਣੀ ਮੰਡੀ ਸੀ। ਉਦੋਂ ਅਜੇ ਸ਼ੇਖੂਪੁਰਾ ਵੀ ਆਬਾਦ ਨਹੀਂ ਸੀ ਹੋਇਆ। ਕੂਕਿਆਂ ਦੇ ਇਤਿਹਾਸ ਵਿਚ ਵੀ ਮੰਡੀ ਚੂਹੜਕਾਣਾ ਅਤੇ ਇਸ ਪਿੰਡ ਦਾ ਵਾਹਵਾ ਜ਼ਿਕਰ ਏ। ਪਹਿਲਾ ਕੂਕਾ ਜੋ ਝਨਾਂ ਤੋਂ ਵਾਪਸ ਆਉਂਦਿਆਂ ਗੁਰੂ ਰਾਮ ਸਿੰਘ ਨੇ ਬਣਾਇਆ, ਉਹ ਇਸੇ ਪਿੰਡ ਦਾ ਅਮਰੀਕ ਸਿੰਘ ਵਿਰਕ ਸੀ। ਮੇਰਾ ਪਿੰਡ ਝੱਬਰ ਇਥੋਂ ਕੋਈ 8-10 ਕਿਲੋਮੀਟਰ ਦੂਰ ਇਸ ਤੋਂ ਪਹਾੜ ਅਤੇ ਚੜ੍ਹਦੇ ਦੀ ਗੁੱਠ ਵਿਚ ਸੀ। ਇਸ ਨੂੰ ਸਿਰਫ ਦੂਰੋਂ ਹੀ ਦੇਖਿਆ ਜਾ ਸਕਦਾ ਸੀ। ਇਥੋਂ ਪਿੰਡ ਜਾਣ ਦੀ ਹੋਰ ਕੋਈ ਸਬੀਲ ਨਹੀਂ ਸੀ ਬਣ ਰਹੀ।***

# ਚਾਚੇ ਚੀਮੇ ਦਾ ਚੁਬਾਰਾ

**ਪਟਿਆਲਿਓਂ ਉਠ ਕੇ ਟੋਰਾਂਟੋ (ਕੈਨੇਡਾ) ਡੇਰਾ ਲਾਉਣ ਵਾਲੇ ਬਲਰਾਜ ਚੀਮਾ ਦੀ ਕੋਈ ਰੀਸ ਨਹੀਂ। ਉਹਦੀਆਂ ਗੱਲਾਂਬਾਤਾਂ ਹੀ ਨਹੀਂ ਸਗੋਂ ਹਰ ਸਰਗਰਮੀ ਨਿਆਰੀ ਅਤੇ ਨਿਵੇਕਲੀ ਹੈ। ਉਹਦੇ ਕਰ ਕੇ ਉਹਦਾ ਆਲਾ-ਦੁਆਲਾ ਕਿਵੇਂ ਧੜਕਦਾ ਹੈ, ਇਸ ਗੱਲ ਦਾ ਅੰਦਾਜ਼ਾ ਗੁਰਦੇਵ ਚੌਹਾਨ ਦੇ ਲਿਖੇ ਲੇਖ 'ਚਾਚੇ ਚੀਮੇ ਦਾ ਚੁਬਾਰਾ' ਤੋਂ ਲੱਗਦਾ ਹੈ। -ਸੰਪਾਦਕ**

ਗੁਰਦੇਵ ਚੌਹਾਨ

ਚਾਚਾ ਚੀਮਾ ਆਪਣੇ ਚੁਬਾਰੇ ਤੋਂ ਇਲਾਵਾ ਕੈਨੇਡਾ ਦੇ ਲੋਕਾਂ ਦੇ ਦਿਲਾਂ ਵਿਚ ਰਹਿੰਦਾ ਹੈ। ਉਸ ਦਾ ਨਾਂ ਭਾਵੇਂ ਬਲਰਾਜ ਤੋਂ ਸ਼ੁਰੂ ਹੋਵੇ ਪਰ ਇਹ ਪੂਰਾ ਚੀਮਾ ਨਾਲ ਹੁੰਦਾ ਹੈ। ਹੋਰ ਸਹੀ ਪੁੱਛੋ ਤਾਂ ਉਸ ਨੂੰ ਵੱਡੀ ਛੋਟੀ ਉਮਰ ਦੇ ਲੋਕ ਚਾਚਾ ਦੇ ਮੈਟਾਫਰੀ ਰਿਸ਼ਤੇ ਨਾਲ ਜਾਨਣਾ ਅਤੇ ਆਖਣਾ ਵੱਧ ਪਸੰਦ ਕਰਦੇ ਹਨ। ਜਿਹੜੇ ਉਸ ਨੂੰ ਹੋਰ ਵੱਧ ਜਾਣਦੇ ਹਨ, ਉਹ ਉਸ ਨੂੰ ਚੁਬਾਰੇ ਵਾਲਾ ਬਲਰਾਜ ਚੀਮਾ ਆਖਦੇ ਹਨ। ਸ਼ਬਦ 'ਸਿੰਘ' ਤਾਂ ਉਸ ਦੇ ਗੰਜ ਆਉਣ ਸਾਰ ਹੀ ਲਹਿ ਗਿਆ ਸੀ।

ਬਲਰਾਜ ਚੀਮਾ ਪਟਿਆਲੇ ਦਾ ਰਹਿਣ ਵਾਲਾ ਹੈ। ਉਸ ਦੀ ਪਟਿਆਲੇ ਸ਼ਹਿਰ ਦੀ ਵੱਖੀ ਵਿਚ ਢੇਰ ਸਾਰੀ ਜ਼ਮੀਨ ਹੈ। ਸ਼ਾਇਦ ਅਜੇ ਵੀ ਹੈ ਪਰ ਕਈ ਆਖਦੇ ਹਨ ਕਿ ਹੁਣ ਇਸ ਉਤੇ ਉਸ ਦਾ ਛੋਟਾ ਵੀਰ ਜਸਵੰਤ ਕਾਬਜ਼ ਹੋ ਗਿਆ ਹੈ ਪਰ ਬਲਰਾਜ ਇਸ ਬਾਰੇ ਚੁੱਪ ਰਹਿੰਦਾ ਹੈ। ਉਸ ਦਾ ਛੋਟਾ ਵੀਰ ਹੁਣ ਵੀ ਉਸ ਦਾ ਪਿਆਰਾ ਛੋਟਾ ਵੀਰ ਹੈ ਜਿਹੜਾ ਅਜੇ ਕੁਝ ਮਹੀਨੇ ਪਹਿਲਾਂ ਹੀ ਉਸ ਪਾਸ ਕਈ ਹਫਤੇ ਰਹਿ ਕੇ ਗਿਆ ਹੈ।

ਪੰਜਾਬ ਵਿਚ ਕਈ ਬਲਰਾਜ ਚੀਮੇ ਹੋਣਗੇ, ਬਹੁਤਿਆਂ ਪਾਸ ਚੁਬਾਰਾ ਵੀ ਹੋਵੇਗਾ ਪਰ ਪੰਜਾਬੀ ਸਾਹਿਤਕਾਰਾਂ ਵਿਚ ਬਲਰਾਜ ਚੀਮਾ ਇਕ ਹੀ ਹੈ ਜਿਸ ਪਾਸ ਚੁਬਾਰਾ ਹੈ ਅਤੇ ਹੈ ਵੀ ਧੁਰ ਕੈਨੇਡਾ ਵਿਚ, ਜਾਂ ਹੋਰ ਵੀ ਠੀਕ ਕਹਿਣਾ ਹੋਵੇ ਤਾਂ ਕੈਨੇਡਾ ਦੇ ਦਿਲ ਵਿਚ। ਇਕ ਤਰ੍ਹਾਂ ਨਾਲ ਪੰਜਾਬੀ ਰਵਾਇਤ ਵਾਲਾ ਛੱਜੂ ਦਾ ਚੁਬਾਰਾ ਤਾਂ ਕੇਵਲ ਉਸ ਦੇ ਹਿੱਸੇ ਹੀ ਆਇਆ ਹੈ, ਜਾਂ ਇਓਂ ਆਖੋ ਕਿ ਉਸ ਨਾਲੋਂ ਵੀ ਬਹੁਤਾ ਪੰਜਾਬੀ ਸਾਹਿਤਕਾਰਾਂ ਦੇ ਹਿੱਸੇ।

ਬੜੇ ਸਾਲ ਹੋਏ ਅੰਮ੍ਰਿਤਾ ਪ੍ਰੀਤਮ ਨੇ ਨਾਗਮਣੀ ਵਿਚ ਲੇਖ ਲਿਖਿਆ ਸੀ ਜਿਸ ਦਾ ਨਾਂ ਸੀ-'ਜੋਗਾ ਸਿੰਘ ਦਾ ਚੁਬਾਰਾ'। ਜੋਗਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹਨ ਅਤੇ ਚੰਡੀਗੜ੍ਹ ਵਿਚ ਰਹਿਣ ਤੋਂ ਪਹਿਲਾਂ ਬਰਨਾਲੇ ਰਹਿੰਦਾ ਹੁੰਦਾ ਸੀ। ਅੰਮ੍ਰਿਤਾ ਇਕ ਵਾਰ ਪਟਿਆਲੇ ਭਾਸ਼ਾ ਵਿਭਾਗ ਦਾ ਇਨਾਮ ਲੈਣ ਗਈ ਸੀ ਅਤੇ ਜੋਗਾ ਸਿੰਘ ਦੇ ਚੁਬਾਰੇ ਜਾ ਪਹੁੰਚੀ ਸੀ ਜਿਸ ਦੇ ਹੇਠਾਂ ਗਾਈਆਂ ਮੱਝਾਂ ਬੰਨ੍ਹੀਆਂ ਹੋਈਆਂ ਸਨ। ਇਸ ਲੇਖ ਵਿਚ ਉਸ ਨੇ ਜੋਗਾ ਸਿੰਘ ਦੇ ਇਸ ਚੁਬਾਰੇ ਨੂੰ ਲੱਭਣ ਅਤੇ ਇਸ ਦਾ ਹੁਲੀਆ ਬਹੁਤ ਹੀ ਅਪਣੱਤ ਭਰੇ ਲਹਿਜੇ ਵਿਚ ਬਿਆਨ ਕੀਤਾ ਸੀ।

ਜਦ ਮੈਂ ਜੋਗਾ ਸਿੰਘ ਨੂੰ ਪਹਿਲੀ ਵਾਰ ਮਿਲਿਆ ਤਾਂ ਕਸ਼ਮੀਰ ਪੰਨੂ ਮੇਰੇ ਨਾਲ ਸੀ ਅਤੇ ਜੋਗਾ ਸਿਘ ਗਿਆਰਾਂ ਸੈਕਟਰ ਦੇ ਇਕ ਚੁਬਾਰੇ ਵਿਚ ਰਹਿੰਦਾ ਸੀ। ਬਾਅਦ ਵਿਚ ਉਸ ਨੂੰ ਮੈਂ ਜਦ ਵੀ ਮਿਲਿਆਂ ਤਾਂ ਮੈਂ ਉਸ ਨੂੰ ਵੱਡੀ ਕੋਠੀ ਵਿਚ ਹੀ ਵੇਖਿਆ, ਪਹਿਲਾਂ ਕਿਰਾਏ ਦੀ ਅਤੇ ਫਿਰ 33 ਸੈਕਟਰ ਵਿਚ ਹੀ ਕਨਾਲ ਦੀ ਉਸ ਦੀ ਆਪਣੀ ਬਣਾਈ ਕੋਠੀ ਵਿਚ ਜਿਸ ਦੀਆਂ ਖਿੜਕੀਆਂ ਇਮਰੋਜ਼ ਨੇ ਡਿਜ਼ਾਇਨ ਕੀਤੀਆਂ ਸਨ। ਇਸ ਕੋਠੀ ਦਾ ਵੀ ਸੁੱਖ ਨਾਲ ਚੁਬਾਰਾ ਸੀ ਪਰ ਇਸ ਵਿਚ ਦਲਜੀਤ ਸਰਾ ਰਹਿੰਦਾ ਹੁੰਦਾ ਸੀ ਜਿਹੜਾ ਉਦੋਂ ਪੰਜਾਬੀ ਟ੍ਰਿਬਿਊਨ ਵਿਚ ਕੰਮ ਕਰਦਾ ਸੀ।

ਚੀਮਾ ਦੇ ਸਾਹਿਤਕਾਰੀ ਚੁਬਾਰੇ ਦੀ ਗੱਲ ਕਰਨ ਲੱਗਿਆਂ ਮੈਂ ਪੰਜਾਬ ਵਿਚ ਚਲਾ ਗਿਆ ਮਹਿਸੂਸ ਕਰਦਾ ਹਾਂ। ਉਥੇ ਅਸੀਂ ਇਸੇ ਤਰ੍ਹਾਂ ਕਦੇ ਸਮਰਾਲੇ ਸਰੋਦ ਸੁਦੀਪ ਦੇ ਚੁਬਾਰੇ ਵਿਚ ਮਹਿਫਲ ਲਗਾਉਂਦੇ ਹੁੰਦੇ ਸਾਂ ਜਿਸ ਵਿਚ ਅਕਸਰ ਪੋ. ਇੰਦੇ, ਲਾਲ ਸਿੰਘ ਦਿਲ, ਦੇਵ ਭਾਰਦਵਾਜ਼ ਅਤੇ ਗੁਲਜ਼ਾਰ ਮੁਹੰਮਦ ਗੋਰੀਆਂ ਵੀ ਆ ਜਾਂਦਾ ਸੀ, ਤੇ ਕਦੇ ਰਜਿੰਦਰ ਸੋਢੀ ਵੀ। ਪਟਿਆਲੇ ਦਾ ਪ੍ਰੋਫੈਸਰ ਲਾਲੀ ਤਾਂ ਸਾਹਿਤਕ ਮਹਿਫਲਾਂ ਦਾ ਬੇਤਾਜ ਬਾਦਸ਼ਾਹ ਹੈ। ਗੁਰਦਿਆਲ ਬੱਲ ਵੀ ਖੂਬ ਮਹਿਫਲੀ ਬੰਦਾ ਹੈ। ਉਸ ਦੇ ਘਰ ਦੇ ਦਰ ਹਮੇਸ਼ਾ ਖੁੱਲੇ ਰਹਿੰਦੇ ਹਨ। ਚੰਡੀਗੜ੍ਹ ਵਿਚ ਗੁਲ ਚੌਹਾਨ ਦਾ ਚੁਬਾਰਾ ਵੀ ਖਾਸ ਦੋਸਤਾਂ ਲਈ ਖੁੱਲ੍ਹਾ ਰਹਿੰਦਾ ਹੈ। ਕਦੇ ਮਲਕੀਤ ਆਰਟਿਸਟ ਦਾ 15 ਸੈਕਟਰ ਵਾਲਾ ਚੁਬਾਰਾ ਵੀ ਸਾਹਿਤਕ ਜਮਘਟੇ ਲਈ ਜਾਣਿਆ ਜਾਣ ਲੱਗ ਪਿਆ ਸੀ। ਖੈਰ, ਚੀਮਾ ਵਲ ਮੁੜਦੇ ਹਾਂ ਅਤੇ ਉਸ ਦੇ ਚੁਬਾਰੇ ਵਲ।

ਚੀਮਾ ਨੂੰ ਮੈਂ ਪਹਿਲੀ ਵੇਰ ਪਟਿਆਲੇ ਮਿਲਿਆਂ ਸਾਂ। ਅਸਲ ਵਿਚ ਮੈਂ ਨਹੀਂ, ਉਹ ਹੀ ਮੈਨੂੰ ਹਰਜੀਤ ਅਟਵਾਲ ਦੀ ਸਿਫਾਰਸ਼ ਉਤੇ ਸਾਡੇ ਘਰ ਮਿਲਣ ਆ ਗਿਆ ਸੀ। ਮੈਂ ਉਦੋਂ ਨਿਉ ਲਾਲ ਬਾਗ ਵਿਚ ਸਰਕਾਰੀ ਮਕਾਨ ਵਿਚ ਰਹਿੰਦਾ ਸਾਂ। ਜਦ ਮੈਂ 1997 ਵਿਚ ਪਹਿਲੀ ਵੇਰ ਟੋਰਾਂਟੋ ਆਇਆ ਤਾਂ ਮੇਰੇ ਕੋਲ ਸਾਹਿਤਕਾਰ ਵਜੋਂ ਸਿਰਫ ਉਸ ਦਾ ਹੀ ਐਡਰੈਸ ਸੀ। ਜਾਣਦਾ ਵੈਸੇ ਮੈਂ ਇਕਬਾਲ ਰਾਮੂਵਾਲੀਆ ਨੂੰ ਵੀ ਸਾਂ ਪਰ ਮੇਰੇ ਪਾਸ ਉਸ ਦਾ ਅਤਾ ਪਤਾ ਨਹੀਂ ਸੀ। ਸੁਣਿਆ ਮੈਂ ਸੁਖਿੰਦਰ ਬਾਰੇ ਵੀ ਬਹੁਤ ਸੀ ਅਤੇ ਉਸ ਦਾ ਪਤਾ ਵੀ ਮੇਰੇ ਪਾਸ ਸੀ ਪਰ ਉਹ ਕੋਸ਼ਿਸ਼ ਕਰਨ 'ਤੇ ਵੀ ਨਹੀਂ ਮਿਲ ਸਕਿਆ ਸੀ। ਸੋ ਬਲਰਾਮ ਚੀਮਾ ਮੇਰੇ ਲਈ ਡੁੱਬਦੇ ਲਈ ਤਿਣਕੇ ਵਾਂਗ ਸੀ; ਤੇ ਇਸ ਤਰ੍ਹਾਂ ਉਹ ਬਹੁਤ ਸਾਰਿਆਂ ਨਵ-ਕੈਨੇਡੀਅਨਾਂ ਅਤੇ ਸੈਲਾਨੀਆਂ ਲਈ ਇਵੇਂ ਹੀ ਰਿਹਾ ਹੈ ਅਤੇ ਇਵੇਂ ਹੀ ਹੈ।

ਚੀਮਾ ਕਦੇ ਭਾਸ਼ਾ ਵਿਭਾਗ ਵਿਚ ਜ਼ਿਲ੍ਹਾ ਭਾਸ਼ਾ ਅਫਸਰ ਹੁੰਦਾ ਸੀ। ਜੇਕਰ ਉਹ ਕੈਨੇਡਾ ਨਾ ਆਉਂਦਾ ਤਾਂ ਮਦਨ ਲਾਲ ਹਸੀਜਾ ਦੀ ਥਾਂ ਉਸ ਪੰਜਾਬੀ ਭਾਸ਼ਾ ਵਿਭਾਗ ਦਾ ਡਾਇਰੈਕਟਰ ਹੋਣਾ ਸੀ। ਉਸ ਨੇ ਭਾਸ਼ਾ ਵਿਭਾਗ ਭਾਵੇਂ ਸੱਤਰਵਿਆਂ ਦੇ ਸ਼ੁਰੂ ਵਿਚ ਹੀ ਛੱਡ ਦਿੱਤਾ ਸੀ ਪਰ ਭਾਸ਼ਾ ਦਾ ਉਹ ਹਮੇਸ਼ਾ ਰਚੇਇਤਾ ਅਤੇ ਵਿਕਰੇਤਾ ਰਿਹਾ ਹੈ। ਉਸ ਨੇ ਭਾਸ਼ਾ ਸਿਰੋਂ ਆਪ ਰੋਟੀ ਖਾਧੀ ਵੀ ਹੈ ਅਤੇ ਚੁਬਾਰੇ ਪਧਾਰਨ ਵਾਲਿਆਂ ਨੂੰ ਰੋਟੀ ਬੋਤਲ ਵਿਚ ਬੰਦ ਕਰ ਕੇ ਪਿਆਈ ਵੀ ਹੈ। ਉਹ ਅਨੁਵਾਦਕ ਵੀ ਹੈ ਤੇ ਬਹੁਭਾਸ਼ੀਆ ਵੀ ਪਰ ਬਹੁਰੂਪੀਆ ਨਹੀਂ।

ਉਸ ਦੇ ਘਰ ਵਿਚ ਸਾਹਿਤਕਾਰਾਂ ਦਾ ਤਾਂਤਾ ਲੱਗਾ ਰਹਿੰਦਾ ਹੈ। ਇਹ ਲੇਖਕ ਉਰਦੂ ਦੇ ਵੀ ਹੋ ਸਕਦੇ ਹਨ ਅਤੇ ਪੰਜਾਬੀ ਦੇ ਵੀ। ਹਿੰਦੀ ਦੇ ਵੀ ਅਤੇ ਅੰਗਰੇਜ਼ੀ ਦੇ ਵੀ। ਉਸ ਨੂੰ ਮਾੜੀ ਮੋਟੀ ਫਰੈਂਚ ਵੀ ਆਉਂਦੀ ਹੈ। ਇਹ ਉਸ ਪੈਰਿਸ ਜਾਣ ਤੇ ਬੁੱਤਾ ਸਾਰਨ ਲਈ ਰੱਖੀ ਹੋਈ ਹੈ। ਪੰਜਾਬ ਵਿਚ ਉਹ ਕੈਨੇਡਾ ਨਾਲੋਂ ਵੀ ਵੱਧ ਜਾਣਿਆ ਜਾਂਦਾ ਹੈ, ਭਾਵੇਂ ਉਹ ਆਪ ਪੰਜਾਬ ਘੱਟ ਵੱਧ ਹੀ ਜਾਂਦਾ ਹੈ। ਉਸ ਦਾ ਮੇਲ ਮਿਲਾਪ ਜਲੰਧਰ ਦੀ 'ਮਿਲਾਪ' ਅਖ਼ਬਾਰ ਨਾਲੋਂ ਵੀ ਵੱਧ ਮਸ਼ਹੂਰ ਹੈ। ਉਹ ਲਿਖਦਾ ਘਟ ਹੈ ਪਰ ਸਾਹਿਤਕਾਰੀ ਵੱਧ ਜਿਊਂਦਾ ਹੈ। ਕਦੇ-ਕਦੇ ਉਸ ਨੂੰ ਖੁਦ ਵੀ ਹੈਰਾਨੀ ਹੁੰਦੀ ਹੈ ਕਿ ਉਹ ਕੀ ਹੈ? ਵਾਰਤਾਕਾਰ, ਕਵੀ, ਕਹਾਣੀਕਾਰ, ਪੱਤਰਕਾਰ ਜਾਂ ਕਲਮਾਂ ਦੇ ਕਾਫਲੇ ਦਾ ਕੋਆਰਡੀਨੇਟਰ। ਅਸਲ ਵਿਚ ਉਹ ਇਨ੍ਹਾਂ ਸਭਨਾਂ ਵਿਧਾਵਾਂ ਦਾ ਰਲਾ-ਮਿਲਾ ਹੈ। ਉਸ ਵਿਚ ਕੰਪਿਊਟਰ ਵੀ ਬੋਲਦਾ ਹੈ, ਮਾਰਕਸ ਵੀ ਅਤੇ ਆਲਟਰਨੇਟ ਮੀਡੀਆ ਵੀ। ਬਹੁਤਾ ਉਸ ਵਿਚ ਊਲ-ਜਲੂਲ ਬੋਲਦਾ ਹੈ ਜਿਸ ਦੀਆਂ ਜੜ੍ਹਾਂ ਕਦੇ ਜੈਕ ਕੈਰੂਆਕ ਦੀਆਂ ਯਾਤਰਾਵਾਂ ਵਿਚ ਜਾ ਲਗਦੀਆਂ ਹਨ ਅਤੇ ਕਦੇ ਸੈਮੂਅਲ ਬੈਕਟ ਦੇ ਐਬਸਰਡ ਨਾਟਕਾਂ ਵਿਚ। ਉਹ ਪੜ੍ਹਦਾ ਬਹੁਤ ਹੈ ਪਰ ਜਦ ਤੋਂ ਉਸ ਨੂੰ ਕੁਝ ਉਚਾ ਸੁਣਨ ਲੱਗਾ ਹੈ ਤਾਂ ਉਸ ਪੜ੍ਹਨਾ ਘੱਟ ਅਤੇ ਸੁਣਨਾ ਵੱਧ ਸ਼ੁਰੂ ਕਰ ਦਿੱਤਾ ਹੈ। ਉਹ ਰੇਡੀਓ ਸੁਣਦਾ-ਸੁਣਦਾ ਸੌਂ ਜਾਂਦਾ ਹੈ ਅਤੇ ਫਿਰ ਰੇਡੀਓ ਦੇ ਖੜਾਕ ਨਾਲ ਹੀ ਜਾਗ ਜਾਂਦਾ ਹੈ। ਉਹ ਰੇਡੀਓ ਬੰਦ ਨਹੀਂ ਕਰਦਾ, ਬੱਸ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ। ਕੰਨਾਂ ਨੂੰ ਬੰਦ ਕਰਨ ਦੀ ਅੱਜਕੱਲ੍ਹ ਉਸ ਨੂੰ ਲੋੜ ਮਹਿਸੂਸ ਨਹੀਂ ਹੁੰਦੀ।

ਕਈ ਸਾਲਾਂ ਤੋਂ ਉਹ 'ਪੰਜਾਬੀ ਕਲਮਾਂ ਦਾ ਕਾਫਲਾ' ਦਾ ਕੋਆਰਡੀਨੇਟਰ ਹੈ। 'ਕਲਮਾਂ ਦਾ ਕਾਫਲਾ' ਉਸ ਕਰ ਕੇ ਬਚਿਆ ਹੋਇਆ ਹੈ ਅਤੇ ਉਹ 'ਕਾਫਲੇ' ਕਰ ਕੇ। ਹਰ ਮਹੀਨੇ ਉਹ ਗੁਰਦੁਆਰੇ ਦੇ ਭਾਈ ਵਾਂਗ ਅੰਗਰੇਜ਼ੀ ਵਿਚ ਆਪਣਾ ਸੰਗਰਾਂਦੀ ਫਰਮਾਨ ਜਾਰੀ ਕਰਦਾ ਹੈ ਅਤੇ ਹਰ ਮਹੀਨੇ ਕੱਛ ਵਿਚ ਕਾਪੀ ਲਈ ਮਾਲਟਨ ਦੇ ਕਮਿਊਨਿਟੀ ਹਾਲ ਵਿਚ ਬਾਦਸਤੂਰ ਪਹੁੰਚ ਜਾਂਦਾ ਹੈ। ਉਹ ਆਪਣੀ ਕਾਰ ਵਿਚ ਹਮੇਸ਼ਾ ਕੋਈ ਨਾ ਕੋਈ ਮੇਰੇ ਵਰਗਾ ਬੇ-ਕਾਰ ਬੰਦਾ ਆਪਣੇ ਨਾਲ ਜ਼ਰੂਰ ਲਿਆਉਂਦਾ ਹੈ।

ਉਹ ਉਰਦੂ ਦੇ ਜ਼ਮਾਨੇ ਦਾ ਹੈ। ਕਦੇ ਉਰਦੂ ਵਿਚ ਸ਼ਿਅਰ ਕਹਿੰਦਾ ਵੀ ਰਿਹਾ ਹੈ। ਜਦ ਸੂਫ ਵਾਲੀ ਸਿਆਹੀ ਮੁੱਕ ਗਈ ਤਾਂ ਉਹ ਪੰਜਾਬੀ ਵਿਚ ਕਲਮ ਘਸੀਟਣ ਲੱਗ ਪਿਆ। ਹਰ ਪੰਜਾਬੀ ਵਾਂਗ ਉਹ ਕਵਿਤਾ ਤੋਂ ਹੀ ਕੁਝ ਹੋਰ ਲਿਖਣ ਜਾਂ ਨਾ ਲਿਖਣ ਵਲ ਗਿਆ ਹੈ। ਪਿੱਛੇ ਜਿਹੇ ਆਟਵਾ ਵਿਚ ਅਮਰਜੀਤ ਸਾਥੀ ਵਲੋਂ ਕਰਾਏ ਦੋਭਾਸ਼ੀ ਕਵੀ ਦਰਬਾਰ ਵਿਚ ਉਸ ਆਪਣੀ ਨਵੀਂ ਲਿਖੀ ਨਜ਼ਮ ਸੁਣਾਈ ਸੀ ਜਿਸ ਦਾ ਨਾਂ ਸੀ 'ਇਕ ਅਸਫਲ ਕਵੀ ਦੀ ਕਵਿਤਾ'। ਅਸਲ ਵਿਚ ਇਹ ਕਵਿਤਾ ਆਧੁਨਿਕ ਜ਼ਿੰਦਗੀ 'ਤੇ ਵਿਅੰਗ ਕੱਸਦੀ ਸੀ।

ਉਸ ਦੇ ਲੇਖ 'ਪਰਵਾਸੀ' ਅਤੇ ਕਦੇ-ਕਦੇ ਹੋਰਨਾਂ ਅਖ਼ਬਾਰਾਂ ਵਿਚ ਪੜ੍ਹੇ ਜਾ ਸਕਦੇ ਹਨ। ਅਕਸਰ ਉਹ ਅਮਰੀਕੀ ਰਾਜਨੀਤੀ 'ਤੇ ਵਿਅੰਗ ਕੱਸਦਾ ਹੈ। ਉਸ ਨੂੰ ਅਮਰੀਕੀ ਏਕਾਧਿਕਾਰ ਪਸੰਦ ਨਹੀਂ। ਉਹ ਰਾਜਸੀ ਬਹੁ-ਧਰੁਵੀਕਰਨ ਦਾ ਹਮਾਇਤੀ ਹੈ ਅਤੇ ਗਲੋਬਲੀਕਰਨ ਦਾ ਵਿਰੋਧੀ। ਉਹ ਦਰਖਤਾਂ ਨਾਲ ਖਲੋਤਾ ਹੈ, ਦਰੱਖਤ ਕੱਟਣ ਵਾਲਿਆਂ ਨਾਲ ਨਹੀਂ। ਉਹ ਧੂੰਏਂ ਦਾ ਵਿਰੋਧੀ ਹੈ, ਧੁਆਂਖੀਆਂ ਅੱਖਾਂ ਦਾ ਨਹੀਂ। ਉਹ ਰੱਬ ਵੱਲ ਨਹੀਂ, ਬੰਦੇ ਵੱਲ ਹੈ ਅਤੇ ਉਸ ਦੀ ਰੱਬੀਅਤ ਵੱਲ। ਉਹ ਸੇਮ ਸੈਕਸ ਮੈਰਿਜ ਦੇ ਵਿਰੁਧ ਨਹੀਂ। ਉਹ ਉਨ੍ਹਾਂ ਨਵੀਆਂ ਰਵਾਇਤਾਂ ਦੇ ਹੱਕ ਵਿਚ ਹੈ ਜਿਹੜੀਆਂ ਪੁਰਾਣੀਆਂ ਜਰਜਰ ਰਵਾਇਤਾਂ ਦੀ ਥਾਂ ਲੈਂਦੀਆਂ ਹਨ। ਉਹ ਲਕੀਰ ਦਾ ਫਕੀਰਚੰਦ ਨਹੀਂ। ਉਹ ਭਾਸ਼ਾ ਦੀ ਸ਼ੁਧਤਾ ਲਈ ਸੰਘਰਸ਼ਸ਼ੀਲ ਹੈ। ਗੋਲਮੋਲ ਭਾਸ਼ਾ ਦਾ ਉਹ ਦੁਸ਼ਮਣ ਹੈ ਪਰ ਔਰਤੀ ਗੁਲਾਈਆਂ ਦਾ ਪੂਰਾ ਧੰਨਾ ਭਗਤ।

ਉਹ ਕਲਾ ਦਾ ਕਾਦਰ ਯਾਰ ਹੈ। ਉਹ ਆਪਣਾ ਬੁਢਾਪਾ ਭੁੱਲਣ ਲਈ ਸੁਰਜਨ ਜ਼ੀਰਵੀ ਵਰਗੇ ਜਵਾਨ ਮਿੱਤਰਾਂ ਦੀ ਸੰਗਤ ਵਿਚ ਰਹਿਣਾ ਪਸੰਦ ਕਰਦਾ ਹੈ। ਉਸ ਦੀ ਕਲਾਕਾਰਾਂ ਨਾਲ ਬਹੁਤ ਨਿਭਦੀ ਹੈ। ਯੰਗੋ ਵਰਮਾ ਤਾਂ ਉਸ ਦੀ ਸ਼ਾਮ ਦੀ ਸੈਰ ਦਾ ਸਾਥੀ ਬਣ ਗਿਆ ਹੈ। ਸੈਰ ਲਈ ਦੋਹਾਂ ਨੇ ਇਕੋ ਦੁਕਾਨ ਤੋਂ ਇਕੋ ਜਿਹੇ ਢਾਂਗੂ ਖਰੀਦ ਲਏ ਹਨ। ਚੀਮਾ ਢਾਂਗੂ ਆਪਣੀ ਕਾਰ ਵਿਚ ਰੱਖਦਾ ਹੈ ਅਤੇ ਯੰਗੋ ਚੀਮਾ ਦੀ ਕਾਰ ਵਿਚ, ਜਾਂ ਆਪਣੇ ਪੇਕੇ ਘਰ ਵਿਚ। ਦੋਵੇਂ ਸਟੋਰਾਂ ਵਿਚ ਜਾਂ ਘਰਾਂ ਦੀਆਂ ਸੜਕਾਂ ਦੁਆਲੇ ਹੌਂਕਦੇ ਹੋਏ ਨਿੱਕੇ-ਨਿੱਕੇ ਚੱਕਰ ਲਗਾਉਂਦੇ ਹਨ ਅਤੇ ਵੱਡੇ-ਵੱਡੇ ਦਮਗਜ਼ੇ ਮਾਰਦੇ ਹਨ। ਦੋਹਾਂ ਵਿਚ ਉਨ੍ਹਾਂ ਦੇ ਗੰਜੇ ਸਿਰਾਂ ਅਤੇ ਛੜੀ ਛਟਾਂਕ ਜ਼ਿੰਦਗੀ ਤੋਂ ਬਗੈਰ ਹੋਰ ਕੁਝ ਵੀ ਸਾਂਝਾ ਨਹੀਂ। ਦਾੜ੍ਹੀ ਪੱਖੋਂ ਤਾਂ ਯੰਗੋ ਬਲਰਾਜ ਲਗਦਾ ਹੈ ਅਤੇ ਚੀਮਾ ਯੰਗੋ। ਯੰਗੋ ਸਭਿਆ ਭਾਸ਼ਾ ਦੀ ਜਹੀ-ਤਹੀ ਫੇਰਦਾ ਹੈ ਅਤੇ ਚੀਮਾ ਖੁਦ ਸਭਿਅਤਾ ਦੀ। ਪਾਠ ਤੋਂ ਬਾਅਦ ਦੋਵੇਂ ਹੱਥ ਜੋੜ ਕੇ ਸ਼ਰਧਾ ਨਾਲ ਲੰਗਰ ਪਾਣੀ ਛਕਦੇ ਹਨ।

ਚਾਚੇ ਚੀਮੇ ਦੇ ਚੁਬਾਰੇ ਬਾਰੇ ਛੋਟੀ ਜਿਹੀ ਕਵਿਤਾ,

ਚਾਚੇ ਚੀਮੇ ਦਾ ਚੁਬਾਰਾ,<br>
ਸਾਰੇ ਜੱਗ ਤੋਂ ਨਿਆਰਾ।<br>
ਬੇਘਰਿਆਂ ਦਾ ਸਹਾਰਾ,<br>
ਦਿੱਸੇ ਮਿਸੀਸਾਗਾ ਸਾਰਾ।<br>
ਸਾਰਾ ਦਿਨ ਕਿਰਨੋ ਕਿਰਨੀ,<br>
ਸਾਰੀ ਰਾਤ ਤਾਰਾ ਤਾਰਾ।<br>
ਚੀਮਾ ਆਪ ਛੜਾ ਛਾਂਟ,<br>
ਪਰ ਹੈ ਪੁੱਤ ਪੋਤਿਆਂ ਵਾਲਾ।<br>
ਉਸ ਦਾ ਚੁਬਾਰਾ ਭਾਵੇਂ ਦੂਰ,<br>
ਉਸ ਦੀ ਕਾਰ ਬੜੀ ਨੇੜੇ।<br>
22 ਮੰਜ਼ਲਾਂ ਇਹ ਉੱਚਾ<br>
ਲੱਗੇ ਚਾਨਣ ਮੁਨਾਰਾ।<br>
ਇਹਦੀ ਪਹੁੰਚ ਸੁਵਰਗੀ,<br>
ਜਿਵੇਂ ਨਦੀ ਦਾ ਕਿਨਾਰਾ।<br>
ਚਾਚੇ ਚੀਮੇ ਦਾ ਚੁਬਾਰਾ,<br>
ਨਿਰਾ ਛੱਜੂ ਦਾ ਚੁਬਾਰਾ।



**ਪੰਜਾਬ ਵਿਚ ਕਈ ਬਲਰਾਜ ਚੀਮੇ ਹੋਣਗੇ, ਬਹੁਤਿਆਂ ਪਾਸ ਚੁਬਾਰਾ ਵੀ ਹੋਵੇਗਾ, ਪਰ ਪੰਜਾਬੀ ਸਾਹਿਤਕਾਰਾਂ ਵਿਚ ਬਲਰਾਜ ਚੀਮਾ ਇਕ ਹੀ ਹੈ ਜਿਸ ਪਾਸ ਚੁਬਾਰਾ ਹੈ ਅਤੇ ਹੈ ਵੀ ਧੁਰ ਕੈਨੇਡਾ ਵਿਚ, ਜਾਂ ਹੋਰ ਵੀ ਠੀਕ ਕਹਿਣਾ ਹੋਵੇ ਤਾਂ ਕੈਨੇਡਾ ਦੇ ਦਿਲ ਵਿਚ। ਇਕ ਤਰ੍ਹਾਂ ਨਾਲ ਪੰਜਾਬੀ ਰਵਾਇਤ ਵਾਲਾ ਛੱਜੂ ਦਾ ਚੁਬਾਰਾ ਤਾਂ ਕੇਵਲ ਉਸ ਦੇ ਹਿੱਸੇ ਹੀ ਆਇਆ ਹੈ, ਜਾਂ ਇਓਂ ਆਖੋ ਕਿ ਉਸ ਨਾਲੋਂ ਵੀ ਬਹੁਤਾ ਪੰਜਾਬੀ ਸਾਹਿਤਕਾਰਾਂ ਦੇ ਹਿੱਸੇ।**



# ਮਿਨੀ ਕਹਾਣੀਆਂ

## ਕਾਸ਼ ! ਤੂੰ ਮਰ ਜਾਂਦੀ

ਗੇਟ 'ਤੇ ਅਵਾਜ਼ਾਂ ਮਾਰਦੇ ਗਾਮੇ ਨੂੰ ਨੰਬਰਦਾਰ ਨੇ ਅੰਦਰ ਬੁਲਾਇਆ ਤਾਂ ਉਸ ਦੀ ਹਾਲਤ ਬੜੀ ਤਰਸਯੋਗ ਸੀ। ਨੰਬਰਦਾਰ ਨੂੰ ਝਟਕਾ ਜਿਹਾ ਲੱਗਾ ਕਿ ਸੁੱਖ ਹੋਵੇ, ਜੋ ਗਾਮਾ ਸਵੇਰੇ ਹੀ ਆ ਗਿਆ। ਗਾਮੇ ਦੀ ਘਰ ਵਾਲੀ ਕਾਫੀ ਦੇਰ ਤੋਂ ਅਧਰੰਗ ਨਾਲ ਬਿਮਾਰ ਪਈ ਸੀ ਤੇ ਜਵਾਕਾਂ ਨੂੰ ਪਾਲਣ ਦਾ ਜ਼ਿੰਮਾ ਉਸ ਦੇ ਸਿਰ ਹੀ ਸੀ। ਬੇਚਾਰਾ ਗਰੀਬ ਸਾਰਾ ਦਿਨ ਭੱਜ-ਨੱਠ ਕਰ ਜ਼ਿੰਦਗੀ ਨੂੰ ਤੋਰ ਰਿਹਾ ਸੀ। ਘਰ ਦੀ ਹਾਲਤ ਤਾਂ ਪਹਿਲਾਂ ਹੀ ਪਤਲੀ ਸੀ, ਹੁਣ ਤਾਂ ਕੰਮ ਬੰਦ ਹੋਣ ਕਰਕੇ ਰੋਟੀ ਨੂੰ ਵੀ ਤਰਸ ਗਏ ਸਨ।

"ਆ ਬਈ।" ਨੰਬਰਦਾਰ ਨੇ ਗੇਟ ਖੋਲਦਿਆਂ ਕਿਹਾ।

"ਸਰਦਾਰ ਜੀ, ਮੇਰੀ ਹਾਲਤ ਦਾ ਤਾਂ ਤੁਹਾਨੂੰ ਪਤਾ ਹੀ ਹੈ, ਰਹਿੰਦੀ ਕਸਰ ਇਸ ਨਵੀਂ ਬਿਮਾਰੀ ਨੇ ਕੱਢ ਦਿੱਤੀ।" ਗਾਮਾ ਉਦਾਸੀ ਦੇ ਆਲਮ ਵਿਚੋਂ ਬੋਲਿਆ।

"ਦਿਲ ਹੌਲਾ ਨਾ ਕਰ, ਸ਼ਾਇਦ ਬੰਦੇ ਦੀ 'ਮੈਂ' ਨੂੰ ਕਾਬੂ ਵਿਚ ਕਰਨ ਲਈ ਹੀ ਕਾਦਰ ਨੇ ਕੋਈ ਲੀਲ੍ਹਾ ਰਚਾਈ ਹੋਵੇਗੀ। ਬੰਦਾ ਰੱਬ ਨੂੰ ਵੀ ਆਪਣੇ ਅਧੀਨ ਸਮਝਣ ਲੱਗਾ ਸੀ। ਹਾਂ ਕਿਵੇਂ ਆਇਆ ਸੀ?" ਨੰਬਰਦਾਰ ਨੇ ਆਉਣ ਦਾ ਮਕਸਦ ਜਾਣਨਾ ਚਾਹਿਆ।

"ਸਰਪੰਚ ਨੂੰ ਕਹਿ ਕੇ ਮੈਨੂੰ ਵੀ ਰਾਸ਼ਨ ਦਿਵਾ ਦਿਓ, ਤਿੰਨ ਦਿਨ ਹੋ ਗਏ...।" ਗਾਮਾ ਆਪਣੀ ਗੱਲ ਵੀ ਪੂਰੀ ਨਾ ਕਰ ਸਕਿਆ।

"ਤੈਨੂੰ ਰਾਸ਼ਨ ਨਹੀਂ ਦਿੱਤਾ?" ਨੰਬਰਦਾਰ ਹੈਰਾਨ ਸੀ।

ਜਵਾਬ ਵਿਚ ਗਾਮੇ ਨੇ ਦੱਸਿਆ ਕਿ ਸਰਪੰਚ ਨੇ ਉਨ੍ਹਾਂ ਬੰਦਿਆਂ ਨੂੰ ਹੀ ਰਾਸ਼ਨ ਦਿੱਤਾ, ਜਿਨ੍ਹਾਂ ਉਸ ਨੂੰ ਵੋਟਾਂ ਪਾਈਆਂ। ਮਿੰਨਤਾਂ ਕਰਨ 'ਤੇ ਵੀ ਪੁੱਠਾ ਬੋਲਿਆ।

"ਓ ਵਾਹਿਗੁਰੂ! ਹਾਲਤ ਕਿਹੋ ਜਿਹੇ ਬਣ ਗਏ ਹਨ, ਪਤਾ ਨਹੀਂ ਕੀ ਹੋਣਾ। ਕੱਲ੍ਹ ਦਾ ਪਤਾ ਨਹੀਂ, ਪਰ ਅਸੀਂ..! ਵਾਹ ਨੀ ਸਿਆਸਤੇ! ਤੇਰਾ ਪ੍ਰਤਾਪ ਉਵੇਂ ਦਾ ਉਵੇਂ। ਕਾਸ਼! ਤੂੰ ਮਰ ਜਾਂਦੀ।" ਦੁੱਖੀ ਮਨ ਨਾਲ ਨੰਬਰਦਾਰ ਨੇ ਕਿਹਾ।

**-ਗੁਰਮੀਤ ਸਿੰਘ ਮਰਾੜ੍ਹ**

## ਇਨਕਲਾਬ ਜ਼ਿੰਦਾਬਾਦ

ਜਦੋਂ ਅਫਸਰ ਤੇ ਏਜੰਟ ਨੇ ਦੋ-ਦੋ ਮੋਟੇ-ਮੋਟੇ ਪੈਗ ਲਾ ਲਏ ਤਾਂ ਉਨ੍ਹਾਂ ਨੂੰ ਕੁਝ ਜ਼ਿਆਦਾ ਹੀ ਗੱਲਾਂ ਅਹੁੜਨ ਲੱਗ ਪਈਆਂ।

"ਚਲੋ ਆਪਣੀ ਸੈਟਲਮੈਂਟ ਤਾਂ ਹੁਣ ਸਿਰੇ ਚੜ੍ਹ ਈ ਗਈ ਐ, ਤੁਸੀਂ ਵੀ ਖੁਸ਼ ਤੇ ਮੈਂ ਵੀ।" ਅਫਸਰ ਨੇ ਆਪਣੇ ਮੋਟੇ ਢਿੱਡ 'ਤੇ ਹੱਥ ਫੇਰਦਿਆਂ ਪਲੇਟ ਵਿਚੋਂ ਮੁਰਗੇ ਦਾ ਲੈਗ ਪੀਸ ਚੁੱਕਿਆ।

ਏਜੰਟ ਵੀ ਅਫਸਰ ਦੀ ਹਾਂ ਵਿਚ ਹਾਂ ਮਿਲਾਉਂਦਾ ਮੁਸਕਰਾਇਆ ਤੇ ਬੋਤਲ ਚੁੱਕ ਕੇ ਹੋਰ ਪੈਗ ਬਣਾਉਣ ਲੱਗਾ, "ਜਨਾਬ ਸੁਣਿਐ ਕੱਲ ਆਪਣੇ ਇਲਾਕੇ 'ਚ ਸ਼ਹੀਦ ਭਗਤ ਸਿੰਘ ਦੀ ਬਰਸੀ ਵੱਡੇ ਪੱਧਰ 'ਤੇ ਮਨਾ ਰਹੇ ਨੇ?"

"ਹਾਂ, ਚੱਲਾਂਗੇ! ਮੈਨੂੰ ਵੀ ਉਥੇ ਸਪੈਸ਼ਲ ਇਨਵਾਈਟ ਕੀਤੈ ਅਗਲਿਆਂ?" ਅਫਸਰ ਨੇ ਮੁੱਛ ਮਰੋੜਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ।

"ਹਾਂ ਜਨਾਬ! ਭਗਤ ਸਿੰਘ ਵਰਗਾ ਕਿਸ ਬਣ ਲੈਣੈ ਸੂਰਮਾ?"

"ਇਹੋ ਜਿਹੇ ਸ਼ਹੀਦ ਈ ਕਿਸੇ ਦੇਸ਼ ਤੇ ਕੌਮ ਦਾ ਅਨਮੋਲ ਸਰਮਾਇਆ ਹੁੰਦੇ ਨੇ! ਦੇਖੋ ਕਿਵੇਂ ਹੱਸਦਿਆਂ ਹੱਸਦਿਆਂ ਫਾਂਸੀ ਦਾ...।"

"ਚੱਲਾਂਗੇ, ਜਨਾਬ ਜ਼ਰੂਰ ਚੱਲਾਂਗੇ, ਆਪਣਾ ਕੀ ਜਾਂਦੈ?" ਏਜੰਟ ਨੇ ਇੰਨਾ ਕਹਿੰਦਿਆਂ ਜੋਸ਼ੀਲੇ ਅੰਦਾਜ਼ ਵਿਚ ਆਪਣੀ ਬਾਂਹ ਖੜ੍ਹੀ ਕੀਤੀ ਤੇ ਮੁੱਠੀ ਭੀਚ ਲਈ।

"ਹਾਂ ਬਈ ਸਾਡਾ ਕੀ ਜਾਂਦੈ? ਅਸੀਂ ਵੀ ਲਗਦੇ ਹੱਥੀਂ ਦੋ ਚਾਰ ਭਰਵੇਂ ਨਾਅਰੇ ਲਾ ਛੱਡਾਂਗੇ...ਇਨਕਲਾਬ ਜ਼ਿੰਦਾਬਾਦ!"

ਫਿਰ ਦੋ ਭ੍ਰਿਸ਼ਟ ਬੰਦਿਆਂ ਦਾ ਸ਼ਰਾਬੀ ਹਾਸਾ ਫਿਜ਼ਾ ਵਿਚ ਗੂੰਜਣ ਲੱਗਾ।

**-ਸੁਖਮਿੰਦਰ ਸੇਖੋਂ, ਪਟਿਆਲਾ**

# ਹਿਜਰਤਾਂ ਦੀ ਉਦਾਸੀ ਅਤੇ ਉਜਾੜੇ ਦੀ ਚੁੱਪ: ਬਰਨ

## ਵਿਰਾਸਤ-ਏ-ਸਿਨੇਮਾ




ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਬਰਨ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਹਿਜਰਤ ਅਤੇ ਉਜਾੜੇ ਦੀ ਦਾਸਤਾਨ ਬਹੁਤ ਮਾਰਮਿਕ ਢੰਗ ਨਾਲ ਸੁਣਾਈ ਗਈ ਹੈ। -ਸੰਪਾਦਕ***

ਸ਼ਬਦ 'ਉਜੜਨਾ' ਅਤੇ 'ਹਿਜਰਤ' ਦੁਨੀਆ ਦੇ ਸਭ ਤੋਂ ਦਰਦਨਾਕ ਸ਼ਬਦ ਹਨ। ਦੁਨੀਆ ਭਰ ਵਿਚ ਬੇਘਰਿਆਂ ਅਤੇ ਬੇਦਰਿਆਂ ਦੇ ਦਰਦ ਦੀ ਭਾਸ਼ਾ ਇੱਕੋ-ਜਿਹੀ ਹੈ ਅਤੇ ਹੰਝੂਆਂ ਦਾ ਰੰਗ ਵੀ ਇੱਕੋ ਹੈ। ਮਾਜਿਦ ਮਾਜੀਦੀ ਦੀ ਫਿਲਮ ਕੈਮਰੇ ਰਾਹੀਂ ਇਨ੍ਹਾਂ ਦਰਦਾਂ ਅਤੇ ਹੰਝੂਆਂ ਦੀ ਥਾਹ ਪਾਉਂਦੀ ਹੈ। ਘਰਾਂ ਤੋਂ ਉਜੜ ਜਾਣ ਦਾ ਦਰਦ ਪੀੜ੍ਹੀ-ਦਰ-ਪੀੜ੍ਹੀ ਲੋਕਾਈ ਦੀਆਂ ਅੱਖਾਂ ਵਿਚੋਂ ਝਰਦਾ ਹੈ। ਫਿਲਮ 'ਬਰਨ' ਦੇਖਣ ਲੱਗਿਆਂ ਦਰਸ਼ਕ ਨੂੰ ਸਬਰ ਅਤੇ ਠਰੰਮਾ ਰੱਖਣਾ ਪੈਂਦਾ ਹੈ। ਫਿਲਮ ਮਜ਼ਦੂਰ ਮੁੰਡੇ ਲਤੀਫ ਦੀ ਕਹਾਣੀ ਬਿਆਨ ਕਰਦੀ ਹੈ ਜਿਹੜਾ ਬੇਚੈਨ ਅਤੇ ਭਟਕਦਾ ਹੋਇਆ ਮੁੰਡਾ ਹੈ ਜਦ ਤੱਕ ਕਿ ਉਸ ਨੂੰ ਆਪਣੇ ਕੰਮ ਵਾਲੀ ਜਗ੍ਹਾ 'ਤੇ ਮੁੰਡਿਆਂ ਦਾ ਭੇਸ ਵਟਾ ਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਰਹੀ ਰਹਿਮਤ ਨਾਲ ਮੁਹੱਬਤ ਨਹੀਂ ਹੋ ਜਾਂਦੀ।

ਇਹ ਬਿਲਕੁੱਲ ਸਾਧਾਰਨ ਕਹਾਣੀ ਜਾਂ ਫਿਲਮ ਬਣ ਕੇ ਰਹਿ ਸਕਦੀ ਸੀ ਪਰ ਮਾਜਿਦ ਇਸ ਨੂੰ ਆਪਣੀ ਲਿਖਤ ਅਤੇ ਕੈਮਰੇ ਰਾਹੀਂ ਉਨ੍ਹਾਂ ਉਚਾਈਆਂ 'ਤੇ ਲੈ ਜਾਂਦਾ ਹੈ ਜਿੱਥੇ ਫਿਲਮ ਮੁੰਡੇ-ਕੁੜੀ ਦੇ ਪਿਆਰ ਦੀ ਕਹਾਣੀ ਨਾ ਰਹਿ ਕੇ ਹਾਲੀਵੁੱਡ ਦੀਆਂ ਫਿਲਮਾਂ ਵਿਚ ਦਿੱਤੇ ਮੁਹੱਬਤ ਦੇ ਫਾਰਮੂਲਿਆਂ ਨੂੰ ਰੱਦ ਕਰਦੀ ਹੋਈ ਪਿਆਰ ਦੇ ਦਾਰਸ਼ਨਿਕ ਅਤੇ ਕਲਾਤਮਿਕ ਪੱਖਾਂ ਨੂੰ ਪਰਦੇ 'ਤੇ ਸਾਕਾਰ ਕਰਦੀ ਹੈ। ਉਹ ਰੂਸ ਦੇ ਸੰਸਾਰ ਪ੍ਰਸਿੱਧ ਫਿਲਮਸਾਜ਼ ਅੰਦਰੇਈ ਤਾਰਕੋਵਸਕੀ ਦੇ 'ਪਿਆਰ ਸਿਰਫ ਤੇ ਸਿਰਫ ਦੂਜਿਆਂ ਲਈ ਕੁਰਬਾਨੀ ਦਾ ਨਾਮ ਹੈ' ਨੂੰ ਆਪਣੇ ਢੰਗ ਨਾਲ ਜ਼ੁਬਾਨ ਦਿੰਦਾ ਹੈ। ਇਹ ਜ਼ਿੰਦਗੀ ਦੀ ਹਕੀਕਤ ਅਤੇ ਹਾਲਾਤ ਵਿਚ ਪਨਪਿਆ ਪਿਆਰ ਹੈ ਜਿਸ ਵਿਚ ਕਿਸੇ ਚਮਤਕਾਰ ਦੀ ਉਮੀਦ ਨਹੀਂ। ਇਸ ਵਿਚ ਸਭ ਕੁਝ ਹੁੰਦਿਆਂ-ਸੁੰਦਿਆਂ ਵੀ 'ਕੁਝ ਨਹੀਂ' ਹੋ ਸਕਦਾ। ਇਹ ਬੰਦੇ ਨੂੰ ਆਪਣੀ ਮਹੀਨ ਚੱਕੀ ਵਿਚ ਪੀਸ ਕੇ ਉਸ ਵਿਚੋਂ ਹਉਮੈ ਤੇ 'ਮੈਂ' ਨੂੰ ਛਾਣ ਦਿੰਦਾ ਹੈ। ਉਸ ਨੂੰ ਤੋਹਮਤਾਂ, ਮਹਿਰੂਮੀਆਂ ਅਤੇ ਸਿੱਕ ਦੀ ਨਾ-ਮੁੱਕਣਯੋਗ ਤੇ ਨਿਰੰਤਰ ਚੱਲਦੀ ਭੱਠੀ ਵਿਚ ਬੇਦਰਦੀ ਨਾਲ ਭੁੰਨ ਦਿੰਦਾ ਹੈ। ਫਿਲਮ ਦੇਖਦਿਆਂ ਬੇਹੱਦ ਅਨਿਸ਼ਚਿਤ ਹਾਲਾਤ ਅਤੇ ਅਸੁਰੱਖਿਅਤ ਸਿਆਸੀ-ਸਮਾਜਿਕ ਮਾਹੌਲ ਵਿਚ ਜੀਅ ਰਹੇ ਦੋ ਰਿਫਿਊਜੀਆਂ ਦੀ ਜ਼ਿੰਦਗੀ ਦਾ ਜੋ ਰੇਖਾ-ਚਿੱਤਰ ਮਾਜੀਦੀ ਖਿੱਚਦਾ ਹੈ, ਉਸ ਵਿਚ ਮੁਹੱਬਤ ਜਿਵੇਂ 'ਨਾ-ਬਖਸ਼ਣਯੋਗ ਗੁਨਾਹ' ਵਾਂਗ ਵਾਪਰਦੀ ਹੈ। ਇਹ ਲਤੀਫ ਦੀ ਜ਼ਿੰਦਗੀ ਵਿਚ ਤਾਂ ਜਵਾਰ-ਭਾਟਾ ਲਿਆਉਂਦੀ ਹੀ ਹੈ ਪਰ ਨਾਲ ਦੀ ਨਾਲ ਰਹਿਮਤ ਦੀ ਹੋਂਦ ਦੇ ਸੱਚ ਨਾਲ ਜੁੜੇ ਸਵਾਲਾਂ ਨੂੰ ਵੀ ਸੰਬੋਧਤ ਹੁੰਦੀ ਹੈ। ਸੋਵੀਅਤਾਂ ਅਤੇ ਅਫਗਾਨਾਂ ਦੀ ਆਪਸੀ ਸੱਤਾ ਦੀ ਇਹ ਸਾਰੀ ਜੰਗ ਰਹਿਮਤ ਦੇ ਸਰੀਰ ਅਤੇ ਦਿਲ 'ਤੇ ਵਾਪਰਦੀ ਹੈ। ਰਹਿਮਤ ਦੇ ਕਿਰਦਾਰ ਰਾਹੀਂ ਮਾਜੀਦੀ ਉਨ੍ਹਾਂ ਬੇਕਸਾਂ-ਬੇਵਸਾਂ ਦੀ ਹੋਣੀ ਦਾ ਖਾਕਾ ਖਿੱਚਦਾ ਹੈ ਜਿਨ੍ਹਾਂ ਨੂੰ ਜੰਗ ਨਾ ਸਿਰਫ ਸਰੀਰਕ ਤੌਰ 'ਤੇ ਬੇਘਰ-ਬੇਦਰ ਕਰਦੀ ਹੈ ਸਗੋਂ ਉਨ੍ਹਾਂ ਦੀਆਂ ਮਾਸੂਮ ਰੂਹਾਂ ਨੂੰ ਤਾ-ਉਮਰ, ਨਿਸ-ਦਿਨ ਵਿੰਨ੍ਹਦੀ ਹੈ। ਇਸ ਵਿਚ ਮੁਹੱਬਤ ਮਹਿਜ਼ ਮੁਹਾਵਰਾ ਅਤੇ ਕੋਈ ਟਾਲਣਯੋਗ ਤਰਾਸਦੀ ਬਣ ਕੇ ਰਹਿ ਜਾਂਦੀ ਹੈ।




*ਫਿਲਮ 'ਬਰਨ' ਦਾ ਪੋਸਟਰ।*



*ਫਿਲਮ 'ਬਰਨ' ਦਾ ਇਕ ਦ੍ਰਿਸ਼।*

ਫਿਲਮ ਵਿਚ ਲਤੀਫ ਮੇਮਰ ਨਾਮ ਦੇ ਠੇਕੇਦਾਰ ਲਈ ਇਮਾਰਤ ਉਸਾਰੀ ਵਾਲੀ ਜਗ੍ਹਾ 'ਤੇ ਕੰਮ ਕਰਦਾ ਹੈ। ਸਸਤੀ ਮਜ਼ਦੂਰੀ ਦੇ ਲਾਲਚ ਵਿਚ ਮੇਮਰ ਨੇ ਉਸਾਰੀ ਦੇ ਇਸ ਕੰਮ ਵਿਚ ਜ਼ਿਆਦਾ ਅਫਗਾਨ ਰਿਫਿਊਜੀਆਂ ਨੂੰ ਹੀ ਰੱਖਿਆ ਹੋਇਆ ਹੈ। ਉਹ ਮੂੰਹ ਦਾ ਮਿੱਠਾ ਹੈ ਪਰ ਅਸਲ ਵਿਚ ਮਜ਼ਦੂਰਾਂ ਦਾ ਸ਼ੋਸ਼ਣ ਕਰਦਾ ਹੈ। ਫਿਲਮਾਂਕਣ ਲਈ ਮਾਜਿਦੀ ਨੇ ਅਜਿਹੀ ਥਾਂ ਚੁਣੀ ਹੈ ਜਿਥੇ ਲਗਾਤਾਰ ਮੀਂਹ ਪੈ ਰਿਹਾ ਹੈ ਅਤੇ ਦਰਦ ਮਜ਼ਦੂਰਾਂ ਦੇ ਪਿੰਡਿਆਂ 'ਤੇ ਬਿਨਾਂ ਰੁਕੇ ਵਰ੍ਹਦਾ ਹੈ। ਇਸ ਫਿਲਮ ਦਾ ਨਾਮ 'ਬਰਨ' ਦਾ ਅਰਥ ਵੀ ਮੌਸਮ/ਮੀਂਹ ਹੈ। ਫਿਲਮ ਵਿਚ ਰਹਿਮਤ ਦਾ ਅਸਲ ਨਾਮ ਵੀ ਬਰਨ ਹੀ ਹੈ। ਮਜ਼ਦੂਰ ਇਮਾਰਤਾਂ ਤੋਂ ਡਿਗ-ਡਿਗ ਕੇ ਹੱਥ-ਪੈਰ ਤੁੜਵਾ ਰਹੇ ਹਨ। ਇਸ ਫਿਲਮ ਦੇ ਇਹ ਦ੍ਰਿਸ਼ ਦੇਖਦਿਆਂ ਅਹਿਸਾਸ ਹੁੰਦਾ ਹੈ ਕਿ ਜਿਊਣਾ ਕਿੰਨਾ ਔਖਾ ਅਤੇ ਅਸੰਭਵ ਹੋ ਸਕਦਾ ਹੈ। ਫਿਲਮ ਦੇਖਦਿਆਂ ਉਨ੍ਹਾਂ ਤਾਕਤਾਂ ਅਤੇ ਹਾਲਾਤ ਨਾਲ ਨਫਰਤ ਹੁੰਦੀ ਜਾਂਦੀ ਹੈ ਜਿਹੜੀਆਂ ਮਨੁੱਖਾਂ ਲਈ ਅਜਿਹੇ ਨਰਕਾਂ ਦੀ ਸਿਰਜਣਾ ਕਰਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਹੱਡਾਂ ਤੋਂ ਮਾਸ ਮਰੂੰਡ ਲੈਂਦੀਆਂ ਹਨ। ਅਜਿਹੇ ਨਰਕਾਂ ਦੀ ਥਾਂ-ਥਾਂ ਮੌਜੂਦਗੀ ਸਭਿਅਤਾ ਨੂੰ ਸ਼ਰਮਿੰਦਾ ਕਰਨ ਲਈ ਕਾਫੀ ਹੈ। ਮੇਮਰ ਰਹਿਮਤ ਨੂੰ ਮਜ਼ਦੂਰਾਂ ਲਈ ਚਾਹ ਬਣਾਉਣ ਅਤੇ ਰੋਟੀ-ਟੁੱਕ ਦਾ ਇੰਤਜ਼ਾਮ ਕਰਨ ਦਾ ਜ਼ਿੰਮਾ ਦਿੰਦਾ ਹੈ। ਰਹਿਮਤ ਅਫਗਾਨ ਰਿਫਿਊਜ਼ੀ ਹੋਣ ਕਾਰਨ ਨਾ ਤਾਂ ਪੂਰੀ ਮਜ਼ਦੂਰੀ ਮੰਗ ਸਕਦੀ ਹੈ ਅਤੇ ਨਾ ਹੀ ਉਸ ਨੂੰ ਕੋਈ ਨਾਗਰਿਕ-ਅਧਿਕਾਰ ਪ੍ਰਾਪਤ ਹਨ। ਉਸ ਵਰਗੇ ਹਜ਼ਾਰਾਂ-ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਮੇਮਰ ਵਰਗੇ ਠੇਕੇਦਾਰਾਂ ਦੇ ਰਹਿਮੋ-ਕਰਮ 'ਤੇ ਹਨ। ਸਿਆਸਤ ਨੇ ਸਾਰਿਆਂ ਨੂੰ ਨਿਹੱਥਾ ਅਤੇ ਬੇ-ਗੈਰਤ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ ਹੈ। ਪੂਰੀ ਫਿਲਮ ਵਿਚ ਬਰਨ ਉਰਫ ਰਹਿਮਤ ਬਿਲਕੁੱਲ ਚੁੱਪ ਹੈ। ਉਸ ਦੇ ਚਿਹਰੇ ਦੇ ਹਾਵਾਂ-ਭਾਵਾਂ ਤੋਂ ਕੁਝ ਵੀ ਸਹੀ-ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਅਫਗਾਨ ਸਿਆਸਤ ਵਿਚ ਵੀ ਔਰਤਾਂ ਚੁੱਪ ਹਨ ਤੇ ਉਨ੍ਹਾਂ ਦੀ ਸੋਚ ਬਾਰੇ ਵੀ ਬਹੁਤ ਲੰਮੀ ਚੁੱਪ ਹੈ।

ਫਿਲਮ ਵਿਚ ਸਭ ਤੋਂ ਖੂਬਸੂਰਤ ਗੱਲ ਲਤੀਫ ਦੀ ਜ਼ਿੰਦਗੀ ਵਿਚ ਰਹਿਮਤ ਦੇ ਆਉਣ ਨਾਲ ਹੋਣ ਵਾਲਾ ਬਦਲਾਉ ਹੈ। ਉਹ ਆਪਣੀ ਸਾਰੀ ਕਮਾਈ ਅਣਜਾਣ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਤੇ ਲਾ ਦਿੰਦਾ ਹੈ। ਉਹ ਆਪਣਾ ਆਈ-ਕਾਰਡ ਤੱਕ ਵੀ ਦੂਜਿਆਂ ਦੀ ਮਦਦ ਲਈ ਵੇਚ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਉਹ ਜੋ ਮਰਜ਼ੀ ਕਰ ਲਵੇ, ਪਰ ਰਹਿਮਤ ਨਾਲ ਨਹੀਂ ਰਹਿ ਸਕਦਾ; ਇਸ ਦੇ ਬਾਵਜੂਦ ਉਹ ਰਹਿਮਤ ਦੀ ਜ਼ਿੰਦਗੀ ਨੂੰ ਸੌਖਾ ਬਣਾਉਣ ਲਈ ਪੂਰੀ ਵਾਹ ਲਾ ਦਿੰਦਾ ਹੈ ਅਤੇ ਮਾਜਿਦ ਉਸ ਦੀ ਇਸ ਕੋਸ਼ਿਸ਼ ਨੂੰ ਪਰਦੇ ਉਤੇ ਅਮਰ ਕਰਨ 'ਤੇ ਆਪਣੀ ਸਾਰੀ ਸਮਰੱਥਾ ਲਗਾ ਦਿੰਦਾ ਹੈ। ਫਿਲਮ ਮਾਜਿਦ ਮਾਜੀਦੀ ਦੀ ਕੋਮਲਤਾ ਅਤੇ ਨਿੱਘ ਨੂੰ ਹੀ ਦ੍ਰਿਸ਼ਾਂ ਅਤੇ ਸੰਗੀਤ ਵਿਚ ਗੁੰਦਦੀ ਹੈ।



*ਫਿਲਮ 'ਬਰਨ' ਦਾ ਇਕ ਦ੍ਰਿਸ਼।*

***ਫਿਲਮ ਵਿਚ ਸਭ ਤੋਂ ਖੂਬਸੂਰਤ ਗੱਲ ਲਤੀਫ ਦੀ ਜ਼ਿੰਦਗੀ ਵਿਚ ਰਹਿਮਤ ਦੇ ਆਉਣ ਨਾਲ ਹੋਣ ਵਾਲਾ ਬਦਲਾਉ ਹੈ। ਉਹ ਆਪਣੀ ਸਾਰੀ ਕਮਾਈ ਅਣਜਾਣ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਤੇ ਲਾ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਉਹ ਜੋ ਮਰਜ਼ੀ ਕਰ ਲਵੇ, ਪਰ ਰਹਿਮਤ ਨਾਲ ਨਹੀਂ ਰਹਿ ਸਕਦਾ; ਇਸ ਦੇ ਬਾਵਜੂਦ ਉਹ ਰਹਿਮਤ ਦੀ ਜ਼ਿੰਦਗੀ ਨੂੰ ਸੌਖਾ ਬਣਾਉਣ ਲਈ ਪੂਰੀ ਵਾਹ ਲਾ ਦਿੰਦਾ ਹੈ ਅਤੇ ਮਾਜਿਦ ਉਸ ਦੀ ਇਸ ਕੋਸ਼ਿਸ਼ ਨੂੰ ਪਰਦੇ ਉਤੇ ਅਮਰ ਕਰਦੀ ਵਾਹ ਲਾ ਦਿੰਦਾ ਹੈ।***



*ਮਾਜਿਦ ਮਾਜੀਦੀ*

ਸਿਨੇਮਾ ਵਿਚ ਫਿਲਮ ਦੇ ਸ਼ੁਰੂ ਅਤੇ ਅੰਤ ਦੇ ਦ੍ਰਿਸ਼ਾਂ 'ਤੇ ਬਹੁਤ ਮਿਹਨਤ ਕੀਤੀ ਜਾਂਦੀ ਹੈ। ਇਸ ਫਿਲਮ ਦਾ ਅੰਤਿਮ ਦ੍ਰਿਸ਼ ਇਸ ਫਿਲਮ ਦਾ ਹਾਸਲ ਹੈ। ਰਹਿਮਤ ਪਰਿਵਾਰ ਨਾਲ ਇਸ ਜਗ੍ਹਾ ਨੂੰ ਛੱਡ ਕੇ ਜਾ ਰਹੀ ਹੈ। ਲਤੀਫ ਨਿੱਕ-ਸੁੱਕ ਸਾਂਭਣ ਵਿਚ ਉਸ ਦੀ ਮਦਦ ਕਰ ਰਿਹਾ ਹੈ। ਅਚਾਨਕ ਰਹਿਮਤ ਦੇ ਹੱਥੋਂ ਸਬਜ਼ੀਆਂ ਵਾਲਾ ਛਿੱਕੂ ਡਿਗ ਪੈਂਦਾ ਹੈ। ਉਸ ਅਤੇ ਲਾਤੀਫ ਦੀ ਜ਼ਿੰਦਗੀ ਦਾ ਵੀ ਸਾਰਾ ਕੁਝ ਇੱਦਾਂ ਹੀ ਖਿਲਰਿਆ ਪਿਆ ਹੈ ਤੇ ਸਾਂਭਣ ਦਾ ਚਾਰਾ ਕੋਈ ਨਹੀਂ। ਸਬਜ਼ੀਆਂ ਇਕੱਠੀਆਂ ਕਰਦਿਆਂ ਰਹਿਮਤ ਪਹਿਲੀ ਵਾਰ ਲਤੀਫ ਵੱਲ ਦੇਖ ਕੇ ਮੁਸਕਰਾਉਂਦੀ ਹੈ ਤੇ ਫਿਰ ਝੱਟ ਆਪਣਾ ਨਕਾਬ ਸੁੱਟ ਲੈਂਦੀ ਹੈ। ਜਾਂਦੇ-ਜਾਂਦੇ ਉਸ ਦੇ ਪੈਰ ਦਾ ਨਿਸ਼ਾਨ ਰੇਤ 'ਤੇ ਬਚ ਜਾਂਦਾ ਹੈ। ਮੀਂਹ ਲਗਾਤਾਰ ਵਰ੍ਹ ਰਿਹਾ ਹੈ ਤੇ ਉਸ ਨਿਸ਼ਾਨ ਨੂੰ ਪਾਣੀ ਨਾਲ ਭਰ ਰਿਹਾ ਹੈ। ਇਸ ਨਿਸ਼ਾਨ ਨੇ ਅਗਲੇ ਕੁਝ ਮਿੰਟਾਂ ਵਿਚ ਹਮੇਸ਼ਾ ਲਈ ਮਿਟ ਜਾਣਾ ਹੈ। ਆਉਣ ਵਾਲਾ ਮੌਸਮ ਬੇਰਹਿਮ ਅਤੇ ਬੇਦਰਦ ਹੈ। ਦਰਖਤਾਂ 'ਤੇ ਇੱਕ ਵੀ ਪੱਤਾ ਨਹੀਂ ਦਿਸ ਰਿਹਾ। ਉਨ੍ਹਾਂ ਤੋਂ ਸਾਰੇ ਪਰਿੰਦੇ ਹਿਜਰਤ ਕਰ ਚੁੱਕੇ ਹਨ। ਰਸਤੇ ਅਤੇ ਗਲੀਆਂ ਚਿੱਕੜ ਤੇ ਮਿੱਟੀ ਨਾਲ ਭਰੀਆਂ ਹੋਈਆਂ ਹਨ। ਉਦਾਸੀ ਦਿਲ ਦਾ ਹਰ ਕੋਨਾ ਕੁਤਰਦੀ ਹੈ। ਅਜਿਹੀ ਹਾਲਤ ਵਿਚ ਉਮੀਦ ਕੀ ਹੈ, ਰੰਗ ਕੀ ਹੈ, ਮੌਸਮ ਕੀ ਹੈ? ਮਾਜਿਦ ਮਾਜੀਦੀ ਇਸ ਦਾ ਜਵਾਬ ਦਰਸ਼ਕਾਂ 'ਤੇ ਛੱਡ ਦਿੰਦਾ ਹੈ।

## ਮਾਜਿਦ ਮਾਜੀਦੀ ਦਾ ਫਿਲਮ ਸੰਸਾਰ

***ਫਿਲਮਸਾਜ਼ ਮਾਜਿਦ ਮਜੀਦੀ ਦਾ ਜਨਮ 17 ਅਪਰੈਲ 1959 ਦਾ ਹੈ। ਉਨ੍ਹਾਂ ਆਪਣਾ ਕਰੀਅਰ ਪਹਿਲਾਂ ਬਤੌਰ ਅਦਾਕਾਰ ਆਰੰਭ ਕੀਤਾ ਸੀ। ਉਨ੍ਹਾਂ 14 ਕੁ ਸਾਲ ਦੀ ਉਮਰ ਵਿਚ ਸਟੇਜ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦਾ ਕਿਆਮ ਇਰਾਨ ਦੀ ਰਾਜਧਾਨੀ ਤਹਿਰਾਨ ਸੀ ਅਤੇ ਮਗਰੋਂ ਉਹਨੇ ਤਹਿਰਾਨ ਦੀ ਇੰਸਟੀਚਊਟ ਆਫ ਡਰਾਮੈਟਿਕ ਆਰਟਸ ਤੋਂ ਪੜ੍ਹਾਈ ਵੀ ਹਾਸਲ ਕੀਤੀ। 1979 ਵਿਚ ਆਏ ਇਰਾਨੀ ਇਨਕਲਾਬ ਤੋਂ ਬਾਅਦ ਹੀ ਉਨ੍ਹਾਂ ਦੀ ਦਿਲਚਸਪੀ ਫਿਲਮਾਂ ਵਿਚ ਹੋਈ। ਇਸ ਪਾਸੇ ਆਉਣ ਵਿਚ ਮਸ਼ਹੂਰ ਫਿਲਮਸਾਜ਼ ਮੋਹਸਿਨ ਮਖਮਲਖਾਬ ਦੀ ਫਿਲਮ 'ਬਾਈਕਾਟ' ਦਾ ਵੱਡਾ ਯੋਗਦਾਨ ਹੈ। ਇਹ ਫਿਲਮ 1985 ਵਿਚ ਆਈ ਸੀ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ! ਫਿਲਮ ਨਿਰਮਾਣ ਦੇ ਖੇਤਰ ਵਿਚ ਫਿਰ ਮਾਜਿਦ ਮਾਜੀਦੀ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।***







*ਫਿਲਮ 'ਬਰਨ' ਦੇ ਤਿੰਨ ਵੱਖ-ਵੱਖ ਦ੍ਰਿਸ਼।*



XPressCargo
Tel.: 317-426-5410
Ext 311 or 340
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com